# ਔਝੜ ਰਾਹੀਂ

ਸ੍ਵੈਜੀਵਨੀ -੨

***ਹਰਬਖਸ਼ ਮਕ਼ਸੂਦਪੁਰੀ***

*Harbakhsh Maqsoodpuri*

*83 St Thomas Road Derby U.K*

*DE238RG*

*Phone:-01332 767535*

*Mob: 07806382233*

ਇਸੇ ਕਲਮ ਤੋਂ:

| | | |
|---|---|---|
| ਬ੍ਰਤਾਨਵੀ ਪੰਜਾਬੀ ਸਾਹਿਤ ਦੀਆਂ ਪ੍ਰਾਪਤੀਆ- | ਸਾਹਿਤ ਅਲੋਚਨਾ | ੧੯੮੬ |
| ਕ੍ਰਾਂਤੀਕਾਰੀ ਸਿੱਖ ਲਹਿਰ ਤੇ ਪ੍ਰਤੀਕ੍ਰਾਂਤੀ | ਇਤਿਹਾਸ ਅਧਿਅਨ | ੧੯੮੯ |
| ਕਿਣਕੇ ਤੋਂ ਸੂਰਜ | ਕਾਵਿ-ਸੰਗ੍ਰਹਿ | ੧੯੯੭ |
| ਕਾਲ ਅਕਾਲ | ਕਾਵਿ-ਸੰਗ੍ਰਹਿ | ੨੦੦੦ |
| ਆਥਣ ਵੇਲ਼ਾ | ਕਾਵਿ-ਸੰਗ੍ਰਹਿ | ੨੦੦੩ |
| ਸਾਹਿਤ ਸਿਧਾਂਤ ਤੇ ਸਾਹਿਤ ਵਿਹਾਰ | ਸਾਹਿਤ ਅਲੋਚਨਾ | ੨੦੦੭ |
| ਤੱਤੀਆਂ ਠੰਡੀਆਂ ਛਾਵਾਂ | ਸ੍ਵੈਜੀਵਨੀ | ੨੦੦੯ |
| ਵਿਚਾਰ ਸੰਚਾਰ | ਨਿਬੰਧ ਸੰਗ੍ਰਹਿ | ੨੦੦੯ |

1.

# *ਪਹਿਲੀ ਛੋਹ ਪਰਦੇਸ ਦੀ*

੧੯੬੩ ਈ: ਦੇ ਮਈ ਮਹੀਨੇ ਦੀ ੧੫ ਤਰੀਖ ਨੂੰ ਮੇਰੇ ਪੈਰਾਂ ਨੇ ਉਸ ਧਰਤੀ ਦੀ ਪਹਿਲੀ ਛੋਹ ਪ੍ਰਾਪਤ ਕੀਤੀ, ਜਿਸ ਨੂੰ ਸਾਡੇ ਦੇਸ ਦੇ ਲੋਕ ਵਲਾਇਤ ਕਹਿੰਦੇ ਸਨ। ਭਾਵੇਂ ਵਲਾਇਤ ਦਾ ਅਰਥ ਤਾਂ ਦੇਸ ਹੀ ਹੁੰਦਾ ਹੈ ਤੇ ਇਹ ਸ਼ਬਦ ਕਿਸੇ ਵੀ ਦੇਸ ਲਈ ਵਰਤਿਆ ਜਾ ਸਕਦਾ ਸੀ, ਫੇਰ ਵੀ ਸਾਡੇ ਦੇਸ ਵਾਸੀਆਂ ਵਿਚ ਕੇਵਲ ਇੰਗਲੈਂਡ ਨੂੰ ਹੀ ਵਲਾਇਤ ਕਹਿਣ/ਸਮਝਣ ਦਾ ਰਿਵਾਜ ਪੈ ਗਿਆ ਸੀ। ਇਸ ਦਾ ਕਾਰਨ ਅੰਗ੍ਰੇਜ਼ੀ ਸਾਮਰਾਜ ਦੀ ਲੰਮੇ ਸਮੇਂ ਦੀ ਗ਼ੁਲਾਮੀ ਤੋਂ ਬਿਨਾ ਹੋਰ ਕੁਝ ਨਹੀਂ ਸੀ।

ਏਅਰ ਇੰਡੀਆ ਦੇ ਹਵਾਈ ਟਿਕਟ 'ਤੇ ਦਿੱਤੇ ਹੋਏ ਸਮੇਂ ਅਨੁਸਾਰ ਸਾਡਾ ਹਵਾਈ ਜਹਾਜ ਲੰਡਨ ਦੇ ਹੀਥਰੋ ਏਅਰਪੋਰਟ 'ਤੇ ਸਵੇਰੇ ੯ ਵਜੇ ਲੱਗਣਾ ਸੀ। ਇਸ ਲਈ ਮੈਂ ਸਾਊਥਾਲ ਵਿਚ ਰਹਿੰਦੇ ਮੋਰਾਂਵਾਲੀ ਵਾਲੇ ਆਪਣੇ ਭਣੋਈਏ ਨਿਰਮਲ ਸਿੰਘ ਦੇ ਭਰਾਵਾਂ ਹਰਦਿਆਲ ਤੇ ਮਲਕੀਤ ਤੂੰ ਤਾਰ ਪਾ ਦਿੱਤੀ ਸੀ ਕਿ ਉਹ ਸਮੇਂ ਸਿਰ ਮੈਨੂੰ ਲੈਣ ਲਈ ਏਅਰਪੋਰਟ ਉੱਤੇ ਪੁੱਜ ਜਾਣ। ਮੇਰੇ ਪਿਤਾ ਜੀ ਲੰਡਨ ਤੋਂ ਦੂਰ ਬਰਮਿੰਘਮ ਦੇ ਨੇੜੇ ਵੈਨਜ਼ਬਰੀ ਕਸਬੇ ਵਿਚ ਰਹਿੰਦੇ ਸਨ। ਉਨ੍ਹਾਂ ਦੀ ਸਿਹਤ ਠੀਕ ਨਹੀਂ ਰਹਿੰਦੀ ਸੀ, ਇਸ ਲਈ ਮੈਂ ਉਨ੍ਹਾਂ ਨੂੰ ਤਕਲੀਫ ਦੇਣੀ ਯੋਗ ਨਹੀਂ ਸਮਝੀ ਸੀ। ਜਹਾਜ ਸਾਢੇ ਨੌਂ ਵਜੇ ਏਅਰਪੋਰਟ 'ਤੇ ਪੁੱਜ ਗਿਆ ਸੀ। ਜਹਾਜ ਤੋਂ ਉੱਤਰ ਕੇ ਜਦ ਮੈਂ ਇਮੀਗ੍ਰੇਸ਼ਨ ਦੀ ਘੋਖ ਪੜਤਾਲ ਪਿੱਛੋਂ ਆਪਣਾ ਸਾਮਾਨ ਲੈ ਕੇ ਬਾਹਰ ਨਿਕਲਿਆ ਤਾਂ ਨਾ

ਹਰਦਿਆਲ ਦੀ ਸ਼ਕਲ ਕਿਤੇ ਦਿਸੀ ਨਾ ਮਲਕੀਤ ਦੀ। ਮਈ ਮਹੀਨੇ ਦੇ ਅੱਧ ਵਿਚ ਵੀ ਪੋਹ ਮਾਘ ਦੀ ਠੰਢ ਨੂੰ ਮਾਤ ਪਾ ਰਹੀ ਬਰਫੀਲੀ ਹਵਾ ਗਰਮ ਸੂਟ ਨੂੰ ਚੀਰ ਕੇ ਹੱਡਾਂ ਨੂੰ ਬਰਫਾਉਂਦੀ ਜਾ ਰਹੀ ਸੀ। ਕਦੀਂ ਸੋਚਿਆ ਹੀ ਨਹੀਂ ਸੀ ਕਿ ਐਨ ਉਸ ਵੇਲੇ ਜਦ ਪੰਜਾਬ ਵਿਚ ਸਖਤ ਗਰਮੀ ਨਾਲ ਮੱਝਾਂ ਦੀ ਚਮੜੀ ਲੂਹੀ ਜਾ ਰਹੀ ਹੋਵੇਗੀ, ਇੱਥੇ ਇੰਨੀ ਠੰਢ ਹੋਵੇਗੀ। ਸੱਚੀਂ ਹੀ ਇੰਨੀ ਠੰਡ ਸੀ ਜਾਂ ਸਖਤ ਗਰਮ ਵਾਤਾਵਰਣ ਵਿਚੋਂ ਆਇਆ ਹੋਣ ਕਰਕੇ ਮੈਨੂੰ ਹੀ ਇੰਞ ਮਹਸੂਸ ਹੁੰਦਾ ਸੀ, ਉਸ ਵੇਲੇ ਤਾਂ ਮੈਂ ਕੁਝ ਵੀ ਅੰਦਾਜ਼ਾ ਬਣਾਉਣ ਦੇ ਯੋਗ ਨਹੀਂ ਸਾਂ ਪਰ ਥੋੜੇ ਦਿਨਾਂ ਵਿਚ ਹੀ ਪਤਾ ਲੱਗ ਗਿਆ ਕਿ ਇੱਥੇ ਤਾਂ ਮਈ ਮਹੀਨੇ ਵਿਚ ਬਰਫ ਵੀ ਪੈ ਸਕਦੀ ਹੈ। ਸਮੇਂ ਸਮੇਂ ਦੀ ਗੱਲ ਹੁੰਦੀ ਹੈ। ਉਦੋਂ ਕਿਸੇ ਨੂੰ ਕੀ ਪਤਾ ਸੀ ਕਿ ਉਹ ਸਮਾਂ ਵੀ ਆਵੇਗਾ, ਜਦ ਦਸੰਬਰ ਦੇ ਮਹੀਨੇ ਵਿਚ ਇੰਨੀ ਠੰਡ ਘਟ ਹੀ ਹੋਇਆ ਕਰੇਗੀ। ਮੈਨੂੰ ਕਾਂਬਾ ਛਿੜਿਆ ਹੋਇਆ ਸੀ ਤੇ ਇੱਧਰ ਉੱਧਰ ਝਾਕਦਾ ਸੋਚ ਰਿਹਾ ਸਾਂ, "ਹੁਣ ਕੀ ਬਣੇਗਾ? ਕਿੱਧਰ ਜਾਵਾਂਗਾ ਤੇ ਕਿਸ ਤਰ੍ਹਾਂ ਜਾਵਾਂਗਾ? ਮੇਰੇ ਕੋਲ ਤਾਂ ਪੌਂਡ ਵੀ ਢਾਈ ਹੀ ਹਨ"। ਮੈਨੂੰ ਕੁਝ ਸੋਚੀਂ ਡੁੱਬਿਆ ਦੇਖ ਕੇ ਕੋਲੋਂ ਹੀ ਇੱਕ ਬੰਦੇ ਨੇ ਪੁੱਛਿਆ, "ਸਰਦਾਰ ਜੀ! ਕੀ ਗੱਲ ਹੈ, ਉਦਾਸ ਖੜ੍ਹੇ ਹੋ, ਕੋਈ ਲੈਣ ਨਹੀਂ ਆਇਆ?"

ਮੈਂ ਕਿਹਾ, "ਸਾਊਥਾਲ ਤੋਂ ਮੇਰੇ ਰਿਸ਼ਤੇਦਾਰਾਂ ਨੇ ਆਉਣਾ ਸੀ, ਆਏ ਨਹੀਂ, ਲਗਦਾ ਹੈ ਮੇਰੀ ਤਾਰ ਉਨ੍ਹਾਂ ਨੂੰ ਮਿਲੀ ਨਹੀਂ"।

"ਤੁਸੀਂ ਸਾਊਥਾਲ ਜਾਣਾ ਹੈ ਤਾਂ ਆਓ ਮੇਰੇ ਨਾਲ, ਮੈਂ ਵੀ ਉਧਰ ਹੀ ਜਾਣਾ। ਮੈਂ ਟੈਕਸੀ ਫੜ ਰਿਹਾਂ। ਤੁਹਾਨੂੰ ਸਾਊਥਾਲ ਲਾਹ ਦਿਆਂਗੇ", ਉਹਨੇ ਬੜੀ ਅਪਣੱਤ ਨਾਲ ਕਿਹਾ।

ਇਹ ਬੰਦਾ ਸਾਡੇ ਨਾਲ ਹੀ ਭਾਰਤ ਤੋਂ ਆਇਆ ਸੀ ਤੇ ਬੰਬਈ ਦੇ ਸਾਂਤਾਕਰੂਜ਼ ਏਅਰਪੋਰਟ ਉੱਤੇ ਮਿਲ ਪਿਆ ਸੀ। ਮੇਰੇ ਨਾਲ ਹੀ ਪਾਲਮ ਏਅਰਪੋਰਟ ਦਿੱਲੀ ਤੋਂ ਇੱਕ ਹੋਰ ਪੰਜਾਬੀ ਮੁੰਡਾ ਚੜ੍ਹਿਆ ਸੀ। ਉਹ ਲਗਦਾ

ਤਾਂ ਅਨਪੜ੍ਹ ਸੀ ਪਰ ਗੱਲੀਂ ਬਾਤੀਂ ਚੋਖਾ ਚਲਾਕ ਬਣ ਰਿਹਾ ਸੀ। ਨਾਉਂ ਉਹਦਾ ਪਿਆਰਾ ਸੀ। ਸਾਡੀਆਂ ਸੀਟਾਂ ਨਾਲ ਨਾਲ ਸਨ। ਉਹ ਨਵਾਂ ਸ਼ਹਿਰ ਦੋਆਬੇ ਦੇ ਗੁਆਂਢੀ ਪਿੰਡ ਕਲਾਮ ਤੋਂ ਸੀ। ਉਹ ਇੰਝ ਖੁਸ਼ ਸੀ ਜਿਵੇਂ ਪਹਿਲੀ ਵਾਰ ਸੌਹਰੀਂ ਚੱਲਿਆ ਹੋਵੇ। ਮੈਂ ਕੁਝ ਉਦਾਸ ਜਿਹਾ ਸਾਂ। ਉਹ ਨੇ ਕਹਿ ਹੀ ਦਿੱਤਾ, "ਯਾਰ ਤੂੰ ਤਾਂ ਇੱਦਾਂ ਉਦਾਸ ਹੈਂ, ਜਿੱਦਾਂ ਜੇਲ੍ਹ ਚੱਲਿਆ ਹੋਵੇ, ਖੁਸ਼ ਹੋ ਵਲੈਤ ਜਾ ਰਿਹਾਂ"।

ਮੈਂ ਕਿਹਾ, "ਉਦਾਸ ਤਾਂ ਹੋਣਾ ਹੀ ਹੋਇਆ, ਪਤਨੀ ਤੇ ਤਿੰਨ ਬੱਚੇ ਪਿੱਛੇ ਛੱਡ ਕੇ ਆਇਆ ਹਾਂ"।

ਉਦਾਸ ਤਾਂ ਇਸ ਕਰਕੇ ਵੀ ਸਾਂ ਕਿ ਹਾਲੀਂ ਤੱਕ ਪਾਲਮ ਏਅਰਪੋਰਟ ਦਿੱਲੀ 'ਤੇ ਆਪਣੇ ਵੜੇ ਭਰਾ ਅਜੀਤ ਸਿੰਘ ਤੋਂ ਵਿਛੜਣ ਸਮੇਂ ਦੀ ਉਹਦੀ ਸੂਰਤ ਮੇਰੀਆਂ ਅੱਖਾਂ ਸਾਹਮਣੇ ਘੁੰਮ ਰਹੀ ਸੀ। ਉਹ ਸੂਰਤ ਕਹਿ ਰਹੀ ਸੀ, " ਚੰਗਾ ਛੋਟੇ ਭਾਈ! ਇਹ ਅੰਤਮ ਮੇਲ ਹੈ ਸਾਡਾ। ਮੇਰਾ ਬੀਮਾਰੀਆਂ ਦਾ ਭੰਨਿਆ ਸਰੀਰ ਤੇਰੇ ਵਾਪਸ ਆਉਣ ਦੀ ਉਡੀਕ ਕਦ ਤੱਕ ਕਰੇਗਾ?" ਇਹ ਸੋਚ ਕੇ ਵੀ ਮਨ ਗਿਲਾਨੀ ਜਿਹੀ ਮਹਿਸੂਸ ਕਰ ਰਿਹਾ ਸੀ ਕਿ ਜਿਸ ਸਾਮਰਾਜੀ ਦੇਸ ਦੀ ਗ਼ੁਲਾਮੀ ਤੋਂ ਛੁਟਕਾਰਾ ਪ੍ਰਾਪਤ ਕਰਨ ਲਈ ਮੇਰੇ ਦੇਸ ਵਾਸੀਆਂ ਨੇ ਅਥਾਹ ਕੁਰਬਾਨਿਆਂ ਦਿੱਤੀਆਂ ਸਨ ਤੇ ਭਗਤ ਸਿੰਘ ਵਰਗੇ ਸੂਰਬੀਰਾਂ ਨੇ ਹਸਦਿਆਂ ਹਸਦਿਆਂ ਫਾਂਸੀ ਦੇ ਰੱਸੇ ਚੁੰਮ ਲਏ ਸਨ, ਜਿਸ ਮੁਲਕ ਦੇ ਸਾਮਰਾਜੀ ਕਰਦਾਰ ਨਾਲ ਮੈਂ ਬਚਪਨ ਤੋਂ ਨਫਰਤ ਕਰਦਾ ਰਿਹਾ ਸਾਂ, ਅੱਜ ਰੋਟੀ ਰੋਜ਼ੀ ਦੀ ਸਮੱਸਿਆਂ ਦਾ ਹੱਲ ਲਭਣ ਲਈ ਉਸੇ ਹੀ ਮੁਲਕ ਨੂੰ ਜਾ ਰਿਹਾ ਸਾਂ। ਮੈਨੂੰ ਯਾਦ ਆ ਰਿਹਾ ਸੀ ਕਿ ਮੇਰੇ ਆਪਣੇ ਹੀ ਪਿੰਡ ਦੇ ਗਦਰੀ ਬਾਬੇ ਹਰੀ ਸਿੰਘ ਦਾ ਇਕਲੌਤਾ ਪੁੱਤਰ ਜਦ ਇਸੇ ਤਰ੍ਹਾਂ ਆਪਣੇ ਦੇਸ ਨੂੰ ਛੱਡ ਕੇ ਇਸੇ ਸਾਮਰਾਜੀ ਦੇਸ ਵਿਚ ਆਪਣੀ ਗ਼ਰੀਬੀ ਦਾ ਹੱਲ ਲਭਣ ਲਈ ਜਾ ਪੁੱਜਾ ਸੀ ਤਾਂ ਮੈਂ ਉਹ ਨੂੰ ਆਪਣੇ ਮਨ ਹੀ ਮਨ ਵਿਚ ਦੇਸ-ਧ੍ਰੋਹੀ ਤੱਕ ਕਹਿ ਗਿਆ ਸਾਂ ਤੇ

ਹੁਣ ਮੈਂ ਆਪ ਵੀ ਉਸੇ ਤਰ੍ਹਾਂ ਦਾ ਦੇਸ-ਧ੍ਰੋਹੀ ਬਣ ਗਿਆ ਸਾਂ। ਇਹ ਵੀ ਸੋਚ ਭਾਰੂ ਸੀ ਕਿ ਕਿਹੋ ਜਿਹਾ ਉਹ ਮੁਲਕ ਹੋਵੇਗਾ ਜਿਸ ਲਈ ਮੈਂ ਆਪਣਾ ਦੇਸ ਛੱਡ ਕੇ ਪਰਦੇਸੀ ਬਣਨ ਲਈ ਤੁਰ ਪਿਆ ਹਾਂ*?* ਕਿਹੋ ਜਿਹੇ ਉੱਥੇ ਦੇ ਲੋਕ ਹੋਣਗੇ? ਅਨਜਾਣੇ ਤੇ ਬਿਗਾਨੇ ਲੋਕਾਂ ਵਿਚ ਮੈਂ ਕਿਵੇਂ ਰਹਿ ਸਕਾਂਗਾ? ਉੱਥੇ ਤਾਂ, ਕਹਿੰਦੇ ਹਨ ਸਦਾ ਬਰਫ ਪੈਂਦੀ ਰਹਿੰਦੀ ਹੈ, ਇੰਨੀ ਠੰਡ ਵਿਚ ਕਿਵੇਂ ਰਹਾਂਗਾ? ਮੈਂ ਤਾਂ ਕਦੀਂ ਸ਼ਿਮਲੇ ਵੀ ਨਹੀਂ ਗਿਆ ਸਾਂ।

ਦਿੱਲੀ ਦੇ ਪਾਲਾਮ ਏਅਰਪੋਰਟ ਤੋਂ ਜਹਾਜ ਚੜ੍ਹਨ ਵੇਲੇ ਇਹ ਤਾਂ ਪਤਾ ਹੀ ਨਹੀਂ ਸੀ ਕਿ ਏਅਰ ਇੰਡਿਆ ਦੇ ਇਸ ਜਹਾਜ ਨੇ ਬੰਬਈ ਤੱਕ ਹੀ ਜਾਣਾ ਹੈ। ਉਦੋਂ ਹੀ ਪਤਾ ਲੱਗਾ ਜਦ ਸਾਨੂੰ ਬੰਬਈ ਦੇ ਸਾਂਤਾਕਰੂਜ਼ ਏਅਰ ਪੋਰਟ 'ਤੇ ਲਾਹ ਕੇ ਇਹ ਜਹਾਜ਼ ਚਲਦਾ ਬਣਿਆ। ਅਸੀਂ ਉਸ ਏਅਰਪੋਰਟ 'ਤੇ ਦਿੱਲੀ ਵਾਲੇ ਜਹਾਜ਼ 'ਚੋਂ ਉੱਤਰ ਕੇ ਇੰਗਲੈਂਡ ਵਾਲੀ ਉੜਾਨ ਫੜਨ ਲਈ ਆਪਣਾ ਸਾਮਾਨ ਤੇ ਪਾਸਪੋਰਟ ਪੜਤਾਲ ਕਰਾਉਣ ਲਈ ਖੜੇ ਸਾਂ, ਉਸ ਵੇਲੇ ਇਹ ਬੰਦਾ ਮਿਲ ਪਿਆ ਸੀ। ਇਹ ਨੇ ਸਾਨੂੰ ਸੋਚੀਂ ਪਏ ਦੇਖ ਕੇ ਕਿਹਾ ਸੀ, *"* ਲਗਦਾ ਹੈ ਤੁਸੀਂ, ਪਹਿਲੀ ਵੇਰ ਇੰਗਲੈਂਡ ਚੱਲੇ ਹੋ। ਤੁਹਾਨੂੰ ਇਸ ਕੰਮ ਦਾ ਤਜਰਬਾ ਨਹੀਂ ਹੋਣਾ। ਆਪਣੇ ਪਾਸਪੋਰਟ ਮੈਨੂੰ ਦਿਓ, ਮੈਂ ਮੁਹਰ ਲੁਆ ਦਿੰਦਾ। ਮੈਂ ਤਾਂ ਕਈ ਵੇਰ ਇੰਗਲੈਂਡ ਗਿਆਂ, ਮੈਨੂੰ ਸਾਰਾ ਪਤਾ"।

ਮੈਂ ਉਹਨੂੰ ਆਪਣਾ ਤੇ ਪਿਆਰੇ ਦਾ ਦੋਵੇਂ ਪਾਸਪੋਰਟ ਫੜਾ ਦਿੱਤੇ। ਉਹ ਪਾਸਪੋਰਟ ਲੈ ਕੇ ਇੱਕ ਖੂੰਜੇ ਵਾਲੇ ਕਾਊਂਟਰ ' ਤੇ ਜਾ ਖੜ੍ਹਾ ਹੋਇਆ।

ਪੰਜ ਕੁ ਮਿੰਟਾਂ ਵਿਚ ਹੀ ਪਿਆਰਾ ਤਾਂ ਬਹੁਤ ਹੀ ਤਲਖ਼ ਹੋ ਗਿਆ। ਉਹਨੇ ਮੈਨੂੰ ਕਿਹਾ, "ਤੂੰ ਉਹਨੂੰ ਪਾਸਪੋਰਟ ਕਿਉਂ ਦਿੱਤੇ, ਉਹਦਾ ਕੀ ਪਤਾ ਪਾਸਪੋਰਟ ਲੈ ਕੇ ਉਡ ਜਾਵੇ*?"*

ਮੈਂ ਕਿਹਾ, "ਯਾਰ! ਇੰਨੀ ਵੀ ਬੇਇਤਬਾਰੀ ਕਾਹਦੀ? ਉਹ ਸਾਡੀ ਮਦਦ ਹੀ ਕਰਨ ਲੱਗਾ।"

"ਤੈਨੂੰ ਨਹੀਂ ਪਤਾ। ਇੱਦਾਂ ਦੇ ਬੰਦੇ ਲੋਕਾਂ ਦੇ ਪਾਸਪੋਰਟ ਲੈ ਕੇ ਉਡ ਜਾਂਦੇ ਆ ਤੇ ਫੇਰ ਫੋਟੋ ਬਦਲ ਕੇ ਆਪਣੇ ਬੰਦੇ ਲੰਘਾ ਲੈਂਦੇ ਆ", ਪਿਆਰੇ ਨੇ ਹੋਰ ਵੀ ਖਿਝ ਕੇ ਕਿਹਾ, "ਮੈਨੂੰ ਨਹੀਂ ਪਤਾ, ਮੇਰਾ ਪਾਸਪੋਰਟ ਉਹ ਤੋਂ ਹੁਣੇ ਲੈ ਕੇ ਵਾਪਸ ਕਰ"।

ਕਿਸੇ ਭਲੇ ਬੰਦੇ 'ਤੇ ਅਕਾਰਣ ਸ਼ਕ ਕਰਨੀ ਮੇਰੇ ਸੁਭਾ ਦੇ ਉਲਟ ਸੀ। ਉਂਝ ਵੀ ਮੈਨੂੰ ਕਿਹੜਾ ਅਜਿਹੀਆਂ ਗੱਲਾਂ ਦਾ ਤਜਰਬਾ ਸੀ। ਮੈਂ ਉਹਦਾ ਮਜਬੂਰ ਕੀਤਾ ਇਹਦੇ ਪਾਸ ਗਿਆ ਤੇ ਪਾਸਪੋਰਟ ਮੰਗ ਲਏ। ਇੰਨੇ ਚਿਰ ਨੂੰ ਇਹ ਪਾਸਪੋਰਟਾਂ 'ਤੇ ਮੁਹਰ ਲੁਆ ਚੁੱਕਾ ਸੀ। ਇਹਨੇ ਪਾਸਪੋਰਟ ਮੇਰੇ ਹੱਥ ਫੜਾਉਂਦਿਆਂ ਕਿਹਾ, "ਯਾਰ ਤੁਸੀਂ ਤਾਂ ਰਤੀ ਵੀ ਇਤਬਾਰ ਨਹੀਂ ਕਰਦੇ। ਮੈਂ ਤੁਹਾਡੇ ਪਾਸਪੋਰਟ ਖਾ ਲੈਣੇ ਸੀ?"

ਮੈਂ ਕਿਹਾ, "ਮੈਨੂੰ ਤਾਂ ਕੋਈ ਬੇਇਤਬਾਰੀ ਨਹੀਂ, ਮੇਰੇ ਨਾਲ ਦਾ ਔਖਾ ਹੋ ਗਿਆ ਸੀ"।

ਪਿਆਰੇ ਦਾ ਸੁਭਾ ਅਪਾਣੀ ਤਰ੍ਹਾਂ ਦਾ ਸੀ ਤੇ ਮੇਰਾ ਉਹਤੋਂ ਐਨ ਵਖਰਾ। ਉਡਾਣ ਦੇ ਦੌਰਾਨ ਮੈਂ ਹਵਾਈ ਸੇਵਾਦਾਰਨੀ ਤੋਂ ਪਾਣੀ ਮੰਗਿਆ ਤਾਂ ਪਿਆਰੇ ਨੇ ਕਿਹਾ, "ਪਾਣੀ ਕੀ ਕਰਨਾ, ਵਿਸਕੀ ਮੰਗ, ਮੇਰੇ ਲਈ ਵੀ।"

ਵਿਸਕੀ ਕੀ ਹੁੰਦੀ ਹੈ ਮੈਨੂੰ ਕੁਝ ਵੀ ਪਤਾ ਨਹੀਂ ਸੀ। ਸੋਚਿਆ ਕਿ ਸ਼ਰਾਬ ਦੀ ਕੋਈ ਕਿਸਮ ਹੀ ਹੋਵੇਗੀ ਜੋ ਇਹ ਪਾਣੀ ਦੀ ਥਾਂ ਵਿਸਕੀ ਮੰਗਦਾ ਹੈ। ਮੈਂ ਸ਼ਰਾਬ ਪੀਣ ਦਾ ਆਦੀ ਨਹੀਂ ਸਾਂ, ਤਾਂ ਵੀ ਮੈਂ ਉਹਨੂੰ ਨਾਹ ਨਾ ਕਰ ਸਕਿਆ। ਜਦੋਂ ਮੈਂ ਹਵਾਈ ਸੇਵਾਦਾਰਨੀ ਨੂੰ ਵਿਸਕੀ ਲਿਆਉਣ ਲਈ ਬੇਨਤੀ ਕੀਤੀ ਤਾਂ ਉਹਨੇ ਅੱਗੋਂ ਕਿਹਾ, "ਵਿਸਕੀ ਦੇ ਪੈਸੇ ਲੱਗਣਗੇ।" ਮੈਂ ਜਦ ਪਿਆਰੇ ਨੂੰ ਦੱਸਿਆ, ਤਾਂ ਉਹਨੇ ਕਿਹਾ, "ਤਾਂ ਕੀ ਹੋਇਆ ਦੋ ਵਿਸਕੀਆਂ ਮੰਗ?"

ਮੈਂ ਹਵਾਈ ਸੇਵਾਦਾਰਨੀ ਨੂੰ ਦੋ ਵਿਸਕੀਆਂ ਲਿਆਉਣ ਲਈ ਕਹਿ ਦਿੱਤਾ। ਤਿੰਨਾਂ ਪੌਂਡਾਂ ਵਿਚੋਂ ਇਸ ਤਰ੍ਹਾਂ 10 ਸ਼ਲਿੰਗ ਖਰਚ ਹੋ ਗਏ ਸਨ।

ਪਿਆਰਾ ਏਅਰਪੋਰਟ ਤੋਂ ਬਾਹਰ ਤਾਂ ਮੇਰੇ ਨਾਲ ਹੀ ਨਿਕਲਿਆ ਸੀ, ਪਰ ਬਾਹਰ ਆ ਕੇ ਉਹਨੇ ਮੇਰੇ ਨਾਲ ਅੱਖ ਵੀ ਨਾ ਮਿਲਾਈ। ਉਹਦੇ ਬੰਦੇ ਉਹਨੂੰ ਲੈਣ ਆਏ ਹੋਏ ਸਨ। ਉਹ ਚੁੱਪ ਕੀਤਾ ਉਨ੍ਹਾਂ ਨਾਲ ਤੁਰ ਗਿਆ। ਹੁਣ ਉਹੀ ਬੰਦਾ ਜਿਹਦੇ 'ਤੇ ਉਹ ਬੇਇਤਬਾਰੀ ਕਰਦਾ ਸੀ, ਔਖੇ ਵੇਲੇ ਮੇਰੇ ਕੰਮ ਆ ਗਿਆ ਸੀ।

ਮੈਂ ਬਿਨਾ ਹੀਲ-ਹੁੱਜਤ ਆਪਣਾ ਸਾਮਾਨ ਚੁੱਕੀ ਉਹਦੇ ਨਾਲ ਤੁਰ ਪਿਆ। ਉਹਨੇ ਟੈਕਸੀ ਸੱਦੀ ਤੇ ਮੈਨੂੰ ਨਾਲ ਬੈਠਾ ਕੇ ਤੋਰ ਲਈ ਤੇ ਪੁੱਛਿਆ, " ਕਿਹੜੇ ਐਡਰੈਸ 'ਤੇ ਜਾਣਾ?"

" ਤੇਈ ਵੁਡਲੈਂਡਜ਼ ਰੋਡ ਸਾਊਥਾਲ" , ਮੈਂ ਸੰਖੇਪ ਜਿਹਾ ਉੱਤਰ ਦਿਤਾ।

ਅੱਧੇ ਕੁ ਘੰਟੇ ਪਿੱਛੋਂ ਉਹਨੇ ਕਿਹਾ, "ਲਉ ਆ ਗਿਆ ਤੁਹਾਡਾ ਐੱਡਰੈਸ, ਆਹ ਸਾਹਮਣੇ ਹੈ ਵੁਡਲੈਂਡਜ਼ ਰੋਡ"।

ਡਰਾਈਵਰ ਨੇ ਟੈਕਸੀ ਰੋਕੀ ਤੇ ਮੇਰਾ ਸਾਮਾਨ ਲਾਹ ਕੇ ਬਾਹਰ ਰੱਖ ਦਿੱਤਾ ਤੇ ਫੇਰ ਦਰਵਾਜ਼ਾ ਖੋਲ੍ਹ ਕੇ ਮੈਨੂੰ ਉਤਾਰ ਦਿੱਤਾ। ਮੈਂ ਇੱਕ ਹੱਥ ਵਿਚ ਆਪਣਾ ਬਿਸਤਰਾ ਤੇ ਦੂਜੇ ਹੱਥ ਵਿਚ ਅਟੈਚੀ ਫੜ ਲਿਆ। ਤੁਰਨ ਲੱਗੇ ਨੇ ਦੇਖਿਆ ਸਾਹਮਣੇ ਵਾਲੀ ਸੜਕ ਦੇ ਦੋਹੀਂ ਪਾਸੀਂ ਲਿਖਿਆ ਹੋਇਆ ਸੀ,' ਵੁਡਲੈਂਡਜ਼ ਰੋਡ'।

ਮੈਂ ਖੁਸ਼ ਹੋ ਗਿਆ ਕਿ ਮੈਂ ਆਪਣੀ ਮੰਜ਼ਲ ਦੇ ਨੇੜੇ ਪੁੱਜ ਗਿਆ ਹਾਂ। ਕੁਝ ਕਦਮ ਪੁੱਟਣ ਤੋਂ ਪਿੱਛੋਂ ਹੀ ਮੈਨੂੰ ਅਹਿਸਾਸ ਹੋ ਗਿਆ ਕਿ ਮੈਂ ਤਾਂ ਸੜਕ ਦੇ ਉਲਟ ਪਾਸੇ ਹਾਂ, 23 ਨੰਬਰ ਤੱਕ ਪੁੱਜਣ ਲਈ ਸੜਕ ਦੇ ਦੂਜੇ ਸਿਰੇ ਤੇ ਪੁੱਜਣਾ ਪੈਣਾ ਸੀ। ਮੈਂ ਖੋਤੇ ਜਿੰਨਾ ਭਾਰ ਚੁੱਕੀ ਤੇਜ਼ ਕਦਮੀਂ ਤੁਰਿਆ ਗਿਆ।

23 ਨੰਬਰ ਘਰ ਦੇ ਦਰਵਾਜ਼ੇ ਅੱਗੇ ਜਾ ਕੇ ਮੈਂ ਘੰਟੀ ਦਾ ਬਟਨ ਦੱਬਿਆਂ ਤਾਂ ਇੱਕ ਮਧਰੇ ਜਿਹੇ ਕੱਦ ਦੀ ਕੁੜੀ ਨੇ ਦਰਵਾਜ਼ਾ ਖੋਲ੍ਹਿਆ ਤੇ ਮੈਨੂੰ '

ਸਤਿ ਸ੍ਰੀ ਅਕਾਲ' ਕਹਿਣ ਦੇ ਨਾਲ ਹੀ ਉੱਚੀ ਅਵਾਜ਼ ਵਿਚ ਕਿਹਾ, "ਭਾਅ ਜੀ ਆ ਗਏ!" ਮੈਂ ਸਮਝ ਗਿਆ ਕਿ ਮੈਂ ਆਪਣੀ ਮੰਜ਼ਲ 'ਤੇ ਪੁੱਜ ਗਿਆ ਹਾਂ। ਸੋਚਿਆ,"ਇਹ ਮੈਨੂੰ ਭਾਅ ਜੀ ਕਹਿਣ ਵਾਲੀ ਜ਼ਰੂਰ ਮੇਰੀ ਭੈਣ ਦੀ ਦਿਉਰਾਣੀ ਹੋਵੇਗੀ"। ਮੈਂ ਅੰਦਰ ਲੰਘ ਗਿਆ ਤੇ ਥੱਕਾ ਹੋਇਆ ਹੋਣ ਕਰ ਕੇ ਬੈਠਣ ਲਈ ਕੁਰਸੀ ਦੀ ਭਾਲ ਵਿਚ ਇੱਧਰ ਉੱਧਰ ਤੱਕਣ ਲੱਗਾ।

ਇੰਨੇ ਚਿਰ ਨੂੰ ਇੱਕ ਹੋਰ ਮਧਰੇ ਕੱਦ ਦੀ ਕੁੜੀ ਨੇ ਬਾਹਰ ਆ ਕੇ ਮੈਨੂੰ 'ਸਤਿ ਸ੍ਰੀ ਅਕਾਲ' ਕਹੀ ਤੇ ਨਾਲ ਹੀ ਕਿਹਾ, "ਭਾਅ ਜੀ! ਕਿਚਨ ਵਿਚ ਹੀ ਆ ਜਾਵੋ। ਅਸੀਂ ਚਾਹ ਬਣਾ ਲਈ ਹੈ, ਪੀ ਕੇ ਆਰਾਮ ਕਰ ਲੈਣਾ"। ਮੈਂ ਕਿਚਨ ਵਿਚ ਵਡੇ ਸਾਰੇ ਕੁਢੱਬੇ ਜਿਹੇ ਮੇਜ਼ ਦੇ ਨਾਲ ਡੱਠੀ ਕੁਰਸੀ 'ਤੇ ਬਹਿ ਗਿਆ।

"ਪਿੰਕੀ-ਡੈਡੀ ਤੁਹਾਨੂੰ ਲੈਣ ਗਏ ਸੀ, ਤੁਹਾਡੀ ਫਲਾਈਟ ਲੇਟ ਸੀ, ਉਨ੍ਹੀਂ ਕੰਮ ਤੇ ਜਾਣਾ ਸੀ, ਉਹ ਵਾਪਸ ਆ ਗਏ ਤੇ ਹੁਣ ਕੰਮ 'ਤੇ ਗਏ ਹੋਏ ਆ" , ਛੋਟੀ ਕੁੜੀ ਨੇ ਕਿਹਾ।

"ਮਲਕੀਤ ਕਿੱਥੇ ਹੈ?", ਮੈਂ ਪੁੱਛਿਆ।

"ਭਾਈਆ ਜੀ ਵੀ ਕੰਮ 'ਤੇ ਗਏ ਹੋਏ ਆ", ਉਹਨੇ ਕਿਹਾ।

ਮਲਕੀਤ ਨੂੰ ਭਾਈਆ ਜੀ' ਕਹਿਣ ਵਾਲੀ ਹਰਦਿਆਲ ਦੀ ਪਤਨੀ ਹੀ ਹੋ ਸਕਦੀ ਸੀ, ਕਿਉਂਕਿ ਮਲਕੀਤ ਹਰਦਿਆਲ ਤੋਂ ਵਡਾ ਸੀ ਤੇ 'ਪਿੰਕੀ-ਡੈਡੀ' ਉਹ ਹਰਦਿਆਲ ਨੂੰ ਕਹਿੰਦੀ ਸੀ। ਇਹਦਾ ਮਤਲਬ ਤਾਂ ਸਾਫ ਸੀ ਕਿ ਪਿੰਕੀ ਇਹਦੀ ਧੀ ਹੋਵੇਗੀ। ਦੂਜੀ ਕੁੜੀ ਮਲਕੀਤ ਦੀ ਪਤਨੀ ਹੀ ਹੋ ਸਕਦੀ ਸੀ।

ਮਲਕੀਤ ਤਾਂ ੧੯੫੫ ਈ: ਵਿਚ ਹੀ ਇੰਗਲੈਂਡ ਆ ਗਿਆ ਸੀ ਤੇ ਹਰਦਿਆਲ ੧੯੬੦ ਈ: ਵਿਚ ਆਇਆ ਸੀ। ਦੋਵੇਂ ਹੀ ਭਾਰਤ ਛੱਡਣ ਵੇਲੇ ਕੁਆਰੇ ਸਨ, ਇਸ ਲਈ ਮੈਨੂੰ ਦੋਹਾਂ ਦੀਆਂ ਪਤਨੀਆਂ ਦੀ ਪਛਾਣ ਨਹੀਂ ਸੀ।

ਇਹ ਵੀ ਇੱਥੇ ਆ ਕੇ ਹੀ ਪਤਾ ਲੱਗਾ ਸੀ ਕਿ ਮਲਕੀਤ ਦੀ ਪਤਨੀ ਦਾ ਨਾਉਂ ਮੀਤੋ ਹੈ ਤੇ ਹਰਦਿਆਲ ਦੀ ਪਤਨੀ ਦਾ ਨਾਉਂ ਕੁਲਦੀਪ।

ਉਸ ਵੇਲੇ ਤਾਂ ਮੈਨੂੰ ਬਹੁਤ ਅਜੀਬ ਜਿਹਾ ਲੱਗਿਆ ਕਿ ਕਿਸੇ ਰਿਸ਼ਤੇਦਾਰ ਨੇ ਦੇਸੋਂ ਆਉਣਾ ਹੋਵੇ ਤੇ ਦੋਵੇਂ ਭਰਾ ਕੰਮ 'ਤੇ ਗਏ ਹੋਏ ਹੋਣ। ਪਰ ਛੇਤੀ ਹੀ ਮੈਨੂੰ ਉਨ੍ਹਾਂ ਦੀ ਮਜਬੂਰੀ ਦਾ ਪਤਾ ਲੱਗ ਗਿਆ। ਇੰਨੇ ਚਿਰ ਨੂੰ ਦੋ ਛੋਟੀਆਂ ਛੋਟੀਆਂ ਬੱਚੀਆਂ ਮੇਰੇ ਕੋਲ ਆ ਖੜੀਆਂ ਹੋਈਆਂ। ਇੱਕ ਨੇ ਦੂਜੀ ਦੇ ਕੰਨ ਨੇੜੇ ਮੂੰਹ ਕਰ ਕੇ ਕਿਹਾ, "ਬਾਬਾ!"

ਜਾਪਦਾ ਸੀ ਉਨ੍ਹਾਂ ਨੇ ਕੇਸ ਦਾੜ੍ਹੀ ਵਾਲਾ ਬੰਦਾ ਬਾਬੇ ਨਾਨਕ ਦੀ ਤਸਵੀਰ ਤੋਂ ਬਿਨਾ ਹੋਰ ਕੋਈ ਘਟ ਹੀ ਦੇਖਿਆ ਹੋਣਾ ਤਾਂ ਹੀ ਤਾਂ ਉਹ ਮੈਨੂੰ ਵੀ ਬਾਬਾ ਸਮਝ ਰਹੀਆਂ ਸਨ। ਕੁਲਦੀਪ ਨੇ ਦਸਿਆਂ, "ਇਹ ਦੋਵੇਂ ਭਾਈਆ ਜੀ ਦੀਆਂ ਗੁੱਡੀਆਂ"। ਇਹਦਾ ਮਤਲਬ ਸਾਫ ਬਣਦਾ ਸੀ ਕਿ ਉਹ ਮਲਕੀਤ ਦੀਆਂ ਧੀਆਂ ਸਨ। ਮੈਂ ਕੁਲਦੀਪ ਨੂੰ ਪੁੱਛਿਆ, "ਪਿੰਕੀ ਕਿੱਥੇ ਆ?"

ਕੁਲਦੀਪ ਨੇ ਕਿਹਾ,"ਉਹ ਤਾਂ ਹਾਲੀਂ ਚਾਰ ਕੁ ਮਹੀਨੇ ਦੀ ਹੈ, ਕੌਟ ਵਿਚ ਸੁਤੀ ਪਈ ਹੈ, ਜਾਗੀ ਤਾਂ ਲਿਆਵਾਂਗੀ"।

ਮੀਤੋ ਨੇ ਕਿਹਾ, "ਭਾਅ ਜੀ ਰੋਟੀ ਤਿਆਰ ਕਰੀਏ?"

ਮੈਂ ਕਿਹਾ, "ਰੋਟੀ ਤਾਂ ਹੁਣ ਸ਼ਾਮ ਨੂੰ ਖਾਵਾਂਗਾ। ਉਨੀਂਦੇ ਦਾ ਭੰਨਿਆ ਹੋਇਆਂ। ਹਾਲੀਂ ਤਾਂ ਆਰਾਮ ਕਰਨਾ ਚਾਹਾਂਗਾ"।

ਕੁਲਦੀਪ ਨੇ ਮੇਰਾ ਬਿਸਤਰਾ ਚੁੱਕ ਕੇ ਪੌੜੀਆਂ ਚੜ੍ਹਨ ਲਗੀ ਨੇ ਕਿਹਾ, "ਭਾਅ ਜੀ! ਤੁਸੀਂ ਬਾਕਸ ਰੂਮ ਵਿਚ ਆਰਾਮ ਕਰੋ"।

ਮੈਂ ਆਪਣਾ ਅਟੈਚੀ ਚੁੱਕੀ ਉਹਦੇ ਪਿੱਛੇ ਪਿੱਛੇ ਪੌੜੀਆਂ ਚੜ੍ਹ ਗਿਆ। ਉਹਨੇ ਮੇਰਾ ਬਿਸਤਰਾ ਇੱਕ ਛੋਟੇ ਜਿਹੇ ਕਮਰੇ ਵਿਚ ਰੱਖ ਦਿੱਤਾ। ਕਮਰੇ ਦੀ ਚੁੜਾਈ ਤੇ ਲੰਬਾਈ ਦੇਖ ਕੇ ਮੈਂ ਸਮਝ ਗਿਆ ਕਿ ਇਹੀ ਬਾਕਸ ਰੂਮ ਹੈ। ਕਮਰਾ ਕੀ ਸੀ, ਬਸ ਛੋਟਾ ਜਿਹਾ ਮੰਜਾ ਮਸਾਂ ਡਹਿੰਦਾ ਸੀ। ਕੁਲਦੀਪ ਮੇਰਾ

ਬਿਸਤਰਾ ਉੱਥੇ ਰੱਖ ਕੇ ਤੁਰ ਗਈ। ਉੱਥੇ ਪਹਿਲਾਂ ਹੀ ਮੰਜੇ ਤੇ ਇੱਕ ਰਜਾਈ ਪਈ ਸੀ। ਮੈਂ ਆਪਣਾ ਬਿਸਤਰਾ ਖੋਲ੍ਹਣ ਦੀ ਲੋੜ ਨਾ ਸਮਝੀ। ਉੱਥੇ ਪਈ ਰਜਾਈ ਵਿਚ ਵੜ ਕੇ ਘੁਰਾੜੇ ਮਾਰਨ ਲਗ ਪਿਆ।

ਲੌਢੇ ਵੇਲੇ ਚਾਰ ਕੁ ਵਜੇ ਜਾਗ ਆਈ। ਮੈਂ ਹਾਲੀਂ ਬਿਸਤਰੇ ਵਿਚੋਂ ਨਿਕਲ ਕੇ ਕਪੜੇ ਪਾ ਕੇ ਹਟਿਆ ਹੀ ਸਾਂ ਕਿ ਕਿਸੇ ਨੇ ਬਾਹਰੋਂ ਕਮਰੇ ਦਾ ਦਰਵਾਜ਼ਾ ਖੜਕਾਇਆ ਤੇ ਕਿਹਾ, "ਜਾਗ ਪਏ?"

ਮੈਂ ਕਿਹਾ, "ਆ ਜਾ, ਜਾਗਦਾਂ।"

ਉਹ ਅੰਦਰ ਆਇਆ ਤਾਂ ਮੈਂ ਉਹਦੀ ਸ਼ਕਲ ਦੇਖ ਕੇ ਹੈਰਾਨ ਰਹਿ ਗਿਆ, ਇਹ ਹਰਦਿਆਲ ਸਿੰਘ ਸੀ ਜਿਸਦਾ ਹੁਣ ਹਰਦਿਆਲ ਚੰਦ ਬਣਿਆ ਹੋਇਆ ਸੀ। ਮੈਂ ਹੱਥ ਮਿਲਾਉਂਦਿਆਂ ਹੱਸ ਕੇ ਕਿਹਾ," ਆਹ ਕੀ ਸ਼ਕਲ ਬਣਾ ਲਈ, ਫੁੱਟਬਾਲ ਵਰਗਾ ਮੂੰਹ ਕੱਢ ਲਿਆ?"

" ਇਹ ਤਾ ਕੁਝ ਵੀ ਨਹੀਂ, ਵੜੇ ਭਾਈ ਨੂੰ ਦੇਖੇਂਗਾ ਤਾਂ ਪਤਾ ਲਗੂ ਦੁਨੀਆ ਕਿੱਥੇ ਵਸਦੀ ਆ", ਉਹਨੇ ਮੇਰੇ ਹਾਸੇ ਵਿਚ ਸ਼ਾਮਲ ਹੁੰਦਿਆਂ ਕਿਹਾ।

"ਹੈਂ! ਉਹਨੇ ਵੀ?", ਇਹ ਕਹਿ ਕੇ ਮੈਂ ਸੋਚੀਂ ਪੈ ਗਿਆ।

ਹਰਿਦਆਲ ਤਾਂ ਕਾਲਜ ਵਿਚ ਪੜ੍ਹਦਾ, ਦਾੜ੍ਹੀ ਛਾਂਗ ਲੈਂਦਾ ਸੀ, ਪਰ ਮਲਕੀਤ ਤਾਂ ਰੋਮਾਂ ਦੀ ਬੇਅਦਬੀ ਸਹਾਰ ਹੀ ਨਹੀਂ ਸਕਦਾ ਸੀ। ਉਹ ਮੈਥੋਂ ਦੋ ਕੁ ਸਾਲ ਵਡਾ ਸੀ। ਉਹ ਬੱਚਪਨ ਤੋਂ ਹੀ ਪੂਰਾ ਪੰਜ-ਕਕਾਰੀ ਸਿੰਘ ਸੀ ਤੇ ਘੱਟ ਮੈਂ ਵੀ ਨਹੀਂ ਸਾਂ, ਇਸ ਲਈ ਸਾਡੀ ਬਣਦੀ ਵੀ ਬਹੁਤ ਸੀ। ਮਲਕੀਤ ਤਕੜਾ ਕਾਮਾ ਵੀ ਸੀ ਤੇ ਸਿਹਤ ਬਣਾਉਣ ਦਾ ਸ਼ੌਕੀਨ ਵੀ। ਇੱਕ ਦਿਨ ਉਹ ਹਰਦਿਆਲ ਤੋਂ ਮਾਲਸ਼ ਕਰਵਾ ਰਿਹਾ ਸੀ ਕਿ ਹਰਦਿਆਲ ਦੇ ਸਖਤ ਹੱਥ ਦੀ ਘਾਸ ਨਾਲ ਉਹਦੀ ਲੱਤ ਤੋਂ ਕੋਈ ਵਾਲ ਉਖੜ ਗਿਆ। ਉਹ ਹਰਦਿਆਲ ਨੂੰ ਇਹ ਕਹਿ ਕੇ ਪੈ ਗਿਆ, "ਤੂੰ ਗੁਰੂ ਦੇ ਸਿੱਖ ਦੇ ਰੋਮ ਦੀ ਬੇਅਦਬੀ ਕੀਤੀ ਆ

ਓਏ!" ਹੁਣ ਇਹ ਸੁਣ ਕੇ ਹੈਰਾਨੀ ਤਾਂ ਹੋਣੀ ਹੀ ਸੀ ਕਿ ਉਹ ਵੀ ਘੋਨ ਮੋਨ ਹੋ ਗਿਆ ਸੀ।

ਹਰਦਿਆਲ ਨੇ ਮੈਨੂੰ ਸੋਚਾਂ ਵਿਚ ਪਿਆ ਦੇਖ ਕੇ ਕਿਹਾ, "ਕਿਹੜੀਆਂ ਸੋਚਾਂ ਵਿਚ ਡੁੱਬ ਗਿਆਂ, ਭਾਬੀ ਤਾ ਨਹੀਂ ਯਾਦ ਆ ਰਹੀ?", ਹਰਿਦਆਲ ਮੇਰੇ ਨਾਲੋਂ ਦਸ ਕੁ ਸਾਲ ਛੋਟਾ ਸੀ, ਇਸ ਲਈ ਮੇਰੀ ਪਤਨੀ ਨੂੰ ਭਾਬੀ ਕਹਿੰਦਾ ਸੀ।

"ਹੋਰ ਹੁਣ ਮੈਨੂੰ ਕਿਹਨੇ ਯਾਦ ਆਉਣਾ?", ਮੈਂ ਵੀ ਉਹਦੇ ਹਾਸੇ ਵਿਚ ਸ਼ਾਮਿਲ ਹੁੰਦਿਆਂ ਕਿਹਾ।

ਉਦੋਂ ਤੱਕ ਮਲਕੀਤ ਵੀ ਕੰਮ ਤੋਂ ਆ ਗਿਆ ਸੀ। ਉਹ ਆਉਂਦਾ ਹੀ ਪੌੜੀਆਂ ਚੜ੍ਹ ਆਇਆ। ਉਹ ਬਹੁਤ ਖੁਸ਼ ਹੋ ਕੇ ਮਿਲਿਆ। ਮਿੰਟ ਕੁ ਪਿੱਛੋਂ ਉਹਨੇ ਕਿਹਾ, "ਚਲੋ, ਦੂਜੇ ਕਮਰੇ ਵਿਚ ਬੈਠਦੇ ਆਂ"।

ਮੈਂ ਵੀ ਦੇਖ ਰਿਹਾ ਸਾਂ ਕਿ ਇਹ ਕਮਰਾ ਤਾਂ ਦੋ ਤੋਂ ਵੱਧ ਬੰਦਿਆਂ ਦੇ ਬੈਠਣ ਲਈ ਛੋਟਾ ਸੀ। ਮੈਂ ਸਿਰ 'ਤੇ ਪੱਗ ਰੱਖੀ ਤੇ ਉਨ੍ਹਾਂ ਦੇ ਨਾਲ ਤੁਰ ਪਿਆ। ਅਸੀਂ ਮਲਕੀਤ ਦੇ ਸੌਣ ਕਮਰੇ ਵਿਚ ਜਾ ਬੈਠੇ। ਕਮਰੇ ਵਿਚ ਇੱਕ ਡਬਲ ਬੈੱਡ ਤੋਂ ਬਿਨਾ ਇੱਕ ਕੁਰਸੀ ਪਈ ਸੀ। ਅਸੀਂ ਲੰਮਾ ਸਮਾਂ ਉੱਥੇ ਬੈਠੇ ਗੱਲਾਂ ਕਰਦੇ ਰਹੇ। ਬਹੁਤ ਲੰਮੇ ਸਮੇਂ ਪਿੱਛੋਂ ਮਿਲੇ ਸਾਂ, ਘਰ ਦੀਆਂ ਤੇ ਰਿਸ਼ਤੇਦਾਰਾਂ ਦੀਆਂ ਗੱਲਾਂ ਕਰਦਿਆਂ ਪਤਾ ਵੀ ਨਾ ਲੱਗਾ ਕਿ ਕਿੰਨਾ ਸਮਾਂ ਲੰਘ ਗਿਆ ਸੀ। ਮਲਕੀਤ ਨੇ ਆਪਣੀ ਘੜੀ ਵਲ ਨਿਗਾਹ ਮਾਰੀ ਤੇ ਕਿਹਾ, "ਦਾਲੋ! ਚਲੋ ਚੱਲੀਏ, ਬੀਰ ਬੱਤੇ ਦਾ ਟੈਮ ਹੋ ਗਿਆ। ਗਲਾਸ ਮਾਰ ਆਈਏ" ।

ਉਹ ਦੋਵੇਂ ਉੱਠੇ ਤਾਂ ਮੈਂ ਵੀ ਇਹ ਸੋਚਦਾ ਨਾਲ ਹੀ ਉਠ ਖੜਾ ਹੋਇਆ, 'ਗਲਾਸ ਮਾਰ ਆਈਏ' ਦਾ ਮਤਲਬ ਕੀ ਹੋਇਆ, ਗਲਾਸ ਤਾਂ ਘਰ ਹੀ ਹੋਣਗੇ, ਇਨ੍ਹਾਂ ਨੂੰ ਮਾਰਨ ਬਾਹਰ ਕਿੱਥੇ ਜਾਣਾ ਹੋਵੇਗਾ?" ਮੈਂ ਨਾਹ ਤਾਂ

ਕਹਿ ਨਹੀਂ ਸਕਦਾ ਸਾਂ। ਜਦ ਪਤਾ ਹੀ ਨਹੀਂ ਸੀ, ਕਿੱਥੇ ਨੂੰ ਚੱਲੇ ਸਾਂ ਤਾਂ ਨਾਹ ਵੀ ਕਿਵੇਂ ਕਰਦਾ?

ਘਰੋਂ ਬਾਹਰ ਨਿਕਲ ਕੇ ਦਸ ਕੁ ਮਿੰਟ ਤੁਰਨ ਪਿੱਛੋਂ ਉਹ ਮੈਨੂੰ ਇੱਕ ਚੋਖੀ ਵੱਡੀ ਬਿਲਡਿੰਗ ਵਿਚ ਲੈ ਵੜੇ। ਇੱਥੇ ਭਾਂਤ ਸੁਭਾਂਤੇ ਬੰਦੇ ਕੁਰਸੀਆਂ ਤੇ ਬੈਠੇ ਕੁਝ ਪੀ ਰਹੇ ਸਨ ਤੇ ਕੁਝ ਹਰੇ ਜਿਹੇ ਮੇਜ਼ ਦੇ ਦੁਆਲੇ ਡੰਡੇ ਜਹੇ ਫੜੀ ਕੋਈ ਖੇਡ ਖੇਡ ਰਹੇ ਸਨ। ਮੈਂ ਤਾਂ ਸਮਝਦਾ ਸਾਂ ਕਿ ਇਸ ਗੋਰਿਆਂ ਦੇ ਦੇਸ ਵਿਚ ਗੋਰੇ ਹੀ ਗੋਰੇ ਦਿਸਦੇ ਹੋਣਗੇ। ਇਥੇ ਤਾਂ ਭਾਂਤ ਸੁਭਾਂਤ ਦੇ ਕਾਲੇ, ਗੋਰੇ, ਪੀਲੇ ਤੇ ਕਣਕ ਵੰਨੇ ਸਾਰੇ ਹੀ ਮਿਲ ਕੇ ਅਨੰਦ ਲੈ ਰਹੇ ਸਨ। ਮਲਕੀਤ ਨੇ ਮੈਨੂੰ ਇੱਕ ਮੇਜ਼ ਨੇੜੇ ਪਈ ਕੁਰਸੀ ਤੇ ਬਹਿਣ ਲਈ ਕਿਹਾ ਤੇ ਆਪ ਉਹ ਦੋਵੇਂ ਕਾਊਂਟਰ ਦੇ ਸਾਹਮਣੇ ਜਾ ਖੜੇ। ਥੋੜੇ ਚਿਰ ਪਿੱਛੋਂ ਮਲਕੀਤ ਨੇ ਹੱਥ ਭਰ ਲੰਮਾ ਰਸੌਂਤ ਰੰਗੇ ਸ਼ਰਬਤ ਜਿਹੇ ਦਾ ਭਰਿਆ ਇੱਕ ਗਲਾਸ ਮੇਰੇ ਅੱਗੇ ਲਿਆ ਰਖਿਆ ਤੇ ਆਪ ਵੀ ਉਸੇ ਤਰ੍ਹਾਂ ਦਾ ਗਲਾਸ ਫੜੀ ਮੇਰੇ ਕੋਲ ਪਈ ਕੁਰਸੀ ਤੇ ਆ ਬੈਠਾ। ਮੈਂ ਆਪਣੇ ਮਨ ਵਿਚ ਹੀ ਕਹਿ ਗਿਆ," ਤਾਂ ਇਹਨੂੰ ਕਹਿੰਦੇ ਆ ਗਲਾਸ ਮਾਰਨੇ"। ਥੋੜੇ ਚਿਰ ਪਿੱਛੋਂ ਹਰਦਿਆਲ ਵੀ ਸਾਡੇ ਕੋਲ ਹੀ ਕੁਰਸੀ ਖਿੱਚ ਕੇ ਆ ਬੈਠਾ।

" ਕੀ ਦੇਖਦਾਂ? ਪੀਂਦਾ ਨਹੀਂ, ਬੀਰ ਆ, ਜ਼ਹਿਰ ਤਾਂ ਨਹੀਂ" , ਮਲਕੀਤ ਨੇ ਮੈਨੂੰ ਗਲਾਸ ਵਲ ਘੂਰਦਿਆਂ ਦੇਖ ਕੇ ਕਿਹਾ। ਮੈਂ ਆਪਣੇ ਦੇਸ ਵਿਚ ਕਿਹੜੀ ਇਹ ਚੀਜ਼ ਦੇਖੀ ਸੀ ਜਿਹਨੂੰ ਉਹ ਬੀਰ ਕਹਿੰਦਾ ਸੀ। ਮੈਂ ਗਲਾਸ ਚੁੱਕ ਕੇ ਇੱਕ ਘੁਟ ਭਰ ਕੇ ਰਖ ਦਿਤਾ। ਕੁਸੈਲਾ ਜਿਹਾ ਘੁਟ ਤਾਂ ਮੇਰੇ ਸੰਘੋਂ ਥੱਲੇ ਨਾ ਉਤਰੇ। ਇੰਨੇ ਚਿਰ ਨੂੰ ਮਲਕੀਤ ਨੇ ਆਪਣਾ ਗਲਾਸ ਖਾਲੀ ਕਰ ਕੇ ਮੈਨੂੰ ਕਿਹਾ, "ਚੁੱਕ ਲੈ, ਹੋਰ ਲਿਆਈਏ"।

ਮੈਂ ਤਰਲਾ ਜਿਹਾ ਕਰ ਕੇ ਕਿਹਾ, " ਨਾ ਬਈ! ਮੈਨੂੰ ਤਾਂ ਹੁਣ ਰਹਿਣ ਹੀ ਦਿਉ"।

ਹਰਦਿਆਲ ਨੇ ਟੋਰਾ ਲਾਇਆ,"ਨਵਾਂ ਰੰਗਰੂਟ ਆ, ਸਿਖ ਜਾਊਗਾ ਹੌਲੀ ਹੌਲੀ ਕਵੈਦ ਕਰਨੀ ਵੀ"।

ਮਲਕੀਤ ਇੰਨੇ ਚਿਰ ਨੂੰ ਕਾਊਂਟਰ ਅੱਗੇ ਜਾ ਖੜ੍ਹਿਆ। ਹਰਦਿਆਲ ਵੀ ਆਪਣਾ ਗਲਾਸ ਖਾਲੀ ਕਰ ਕੇ ਉਹਦੇ ਮਗਰ ਹੀ ਜਾ ਪੁੱਜਾ। ਹੱਥ ਭਰ ਲੰਮਾ ਇੱਕ ਹੋਰ ਗਲਾਸ ਮੇਰੇ ਅੱਗੇ ਆ ਟਿਕਿਆ। ਮੈਂ ਸੋਚੀਂ ਪੈ ਗਿਆ ਕਿ ਇੱਕ ਤਾਂ ਔਖਾ ਸੁਖਾਲਾ ਮੁਕਾ ਲਵਾਂਗਾ ਪਰ ਇਸ ਦੂਜੇ ਦਾ ਕੀ ਬਣੇਗਾ?

ਹਰਦਿਆਲ ਨੂੰ ਵਿਅੰਗ ਕੱਸਣ ਦਾ ਮੌਕਾ ਮਿਲ ਗਿਆ, "ਚੁੱਕ ਲੈ ਚੁੱਕ ਲੈ, ਕੀ ਸੋਚਦਾਂ, ਗੀਨਸ ਆ, ਨਿਰਾ ਲੋਹਾ, ਸਰੀਰ ਫੌਲਾਦ ਵਰਗਾ ਬਣ ਜਾਊ"।

ਮੈਂ ਉਹਦੇ ਵਿਅੰਗ ਦਾ ਉੱਤਰ ਦਿੰਦਿਆਂ ਕਿਹਾ, "ਇਸ ਹਿਸਾਬ ਤਾਂ ਸਰੀਰ ਰਹਿੰਦਾ ਵੀ ਨਹੀਂ ਦਿਸਦਾ, ਫੌਲਾਦ ਵਰਗਾ ਕਿਵੇਂ ਬਣ ਜਾਊ?"

ਕੁਝ ਚਿਰ ਚੁੱਪ ਰਹਿਣ ਪਿੱਛੋਂ ਮੈਂ ਕਿਹਾ, "ਯਾਰ! ਤੁਸੀਂ ਮੇਰੇ ਉੱਤੇ ਖਰਚ ਕਰੀ ਜਾਂਦੇ ਹੋ, ਇਹ ਤਾਂ ਠੀਕ ਨਹੀਂ"।

ਹਰਦਿਆਲ ਨੇ ਕਿਹਾ, "ਕੋਈ ਗੱਲ ਨਹੀਂ, ਐਸ਼ ਕਰ ਜਿੰਨਾ ਚਿਰ ਮੁਫਤ ਮਿਲਦੀ ਹੈ, ਫੇਰ ਤੈਨੂੰ ਵੀ ਇੱਥੋਂ ਦੇ ਰਿਵਾਜ ਦਾ ਪਤਾ ਲਗ ਜਾਊ"।

"ਕੀ ਆ ਇੱਥੇ ਦਾ ਰਿਵਾਜ?", ਮੈਂ ਹਰਦਿਆਲ ਨੂੰ ਪੁੱਛਿਆ।

"ਬਸ ਇਹੀ ਕਿ ਜਿੰਨਾ ਚਿਰ ਤੂੰ ਵਿਹਲਾਂ ਤੈਨੂੰ ਕਿਸੇ ਖਰਚ ਕਰਨ ਨਹੀਂ ਦੇਣਾ। ਕੰਮ ਮਿਲਣ ਤੋਂ ਪਿੱਛੋਂ ਕੁਝ ਵੀ ਮੁਫਤ ਦਾ ਮਿਲਣਾ ਨਹੀਂ", ਹਰਦਿਆਲ ਨੇ ਹੱਸਦਿਆਂ ਕਿਹਾ।

"ਫੇਰ ਕਦ ਤੱਕ ਮਿਲ ਜਾਊ ਕੰਮ?", ਮੈਂ ਪੁੱਛਿਆ।

"ਮਿਲ ਜਾਊ, ਮਿਲ ਜਾਊ, ਫਿਕਰ ਨਾ ਕਰ", ਹਰਦਿਆਲ ਦਾ ਉੱਤਰ ਸੀ।

ਕੋਲੋਂ ਮਲਕੀਤ ਨੇ ਕਿਹਾ, "ਅੱਜ ਕਲ ਜ਼ਰਾ ਸਲੈਕ (ਕੰਮਾਂ ਵਿਚ ਢਿੱਲ) ਚਲਦੀ ਆ। ਹਜ਼ਾਰਾਂ ਦੇਸੀ ਭਾਈਬੰਦ ਵਿਹਲੇ ਫਿਰਦੇ ਆ। ਟਰਾਈ ਕਰੀ ਜਾਈਂ, ਕਦੀਂ ਤਾਂ ਮਿਲੇਗਾ ਹੀ"।

ਮੈਂ ਸੋਚੀਂ ਪੈ ਗਿਆ, "ਜੇ ਛੇਤੀ ਕੰਮ ਨਾ ਮਿਲਿਆ ਤਾਂ ਕੀ ਬਣੂ? ਮੇਰੀ ਪਤਨੀ ਤੇ ਬੱਚਿਆਂ ਦਾ ਗੁਜ਼ਾਰਾ ਕਿਵੇਂ ਚੱਲੂ? ਜ਼ਮੀਨ ਵਿਚੋਂ ਹਾਲ਼ੇ ਭੌਲੀ ਦਾ ਜੋ ਆਉਂਦਾ, ਉਹਦੇ ਨਾਲ ਤਾਂ ਰੋਟੀ ਵੀ ਨਹੀਂ ਤੁਰ ਸਕਦੀ। ਫੇਰ ਹੋਰ ਖਰਚ ਕਿੱਥੋਂ ਆਏਗਾ?" ਇਸ ਸੋਚ ਦੇ ਨਾਲ ਹੀ ਮੇਰੀਆਂ ਅੱਖਾਂ ਹੰਝੂਆਂ ਨਾਲ ਧੁੰਦਲੀਆਂ ਹੋ ਗਈਆਂ।

ਮੇਰਾ ਤਾਂ ਹਾਲੀਂ ਪਹਿਲਾ ਗਲਾਸ ਵੀ ਮੁਕਿਆ ਨਹੀਂ ਸੀ। ਮਲਕੀਤ ਦੂਜਾ ਮੁਕਾ ਕੇ ਤੀਜਾ ਲੈਣ ਚਲਾ ਗਿਆ ਸੀ।

"ਹੁਣ ਤਾਂ ਰੱਬ ਖੈਰ ਹੀ ਕਰੇ", ਮੈਂ ਆਪਣੇ ਆਪ ਨੂੰ ਕਿਹਾ।

ਮਲਕੀਤ ਦੋ ਗਲਾਸ ਹੀ ਲਿਆਇਆ, ਇੱਕ ਆਪਣੇ ਲਈ ਇੱਕ ਹਰਦਿਆਲ ਲਈ। ਮੇਰਾ ਸਾਹ ਕੁਝ ਸੁਖਾਲਾ ਹੋ ਗਿਆ। ਪਹਿਲਾ ਗਲਾਸ ਤਾਂ ਮੈ ਨੇੜੇ ਕਰ ਦਿੱਤਾ ਸੀ, ਦੂਜੇ ਦਾ ਫਿਕਰ ਪਿਆ ਹੋਇਆ ਸੀ। ਰੋਂਦਿਆਂ ਕੁਰਲਾਉਂਦਿਆਂ ਦੂਜਾ ਵੀ ਅੱਧਾ ਪੀ ਲਿਆ ਸੀ ਕਿ ਮਲਕੀਤ ਨੇ ਕਿਹਾ, "ਨਹੀਂ ਪੀ ਹੁੰਦਾ ਤਾਂ ਰਹਿਣ ਦੇ, ਚੱਲੀਏ! ਸਵੇਰੇ ਕੰਮ 'ਤੇ ਵੀ ਜਾਣਾ" ।

ਮੈਨੂੰ ਹੋਰ ਕੀ ਚਾਹੀਦਾ ਸੀ? ਮੈਂ ਗਲਾਸ ਉਵੇਂ ਹੀ ਛੱਡ ਕੇ ਉਠ ਖੜਾ ਹੋਇਆ ਤੇ ਕਿਹਾ, "ਚਲੋ ਚੱਲੀਏ, ਸਵੇਰੇ ਪਿਤਾ ਜੀ ਨੂੰ ਵੀ ਮਿਲਣ ਜਾਣਾ"।

ਮਲਕੀਤ ਨੇ ਕਿਹਾ, "ਤੂੰ ਕੱਲਾ ਤਾਂ ਜਾ ਨਹੀਂ ਸਕੇਂਗਾ, ਵੀਕਐਂਡ ਸੈਰੜੇ (ਸ਼ਨਿਚਰਵਾਰ) ਮੈਂ ਨਾਲ ਚੱਲਾਂਗਾ"।

ਮੈਂ ਕਿਹਾ," ਚਲੋ ਇਹ ਵੀ ਠੀਕ ਹੈ। ਸਵੇਰੇ ਪਿਤਾ ਜੀ ਨੂੰ ਫੋਨ ਕਰ ਦਿਆਂਗੇ"।

ਘਰ ਪੁੱਜਦਿਆਂ ਹੀ ਉਹ ਦੋਵੇਂ ਤਾਂ ਰੋਟੀਆਂ ਨਿਗਲ਼ ਕੇ ਆਪਣੇ ਆਪਣੇ ਸੌਣ-ਕਮਰੇ ਵਿਚ ਜਾ ਵੜੇ ਤੇ ਮੈਂ ਬਾਕਸ ਰੂਮ ਨੂੰ ਜਾ ਭਾਗ ਲਾਏ। ਮੈਂ ਸਾਰਾ ਦਿਨ ਸੁੱਤਾ ਰਿਹਾ ਸਾਂ, ਇਸ ਲਈ ਤੜਕੇ ਚਾਰ ਕੁ ਵਜੇ ਅੱਖ ਲੱਗੀ।

ਸਵੇਰੇ ਜਦ ਮੈਨੂੰ ਜਾਗ ਆਈ ਤਾਂ ਹਰਦਿਆਲ ਤੇ ਮਲਕੀਤ ਦੋਵੇਂ ਕੰਮ 'ਤੇ ਗਏ ਹੋਏ ਸਨ। ਮੈਂ ਉਠ ਕੇ ਬਾਹਰ ਨਿਕਲਿਆ ਤਾਂ ਕੁਲਦੀਪ ਨੇ ਕਿਹਾ, "ਭਾਅ ਜੀ! ਜੇ ਨ੍ਹਾਉਣਾ ਆਂ ਤਾਂ ਆਹ ਪੰਜ ਪੈਂਸ ਮੀਟਰ ਵਿਚ ਪਾ ਲਿਉ"। ਮੇਰੇ ਵਾਲੇ ਬਾਕਸ ਰੂਮ ਦੇ ਸਾਹਮਣੇ ਬਾਥਰੂਮ ਸੀ। ਕੁਲਦੀਪ ਨੇ ਬਾਥਰੂਮ ਦਾ ਦਰਵਾਜ਼ਾ ਖੋਲ੍ਹ ਕੇ ਮੈਨੂੰ ਗੈਸ ਦਾ ਮੀਟਰ ਵੀ ਦਿਖਾ ਦਿੱਤਾ ਤੇ ਉਹਦੇ ਵਿਚ ਪੈਂਸੇ ਪਾਉਣ ਦਾ ਵੱਲ ਵੀ ਦੱਸ ਦਿੱਤਾ।

ਮੈਂ ਬਾਥਰੂਮ ਵਿਚ ਵੜ ਕੇ ਆਪਣੇ ਆਪ ਨੂੰ ਕਿਹਾ, "ਦੇਖ ਲਈ ਅੰਗਰੇਜ਼ਾਂ ਦੀ ਵਲੈਤ! ਇੱਥੇ ਨਹਾਉਣ ਲਈ ਗਰਮ ਪਾਣੀ ਵੀ ਮੁੱਲ ਮਿਲਦਾ।"

ਬਾਥਰੂਮ ਦੇ ਅੰਦਰ ਹੀ ਫਲੱਸ਼ ਸਿਸਟਮ ਬਣਿਆ ਹੋਇਆ ਸੀ। ਮੈਂ ਹਾਜਤ ਤੋਂ ਫਾਰਗ ਹੋ ਕੇ ਪਾਣੀ ਛੱਡਣ ਲਈ ਜਦ ਹੈਂਡਲ ਦੱਬਿਆ ਤਾਂ ਮੈਨੂੰ ਆਪਣੇ ਦੋਸਤ ਤੋਂ ਸੁਣੀ ਕਿਸੇ ਪੇਂਡੂ ਬੰਦੇ ਦੀ ਕਹਾਣੀ ਯਾਦ ਆ ਗਈ। ਉਹ ਪੇਂਡੂ ਬੰਦਾ ਆਪਣੇ ਕਿਸੇ ਐਮ. ਐਲ. ਏ. ਰਿਸ਼ਤੇਦਾਰ ਨੂੰ ਮਿਲਣ ਚੰਡੀਗੜ੍ਹ ਗਿਆ ਸੀ ਤੇ ਰਾਤ ਉੱਥੇ ਹੀ ਉਹਦੇ ਘਰ ਰਹਿ ਪਿਆ ਸੀ। ਐਮ. ਐਲ. ਏ. ਨੇ ਉਹਨੂੰ ਆਪਣੇ ਘਰ ਵਿਚ ਲੱਗੇ ਫਲੱਸ਼ ਸਿਸਟਮ ਨੂੰ ਦਿਖਾ ਕੇ ਕਿਹਾ, "ਫਾਰਗ ਹੋਣ ਤੋ ਪਿੱਛੋਂ ਆਹ ਹੈਂਡਲ ਦੱਬ ਦੇਵੀਂ"। ਪੇਂਡੂ ਸੱਜਣ ਸਵੇਰੇ ਉੱਠਿਆ। ਫਾਰਗ ਹੋਣ ਤੋਂ ਪਿੱਛੋਂ ਜਦ ਉਹਨੇ ਹੈਂਡਲ ਦਬਾਇਆ, ਤਾਂ ਫਲੱਸ਼ ਵਿਚੋਂ 'ਘਲ਼ਲ਼' ਦੀ ਅਵਾਜ਼ ਸੁਣ ਕੇ ਸਮਝਿਆ ਕਿ ਕੁੱਝ ਟੁੱਟ ਗਿਆ ਹੈ। ਉਹ ਇੰਨਾ ਘਬਰਾ ਗਿਆ ਕਿ ਘਰ ਦਿਆਂ ਨੂੰ ਮੂੰਹ ਦਿਖਾਲੇ ਤੋਂ ਬਿਨਾ ਹੀ ਚੁੱਪ ਕੀਤਾ ਘਰੋਂ ਨਿਕਲ ਗਿਆ ਤੇ ਬੱਸ ਸਟੇਸ਼ਨ 'ਤੇ ਜਾ ਕੇ ਸਾਹ ਲਿਆ। ਮੈਂ ਦਿੱਲੀ ਵਿਚ ਹੀ ਇਸ ਸਿਸਟਮ ਦਾ ਵਾਕਿਫ ਹੋ ਗਿਆ ਸਾਂ, ਨਹੀਂ ਤਾਂ ਸ਼ਾਇਦ'ਘਲ਼ਲ਼' ਦੀ ਅਵਾਜ਼ ਸੁਣ ਕੇ

ਮੇਰਾ ਵੀ ਉਹੀ ਹਾਲ ਹੁੰਦਾ। ਖੈਰ ਮੈਂ ਨ੍ਹਾਉਣ ਲਈ ਟੱਬ ਵਿਚ  ਸਰਫੇ ਨਾਲ ਪਾਣੀ ਪਾਇਆ। ਡਰਦਾ ਸਾਂ, ਕਿਤੇ ਅੱਧ ਵਿਚ ਹੀ ਪਾਏ ਹੋਏ ਪੈਂਸ ਨਾ ਮੁਕ ਜਾਣ ਤੇ ਕੇਸਾਂ ਵਿਚੋਂ ਸਾਬਣ ਵੀ ਨਾ ਨਿਕਲ ਸਕੇ। ਸ਼ੁਕਰ ਕੀਤਾ ਜਦੋਂ ਮੇਰਾ ਨ੍ਹਾਉਣਾ ਧੋਣਾ ਪੰਜਾਂ ਪੈਂਸਾਂ ਵਿਚ ਹੀ ਹੋ ਗਿਆ।

ਪੰਜ ਕੁ ਵਜੇ ਹਰਦਿਆਲ ਤੇ ਮਲਕੀਤ ਦੋਵੇਂ ਕੰਮ ਤੋਂ ਆ ਗਏ। ਚਾਹ ਪਾਣੀ ਦਾ ਕੰਮ ਨਿਬੇੜ ਕੇ ਮਲਕੀਤ ਨੇ ਮੈਨੂੰ ਕਿਹਾ, "ਚੱਲ ਤੁਰ ਹੁਣ ਮਾਸੜ ਨੂੰ ਟੈਲੀਫੋਨ ਕਰ ਆਈਏ"। ਉਨ੍ਹਾਂ ਦਿਨਾਂ ਵਿਚ ਘਰਾਂ ਵਿਚ ਘਟ ਹੀ ਟੈਲੀਫੋਨ ਹੁੰਦੇ ਸਨ। ਮਲਕੀਤ ਮੈਨੂੰ ਨਾਲ ਲੈ ਕੇ ਸੜਕ ਦੇ ਨਾਲ ਨਾਲ ੧੫ ਕੁ ਮਿੰਟ ਤੁਰਿਆ ਗਿਆ ਤੇ ਫੇਰ ਇੱਕ ਲਾਲ ਬਕਸੇ ਜਿਹੇ ਕੋਲ ਜਾ ਖਲੋਤਾ ਤੇ ਮੈਨੂੰ ਕਿਹਾ, "ਟੈਲੀਫੋਨ ਬੂਥ ਆ ਗਿਆ। ਇੱਥੇ ਖੜ੍ਹ ਜਾ। ਟੈਲੀਫੋਨ ਵਿਹਲਾ ਹੋਣ ਤੇ ਫੋਨ ਕਰ ਲਵਾਂਗੇ"।

ਉਸ ਟੈਲੀਫੋਨ ਬੂਥ ਦੇ ਦੋਹਾਂ ਹਿੱਸਿਆ ਵਿਚ ਦੋ ਫੋਨ ਸਨ ਤੇ ਦੋਹਾਂ ਨੂੰ ਫੋਨ ਕਰਨ ਵਾਲੇ ਚੁੰਬੜੇ ਹੋਏ ਸਨ। ਇੱਕ ਪਾਸੇ ਦਾ ਫੋਨ ਵਿਹਲਾ ਹੋਇਆ ਤਾਂ ਮਲਕੀਤ ਮੈਨੂੰ ਲੈ ਕੇ ਟੈਲੀਫੋਨ ਬੂਥ ਵਿਚ ਜਾ ਵੜਿਆ। ਉਹਨੇ ਦੋ ਪੈਂਸ ਫੋਨ ਦੇ ਬਕਸ ਵਿਚ ਪਾਏ ਤੇ ਡਾਇਲ ਘੁਮਾਉਣਾ ਸ਼ੁਰੂ ਕਰ ਦਿੱਤਾ। ਫੇਰ ਉਹ ਛੇਤੀ ਹੀ ਗੱਲਾਂ ਕਰਨ ਲੱਗ ਪਿਆ।

"ਸਾਸਰੀ 'ਕਾਲ ਮਾਸੜ ਜੀ! ਮੈਂ ਮਲਕੀਤ ਬੋਲ ਰਿਹਾਂ। ਤੁਹਾਡਾ ਲੜਕਾ ਹਰਬਖਸ਼ ਆ ਗਿਆ, ਲਓ ਕਰ ਲਉ ਗੱਲ ਇਹਦੇ ਨਾਲ" ।

ਇਹ ਕਹਿ ਕੇ ਉਹਨੇ ਫੋਨ ਮੈਨੂੰ ਫੜਾ ਦਿੱਤਾ। ਫੋਨ ਵਿਚੋਂ ਮੇਰੇ  ਪਿਤਾ ਜੀ ਦੀ ਕਮਜ਼ੋਰ ਜਿਹੀ ਅਵਾਜ਼ ਆਈ, "ਹੈਲੋ! ਆ ਗਿਆ ਪੁੱਤ? ਹੋਰ ਸਾਰੇ ਠੀਕ ਸੀ?"

ਮੈਥੋਂ ਗੱਲ ਨਹੀਂ ਹੋ ਰਹੀ ਸੀ ਤੇ ਹਾਲ ਉਨ੍ਹਾਂ ਦਾ ਵੀ ਮੇਰੇ ਵਰਗਾ ਸੀ। ਮੈਂ ਇੰਨਾ ਹੀ ਕਹਿ ਸਕਿਆ,"ਆ ਗਿਆਂ। ਸਨਿਚਰਵਾਰ ਨੂੰ ਤੁਹਾਡੇ ਕੋਲ

ਆਵਾਂਗਾ। ਫੇਰ ਗੱਲਾਂ ਕਰਾਂਗੇ"। ਫੇਰ ਮੈਂ ਫੋਨ ਮਲਕੀਤ ਨੂੰ ਫੜਾ ਦਿੱਤਾ। ਮਲਕੀਤ ਉੰਨਾ ਚਿਰ ਗੱਲਾਂ ਕਰਦਾ ਰਿਹਾ, ਜਿੰਨਾ ਚਿਰ ਟੈਲੀਫੋਨ ਨੇ ਹੋਰ ਪੈਸੇ ਨਾ ਮੰਗਣੇ ਸ਼ੁਰੂ ਕਰ ਦਿੱਤੇ।

## 2.

## *ਬਾਪ ਦੀ ਛਾਤੀ ਦਾ ਨਿੱਘ*

ਸ਼ਨਿਚਰਵਾਰ ਸਵੇਰੇ ਦਸ ਵਜੇ ਨਾਸ਼ਤੇ ਦਾ ਕੰਮ ਮੁਕਾਇਆ ਤਾਂ ਮਲਕੀਤ ਨੇ ਕਿਹਾ, "ਚਲੋ ਤਿਆਰ ਹੋਈਏ। ਗੱਡੀਆਂ ਬੱਸਾਂ ਬਦਲਦਿਆਂ ਜਾਣਾ ਪੈਣਾ, ਜਿੰਨੀ ਛੇਤੀ ਤੁਰ ਪਈਏ ਉੰਨਾ ਹੀ ਚੰਗਾ"।

ਤਿਆਰ ਹੁੰਦਿਆਂ ਕਰਦਿਆਂ ਬਾਰਾਂ ਵੱਜ ਗਏ। ਉਨ੍ਹਾਂ ਦਿਨਾਂ ਵਿਚ ਬਰਮਿੰਘਮ ਦੇ ਸਨੋਅ ਹਿੱਲ ਸਟੇਸ਼ਨ ਲਈ ਪਡਿੰਗਟਨ(ਲੰਡਨ) ਤੋਂ ਗੱਡੀ ਫੜਨੀ ਪੈਂਦੀ ਸੀ। (ਚਿਰ ਹੋਇਆ ਬਰਮਿੰਘਮ ਦਾ ਇਹ ਸਟੇਸ਼ਨ ਬੰਦ ਕਰ ਦਿੱਤਾ ਗਿਆ ਸੀ ਤੇ ਉਸਦੀ ਥਾਂ ਹੁਣ ਨੀਊ ਸਟਰੀਟ ਸਟੇਸ਼ਨ ਬਰਮਿੰਘਮ ਲਈ ਗੱਡੀ ਫੜਨੀ ਪੈਂਦੀ ਹੈ)। ਅਸੀਂ ਬੱਸਾਂ ਗੱਡੀਆਂ ਬਦਲਦੇ ਤਿੰਨ ਵਜੇ ਵੈਨਜ਼ਬਰੀ ਪੁੱਜ ਗਏ।

ਤੀਹ ਸਾਲ ਪਿੱਛੋਂ ਮੈਂ ਆਪਣੇ ਪਿਤਾ ਜੀ ਨੂੰ ਮਿਲਣਾ ਸੀ। ਉਸ ਵੇਲੇ ਮੈਂ ਤਿੰਨ ਕੁ ਸਾਲ ਦਾ ਸਾਂ, ਜਦ ਉਹ ਪ੍ਰਦੇਸ ਚਲੇ ਗਏ ਸਨ। ਮੁੜ ਉਨ੍ਹਾਂ ਦਾ

ਮੂੰਹ ਦੇਖਣਾ ਨਸੀਬ ਨਹੀਂ ਹੋਇਆ ਸੀ। ਉਸ ਵੇਲੇ ਉਨ੍ਹਾਂ ਦੀ ਸ਼ਕਲ ਕਿਹੋ ਜਿਹੀ ਹੋਵੇਗੀ, ਮੈਨੂੰ ਕੁਝ ਯਾਦ ਨਹੀਂ ਸੀ। ਬਚਪਨ ਦੇ ਦਿਨ ਪਿਤਾ ਜੀ ਦੀ ਛਤਰ ਛਾਇਆ ਨੂੰ ਤਰਸਦਿਆਂ ਲੰਘਾਏ ਸਨ। ਕੋਈ ਤਜਰਬਾ ਹੀ ਨਹੀਂ ਸੀ ਕਿ ਬਾਪ ਦੀ ਛਾਤੀ ਦਾ ਨਿਘ ਕਿਹੋ ਜਿਹਾ ਹੁੰਦਾ ਹੈ। ਅੱਜ ਜਦ ਉਨ੍ਹਾਂ ਨਾਲ ਲੰਮੇ ਵਿਛੋੜੇ ਪਿੱਛੋਂ ਪਹਿਲੀ ਮਿਲਣੀ ਹੋਣੀ ਸੀ ਤਾਂ ਮੇਰੇ ਅੰਦਰੋਂ ਅਜੀਬ ਜਿਹੇ ਤੁਫਾਨ ਉਠ ਰਹੇ ਸਨ। ਬਚਪਨ ਵਿਚ ਲੰਘਾਈਆਂ ਔਖੀਆਂ ਘੜੀਆਂ ਦੀ ਯਾਦ ਫਿਲਮ ਬਣ ਕੇ ਅੱਖਾਂ ਅੱਗੋਂ ਲੰਘ ਰਹੀ ਸੀ। ਮੁਸੀਬਤਾਂ ਦੀਆਂ ਅਨੇਕਾਂ ਅਜਿਹੀਆਂ ਘੜੀਆਂ ਆਉਂਦੀਆਂ ਰਹੀਆਂ ਸਨ, ਜਦ ਪਿਤਾ ਜੀ ਦੀ ਘਾਟ ਮਹਿਸੂਸ ਹੁੰਦੀ ਰਹੀ ਸੀ।

ਵੈਨਜ਼ਬਰੀ ਦੀ ਬ੍ਰਿਜ ਸਟਰੀਟ ਦੇ ਜਿਹੜੇ ਬੱਸ ਸਟਾਪ 'ਤੇ ਬੱਸ ਰੁਕੀ, ਉਹਦੇ ਐਨ ਸਾਹਮਣੇ ਉਹ ਘਰ ਸੀ, ਜਿਹਦੇ ਵਿਚ ਮੇਰੇ ਪਿਤਾ ਜੀ ਰਹਿੰਦੇ ਸਨ। ਅਸੀਂ ਬੱਸ ਤੋਂ ਉੱਤਰ ਕੇ ਸੜਕ ਪਾਰ ਕੀਤੀ ਹੀ ਸੀ ਕਿ ਮਲਕੀਤ ਨੇ ਕਿਹਾ, "ਲੈ ਆ ਗਏ ਮਾਸੜ ਜੀ!"

ਮੈਂ ਦੇਖਿਆ, ਸਾਹਮਣੇ ਇੱਕ ਬਜ਼ੁਰਗ ਬਾਹਾਂ ਖੋਲ੍ਹੀ ਮੇਰੇ ਵਲ ਹੀ ਆ ਰਿਹਾ ਸੀ। ਉਹ ਮੇਰੇ ਪਿਤਾ ਜੀ ਨੂੰ ਤੋਂ ਬਿਨਾ ਹੋਰ ਕੌਣ ਹੋ ਸਕਦਾ ਸੀ? ਮੈਂ ਪਿਤਾ ਜੀ ਦੀ ਜਿਹੜੀ ਸ਼ਕਲ ਬੱਚਪਨ ਤੋਂ ਹੀ ਮਨ ਵਿਚ ਵਸਾਈ ਹੋਈ ਸੀ, ਉਹ ਤਾਂ ਸਾਡੇ ਘਰ ਦੀ ਕੰਧ 'ਤੇ ਲੱਗੀ ਫੋਟੋ ਵਰਗੀ ਸੀ। ਉਹ ਫੋਟੋ ਤਾਂ ੩੦ ਕੁ ਸਾਲ ਦੀ ਉਮਰ ਦੇ ਉੱਚੇ ਲੰਮੇ ਕੱਦ ਤੇ ਕੁਤਰੀ ਹੋਈ ਕਾਲੀ ਦਾਹੜੀ ਵਾਲ਼ੇ ਸ਼ੌਕੀਨ ਜਿਹੇ ਬੰਦੇ ਦੀ ਸੀ। ਜਿਹੜਾ ਬਜ਼ੁਰਗ ਮੇਰੇ ਵਲ ਬਾਹਾਂ ਖੋਲ੍ਹੀ ਆ ਰਿਹਾ ਸੀ, ਉਹ ਤਾਂ ਕੇਸ-ਦਾੜ੍ਹੀ ਤੋਂ ਬਿਨਾਂ ਸੀ ਤੇ ਆਪਣੀ ੬੦ ਕੁ ਸਾਲ ਦੀ ਉਮਰ ਨਾਲੋਂ ਵੀ ਕਿਤੇ ਵੱਧ ਕਮਜ਼ੋਰ ਤੇ ਸਿਆਣਾ ਲੱਗਦਾ ਸੀ। ਜੇ ਮਲਕੀਤ ਨਾਲ ਨਾ ਹੁੰਦਾ ਤਾਂ ਨਾ ਮੈਂ ਉਨ੍ਹਾਂ ਨੂੰ ਪਛਾਣਨਾ ਸੀ ਤੇ ਨਾ ਉਨ੍ਹਾਂ ਨੇ ਮੈਨੂੰ। ਜਾਪਦਾ ਸੀ ਉਹ ਘਰ ਦੀ ਤਾਕੀ ਵਿਚੋਂ ਸਾਡਾ ਹੀ ਰਾਹ ਦੇਖ ਰਹੇ ਸਨ। ਉਹ

ਮਲਕੀਤ ਨੂੰ ਤਾਂ ਜਾਣਦੇ ਪਛਾਣਦੇ ਸਨ, ਮੈਨੂੰ ਉਹਦੇ ਨਾਲ ਤੁਰਿਆ ਆਉਂਦਾ ਦੇਖ ਕੇ ਅੰਦਾਜ਼ਾ ਲਾ ਲਿਆ ਹੋਣਾ ਕਿ ਉਹਦੇ ਨਾਲ ਇਹ ਪੱਗ ਦਾੜ੍ਹੀ ਵਾਲਾ ਬੰਦਾ ਹੋਰ ਕੋਈ ਹੋ ਹੀ ਨਹੀਂ ਸੀ ਸਕਦਾ ਸਵਾਏ ਉਨ੍ਹਾਂ ਦੇ ਪੁੱਤ ਤੋਂ, ਤਾਂ ਹੀ ਤਾਂ ਉਹ ਸਾਨੂੰ ਆਉਂਦਿਆਂ ਦੇਖ ਕੇ ਘਰ ਤੋਂ ਬਾਹਰ ਨਿਕਲ ਆਏ ਸਨ ਤੇ ਬਾਂਹਾਂ ਖੋਲ੍ਹੀ ਮੇਰੇ ਵਲ ਹੀ ਆ ਰਹੇ ਸਨ।

ਮੈਂ ਨੇੜੇ ਆਉਣ 'ਤੇ ਉਨ੍ਹਾਂ ਦੇ ਪੈਰਾਂ ਵਲ ਝੁਕਿਆ ਤੇ ਉਨ੍ਹਾਂ ਨੇ ਮੈਨੂੰ ਜੱਫੀ ਵਿਚ ਘੁੱਟ ਲਿਆ। ਨਾ ਉਹ ਕਿੰਨਾ ਚਿਰ ਕੁਝ ਕਹਿ ਸਕੇ ਨਾ ਮੈਂ ਕੁਝ ਕਹਿ ਸਕਿਆ। ਉਨ੍ਹਾ ਦੇ ਮੂੰਹ ਵਿਚੋਂ ਯਤਨ ਕਰਨ 'ਤੇ ਵੀ ਕੋਈ ਸ਼ਬਦ ਨਾ ਨਿਕਲ ਸਕਿਆ ਤੇ ਹਾਲ ਮੇਰਾ ਵੀ ਅਜਿਹਾ ਹੀ ਸੀ। ਆਖਰ ਪਿਉ ਪੁੱਤ ੩੦ ਸਾਲ ਪਿੱਛੋਂ ਮਿਲੇ ਸਾਂ। ਮੈਂ ਦੇਖਿਆ ਉਨ੍ਹਾਂ ਦੀਆਂ ਅੱਖਾਂ ਵਿਚ ਹੰਝੂ ਚਮਕ ਰਹੇ ਸਨ ਤੇ ਮੇਰੀਆਂ ਅੱਖਾਂ ਵੀ ਸੁੱਕੀਆਂ ਨਹੀਂ ਸਨ। ਫੇਰ ਉਨ੍ਹਾਂ ਨੇ ਮਸਾਂ ਘਿਗਆਈ ਜਿਹੀ ਅਵਾਜ਼ ਕੱਢੀ ਤੇ ਕਿਹਾ, "ਚਲੋ ਘਰ ਨੂੰ, ਬੈਠ ਕੇ ਗੱਲਾਂ ਕਰਦੇ ਆਂ"।

ਸਾਹਮਣੇ ਹੀ ਦੋਹਰੇ ਅਗਵਾੜ ਵਾਲਾ ਚੋਖਾ ਵਡਾ ਘਰ ਸੀ ੬੫ ਨੰਬਰ। ਇਸ ਘਰ ਦਾ ਮਾਲਕ ਪੰਜਾਬੀ ਭਾਈਬੰਦ ਲਖਬੀਰ ਸਿੰਘ ਸੀ। ਇਸ ਘਰ ਦੀਆਂ ਤਿੰਨ ਮੰਜ਼ਲਾਂ ਧਰਤੀ ਤੋਂ ਉਪਰ ਸਨ ਤੇ ਇੱਕ ਧਰਤੀ ਤੋਂ ਹੇਠਾਂ। ਬਸ ਕਮਰੇ ਹੀ ਕਮਰੇ ਸਨ। ਸਾਰਾ ਘਰ ਕਰਾਏਦਾਰਾਂ ਨਾਲ ਤੂੜਿਆ ਪਿਆ ਸੀ। ਘਰ ਦਾ ਮਾਲਕ ਵਿਚਕਾਰਲੀ ਮੰਜ਼ਲ 'ਤੇ ਇੱਕ ਕਮਰੇ ਵਿਚ ਆਪਣੇ ਟੱਬਰ ਸਮੇਤ ਰਹਿੰਦਾ ਸੀ। ਬਾਹਰਲਾ ਦਰਵਾਜ਼ਾ ਲੰਘਦਿਆਂ ਹੀ ਖੱਬੇ ਪਾਸੇ ਪਿਤਾ ਜੀ ਦਾ ਕਮਰਾ ਸੀ।

ਅਸੀਂ ਅੰਦਰ ਵੜੇ ਹੀ ਸਾਂ ਕਿ ਛੋਟੇ ਜਿਹੇ ਕੱਦ ਤੇ ਸਾਂਵਲੇ ਰੰਗ ਦੀ ਬਜ਼ੁਰਗ ਇਸਤ੍ਰੀ ਨੇ ਮੈਨੂੰ ਜੱਫੀ ਵਿਚ ਲੈ ਕੇ ਹੰਝੂਆਂ ਦੀ ਝੜੀ ਲਾ ਦਿੱਤੀ। ਰੋਂਦੀ ਰੋਂਦੀ ਦੇ ਮੂੰਹੋਂ ਮਸਾਂ ਇਹ ਸ਼ਬਦ ਨਿਕਲੇ, "ਪੁੱਤ! ਲੰਮੀ ਉਡੀਕ ਪਿੱਛੋਂ

ਤਰਸਦਿਆਂ ਇਹ ਦਿਨ ਆਇਆ। ਮੈਂ ਤਾਂ ਜੀਉਂਦੀ ਹੀ ਇਸ ਲਈ ਸੀ ਕਿ ਤੁਹਾਡੇ ਪਿਤਾ ਜੀ ਨੂੰ ਤੁਹਾਨੂੰ ਸੰਭਾਲ ਕੇ ਮਰਾਂ, ਹੁਣ ਤੂੰ ਆ ਗਿਆਂ, ਮੈਂ ਸੁਖਾਲੀ ਮਰ ਸਕਾਂਗੀ"।

ਮਾਈ ਮੈਨੂੰ ਛੱਡ ਕੇ ਚਾਹ ਬਣਾਉਣ ਚਲੀ ਗਈ। ਕੁਝ ਚਿਰ ਪਿੱਛੋਂ ਸਾਡੇ ਸਾਹਮਣੇ ਚਾਹ ਦੇ ਨਾਲ ਕੁਝ ਖਾਣ ਵਾਲੀਆਂ ਚੀਜ਼ਾਂ ਵੀ ਪਈਆਂ ਸਨ। ਚਾਹ ਪੀਣ ਪਿੱਛੋਂ ਮਲਕੀਤ ਨੇ ਕਿਹਾ, "ਚੰਗਾ ਮਾਸੜ ਜੀ! ਮੈਂ ਚਲਦਾਂ। ਮੈਂ ਇੱਥੇ ਵਾਲਸਾਲ ਵਿਚ ਆਪਣੇ ਇੱਕ ਭਾਈਬੰਦ ਨੂੰ ਮਿਲਣਾ। ਕੱਲ ਨੂੰ ਮੈਂ ਇੱਕ ਵਜੇ ਆਵਾਂਗਾ। ਹਰਬਖਸ਼ ਤਿਆਰ ਰਹੇ"। ਉਹ ਸਾਰਿਆਂ ਨੂੰ 'ਸਤਿ ਸ੍ਰੀ ਅਕਾਲ' ਬੁਲਾ ਕੇ ਤੁਰ ਗਿਆ।

ਇਸ ਕਮਰੇ ਵਿਚ ਡਬਲ ਬੈੱਡ ਤੋਂ ਬਿਨਾਂ ਇੱਕ ਬੈੱਡ-ਸੈੱਟੀ ਸੀ, ਇੱਕ ਕੁਰਸੀ ਤੇ ਇੱਕ ਛੋਟਾ ਜਿਹਾ ਮੇਜ਼ ਸੀ। ਮੈਂ ਤੇ ਮੇਰੇ ਪਿਤਾ ਜੀ ਸੈੱਟੀ 'ਤੇ ਬੈਠੇ ਗੱਲੀਂ ਜੁੱਟੇ ਰਹੇ ਤੇ ਮਾਈ ਬੈੱਡ 'ਤੇ ਬੈਠੀ ਕਿਤੇ ਕਿਤੇ ਸਾਡੀਆਂ ਗੱਲਾਂ ਵਿਚ ਟੋਰਾ ਲਾਉਂਦੀ ਰਹੀ। ਸਾਨੂੰ ਗੱਲਾਂ ਕਰਦਿਆਂ ਨੂੰ ਸਾਢੇ ਪੰਜ ਕੁ ਵੱਜ ਗਏ ਤਾਂ ਇੱਕ ਲੰਮੀਆਂ ਤੇ ਭਾਰੀਆਂ ਮੁੱਛਾਂ ਵਾਲਾ ਤੇ ਗੋਰੇ ਰੰਗ ਦਾ ਮਧਰਾ ਜਿਹਾ ਬੰਦਾ ਆ ਗਿਆ। ਉਹਦੀ ਦਾੜ੍ਹੀ ਸਫਾਚੱਟ ਸੀ ਤੇ ਪੱਗ ਬੰਨ੍ਹੀ ਹੋਈ ਸੀ। ਇਹ ਮਾਲਕ ਮਕਾਨ ਲਖਬੀਰ ਸਿੰਘ ਸੀ। ਉਹਨੇ ਆਉਂਦਿਆਂ ਹੀ ਕਿਹਾ, "ਭਾਈਆ! ਚਲੋ ਗਲਾਸ ਮਾਰ ਆਈਏ ਤੇ ਨਾਲੇ ਭਾਈ ਸਾਹਿਬ ਨੂੰ ਵਲੈਤੀ ਦੁਨੀਆ ਦਿਖਾਲ਼ ਲਿਆਈਏ" ਤੇ ਫੇਰ ਉਹ ਨੇ ਮੈਨੂੰ ਸੰਬੋਧਨ ਹੁੰਦਿਆਂ ਕਿਹਾ, "ਭਾਈ ਸਾਹਿਬ ਸਾਸਰੀਕਾਲ! ਹੋਰ ਕਿੱਦਾਂ ਪਿੱਛੇ ਸਾਰੇ ਰਾਜ਼ੀ ਬਾਜ਼ੀ ਸੀ ਤੇ ਹੋਰ ਸੁਣਾ ਸਫਰ ਕਿੱਦਾਂ ਰਿਹਾ?" ਮੈ ਸੰਖੇਪ ਵਿਚ ਉੱਤਰ ਦਿਤਾ," ਸਭ ਠੀਕ ਸੀ"। ਮੇਰੇ ਪਿਤਾ ਜੀ ਨੇ ਉਠ ਕੇ ਝੋਲੇ ਵਿਚ ਵਿਸਕੀ ਦੀ ਬੋਤਲ ਪਾਈ ਤੇ ਕਿਹਾ, "ਚਲੋ ਚੱਲੀਏ"।

ਮੈਂ ਚੁੱਪ ਕੀਤਾ ਉਨ੍ਹਾਂ ਦੇ ਨਾਲ ਤੁਰ ਪਿਆ। ਮੈਂ ਇਹ ਤਾਂ ਸਮਝ ਗਿਆ ਸਾਂ ਕਿ ਅਸੀਂ ਪੱਬ ਨੂੰ ਚੱਲੇ ਸਾਂ, ਇਹ ਨਹੀਂ ਸਮਝਿਆ ਸਾਂ ਕਿ ਵਿਸਕੀ ਦੀ ਬੋਤਲ ਕਾਹਦੇ ਵਾਸਤੇ ਲੈ ਚਲੇ ਸਨ। ੧੦ ਕੁ ਮਿੰਟ ਤੁਰਨ ਪਿੱਛੋਂ ਅਸੀਂ ਆਪਣੇ ਨਿਸ਼ਾਨੇ ਤੇ ਪਹੁੰਚ ਗਏ। ਪੱਬ ਸਾਡੇ ਦੇਸੀ ਭਾਈਬੰਦਾਂ ਨਾਲ ਤੂੜਿਆ ਪਿਆ ਸੀ। ਗੋਰਾ ਕੇਵਲ ਇੱਕ ਸੀ ਭਰਵੇਂ ਸਰੀਰ ਤੇ ਮੱਧਰੇ ਜਿਹੇ ਕੱਦ ਦਾ। ਉਹ ਇੱਕ ਮੇਜ਼ ਦੇ ਸਾਹਮਣੇ ਇੱਕਲਾ ਹੀ ਬੈਠਾ ਸੀ। ਸਾਨੂੰ ਦੇਖਿਦਆਂ ਹੀ ਇੱਕ ਦੇਸੀ ਭਾਈਬੰਦ ਉਠ ਕੇ ਕਾਊਂਟਰ ਤੇ ਗਿਆ ਤੇ ਸਾਡੇ ਕੁਝ ਕਹਿਣ ਤੋਂ ਪਹਿਲਾਂ ਹੀ ਸਾਡੇ ਲਈ ਬੀਰ ਦੇ ਪੈਂਟ ਭਰਾ ਲਿਆਇਆ। ਅਸੀਂ ਇੱਕ ਮੇਜ਼ ਦੇ ਦੁਆਲੇ ਤਿੰਨੇ ਜਣੇ ਬਹਿ ਗਏ। ਗਲਾਸ ਵਿਚੋਂ ਦੋ ਕੁ ਘੁਟ ਭਰ ਕੇ ਮੇਰੇ ਪਿਤਾ ਜੀ ਉਠੇ ਤੇ ਉਸ ਗੋਰੇ ਕੋਲ ਜਾ ਕੇ ਉਹਨੂੰ ਸੁਲਾਹ ਮਾਰੀ। ਫੇਰ ਉਹਦੇ ਕਹਿਣ ਅਨੁਸਾਰ ਉਹਦੇ ਲਈ ਕਾਊਂਟਰ ਤੋਂ ਗਲਾਸ ਲਿਆ ਕੇ ਉਹਦੇ ਅੱਗੇ ਰੱਖ ਕੇ ਸਾਡੇ ਕੋਲ ਆ ਬੈਠੇ।

ਸਾਡੇ ਪੰਜਾਬੀ ਭਾਈਬੰਦਾਂ ਦੀ ਪ੍ਰਾਹੁਣਚਾਰੀ ਵੀ ਦੇਖਣ ਵਾਲੀ ਸੀ। ਹਰ ਕੋਈ ਮੇਰੇ ਕੋਲ ਆ ਕੇ ਹਾਲ ਚਾਲ ਪੁੱਛਦਾ ਤੇ ਮੇਰੇ ਲਈ ਬਿਨਾ ਪੁੱਛੇ ਗਲਾਸ ਭਰਾ ਕੇ ਲਿਆ ਰੱਖਦਾ। ਮੈਂ ਤਾਂ ਦੋ ਗਲਾਸਾਂ ਤੋਂ ਪਿੱਛੋਂ ਹੀ 'ਨਾਹ ਨਾਹ' ਕਹੀ ਜਾ ਰਿਹਾ ਸਾਂ। ਕੋਣ ਸੁਣਦਾ ਸੀ ਮੇਰੀ ' ਨਾਹ ਨਾਹ'। ਮੇਰੇ ਅੱਗੇ ਰੋਕਦਿਆਂ ਰੋਕਦਿਆਂ ਵੀ ਪੰਜ ਕੁ ਗਲਾਸ ਜਮ੍ਹਾਂ ਹੋ ਗਏ। ਮੈਂ ਤਾਂ ਦੋ ਹੀ ਪੀ ਸਕਿਆ। ਮੇਰੇ ਪਿਤਾ ਜੀ ਨੇ ਤੇ ਲਖਬੀਰ ਸਿੰਘ ਨੇ ਰਲ ਕੇ ਬਾਕੀ ਦੇ ਮਸਾਂ ਮੁਕਾਏ।

ਸਾਡੇ ਪੰਜਾਬੀ ਭਾਈਬੰਦਾਂ ਦਾ ਰੌਲਾ ਵੀ ਐਨ ਇਸਤਰ੍ਹਾਂ ਸੀ, ਜਿਵੇਂ ਕਬੱਡੀ ਦਾ ਮੈਚ ਹੋ ਰਿਹਾ ਹੋਵੇ। ਸਾਰੇ ਆਪਣੇ ਆਪਣੇ ਮਨ ਦੀ ਭੜਾਸ ਕੱਢ ਰਹੇ ਸਨ। ਇੱਕ ਨੇ ਕੰਨ ਤੇ ਹੱਥ ਰੱਖ ਕੇ 'ਚੜ੍ਹਦੇ ਮਿਰਜ਼ੇ ਖਾਨ ਨੂੰ' ਦੀ ਹੇਕ ਲਾ ਦਿੱਤੀ। ਉਹਦੇ ਬੈਠਣ ਪਿੱਛੋਂ ਇੱਕ ਹੋਰ ਨੇ ਗੰਦੀ ਜਿਹੀ ਬੋਲੀ ਦੇ ਬੋਲ ਚੁੱਕ

ਲਏ। ਕੋਲੋਂ ਕਿਸੇ ਹੋਰ ਨੇ ਕਿਹਾ, "ਯਾਰ! ਕੋਲ ਬੈਠੇ ਭਾਈਏ ਦੀ ਤਾਂ ਸ਼ਰਮ ਕਰੋ"। ਭਾਈਏ ਨੇ ਹੱਸ ਕੇ ਕਿਹਾ, "ਆਪਣਾ ਜੀਅ ਖੁਸ਼ ਕਰੀ ਚਲੋ, ਮੈਨੂੰ ਨਹੀਂ ਸੁਣਦਾ"।

ਦਸ ਵੱਜ ਗਏ ਸਨ। ਲਖਬੀਰ ਸਿੰਘ ਨੇ ਕਿਹਾ, "ਭਾਈ ਸਾਹਬ! ਹੋਰ ਨਹੀਂ ਪੀਣੀ ਤਾਂ ਫੇਰ ਚਲੋ ਚੱਲੀਏ। ਮੇਰਾ ਤਾਂ ਸਵੇਰ ਨੂੰ ਸੰਢਾ(ਐਤਵਾਰ) ਵੀ ਲਗਣਾ"। ਮੇਰੇ ਪਿਤਾ ਜੀ ਨੇ ਉਠ ਕੇ ਨਾਲ ਲਿਆਂਦੀ ਵਿਸਕੀ ਦੀ ਬੋਤਲ ਕੱਢ ਕੇ ਗੋਰੇ ਨੂੰ ਫੜਾ ਦਿੱਤੀ ਤੇ ਉਹ 'ਥੈਂਕ ਯੂ' ਕਹਿ ਕੇ ਸਾਡੇ ਨਾਲ ਹੀ ਪੱਬ ਵਿਚੋਂ ਨਿਕਲ ਕੇ ਆਪਣੇ ਰਾਹੇ ਪੈ ਗਿਆ। ਘਰ ਨੂੰ ਤੁਰੇ ਆਉਂਦਿਆਂ ਲਖਬੀਰ ਸਿੰਘ ਨੇ ਕਿਹਾ, "ਲੈ ਬਈ ਭਾਈਆ! ਸਮਝ ਲੈ ਕੰਮ ਬਣ ਗਿਆ। ਸੋਮਵਾਰ ਕੰਮ 'ਤੇ ਆਉਣ ਲੱਗਾ ਭਾਈ ਸਾਹਬ ਨੂੰ ਨਾਲ ਹੀ ਲੈ ਆਵੀਂ। ਸਾਰੀ ਗੱਲ ਗਿਣੀ ਗੱਠੀ ਹੈ। ਜਾਂਦਾ ਹੀ ਬਕਸੇ ਭਰਨ 'ਤੇ ਲੱਗ ਜਾਵੇਗਾ"। ਮੈਂ ਸੋਚ ਗਿਆ, "ਤਾਂ ਫਿਰ ਉਹ ਗੋਰਾ ਉਸ ਫੌਂਡਰੀ ਦਾ ਮੈਨੇਜਰ ਹੈ, ਜਿੱਥੇ ਇਹ ਦੋਵੇਂ ਕੰਮ ਕਰਦੇ ਹਨ ਤੇ ਉਸ ਗੋਰੇ ਨੂੰ ਵਿਸਕੀ ਦੀ ਬੋਤਲ ਇਸੇ ਕੰਮ ਲਈ ਦਿੱਤੀ ਹੈ। ਮੈਂ ਤਾਂ ਸੁਣਿਆਂ ਸੀ, ਮਿਡਲੈਂਡਜ਼ ਵਿਚ ਬਹੁਤੇ ਕੰਮ ਫੌਂਡਰੀਆਂ ਵਿਚ ਹੀ ਮਿਲਦੇ ਹਨ। ਇਹਦਾ ਮਤਲਬ ਤਾਂ ਇਹ ਹੋਇਆ ਕਿ ਮੈਂ ਵੀ ਸੋਮਵਾਰ ਸਵੇਰੇ ਬਲ਼ਦੀ ਦੇ ਬੂਥੇ ਆ ਜਾਵਾਂਗਾ"।

ਘਰ ਪੁੱਜ ਕੇ ਰੋਟੀ ਖਾਂਦਿਆਂ ਮੈਂ ਗੱਲ ਸ਼ੁਰੂ ਕੀਤੀ, "ਪਿਤਾ ਜੀ! ਉਂਝ ਤਾਂ ਜਿੱਦਾਂ ਤੁਸੀਂ ਕਹੋਂ, ਮੈਂ ਕਰਨ ਨੂੰ ਤਿਆਰ ਆਂ ਪਰ ਮੈਨੂੰ ਪਤਾ ਲੱਗਾ ਹੈ ਸਾਊਥਾਲ ਵਲ ਸੁਖਾਲੇ ਕੰਮ ਮਿਲ ਜਾਂਦੇ ਆ ਤੇ ਪੜ੍ਹੇ ਲਿਖਿਆਂ ਦੇ ਕਰਨ ਵਾਲੇ ਵੀ। ਮੈਂ ਸੋਚਦਾਂ ਉੱਧਰ ਹੀ ਕੰਮ ਲੱਭ ਲਵਾਂ। ਜੇ ਨਾ ਹੀ ਮਿਲਿਆਂ ਤਾਂ ਇੱਧਰ ਤੁਹਾਡੇ ਕੋਲ ਆ ਜਾਵਾਂਗਾ। ਅੱਗੇ ਜਿਵੇਂ ਤੁਸੀਂ ਕਹੋਂ?"

ਕੁਝ ਚਿਰ ਚੁੱਪ ਰਹਿਣ ਪਿੱਛੋਂ ਉਨ੍ਹਾਂ ਨੇ ਉਦਾਸ ਜਿਹੀ ਅਵਾਜ਼ ਵਿਚ ਕਿਹਾ, "ਚੰਗਾ ਜਿੱਦਾਂ ਤੇਰੀ ਮਰਜ਼ੀ। ਮੈਂ ਤਾਂ ਸੋਚਦਾ ਸੀ, ਮਸਾਂ ਤਾਂ ਤੂੰ ਆਇਆ

ਹੈਂ। ਸਾਡੇ ਕੋਲ ਰਹਿੰਦਾ ਤਾਂ ਚੰਗਾ ਸੀ। ਉੱਦਾਂ ਤੇਰੀ ਗੱਲ ਵੀ ਠੀਕ ਆ। ਜੇ ਉੱਧਰ ਸੁਖਾਲਾ ਕੰਮ ਮਿਲਦਾ ਤਾਂ ਇੱਥੇ ਫੌਂਡਰੀ ਵਿਚ ਕਾਹਨੂੰ ਔਖੇ ਹੋਣਾ। ਉੱਦਾਂ ਅਸੀ ਤਾਂ ਤੇਰੇ ਕੰਮ ਦਾ ਬੰਦੋਬਸਤ ਕਰ ਵੀ ਲਿਆ ਸੀ"। ਪਿਤਾ ਜੀ ਦੇ ਚਿਹਰੇ 'ਤੇ ਛਾਈ ਹੋਈ ਉਦਾਸੀ ਤੇ ਨਿਰਾਸ਼ਾ ਸਾਫ ਝਲਕਦੀ ਦਿਸ ਰਹੀ ਸੀ।

ਉਦਾਸ ਤਾਂ ਮੈਂ ਵੀ ਸਾਂ। ਮਸੀਂ ਤਾਂ ਤੀਹ ਸਾਲਾਂ ਪਿੱਛੋਂ ਪਿਤਾ ਜੀ ਦਾ ਮੂੰਹ ਦੇਖਣਾ ਨਸੀਬ ਹੋਇਆ ਸੀ। ਪਰ ਕਰ ਵੀ ਕੀ ਸਕਦਾ ਸਾਂ? ਮੈਂ ਤਾਂ ਸਖਤ ਜਿਸਮਾਨੀ ਕੰਮ ਘੱਟ ਹੀ ਕੀਤਾ ਸੀ। ਸਦਾ ਪੜ੍ਹਦਾ ਪੜ੍ਹਾਉਂਦਾ ਹੀ ਰਿਹਾ ਸਾਂ। ਮੈਂ ਕੁਝ ਚਿਰ ਚੁੱਪ ਰਹਿਣ ਪਿੱਛੋਂ ਕਿਹਾ, "ਜੇ ਉੱਧਰ ਕੰਮ ਮਿਲ ਗਿਆ, ਤਾਂ ਮੈਂ ਹਰ ਦੂਜੇ ਹਫਤੇ ਜ਼ਰੂਰ ਮਿਲ ਜਾਇਆ ਕਰਾਂਗਾ।"

"ਚੰਗਾ ਪੁੱਤ! ਅਸੀਂ ਵੀ ਤੇਰੀ ਖੁਸ਼ੀ ਵਿਚ ਖੁਸ਼ ਆਂ, ਸਾਨੂੰ ਮਿਲ ਜ਼ਰੂਰ ਜਾਇਆ ਕਰੀਂ", ਉਨ੍ਹਾਂ ਨੇ ਉਦਾਸ ਜਿਹੀ ਸੁਰ ਵਿਚ ਕਿਹਾ। ਰਾਤ ਦੇ ਗਿਆਰਾਂ ਵੱਜ ਚੁੱਕੇ ਸਨ ਤੇ ਸੌਣ ਦਾ ਸਮਾਂ ਹੋ ਗਿਆ ਸੀ। ਮਾਈ ਬੈੱਡ ਸੈੱਟੀ ਤੇ ਪੈ ਗਈ ਤੇ ਮੈਂ ਪਿਤਾ ਜੀ ਦੇ ਨਾਲ ਪੈ ਗਿਆ। ਮਸਾਂ ਤਾਂ ਪਿਤਾ ਜੀ ਦੀ ਛਾਤੀ ਦਾ ਨਿਘ ਮਿਲਿਆ ਸੀ। ਪਤਾ ਵੀ ਨਾ ਲੱਗਾ ਕਦ ਨੀਂਦ ਆ ਗਈ।

ਸਵੇਰੇ ੯ ਵਜੇ ਜਾਗ ਆਈ। ਉਸ ਵੇਲੇ ਤੱਕ ਮਾਈ ਚਾਹ ਦੇ ਨਾਲ ਕੁਝ ਖਾਣ ਦਾ ਸਮਾਨ ਵੀ ਲਿਆ ਕੇ ਮੇਜ਼ ਤੇ ਰੱਖ ਚੁੱਕੀ ਸੀ। ਅਸੀਂ ਨਾਲੇ ਚਾਹ ਪੀਂਦੇ ਰਹੇ ਨਾਲੇ ਗੱਲਾਂ ਕਰਦੇ ਰਹੇ। ਬਹੁਤ ਗੱਲਾਂ ਸਨ ਮੇਰੇ ਅੰਦਰ ਤੇ ਉਨ੍ਹਾਂ ਅੰਦਰ ਵੀ ਘੱਟ ਨਹੀਂ ਸਨ। ਬਹੁਤ ਕੁਝ ਸੁਣਿਆ ਸੀ ਉਨ੍ਹਾਂ ਬਾਰੇ, ਚੰਗਾ ਵੀ ਤੇ ਮਾੜਾ ਵੀ। ਚੰਗਾ ਮੈਨੂੰ ਸਦਾ ਚੰਗਾ ਚੰਗਾ ਲਗਦਾ ਰਿਹਾ ਸੀ ਤੇ ਮਾੜੇ ਦਾ ਮੈਨੂੰ ਕਦੀਂ ਯਕੀਨ ਨਹੀਂ ਆਇਆ ਸੀ ਜਾਂ ਮੈਂ ਯਕੀਨ ਕਰਨਾ ਹੀ ਨਹੀ ਚਾਹਿਆ ਸੀ। ਅੱਜ ਉਹ ਬੀਮਾਰੀ ਤੇ ਤੰਗਦਸਤੀ ਦੇ ਭੰਨੇ ਹੋਏ, ਮੇਰੇ ਸਾਹਮਣੇ ਬੈਠੇ ਸਨ। ਸੋਚਦਾ ਸਾਂ ਕਿ ਇੰਨਾ ਚਿਰ ਪਰਦੇਸਾਂ ਵਿਚ ਰੁਲ਼ਣ ਦਾ ਕੀ ਲਾਭ ਹੋਇਆ? ਜੇ ਸਿਹਤ ਚੰਗੀ ਨਹੀਂ ਰਹਿੰਦੀ ਸੀ ਤਾਂ ਦੇਸ ਵਾਪਸ ਕਿਉਂ ਨਾ ਗਏ?

ਅੱਜ ਮੈਂ ਦਿਲ ਦੀਆਂ ਕਰ ਵੀ ਸਕਦਾ ਸਾਂ ਤੇ ਸੁਣ ਵੀ ਸਕਦਾ ਸਾਂ। ਸੁਣਨਾ ਬਹੁਤ ਕੁੱਝ ਆਪਣੇ ਉਸ ਤਾਏ ਹਰੀ ਸਿੰਘ ਬਾਰੇ ਵੀ ਚਾਹੁੰਦਾ ਸਾਂ, ਬਚਪਨ ਵਿਚ ਜਿਸਦੇ ਲਿਖੇ ਕਿੱਸੇ ਪੜ੍ਹਦਾ ਪੜ੍ਹਦਾ ਆਪ ਤੁਕਬੰਦੀ ਕਰਨ ਲੱਗ ਪਿਆ ਸਾਂ। ਭਾਵੇਂ ਮੈਂ ਉਹਦੀ ਸ਼ਕਲ ਕਦੀ ਦੇਖੀ ਨਹੀਂ ਸੀ ਪਰ ਉਹ ਮੇਰੀ ਕਲਪਨਾ ਵਿਚ ਸਦਾ ਹਾਜ਼ਰ ਨਾਜ਼ਰ ਰਿਹਾ ਸੀ।

ਕਿੰਨਾ ਚਿਰ ਸੋਚਾਂ ਵਿਚ ਡੁੱਬੇ ਰਹਿਣ ਪਿੱਛੋਂ ਮੈਂ ਕਿਹਾ, "ਪਿਤਾ ਜੀ! ਇੰਨਾ ਲੰਮਾ ਸਮਾਂ ਤੁਸੀਂ ਪਰਦੇਸ ਵਿਚ ਰਹੇ, ਕਦੀਂ ਜੀਅ ਨਾ ਕੀਤਾ ਮੁੜ ਸਾਨੂੰ ਦੇਖਣ ਲਈ?" ਮੇਰੀ ਗੱਲ ਸੁਣ ਕੇ ਉਹ ਕਿੰਨਾ ਚਿਰ ਚੁੱਪ ਰਹੇ। ਮੈਂ ਉਨ੍ਹਾਂ ਦੀਆਂ ਅੱਖਾਂ ਵਲ ਦੇਖਿਆ, ਅੱਖਾਂ ਵਿਚੋਂ ਹੰਝੂ ਵਗ ਰਹੇ ਸਨ। ਫੇਰ ਉਨ੍ਹਾਂ ਨੇ ਘਗਿਆਈ ਹੋਈ ਅਵਾਜ਼ ਵਿਚ ਮਸਾਂ ਕਿਹਾ, "ਆਉਣਾ ਵੀ ਚਾਹੁੰਦਾ ਸੀ, ਜੀਅ ਵੀ ਕਰਦਾ ਸੀ, ਪਰ ਆਉਂਦਾ ਕਿੱਦਾ? ਕੋਲ ਤਾਂ ਮੇਰੇ ਪੈਨੀ ਵੀ ਨਹੀਂ ਸੀ। ਜਾਂਦਾ ਹੀ ਬੀਮਾਰ ਰਹਿਣ ਲੱਗ ਪਿਆ ਸੀ। ਕੰਮ ਤਕੜੇ ਬੰਦਿਆਂ ਦੇ ਕਰਨ ਵਾਲਾ ਹੀ ਮਿਲਦਾ ਸੀ, ਸਿਲ੍ਹੇ ਜਿਹੇ ਮੌਸਮ ਵਿਚ ਖੇਤਾਂ ਵਿਚ ਗੰਨੇ ਵੱਢਣ ਅਤੇ ਛਿੱਲਣ ਦਾ ਕੰਮ। ਗਰਮ ਸਿਲ੍ਹੀ ਹਵਾ ਵਿਚ ਦਮੇ ਦੇ ਰੋਗ ਦੇ ਦੌਰੇ ਪੈਣ ਲੱਗ ਪਏ। ਅੱਧੇ ਬੇਹੋਸ਼ ਜਿਹੇ ਨੂੰ ਘਰ ਪਹੁੰਚਾ ਦਿੰਦੇ। ਫੇਰ ਮਹੀਨਾ ਮਹੀਨਾ ਮੰਜੇ ਤੋਂ ਉੱਠ ਵੀ ਨਾ ਸਕਦਾ। ਇਹ ਹੀ ਸੋਚਦਾ ਰਿਹਾ, ਚਾਰ ਪੈਸੇ ਹੋ ਜਾਣ, ਫੇਰ ਜਾਵਾਂ। ਨਾ ਪੈਸੇ ਹੋਏ, ਨਾ ਜਾ ਸਕਿਆ। ਜੇ ਖਾਲੀ ਹੱਥ ਚਲਾ ਜਾਂਦਾ ਤਾਂ ਤੁਹਾਡੀ ਤੰਗੀ ਵਿਚ ਵਾਧਾ ਹੀ ਹੋਣਾ ਸੀ। ਇਸ ਲਈ ਭਲੇ ਸਮੇਂ ਦੀ ਉਡੀਕ ਕਰਦਾ ਰਿਹਾ, ਨਾ ਭਲਾ ਸਮਾਂ ਆਇਆ, ਨਾ ਜਾ ਸਕਿਆ। ਇਹ ਤਾਂ ਇਸ ਭਲੀ ਲੋਕ ਦੀ ਸੇਵਾ ਹੀ ਸਮਝ ਕਿ ਮੈਂ ਜੀਂਦਾ ਤੇਰੇ ਸਾਹਮਣੇ ਆਂ, ਨਹੀਂ ਤਾਂ ਕਦੋਂ ਦਾ ਮਰ ਮੁਕ ਗਿਆ ਹੁੰਦਾ"। ਮੇਰੇ ਅੰਦਰੋਂ ਉਹ ਸਭ ਕੁਝ ਧੋਤਾ ਗਿਆ, ਜਿਹੜਾ ਮਾੜਾ ਮੋਟਾ ਮੇਰੇ ਪਿਤਾ ਜੀ ਤੇ ਇਸ ਮਾਈ ਦੇ ਵਰੁਧ ਸੀ।

ਫੇਰ ਮੈਂ ਤਾਇਆ ਹਰੀ ਸਿੰਘ ਬਾਰੇ ਜਾਣਨਾ ਚਾਹਿਆ। ਜਿੰਨਾ ਚਿਰ ਉਹ ਜੀਉਂਦਾ ਰਿਹਾ ਸੀ, ਲਗਾਤਾਰ ਪੈਸੇ ਭੇਜਦਾ ਰਿਹਾ ਸੀ। ਉਹਦੇ ਬਾਰੇ ਬਹੁਤ ਕੁਝ ਚੰਗਾ ਚੰਗਾ ਸੁਣਿਆ ਸੀ। ਉਹ ਫੀਜੀ ਦੇ ਲਟੋਕਾ ਸ਼ਹਿਰ ਦੇ ਗੁਰਦੁਆਰੇ ਵਿਚ ਮੁੱਖ ਗਰੰਥੀ ਲੱਗਾ ਹੋਇਆ ਸੀ ਤੇ ਉੱਥੇ ਹੀ ਬਿਜਲੀ ਦਾ ਕਰੰਟ ਲੱਗਣ ਨਾਲ ਉਹਦੀ ਮੌਤ ਹੋ ਗਈ ਸੀ। ਮੇਰੇ ਪ੍ਰਸ਼ਨ ਦੇ ਉੱਤਰ ਵਿਚ ਪਿਤਾ ਜੀ ਨੇ ਦਸਿਆ, "ਹਰੀ ਸਿੰਹੁ ਤਾਂ ਬਹੁਤ ਹੀ ਸਮਝਦਾਰ ਤੇ ਸਿਆਣਾ ਸੀ। ਉਹਦੇ ਵਰਗੇ ਬੰਦੇ ਨਿਤ ਤਾਂ ਨਹੀਂ ਜੰਮਦੇ। ਆਪਣੀ ਸਿਆਪਣ ਤੇ ਸਮਝਦਾਰੀ ਨਾਲ ਉਹ ਗੁਰਦੁਆਰੇ ਦਾ ਹੈੱਡ ਗਰੰਥੀ ਬਣ ਗਿਆ ਸੀ। ਸਾਰੇ ਇਲਾਕੇ ਵਿਚ ਉਹਦੀ ਇੱਜ਼ਤ ਤੇ ਪੁੱਛ ਪ੍ਰਤੀਤ ਸੀ ਪਰ ਉੱਪਰ ਵਾਲੇ ਤੋਂ ਉਮਰ ਬਹੁਤ ਥੋੜੀ ਲਿਖਾ ਕੇ ਲਿਆਇਆ ਸੀ। ਜਦੋਂ ਮੈਨੂੰ ਉਹਦੀ ਮੌਤ ਦੀ ਖਬਰ ਮਿਲੀ ਤਾਂ ਮੈਂ ਤਾਂ ਸੁੰਨ ਰਹਿ ਗਿਆ ਸੀ, ਰੱਬ ਅੱਗੇ ਇਹੀ ਅਰਦਾਸ ਕਰਦਾ ਰਿਹਾ, ਉਹਦੀ ਮੌਤ ਦੀ ਖਬਰ ਝੂਠੀ ਨਿਕਲੇ। ਉਹ ਜੀਂਦਾ ਹੋਵੇ ਤੇ ਉਹਦੀ ਥਾਂ ਰੱਬ ਮੈਨੂੰ ਸੱਦ ਲਵੇ। ਮੈ ਤਾਂ ਉੱਦਾਂ ਵੀ ਮਰਿਆਂ ਵਰਗਾ ਸੀ। ਜੇ ਉਹ ਇੰਨੀ ਛੇਤੀ ਨਾ ਤੁਰ ਜਾਂਦਾ ਤਾਂ ਘਰ ਦਾ ਵੀ ਕੁਝ ਬਣ ਜਾਂਦਾ ਤੇ ਮੈਂ ਵੀ ਦੇਸ ਆਉਣ ਜੋਗਾ ਹੋ ਜਾਂਦਾ"।

ਮੈਂ ਦੇਖਿਆ, ਮੇਰੇ ਪਿਤਾ ਜੀ ਦੀਆਂ ਅੱਖਾਂ ਵਿਚੋਂ ਹੰਝੂ ਠੱਲ ਨਹੀਂ ਰਹੇ ਸਨ। ਜਵਾਨ ਜਹਾਨ ਭਰਾ ਦੀ ਮੌਤ ਦਾ ਦਰਦ ਉਹਦੀਆਂ ਅੱਖਾਂ ਵਿਚੋਂ ਸਾਫ ਝਲਕ ਰਿਹਾ ਸੀ। ਇਹ ਸਾਰਾ ਕੁਝ ਸੁਣਦਿਆਂ ਮੈਂ ਵੀ ਭਾਵਕ ਹੋ ਗਿਆ ਸਾਂ। ਕਿੰਨਾ ਚਿਰ ਚੁੱਪ ਰਹਿਣ ਪਿੱਛੋਂ ਮੈਂ ਆਪਣੇ ਆਪ 'ਤੇ ਕਾਬੂ ਪਾ ਕੇ ਕਿਹਾ, "ਚਲੋ ਜੋ ਹੋਣਾ ਸੀ, ਹੋ ਗਿਆ, ਹੁਣ ਤੁਹਾਨੂੰ ਛੇਤੀ ਹੀ ਦੇਸ ਜਾਣ ਲਈ ਤਿਆਰ ਹੋਣਾ ਪੈਣਾ। ਮੈਥੋਂ ਤੁਰਨ ਲੱਗੇ ਤੋਂ ਮੇਰੇ ਤਾਏ ਨੇ ਵਾਇਦਾ ਲਿਆ ਸੀ ਕਿ ਮੈਂ ਛੇਤੀ ਹੀ ਤੁਹਾਡੇ ਮੇਲੇ ਕਰਾ ਦੇਵਾਂਗਾ"।

“ਹੁਣ ਤੂੰ ਆ ਗਿਆਂ, ਚਲਾ ਜਾਵਾਂਗਾ, ਇੱਕ ਦੋ ਸਾਲ ਹੋਰ ਲਾ ਕੇ ਕੁਝ ਪੈਸੇ ਹੋ ਜਾਣ”, ਉਹਨਾਂ ਨੇ ਡੂੰਘੀ ਸੋਚ ਵਿਚ ਉੱਤਰਦਿਆਂ ਕਿਹਾ।

"ਇਹ ਗੱਲ ਨਹੀਂ ਹੋਣੀ, ਤੁਹਾਨੂੰ ਛੇਤੀ ਜਾਣਾ ਪੈਣਾ। ਮੇਰਾ ਤਾਇਆ ਹੁਣ ਨਦੀ ਕਿਨਾਰੇ ਰੁੱਖੜਾ, ਜੇ ਛੇਤੀ ਤੁਰ ਗਿਆ ਤਾਂ ਮੈਂ ਆਪਣੇ ਵਾਇਦੇ ਤੋਂ ਝੂਠਾ ਹੋ ਜਾਵਾਂਗਾ। ਜਿੱਥੋਂ ਤੱਕ ਪੈਸਿਆਂ ਦਾ ਸਵਾਲ ਹੈ, ਮੈਂ ਵਥੇਰੇ ਭੇਜ ਦਿਆਂਗਾ, ਤੁਸੀਂ ਬਸ ਤਿਆਰੀ ਕਰ ਲਵੋ”।

“ਚੰਗਾ ਜਿੱਦਾਂ ਤੂੰ ਕਹਿੰਦਾਂ, ਕਰ ਲਵਾਂਗੇ, ਉੱਦਾਂ ਮੇਰੇ ਕੋਲ ਤਾਂ ਹਾਲੀਂ ਫੁੱਟੀ ਕੌਡੀ ਵੀ ਨਹੀਂ। ਜਾਣ ਵੇਲੇ ਕੁਝ ਤਾਂ ਕੋਲ ਹੋਣਾ ਚਾਹੀਦਾ”, ਉਨ੍ਹਾਂ ਨੇ ਮੇਰੇ ਨਾਲ ਸਹਿਮਤ ਹੁੰਦਿਆਂ ਕਿਹਾ।

“ਮੈਂ ਝੱਟ ਉੱਤਰ ਦਿੱਤਾ, “ਤੁਸੀਂ ਜਾਣ ਲਈ ਤਿਆਰ ਹੋਵੋ, ਜਦ ਤੱਕ ਪੈਸੇ ਵੀ ਹੋ ਜਾਣਗੇ। ਮੈਂ ਜਿਉਂ ਹਾਂ ਪੈਸੇ ਕਮਾਉਣ ਲਈ। ਜੱਦ ਤੱਕ ਤੁਹਾਡੀ ਤਿਆਰੀ ਹੋਣੀ ਆਂ, ਉਦ ਤੱਕ ਵਥੇਰੇ ਪੈਸੇ ਕਮਾ ਲੈਣੇ ਆਂ”, ਮੈਂ ਆਪਣੇ ਵਲੋਂ ਗੱਲ ਮੁਕਾਉਂਦਿਆਂ ਕਿਹਾ।

ਮਲਕੀਤ ਐਨ ਡੇਢ ਵਜੇ ਆ ਗਿਆ। ਕੁਝ ਚਿਰ ਬੈਠਾ, ਗੱਲਾਂ ਕੀਤੀਆਂ, ਤੇ ਫੇਰ ਮੈਨੂੰ ਕਿਹਾ, “ਚੰਗਾ ਹੁਣ ਤਿਆਰ ਹੋ ਜਾ, ਬਸ ਆਉਣ ਵਾਲੀ ਆ।“ ਤਿਆਰ ਹੋਣ ਨੂੰ ਕਿਹੜੇ ਮੈਂ ਘੋੜੇ ਬੀੜਨੇ ਸਨ? ਤਿਆਰ ਤਾਂ ਪਹਿਲਾਂ ਹੀ ਸਾਂ, ਕੋਟ ਪਾ ਕੇ ਤੁਰ ਪੈਣਾ ਸੀ। ਮਾਈ ਨੇ ਛੇਤੀ ਖਾਣਾ ਬਣਾ ਕੇ ਲਿਆ ਰੱਖਿਆ। ਮੈਂ ਛੇਤੀ ਛੇਤੀ ਖਾਣ ਦਾ ਕੰਮ ਨਿਬੇੜਿਆ ਤੇ ਕੋਟ ਪਾ ਕੇ ਤਿਆਰ ਹੋ ਗਿਆ। ਮੈਂ ਮਾਈ ਨੂੰ ਝੁੱਕ ਕੇ ਨਮਸਕਾਰ ਕੀਤੀ ਤੇ ਤੁਰ ਪਿਆ।

ਪਿਤਾ ਜੀ ਸਾਡੇ ਨਾਲ ਹੀ ਬੱਸ ਸਟੌਪ ਤੱਕ ਜਾਣ ਲਈ ਪਹਿਲਾਂ ਹੀ ਤਿਆਰ ਖੜ੍ਹੇ ਸਨ। ਬੱਸ ਸਟੌਪ ਕਿਹੜਾ ਦੂਰ ਸੀ, ਘਰ ਦੇ ਮੋਹਰੇ ਹੀ ਤਾਂ ਸੀ। ਬੱਸ ਸਟਾਪ ‘ਤੇ ਪੁੱਜਣ ‘ਤੇ ਬੱਸ ਛੇਤੀ ਹੀ ਆ ਗਈ। ਮੈਂ ਪਿਤਾ ਜੀ ਦੇ

ਪੈਰੀਂ ਹੱਥ ਲਾਉਣ ਲਈ ਝੁਕਿਆ ਤਾਂ ਉਨ੍ਹਾਂ ਨੇ ਜੱਫੀ ਪਾ ਕੇ ਇੰਨਾ ਹੀ ਕਿਹਾ, " ਚੰਗਾ ਆਪਣਾ ਖਿਆਲ ਰੱਖੀਂ। ਹਰ ਦੂਜੇ ਤੀਜੇ ਫੂਨ ਕਰਦਾ ਰਹੀਂ ਤੇ ਦੋ ਹਫਤਿਆਂ ਵਿਚ ਇੱਕ ਵੇਰ ਜ਼ਰੂਰ ਆ ਜਾਇਆ ਕਰੀਂ"।

"ਜਿਵੇਂ ਤੁਹਾਡਾ ਹੁਕਮ" ਕਹਿ ਕੇ ਮੈਂ ਬਸ ਵਿਚ ਚੜ੍ਹ ਗਿਆ।

## 3.

## *ਚਿੰਤਾ ਰੋਜ਼ਗਾਰ ਦੀ*

ਆਪਣਾ ਦੇਸ ਛੱਡ ਕੇ ਤੁਰਨ ਸਮੇਂ ਕੋਈ ਪਤਾ ਨਹੀਂ ਸੀ ਕਿ ਇਸ ਪਰਾਏ ਦੇਸ ਵਿਚ ਕਿਹੋ ਜਿਹਾ ਕੰਮ ਕਰਨਾ ਪਏਗਾ? ਇਹੀ ਫੈਸਲਾ ਕਰ ਕੇ ਤੁਰਿਆ ਸਾਂ ਕਿ ਜੋ ਕੁਝ ਵੀ ਕਰਨਾ ਪਿਆ ਕਰ ਲਵਾਂਗਾ। ਇਹ ਸੋਚਿਆ ਹੀ ਨਹੀਂ ਸੀ ਕਿ ਕੰਮ ਮਿਲਣ/ਲੱਭਣ ਵਿਚ ਕੋਈ ਮੁਸ਼ਕਲ ਵੀ ਆ ਸਕਦੀ ਹੈ। ਭਾਵੇਂ ਮੈਂ ਜਾਣਦਾ ਸਾਂ ਕਿ ਵਿਕਸਤ ਪੂੰਜੀਵਾਦੀ ਮੁਲਕਾਂ ਵਿਚ ਕੁਝ ਸਾਲਾਂ ਪਿੱਛੋਂ ਸੰਕਟ ਆਉਣੇ ਇਸ ਪ੍ਰਬੰਧ ਦੀ ਖਾਸੀਅਤ ਹੈ ਤੇ ਅਜਿਹੇ ਸੰਕਟ ਸਮੇਂ ਲੱਖਾਂ ਲੋਕ ਕੰਮਾਂ ਤੋਂ ਵਿਹਲੇ ਹੋ ਜਾਂਦੇ ਹਨ, ਤਾਂ ਵੀ ਉਸ ਸਮੇਂ ਇਹ ਹੀ ਸੋਚ ਭਾਰੂ ਸੀ ਕਿ ਜੇ ਇਹ ਮੁਲਕ ਵੋਚਰ ਭੇਜ ਕੇ ਬਾਹਰੋਂ ਬੰਦਿਆ ਨੂੰ ਮੰਗਵਾ ਰਿਹਾ ਹੈ ਤਾਂ ਕੰਮ ਜ਼ਰੂਰ ਹੋਣਗੇ। ਮੈਨੂੰ ਵੀ ਤਾਂ ਇਸ ਮੁਲਕ ਨੇ ਆਪ ਹੀ ਵੋਚਰ ਭੇਜਿਆ ਸੀ। ਇਹ ਪਤਾ ਹੀ ਨਹੀਂ ਸੀ ਕਿ ਵੋਚਰ ਕੋਲ ਹੋਣ ਨਾਲ ਹੀ ਤਾਂ ਕੰਮ ਨਹੀਂ ਮਿਲ ਜਾਣਾ ਸੀ। ਇੱਥੇ ਆ ਕੇ ਦੇਖਿਆ ਕਿ ਦੇਸੀ ਭਾਈ ਬੰਦਾਂ ਦੀਆਂ ਹੇੜਾਂ ਦੀਆਂ ਹੇੜਾਂ ਬੇਰੋਜ਼ਗਾਰ ਫਿਰ ਰਹੀਆ ਸਨ।

1945 ਈ. ਵਿਚ ਦੂਜੀ ਵਡੀ ਸੰਸਾਰ ਜੰਗ ਦੇ ਅੰਤ ਤੋਂ ਪਿੱਛੋਂ ਜੰਗ ਤੋਂ ਪਹਿਲਾਂ ਵਾਲਾ ਬ੍ਰਤਾਨੀਆ ਨਹੀ ਰਿਹਾ ਸੀ। ਸੰਸਾਰ ਜੰਗ ਨਾਲ ਹੋਈ ਅਥਾਹ ਤਬਾਹੀ ਦੇ ਨਾਲ ਹੀ ਇਹ ਮੁਲਕ ਆਪਣੀ ਸਾਰੀ ਸਾਮਰਾਜੀ ਹੈਂਕੜ ਤੇ ਹਿੰਦੁਸਤਾਨ ਸਣੇ ਆਪਣੇ ਕਬਜ਼ੇ ਹੇਠਲੇ ਬਹੁਤ ਸਾਰੇ ਮੁਲਕ ਵੀ ਗੁਆ ਚੁੱਕਾ ਸੀ। ਹਰ ਪਾਸੇ ਬੇਰੋਜ਼ਗਾਰੀ, ਤਬਾਹੀ ਤੇ ਭੁੱਖਮਰੀ ਦਾ ਬੋਲ ਬਾਲਾ ਸੀ। ਭਾਵੇਂ ਲੇਬਰ ਪਾਰਟੀ ਦੀ ਸਰਕਾਰ ਨੇ ਸੋਸ਼ਲ ਸਕਿਉਰਿਟੀ (ਸਮਾਜਕ ਸੁਰਖਿਆ) ਤੇ ਨੈਸ਼ਨਲ ਹੈਲਥ ਸਰਵਿਸ (ਕੌਮੀ ਸਿਹਤ ਸੇਵਾ) ਵਰਗੇ ਕਈ ਲੋਕ ਹਿਤੂ ਕ਼ਾਨੂੰਨ ਬਣਾ ਕੇ ਜੰਗ ਵਿਚ ਕੁੱਟੇ ਪੁਟੇ ਲੋਕਾਂ ਨੂੰ ਚੋਖੀ ਰਾਹਤ ਦੇਣ ਦੇ ਯਤਨ ਕੀਤੇ ਸਨ, ਉਸ ਵੇਲੇ ਲੇਬਰ ਪਾਰਟੀ ਵਿਚ ਖਬਾ ਧੜਾ ਚੋਖਾ ਮਜ਼ਬੂਤ ਸੀ। ਖੱਬੇ ਪੱਖੀ ਵਜ਼ੀਰ ਅਰਨੈਸਟ ਵੈਬਨ ਨੇ ਹੀ ਇਹ ਇਹ ਕ਼ਾਨੂੰਨ ਪਾਸ ਕਰਵਾਏ ਸਨ, ਪਰ ਇਹ ਕਾਨੂੰਨ ਜੰਗ ਪਿੱਛੋਂ ਪੈਦਾ ਹੋਈ ਸਥਿਤੀ ਵਿਚ ਬਹੁਤਾ

ਪ੍ਰੀਵਰਤਨ ਨਹੀਂ ਲਿਆ ਸਕੇ ਸਨ। 1951 ਵਿਚ ਹੋਈਆਂ ਚੋਣਾਂ ਵਿਚ ਲੇਬਰ ਪਾਰਟੀ ਨੂੰ ਹਰਾ ਕੇ ਪੂੰਜੀਪਤੀਆਂ ਦੀ ਹਮਾਇਤੀ ਪਾਰਟੀ ਕੰਜ਼ਰਵੇਟਿਵ ਦੇ ਹੱਥ ਸਰਕਾਰ ਦੀ ਵਾਗਡੋਰ ਆ ਗਈ ਸੀ ਤੇ ਵਿਨਸਟਨ ਚਰਚਲ ਪ੍ਰਧਾਨ ਮੰਤਰੀ ਬਣ ਗਿਆ ਸੀ। ਉਸ ਸਮੇਂ ਦੇ ਸੰਕਟ ਵਿਚੋਂ ਨਿਕਲਣ ਲਈ ਸਖਤ ਬੰਧੇਜ ਦੇ ਨਾਲ ਨਾਲ ਸਖਤ ਮਿਹਨਤ ਲਈ ਸਸਤੇ ਮਜ਼ਦੂਰਾਂ ਦੀ ਵੀ ਲੋੜ ਸੀ। ਇਸ ਲੋੜ ਨੂੰ ਪੂਰਾ ਕਰਨ ਲਈ ਇਸ ਮੁਲਕ ਦੇ ਹਾਕਮਾਂ ਨੇ ਤੀਜੀ ਦੁਨੀਆ ਦੇ ਲੋਕਾਂ ਦੇ ਇਸ ਮੁਲਕ ਵਿਚ ਦਾਖਲ ਹੋਣ ਲਈ ਆਪਣੇ ਮੁਲਕ ਦੇ ਦਰਵਾਜ਼ੇ ਚੁਪੱਟ ਖੋਲ੍ਹ ਦਿੱਤੇ ਸਨ। ਇਸ ਖੁਲ੍ਹ ਦੇ ਕਾਰਣ ਤੀਜੀ ਦੁਨੀਆਂ ਦੇ ਲਖਾਂ ਲੋਕ ਇਸ ਮੁਲਕ ਵਿਚ ਆ ਵੜੇ। ਜਦ ਇਸ ਮੁਲਕ ਦੇ ਹਾਕਮਾਂ ਨੇ ਦੇਖਿਆ ਕਿ ਲੋੜ ਨਾਲੋਂ ਵੱਧ ਬੰਦੇ ਆਈ ਜਾਂਦੇ ਹਨ ਤਾਂ ਇਨ੍ਹਾਂ ਨੇ ਵੋਚਰ ਸਿਸਟਮ ਲਾਗੂ ਕਰ ਦਿੱਤਾ ਤਾਂ ਕਿ ਲੋੜੀਂਦੇ ਕੰਮਾਂ ਨੂੰ ਕਰਨਯੋਗ ਬੰਦੇ ਹੀ ਬਾਹਰੋਂ ਮੰਗਵਾਏ ਜਾ ਸਕਣ। ਮੈਂ ਵੀ ਇਸੇ ਕੰਜ਼ਰਵੇਟਿਵ ਸਰਕਾਰ ਦੇ ਭੇਜੇ ਵਾਉਚਰ ’ਤੇ ਹੀ ਇਸ ਮੁਲਕ ਵਿਚ ਆਇਆ ਸਾਂ। ਉਸ ਵੇਲੇ ਹੈਰਡ ਮੈਕਮਿਲਨ ਪ੍ਰਧਾਨ ਮੰਤਰੀ ਸੀ। ਵੋਚਰ ’ਤੇ ਲਿਖੇ ਅਨੁਸਾਰ ਕਿੱਥੇ ਕੰਮ ਮਿਲਣਾ ਸੀ। ਮੇਰੇ ਵੋਚਰ ’ਤੇ ਮੇਰਾ ਪੇਸ਼ਾ ਟੀਚਰ ਲਿਖਿਆ ਹੋਇਆ ਸੀ ਪਰ ਇੱਥੇ ਕੋਈ ਚਪੜਾਸੀ ਵੀ ਰੱਖਣ ਲਈ ਤਿਆਰ ਨਹੀਂ ਸੀ।

ਜਿਸ ਐਤਵਾਰ ਮੈਂ ਆਪਣੇ ਪਿਤਾ ਜੀ ਨੂੰ ਮਿਲਣ ਪਿੱਛੋਂ ਵਾਪਸ ਸਾਊਥਾਲ ਆਇਆ ਸਾਂ, ਉਸ ਐਤਵਾਰ ਮਲਕੀਤ ਨੇ ਰਾਤ ਨੂੰ ਕੰਮ ’ਤੇ ਜਾਣਾ ਸੀ। ਉਹ ਸਾਊਥਾਲ ਵਿਚ ਹੀ ਅਕਸਬ੍ਰਿਜ ਰੋਡ 'ਤੇ ਸਥਿਤ ਰਬੜ ਫੈਕਟਰੀ ਵਿਚ ਕੰਮ ਕਰਦਾ ਸੀ। ਉਸ ਰਾਤ ਉਹ ਨੇ ਜਾਣ ਲੱਗੇ ਨੇ ਮੈਨੂੰ ਕਿਹਾ, “ਸਾਡੀ ਫੈਕਟਰੀ ਵਿਚ ਇਸ ਵੇਲ਼ੇ ਬੰਦੇ ਅੰਦਰੋਂ ਹੀ ਲਗਦੇ ਆ। ਸਾਡਾ ਵਰਕ ਮੈਨੇਜਰ ਕਿਸੇ ਵੇਲ਼ੇ ਪੰਜਾਬ ਰਹਿ ਚੁੱਕਾ ਹੈ। ਉਹ ਪੰਜਾਬੀ ਸਮਝ ਲੈਂਦਾ। ਉਹਨੂੰ ਮੈਂ ਕਹਿ ਦਿਆਂਗਾ। ਤੂੰ ਇੰਟਰਵੀਊ ਵੇਲ਼ੇ ਐਹ ਦਸ ਪੌਂਡ ਦੇ ਨੋਟ ਆਪਣੇ ਪਾਸਪੋਰਟ

ਵਿਚ ਰੱਖ ਕੇ ਉਹਨੂੰ ਫੜਾ ਦੇਵੀਂ, ਜੇ ਨੋਟ ਉਹਨੇ ਕੱਢ ਕੇ ਰੱਖ ਲਏ, ਸਮਝ ਲਈਂ ਤੂੰ ਕੰਮ ਤੇ ਲੱਗ ਗਿਆਂ"। ਇਹ ਕਹਿ ਕੇ ਮਲਕੀਤ ਨੇ ਦਸ ਪੌਂਡਾਂ ਦੇ ਨੋਟ ਮੈਨੂੰ ਫੜਾ ਦਿੱਤੇ ਤੇ ਨਾਲ ਹੀ ਕਿਹਾ, "ਸਵੇਰੇ ਨੌ ਵਜੇ ਉੱਥੇ ਪਹੁੰਚ ਜਾਈਂ"।

ਮੈਂ ਨੋਟ ਫੜ ਲਏ ਤੇ ਕੁਝ ਚਿਰ ਸੋਚਣ ਪਿੱਛੋਂ ਜੇਬ ਵਿਚ ਪਾ ਲਏ। ਸੋਚ ਰਿਹਾ ਸਾਂ, "ਤਾਂ ਫੇਰ ਇੱਥੇ ਵੀ ਰਿਸ਼ਵਤ ਚਲਦੀ ਹੈ। ਮੈਂ ਤਾਂ ਸੁਣਿਆ ਸੀ ਗੋਰੇ ਵੜੇ ਈਮਾਨਦਾਰ ਹੁੰਦੇ ਹਨ। ਹੋ ਸਕਦਾ ਹੈ ਕਿ ਸੰਸਾਰ ਜੰਗ ਦੀ ਤਬਾਹੀ ਨਾਲ ਬਣੇ ਨਵੇਂ ਵਾਤਾਵਰਣ ਵਿਚ ਅਤੇ ਬਾਹਰੋਂ ਆਏ ਲਖਾਂ ਮਜ਼ਦੂਰਾਂ ਦੇ ਵਿਹਲੇ ਹੋਣ ਕਾਰਣ ਇਹੋ ਜਿਹੇ ਰੁਝਾਨ ਪੈਦਾ ਹੋ ਗਏ ਹੋਣਗੇ। ਮਲਕੀਤ ਕੰਮ 'ਤੇ ਚਲਾ ਗਿਆ ਤੇ ਹਰਦਿਆਲ ਵੀ ਰਾਤ ਦੀ ਸ਼ਿਫਟ 'ਤੇ ਸੀ।

ਮੈਂ ਰੋਟੀ ਖਾਣ ਪਿੱਛੋਂ ਬਾਕਸ ਰੂਮ ਵਿਚ ਜਾ ਕੇ ਆਪਣੇ ਬਿਸਤਰੇ ਵਿਚ ਜਾ ਵੜਿਆ। ਆਪਣੀ ਪਤਨੀ ਤੇ ਬੱਚਿਆਂ ਦੀ ਯਾਦ ਨਾਲ ਹੀ ਅੱਖਾਂ ਵਿਚ ਹੰਝੂ ਆਈ ਜਾਦੇ ਸਨ। ਸੋਚਦਾ ਸਾਂ, ਮੇਰੀ ਪਤਨੀ ਦਾ ਵੀ ਮੇਰੇ ਵਰਗਾ ਹਾਲ ਹੀ ਹੋਵੇਗਾ। ਉਹਦਾ ਦਿਲ ਵੀ ਬੰਨ੍ਹਣਾ ਸੀ ਤੇ ਆਪਣੀ ਮਾਂ ਨੂੰ ਵੀ ਆਪਣੇ ਪਿਤਾ ਜੀ ਨਾਲ ਮੁਲਾਕਾਤ ਬਾਰੇ ਲਿਖਣਾ ਸੀ। ਦੋ ਕੁ ਘੰਟੇ ਚਿੱਠੀਆਂ ਲਿਖਦਾ ਰਿਹਾ। ਜਦ ਨੀਂਦ ਮਹਿਸੂਸ ਹੋਈ ਤਾਂ ਰਜਾਈ ਲੈ ਕੇ ਪੈ ਗਿਆ।

ਰਬੜ ਫੈਕਟਰੀ ਵੁਡਲੈਂਡਸ ਰੋਡ ਤੋਂ ਬਹੁਤੀ ਦੂਰ ਨਹੀਂ ਸੀ। ਮੈਂ ਪੰਦਰਾਂ ਕੁ ਮਿੰਟ ਤੁਰ ਕੇ ਸਵੇਰੇ ਪੂਰੇ ਨੌ ਵਜੇ ਫੈਕਟਰੀ ਦੇ ਪਰਸਨਲ ਔਫਸ ਵਿਚ ਜਾ ਪੁੱਜਾ। ਉੱਥੇ ਮੈਥੋਂ ਵੀ ਪਹਿਲਾਂ ਪੰਦਰਾਂ ਕੁ ਦੇਸੀ ਭਾਈਬੰਦ ਬੈਂਚਾਂ ਤੇ ਬੈਠੇ ਆਪਣੀ ਵਾਰੀ ਉਡੀਕ ਰਹੇ ਸਨ। ਮੈਂ ਦਫਤਰ ਦੀ ਤਾਕੀ ਵਿਚੋਂ ਐਪਲੀਕੇਸ਼ਨ ਫਾਰਮ ਲੈ ਕੇ ਭਰਿਆ ਤੇ ਵਾਪਸ ਉਸੇ ਤਾਕੀ ਵਿਚ ਜਾ ਫੜਾਇਆ ਤੇ ਮੁੜ ਕੇ ਆਪਣੀ ਥਾਂ ਤੇ ਆ ਬੈਠਾ।

ਜਦ ਮੇਰੀ ਵਾਰੀ ਆਈ ਤਾਂ ਇੱਕ ਮੋਟੇ ਜਿਹੇ ਟੋਪੀ ਵਾਲੇ ਗੋਰੇ ਨੇ ਮੈਨੂੰ ਬੁਲਾਇਆ। ਮੈਂ ਆਪਣੇ ਪਾਸਪੋਰਟ ਵਿਚੋਂ ਨੋਟ ਕੱਢ ਕੇ ਖਾਲੀ ਪਾਸਪੋਰਟ ਉਹਨੂੰ ਫੜਾ ਦਿੱਤਾ। ਉਹ ਨੇ ਪਾਸਪੋਰਟ ਖੋਲ੍ਹ ਕੇ ਦੇਖਣ ਪਿੱਛੋਂ ਕਿਹਾ, "ਸੌਰੀ ਨੋ ਵੇਕੈਂਸੀ, ਯੂ ਕੈਨ ਗੋ"। ਉਹਨੇ ਜਵਾਬ ਤਾਂ ਦੇਣਾ ਹੀ ਸੀ, ਮੈਂ ਆਪ ਹੀ ਤਾਂ ਜਵਾਬ ਲੈਣ ਦਾ ਪ੍ਰਬੰਧ ਕਰ ਲਿਆ ਸੀ, ਰਿਸ਼ਵਤ ਦੇਣ ਨੂੰ ਭਾਵਕਤਾ ਦੇ ਅਵੇਸ਼ ਵਿਚ ਮਾੜਾ ਸਮਝ ਕੇ ਜਾਂ ਡਰ ਗਿਆ ਸਾਂ ਰਬੜ ਫੈਕਟਰੀ ਦੇ ਭਾਰੇ ਤੇ ਗਰਮ ਕੰਮ ਤੋਂ। ਸ਼ਾਇਦ ਦੋਵੇਂ ਗੱਲਾਂ ਹੀ ਠੀਕ ਸਨ। ਮੈਂ ਉਨ੍ਹੀਂ ਪੈਰੀ ਹੀ ਆਪਣਾ ਮੂੰਹ ਲੈ ਕੇ ਵਾਪਸ ਘਰ ਪੁੱਜ ਗਿਆ।

ਜਦ ਮਲਕੀਤ ਨਾਲ ਉਸ ਦਿਨ ਸਾਹਮਣਾ ਹੋਇਆ ਤਾਂ ਮੈਂ ਉਹਨੂੰ ਦਸ ਪੌਂਡ ਦੇ ਨੋਟ ਮੋੜ ਦਿੱਤੇ। ਉਹਨੇ ਪੁੱਛਿਆ," ਕੀ ਗੱਲ ਨੋਟ ਪਾਸਪੋਰਟ ਵਿਚ ਨਹੀਂ ਰੱਖੇ ਸੀ?"

ਮੈਂ ਅੱਖਾਂ ਨੀਵੀਆਂ ਰੱਖੀ ਕਿਹਾ, "ਮੇਰਾ ਮਨ ਨਹੀਂ ਮੰਨਿਆਂ ਰਿਸ਼ਵਤ ਦੇਣ ਲਈ, ਨਾਲੇ ਕੰਮ ਵੀ ਤਾਂ, ਤੂੰ ਦਸਦਾ ਸੀ ਗਰਮ ਤੇ ਭਾਰਾ ਹੈ"।

ਉਹਨੇ ਜ਼ਰਾ ਤਲਖ ਹੋ ਕੇ ਕਿਹਾ, "ਹੁਣ ਤੈਨੂੰ ਇੱਥੇ ਮਾਸਟਰਪੁਣੇ ਦਾ ਕੰਮ ਤਾਂ ਮਿਲਣੋ ਰਿਹਾ। ਚੰਗਾ ਭਲਾ ਕੰਮ ਮਿਲਦਾ ਸੀ, ਲੈ ਲੈਣਾ ਸੀ"।

ਫੇਰ ਉਹਨੇ ਜ਼ਰਾ ਠੰਡਾ ਹੋ ਕੇ ਕਿਹਾ, " ਚਲੋ ਕੋਈ ਗੱਲ ਨਹੀਂ, ਪਹਿਲਾਂ ਜ਼ਰਾ ਸੌਖੇ ਕੰਮਾਂ ਤੇ ਟਰਾਈ ਮਾਰ ਕੇ ਦੇਖ ਲੈ। ਦਾਲੋ ਤੈਨੂੰ ਕੁਝ ਇਹੋ ਜਿਹੇ ਕੰਮਾਂ ਦੇ ਪਤੇ ਲਿਖਵਾ ਦੇਵੇਗਾ, ਟਰਾਈ ਕਰਦਾ ਰਹੀਂ"।

ਅਗਲੇ ਦਿਨ ਮੈਂ ਸਵੇਰੇ ੯ ਵਜੇ ਹੀ ਸਾਊਥਾਲ ਦੇ ਨੇੜੇ ਦੇ ਕਸਬੇ ਗਰੀਨਫੋਰਡ ਵਿਚ 'ਜੇ ਲਾਇਨ' ਨਾਉਂ ਦੀ ਕੰਪਨੀ ਦੇ ਪਰਸਨਲ ਔਫਸ ਦੀ ਤਾਕੀ ਅੱਗੇ ਜਾ ਖੜਾ ਹੋਇਆ। ਇੱਕ ਸੁਹਣੀ ਜਿਹੀ ਗੋਰੀ ਕੁੜੀ ਨੇ ਤਾਕੀ ਖੋਲ੍ਹ ਕੇ ਪੁੱਛਿਆ, "ਵ੍ਹਟ ਕੈਨ ਆਈ ਡੂ ਫੌਰ ਯੂ?" ਮੈ ਕਿਹਾ, "ਹੈਵ ਯੂ ਗੌਟ ਐਨੀ ਵੇਕੈਨਸੀ ?" ਉਹਨੇ ਮੇਰੀ ਪੱਗ ਦਾਹੜੀ ਵਲ ਦੇਖਿਆ ਤੇ ਸਿਰ ਫੇਰ

ਦਿੱਤਾ। ਮੈਂ ਸੋਚੀਂ ਪਿਆ ਉੱਥੋਂ ਤੁਰ ਆਇਆ ਕਿ ਇਸ ਰੂਪ ਵਿਚ ਤਾਂ ਕੰਮ ਮਿਲਦਾ ਨਹੀਂ ਦਿਸਦਾ, ਸ਼ਾਇਦ ਕੇਸ ਮੁਨਾਉਣੇ ਹੀ ਪੈ ਜਾਣ।

ਮੈਂ ਕੇਸ ਮੁਨਾਉਣੇ ਚਾਹੁੰਦਾ ਨਹੀਂ ਸਾਂ। ਧਰਮ ਦੀ ਕੱਟਤਾ ਦੀ ਇੰਨੀ ਗੱਲ ਸੀ, ਕੇਸ ਦਾੜ੍ਹੀ ਵਾਲੀ ਆਪਣੀ ਸ਼ਕਲ ਚੰਗੀ ਲਗਦੀ ਸੀ। ਸੋਚਦਾ ਸਾਂ ਕਿ ਚੰਗਾ ਭਲਾ ਦਾੜ੍ਹੀ ਪੱਗ ਨਾਲ ਫੱਬਦਾ ਹਾਂ, ਫੇਰ ਪਤਾ ਨਹੀਂ ਵਿਚੋਂ ਕਿਹੋ ਜਿਹਾ ਚੌਖਟਾ ਨਿਕਲ ਆਵੇ।

ਉਸ ਹਫਤੇ ਦੋ ਕੁ ਹੋਰ ਥਾਵਾਂ 'ਤੇ ਵੀ ਯਤਨ ਕੀਤੇ ਪਰ ਅਗਲੇ ਪੱਗ ਦਾੜ੍ਹੀ ਦੇਖਦਿਆਂ ਹੀ ਨਾਹ ਕਰ ਦਿੰਦੇ। ਮੈਂ ਬਹੁਤ ਉਦਾਸ ਸਾਂ। ਸੋਚਦਾ ਸਾਂ, " ਜੇ ਲੰਮਾ ਸਮਾਂ ਕੰਮ ਨਾ ਮਿਲਿਆ, ਤਾਂ ਕੀ ਕਰਾਂਗਾ? ਮੇਰੀ ਪਤਨੀ ਤੇ ਮੇਰੇ ਬੱਚਿਆਂ ਦਾ ਕੀ ਬਣੇਗਾ?"

ਮੇਰੇ ਦੋ ਮਿੱਤਰ ਲਛਮਣ ਸਿੰਘ ਸੰਧੂ ਤੇ ਕ੍ਰਿਪਾਲ ਸਿੰਘ ਅਜੀਮਲ ਸਾਊਥਾਲ ਤੋਂ ਨੇੜੇ ਹੀ ਹਉਂਸਲੋਅ ਵਿਚ ਰਹਿੰਦੇ ਸਨ। ਉਹ ਦੋਵੇਂ ਮੇਰੇ ਨਾਲ ਰਾਮਗੜ੍ਹੀਆ ਕਾਲਜੀਏਟ ਸਕੂਲ ਫਗਵਾੜਾ ਵਿਚ ਪੜ੍ਹਾਉਂਦੇ ਰਹੇ ਸਨ। ਮੈਂ ਪਾਸਪੋਰਟ ਲਈ ਬਿਨੈ ਫਾਰਮ ਭੇਜਣ ਵੇਲੇ ਦੋਹਾਂ ਨੂੰ ਬਹੁਤ ਕਾਹਲੀ ਵਿਚ ਪਰਮਿਟ ਭੇਜਣ ਲਈ ਲਿਖਿਆ ਸੀ ਤੇ ਦੋਹਾਂ ਦੇ ਪਰਮਿਟ ਦਸ ਦਿਨਾਂ ਦੇ ਅੰਦਰ ਅੰਦਰ ਪੁੱਜ ਗਏ ਸਨ। ਇੰਨੇ ਚੰਗੇ ਮਿੱਤਰਾਂ ਨੂੰ ਮਿਲਣ ਜਾਣਾ ਵੀ ਤਾਂ ਜ਼ਰੂਰੀ ਸੀ। ਆਉਂਦੇ ਸਨਿਚਰਵਾਰ ਨੂੰ ਮੈਂ ਉਨ੍ਹਾਂ ਨੂੰ ਮਿਲਣ ਜਾਣ ਦਾ ਪ੍ਰੋਗਰਾਮ ਬਣਾ ਲਿਆ।

ਲਛਮਣ ਸਿੰਘ ਸੰਧੂ ਦਾ ਘਰ ਸਟੈਫੋਰਡ ਰੋਡ 'ਤੇ ਸੀ। ਮੈਂ ਬਸ ਤੋਂ ਉਤਰ ਕੇ ਪਹਿਲਾਂ ਉਹਦੇ ਘਰ ਦੀ ਘੰਟੀ ਦਾ ਬਟਨ ਜਾ ਦੱਬਿਆ। ਲਛਮਣ ਸਿੰਘ ਸੰਧੂ ਦੀ ਪੰਜਾਬ ਵਾਲੀ ਸ਼ਕਲ ਸੂਰਤ ਮੇਰੀਆਂ ਅੱਖਾਂ ਸਾਹਮਣੇ ਘੁਮ ਰਹੀ ਸੀ। ਉਹ ਛੋਟੇ ਜਿਹੇ ਕੱਦ ਦਾ ਗੋਲ ਮਟੋਲ, ਸੁਭਾ ਦਾ ਰੰਗੀਲਾ ਤੇ ਸਦਾ

ਹਸਦਾ ਦਿਸਣ ਵਾਲਾ ਬੰਦਾ ਸੀ। ਦਾੜ੍ਹੀ ਪੱਗ ਨਾਲ ਸਜਦਾ ਵੀ ਉਹ ਬਹੁਤ ਸੀ। ਉਹ ਬੀ.ਏ. ਬੀ.ਟੀ ਮਾਸਟਰ ਸੀ। ਉਦੋਂ ਉਹ ਮਾਸਟਰਾਂ ਦੀਆਂ ਮਹਿਫਲਾਂ ਦੀ ਜਿੰਦ ਜਾਨ ਹੁੰਦਾ ਸੀ। 'ਹੁਣ ਉਹ ਕਿਹੋ ਜਿਹਾ ਹੋਵੇਗਾ?' ਸੋਚ ਹੀ ਰਿਹਾ ਸਾਂ ਕਿ ਦਰਵਾਜ਼ਾ ਖੁਲ੍ਹਿਆ। ਮੈਂ ਉਹਦੀ ਸ਼ਕਲ ਸੂਰਤ ਦੇਖਦਾ ਹੀ ਰਹਿ ਗਿਆ। ਉਹਨੇ ਆਪਣਾ ਹੁਲੀਆ ਬਦਿਲਆ ਹੋਇਆ ਸੀ, ਮੂੰਹ ਸਫਾਚੱਟ, ਰੰਗ ਗੋਰਾ, ਨਿਰਾ ਅੰਗਰੇਜ਼ ਲਗਦਾ ਸੀ।

ਸੰਧੂ ਪਤੀ ਪਤਨੀ ਬਹੁਤ ਖੁਸ਼ ਹੋ ਕੇ ਮਿਲੇ। ਮੇਰੇ ਬੈਠਿਦਆਂ ਹੀ ਹਾਲ ਚਾਲ ਪੁੱਛਣ ਦੱਸਣ ਪਿੱਛੋਂ ਮਿਸਜ਼ ਸੰਧੂ ਨੇ ਛੇਤੀ ਹੀ ਬਿਸਕੁਟਾਂ ਦੇ ਨਾਲ ਚਾਹ ਲਿਆ ਰਖੀ। ਚਾਹ ਦਾ ਘੁਟ ਭਰਿਦਆਂ ਸੰਧੂ ਨੇ ਪੁੱਛਿਆ, " ਸੁਣਾ ਹਰਬਖਸ਼! ਫੇਰ ਕਿਹੋ ਜਿਹੀ ਲੱਗੀ ਗੋਰਿਆਂ ਦੀ ਵਲੈਤ"।

ਮੈਂ ਕਿਹਾ, "ਹੁਣ ਆ ਹੀ ਗਿਆ ਤਾਂ ਭੱਜ ਕੇ ਕਿੱਥੇ ਜਾਣਾ? ਹੋਰ ਤਾਂ ਸਰੀ ਜਾਂਦਾ ਸਬਰ ਸਬੂਰੀ ਨਾਲ, ਹਾਂ ਕੰਮ ਦੀ ਜ਼ਰਾ ਚਿੰਤਾ ਹੈ, ਮਿਲ ਵੀ ਜਾਊ ਜਾਂ ਨਹੀਂ?"

" ਮਿਲ ਜਾਊ, ਮਿਲ ਜਾਊ, ਫਿਕਰ ਨਾ ਕਰ, ਬਸ ਜ਼ਰਾ ਗੋਰਿਆਂ ਨੂੰ ਤੇਰੇ ਦਸਤਾਰੇ ਤੋਂ ਡਰ ਲਗਦਾ", ਉਹਨੇ ਆਪਣੇ ਸੁਭਾ ਅਨੁਸਾਰ ਮੇਰੀ ਪੱਗ ਵਲ ਇਸ਼ਾਰਾ ਕਰ ਕੇ ਹਸ ਕੇ ਕਿਹਾ।

ਮੈਂ ਉੱਤਰ ਵਿਚ ਕਿਹਾ, " ਸੰਧੂ ਸਾਹਬ! ਇਹ ਵੀ ਹੋ ਜਾਊ, ਜਦੋਂ ਆਪ ਹੀ ਉਖਲ਼ੀ ਵਿਚ ਸਿਰ ਦਿੱਤਾ ਹੈ ਤਾਂ ਦੇਖੀ ਜਾਊ ਦੋ ਮੋਹਲੇ ਘਟ ਕੀ ਤੇ ਵੱਧ ਕੀ"।

ਸੰਧੂ ਦਾ ਸੁਭਾਅ ਉਹੋ ਜਿਹਾ ਹੀ ਸੀ, ਜਿਹੋ ਜਿਹਾ ਪੰਜਾਬ ਰਹਿੰਦਿਆਂ ਸੀ, ਫਰਕ ਸਿਰਫ ਇੰਨਾ ਕੁ ਪਿਆ ਸੀ ਕਿ ਹੁਣ ਉਹ ਮਾਸ ਸ਼ਰਾਬ ਨੂੰ ਹੱਥ ਨਹੀਂ ਲਾਉਂਦਾ ਸੀ।

ਮੈਂ ਪੁੱਛ ਹੀ ਲਿਆ, "ਸੰਧੂ ਸਾਹਿਬ! ਦੇਸ ਵਿਚ ਰਹਿੰਦੇ ਤਾਂ ਸਭ ਕੁਝ ਖਾ ਪੀ ਲੈਂਦੇ ਸੀ, ਇਹ ਕਰਾਮਾਤ ਕਿਵੇਂ ਵਾਪਰ ਗਈ?"

ਉਹਨੇ ਹੱਸ ਕੇ ਉੱਤਰ ਦਿੱਤਾ, "ਸੀ ਤਾਂ ਉੇਦੋਂ ਵੀ ਖਾਨਦਾਨੀ ਰਾਧਾ ਸੁਆਮੀ, ਪਰ ਪੀਣ ਖਾਣ ਵਾਲਿਆਂ ਨਾਲ ਬਹਿਣੀ ਉਠਣੀ ਹੋਣ ਕਰਕੇ ਬੈਠਕ ਦੀ ਸੁਹਬਤ ਹੋ ਗਈ ਸੀ"।

ਇੰਝ ਹੀ ਹਾਸ-ਵਿਅੰਗ ਵਿਚ ਪਤਾ ਹੀ ਨਾ ਲੱਗਾ, ਕਿੰਨਾ ਸਮਾਂ ਹੋ ਗਿਆ। ਮੈਂ ਘੜੀ ਦੇਖੀ ਤਾਂ ਪਤਾ ਲੱਗਾ ਕਿ ਮੈਨੂੰ ਇਨ੍ਹਾਂ ਕੋਲ ਬੈਠੇ ਨੂੰ ਘੰਟਾ ਕੁ ਹੋ ਗਿਆ ਸੀ।

ਮੈਂ ਕਿਹਾ, "ਚੰਗਾ ਸੰਧੂ ਸਾਹਿਬ! ਮੈਂ ਹੁਣ ਚਲਦਾਂ। ਹਾਲੀਂ ਕ੍ਰਿਪਾਲ ਨੂੰ ਵੀ ਮਿਲਣ ਜਾਣਾ"।

ਸੰਧੂ ਨੇ ਹੱਸ ਕੇ ਉੱਤਰ ਦਿੱਤਾ, "ਫਿਕਰ ਨਾ ਕਰ, ਇੱਥੋਂ ਨੇੜੇ ਹੀ ਹੈ ਕ੍ਰਿਪਾਲ ਦਾ ਘਰ"।

ਫੇਰ ਉਹਨੇ ਇੱਕ ਕਾਗ਼ਜ਼ ਲੈ ਕੇ ਕ੍ਰਿਪਾਲ ਦੇ ਘਰ ਤੱਕ ਜਾਣ ਦਾ ਇੱਕ ਨਕਸ਼ਾ ਜਿਹਾ ਬਣਾ ਕੇ ਮੈਨੂੰ ਫੜਾ ਦਿੱਤਾ ਤੇ ਕਿਹਾ, "ਇਸ ਨਕਸ਼ੇ ਅਨੁਸਾਰ ਤੁਰਿਆ ਜਾਵੀਂ, ਪੰਜਾਂ ਕੁ ਮਿੰਟਾਂ ਵਿਚ ਉਹਦੇ ਘਰ ਪੁੱਜ ਜਾਵੇਂਗਾ "।

ਮੈਂ ਉਠ ਕੇ ਤੁਰਨ ਲੱਗੇ ਨੇ ਦੋਹਾਂ ਨੂੰ ਹੱਥ ਜੋੜ ਕੇ ਕਿਹਾ, "ਚੰਗਾ ਮੈਂ ਹੁਣ ਚਲਦਾਂ, ਫੇਰ ਕਿਸੇ ਦਿਨ ਆਵਾਂਗਾ ਤੇ ਰੱਜ ਕੇ ਗੱਲਾਂ ਕਰਾਂਗੇ"।

ਮੈਨੂੰ ਕ੍ਰਿਪਾਲ ਦੇ ਘਰ ਪੁੱਜਦਿਆਂ ਮਸਾਂ ਪੰਜ ਕੁ ਮਿੰਟ ਲੱਗੇ। ਮੈਂ ਦਰਵਾਜ਼ੇ 'ਤੇ ਲੱਗੀ ਘੰਟੀ ਦਾ ਬਟਨ ਦੱਬਿਆ। ਕ੍ਰਿਪਾਲ ਦੇ ਛੋਟੇ ਭਰਾ ਨੇ ਦਰਵਾਜ਼ਾ ਖੋਲ੍ਹਿਆ ਤੇ 'ਸਤਿ ਸ੍ਰੀ ਅਕਾਲ' ਬੁਲਾ ਕੇ ਮੇਰੇ ਨਾਲ ਹੱਥ ਮਿਲਾਇਆ। ਮੈਂ ਪੰਜਾਬ ਵਿਚ ਹੀ ਉਹਦਾ ਵਾਕ਼ਿਫ ਹੋ ਗਿਆ ਸਾਂ। ਉਹ ਕਿਤੇ ਕਿਤੇ ਫਗਵਾੜੇ ਕ੍ਰਿਪਾਲ ਨੂੰ ਮਿਲਣ ਆਇਆ, ਮਿਲ ਪੈਂਦਾ ਸੀ। ਮੈਨੂੰ ਪਛਾਣਨ

ਵਿਚ ਉਹਨੂੰ ਤਾਂ ਦੇਰ ਨਾ ਲੱਗੀ। ਮੈਂ ਹੀ ਉਹਨੂੰ ਪਛਾਣ ਨਾ ਸਕਿਆ। ਉਹ ਹੁਣ ਸਫਾਚੱਟ ਹੋ ਚੁੱਕਾ ਸੀ, ਫੇਰ ਵੀ ਮੈਂ ਅੰਦਾਜ਼ਾ ਲਾ ਲਿਆ ਕਿ ਉਹ ਕ੍ਰਿਪਾਲ ਦਾ ਭਰਾ ਹੀ ਹੋ ਸਕਦਾ ਸੀ।

ਉਹਦੀ 'ਸਤਿ ਸ੍ਰੀ ਅਕਾਲ' ਦਾ ਜਵਾਬ ਦੇ ਕੇ ਮੈਂ ਪੁੱਛਿਆ, "ਕ੍ਰਿਪਾਲ ਘਰ ਹੀ ਹੈ?"

ਉਹਨੇ ਕਿਹਾ, "ਘਰੇ ਈ ਆ, ਤੁਹਾਨੂੰ ਹੀ ਬੈਠੇ ਉਡੀਕਦੇ ਸੀ"।

ਮੈਂ ਦਰਵਾਜ਼ੇ ਦੇ ਅੰਦਰ ਪੈਰ ਪਾਏ ਹੀ ਸਨ ਕਿ ਕ੍ਰਿਪਾਲ ਵੀ ਲਾਂਘੇ ਵਿਚ ਆ ਗਿਆ। ਭਾਵੇਂ ਉਹ ਵੀ ਆਪਣੇ ਭਰਾ ਵਾਂਗ ਹੀ ਕੇਸ ਦਾਹੜੀ ਕਟਵਾ ਚੁੱਕਾ ਸੀ, ਫੇਰ ਵੀ ਉਹਨੂੰ ਪਛਾਣਨ ਵਿਚ ਦੇਰ ਨਾ ਲੱਗੀ। ਉਹਦੇ ਨੈਣ ਨਕਸ਼ ਤਾਂ ਉਹੀ ਸਨ ਪਰ ਹੁਣ ਹੋਰ ਵੀ ਸੁਨੱਖਾ ਲੱਗਣ ਲੱਗ ਪਿਆ ਸੀ। ਉਹ ਮੈਨੂੰ ਜੱਫੀ ਪਾ ਕੇ ਮਿਲਿਆ ਤੇ ਕਹਿਣ ਲੱਗਾ, "ਆਓ ਅੰਦਰ ਬੈਠੀਏ, ਜਦ ਦਾ ਤੁਹਾਡਾ ਫੋਨ ਆਇਆ, ਅਸੀ ਤੁਹਾਨੂੰ ਹੀ ਬੈਠੇ ਉਡੀਕੀ ਜਾਂਦੇ ਸਾਂ"।

ਮੈਂ ਕਿਹਾ, "ਪਹਿਲਾਂ ਸੰਧੂ ਨੂੰ ਮਿਲਣ ਚਲਾ ਗਿਆ ਸੀ। ਉੱਥੇ ਕੁਝ ਵਧੇਰੇ ਹੀ ਸਮਾਂ ਲੱਗ ਗਿਆ"।

ਬੜੀਆਂ ਗੱਲਾਂ ਸਨ ਕਰਨ ਵਾਲੀਆਂ। ਆਖਰ ਅਸੀਂ ਫਗਵਾੜੇ ਦੋ ਕੁ ਸਾਲ ਇੱਕਠੇ ਰਹੇ ਸਾਂ। ਗੱਲਾਂ ਹੁੰਦੀਆਂ ਰਹੀਆਂ ਉਹਦੇ ਇਸ਼ਕ ਦੀਆਂ, ਉਹਦੇ ਸੰਗੀਤਕ ਸ਼ੌਕ ਦੀਆਂ, ਉਹਦੇ ਹੁਣ ਦੇ ਜੀਵਨ ਦੀਆਂ ਤੇ ਮੇਰੀ ਪੜ੍ਹਾਈ ਤੇ ਬਾਲ ਬੱਚਿਆਂ ਦੀਆਂ। ਉਹਨੇ ਪੰਜਾਬ ਤੋਂ ਆ ਕੇ ਇੱਥੇ, ਅਫਰੀਕਾ ਤੋਂ ਆਈ ਇੱਕ ਸੁਹਣੀ ਜਿਹੀ ਕੁੜੀ ਹਰਬੰਸ ਨਾਲ ਵਿਆਹ ਕਰਾ ਲਿਆ ਸੀ। ਉਹ ਹਾਲੀਂ ਆਪਣੇ ਪੇਕੇ ਘਰ ਹੀ ਸੀ। ਕ੍ਰਿਪਾਲ ਦੀ ਭਰਜਾਈ ਇੰਨੇ ਚਿਰ ਨੂੰ ਸਾਡੇ ਲਈ ਚਾਹ ਬਣਾ ਲਿਆਈ ਤੇ ਨਾਲ ਬਿਸਕੁਟਾਂ ਦੀ ਪਲੇਟ ਵੀ ਰੱਖ ਗਈ। ਅਸੀਂ ਨਾਲੇ ਚਾਹ ਦਾ ਅਨੰਦ ਮਾਣਦੇ ਰਹੇ, ਨਾਲੇ ਅਗਲੀਆਂ ਪਿਛਲੀਆਂ ਗੱਲਾਂ ਦਾ ਸੁਆਦ ਲੈਂਦੇ ਰਹੇ।

ਮੈਂ ਘੰਟਾ ਕੁ ਉਨ੍ਹਾਂ ਦੇ ਕੋਲ ਬੈਠਣ ਪਿੱਛੋਂ ਉਠ ਕੇ ਕਿਹਾ, " ਚੰਗਾ ਕ੍ਰਿਪਾਲ ਮੈਂ ਹੁਣ ਚਲਦਾਂ। ਫੇਰ ਕਿਸੇ ਦਿਨ ਮਿਲਣ ਆਵਾਂਗਾ। ਹਾਲੀਂ ਤਾਂ ਕੰਮ ਲੱਭਣ ਦੇ ਫਿਕਰ ਵਿਚ ਹਾਂ"।

ਕ੍ਰਿਪਾਲ ਨੇ ਹੱਸ ਕੇ ਕਿਹਾ, " ਫਿਕਰ ਕਰਨ ਦੀ ਲੋੜ ਨਹੀਂ। ਮੈਂ ਕਿਸੇ ਦਿਨ ਆਵਾਂਗਾ ਤੇ ਤੈਨੂੰ ਟਰਾਈ ਕਰਾਉਣ ਲੈ ਚੱਲਾਂਗਾ।" ਫੇਰ ਉਹ ਮੇਰੇ ਨਾਲ ਹੀ ਤੁਰ ਪਿਆ ਤੇ ਮੈਨੂੰ ਸਾਊਥਾਲ ਨੂੰ ਜਾਣ ਵਾਲੀ ਬੱਸ ਤੇ ਚੜ੍ਹਾ ਕੇ ਹੀ ਮੁੜਿਆ।

4.

## *ਜਿਹਾ ਦੇਸ ਤਿਹਾ ਭੇਸ*

ਉਸ ਦਿਨ ਕ੍ਰਿਪਾਲ ਜਿਹੜੀ ਬੱਸ ਵਿਚ ਮੈਨੂੰ ਚੜ੍ਹਾ ਕੇ ਗਿਆ ਸੀ, ਉਸ ਵਿਚ ਮੈਂ ਇਕੱਲਾ ਹੀ ਕੇਸ-ਦਾੜ੍ਹੀ ਵਾਲਾ ਦਸਤਾਰ ਧਾਰੀ ਸਿੱਖ ਸਾਂ। ਬਾਕੀ ਸਭ ਗੋਰੇ ਗੋਰੀਆਂ ਹੀ ਸਨ। ਮੈਥੋਂ ਅਗਲੀ ਸੀਟ 'ਤੇ ਇੱਕ ਗੋਰੀ ਆਪਣੇ ਸਾਲ ਕੁ ਦੇ ਬੱਚੇ ਨੂੰ ਚੁੱਕੀ ਬੈਠੀ ਸੀ। ਉਹਦੇ ਬੱਚੇ ਦੀ ਨਿਗਾਹ ਅਚਾਨਕ ਮੇਰੇ ਚਿਹਰੇ ਤੇ ਪੈ ਗਈ ਤੇ ਉਹ ਚੀਕਾਂ ਮਾਰਨ ਲੱਗ ਪਿਆ। ਉਹਦੀ ਮਾਂ ਨੇ ਉਹਦਾ ਮੂੰਹ ਫੜ ਕੇ ਦੂਜੇ ਪਾਸੇ ਕਰ ਦਿੱਤਾ। ਕੁਝ ਚਿਰ ਪਿੱਛੋਂ ਉਸ ਬੱਚੇ ਤੋਂ ਮੇਰੇ ਵਲ ਫੇਰ ਝਾਕ ਹੋ ਗਿਆ ਤੇ ਉਹਦੀਆਂ ਲੇਰਾਂ ਨਿਕਲ ਗਈਆਂ।

ਮੈਂ ਉਹਦੀ ਤਕਲੀਫ ਨੂੰ ਸਮਝ ਗਿਆ ਸਾਂ। ਉਸ ਬੱਚੇ ਨੇ ਕਦੀਂ ਕੋਈ ਪੱਗ ਦਾੜ੍ਹੀ ਵਾਲਾ ਬੰਦਾ ਦੇਖਿਆ ਨਹੀਂ ਸੀ ਤੇ ਮੈਨੂੰ ਕੋਈ ਬੱਚੇ-ਚੁੱਕ ਜਾਂ ਕੋਈ

ਇੱਲ ਬਲਾ ਹੀ ਸਮਝੀ ਜਾ ਰਿਹਾ ਸੀ। ਉਹਦਾ ਵੀ ਕੀ ਕ਼ਸੂਰ ਸੀ? ਮੈਂ ਵੀ ਤਾਂ ਬੱਚਪਨ ਵਿਚ ਗੱਡੀਆਂ ਵਾਲਿਆਂ, ਗਧੀਲਿਆਂ ਤੇ ਚਿੰਗੜਾਂ ਤੋਂ ਡਰ ਕੇ ਇੰਝ ਹੀ ਚੀਕਾ ਮਾਰਦਾ ਹੁੰਦਾ ਸਾਂ। ਭਾਵੇਂ ਮੈਨੂੰ ਬਹੁਤੇ ਦੇਸੀ ਭਾਈਬੰਦ ਇਹੀ ਕਹਿੰਦੇ ਸਨ ਕਿ ਕੇਸ ਮੁਨਾਏ ਬਿਨਾਂ ਕੰਮ ਨਹੀਂ ਮਿਲਣਾ, ਪਰ ਹਾਲੀਂ ਤੱਕ ਮੈਂ ਦੁਚਿੱਤੀ ਵਿਚ ਹੀ ਸਾਂ. ਹੁਣ ਮੈਂ ਇਹ ਸਭ ਕੁਝ ਦੇਖ ਕੇ ਸਮਝ ਗਿਆ ਸਾਂ ਕਿ ਮੈਨੂੰ ਕੇਸ ਕਟਵਾਉਣੇ ਹੀ ਪੈਣੇ ਹਨ। ਇਹ ਵੀ ਤਾਂ ਦਿਸਣ ਲੱਗ ਪਿਆ ਸੀ ਕਿ ਇਸ ਤੋਂ ਬਿਨਾ ਕੰਮ ਨਹੀਂ ਮਿਲਣਾ ਸੀ।

ਉਸ ਦਿਨ ਘਰ ਪੁੱਜਦਿਆਂ ਹੀ ਮੈਂ ਮਲਕੀਤ ਤੇ ਹਰਦਿਆਲ ਨੂੰ ਆਪਣੇ ਇਰਾਦੇ ਬਾਰੇ ਦਸਿਆ ਤਾਂ ਮਲਕੀਤ ਨੇ ਕਿਹਾ, "ਅਸੀਂ ਤਾਂ ਤੈਨੂੰ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਕੇਸ ਮੁਨਾਏ ਬਿਨਾ ਕੰਮ ਨਹੀਂ ਮਿਲਣਾ। ਇਸਤਰ੍ਹਾਂ ਕੰਮ ਮਿਲ ਸਕਦਾ ਹੁੰਦਾ ਤਾਂ ਮੈਂ ਕਿਉਂ ਕੇਸ ਮੁਨਾਉਂਦਾ? ਕੇਸ ਮਨਾਉਣ ਲਈ ਮਜ਼ਬੂਰ ਹੋਣ ਨਾਲ ਦਿਲ ਤਾਂ ਮੇਰਾ ਵੀ ਬਹੁਤ ਦੁਖਿਆ ਸੀ, ਪਰ ਇੱਥੇ ਆ ਗਿਆ ਸੀ ਤਾਂ ਵਾਪਸ ਵੀ ਤਾਂ ਨਹੀਂ ਜਾਇਆ ਜਾ ਸਕਦਾ ਸੀ। ਹਜ਼ਾਰਾਂ ਰੁਪਏ ਕਰਜ਼ਾ ਚਾੜ੍ਹ ਕੇ ਆਇਆ ਸੀ, ਪੈਸਿਆਂ ਤੋਂ ਬਿਨਾ ਮੁੜ ਕਿੱਦਾਂ ਜਾਂਦਾ?"

ਮੈਂ ਕਿਹਾ, "ਜੀਅ ਤਾਂ ਮੇਰਾ ਕਰਦਾ ਨਹੀਂ ਕੇਸ ਮੁਨਾਉਣ ਨੂੰ, ਆਖਰ ਜੇ ਇਹ ਕੰਮ ਕਰਨਾ ਹੀ ਪੈਣਾ ਹੈ ਤਾਂ ਕਿਉਂ ਨਾ ਹੁਣੇ ਹੀ ਕਰ ਲਿਆ ਜਾਵੇ?"

ਮਲਕੀਤ ਨੇ ਕਿਹਾ, "ਇੱਥੇ ਦੇ ਨਾਈ ਸਿੱਖਾਂ ਦੇ ਵਾਲ਼ ਕੱਟਣ ਤੋਂ ਜ਼ਰਾ ਡਰਦੇ ਆ, ਇਸ ਲਈ ਨਾਈ ਦੇ ਜਾਣ ਤੋਂ ਪਹਿਲਾਂ ਘਰ ਹੀ ਵਾਲ ਨੇੜੇ ਕਰਨੇ ਪੈਣਗੇ"।

ਇਹ ਕੰਮ ਕਿਹੜਾ ਔਖਾ ਸੀ? ਹਰਦਿਆਲ ਮੈਨੂੰ ਬਾਥਰੂਮ ਵਿਚ ਲੈ ਵੜਿਆ ਤੇ ਕੈਂਚੀ ਫੜ ਕੇ ਮੇਰੇ ਦੁਆਲੇ ਇੰਝ ਹੋ ਗਿਆ ਜਿਵੇਂ ਕਿ ਭੇਡ ਮੁੰਨਣ ਲੱਗਾ ਹੋਵੇ। ਉਹਨੇ ਝੱਟ ਪੱਟ ਮੇਰੇ ਸਿਰ ਦੇ ਵਾਲ ਕੱਟ ਕੇ ਛੋਟੇ ਕਰ ਦਿੱਤੇ।

ਫੇਰ ਮੈਨੂੰ ਕੰਧ 'ਤੇ ਲੱਗੇ ਸ਼ੀਸ਼ੇ ਮੋਹਰੇ ਖੜਾ ਕਰ ਕੇ ਕਿਹਾ, "ਪਹਿਲਾਂ ਕੈਂਚੀ ਨਾਲ ਦਾਹੜੀ ਨੇੜੇ ਕਰ ਲਵੀਂ ਤੇ ਫੇਰ ਇਸ ਸਾਬਣ ਜਿਹੇ ਦੀ ਝਗ ਆਪਣੇ ਮੂੰਹ ਤੇ ਏਦਾਂ ਬੁਰਸ਼ ਨਾਲ ਲਾ ਲਵੀਂ ਤੇ ਫੇਰ ਐਸ ਫੌੜੀ ਜਿਹੀ ਨੂੰ ਇਸਤਰ੍ਹਾਂ ਮੂੰਹ 'ਤੇ ਫੇਰੀਂ"। ਉਹਨੇ ਸੇਫਟੀ ਆਪਣੇ ਮੂੰਹ ਤੇ ਫੇਰ ਕੇ ਦਿਖਾਲੀ ਤੇ ਕਿਹਾ, "ਬਸ ਫੇਰ ਤੇਰਾ ਨਵਾਂ ਅਵਤਾਰ ਹੋ ਜਾਵੇਗਾ ਤੇ ਆਂਡੇ ਵਰਗਾ ਮੂੰਹ ਨਿਕਲ ਆਵੇਗਾ"। ਉਹ ਸਾਰਾ ਕੁਝ ਮੈਨੂੰ ਸੰਭਾਲ ਕੇ ਆਪ ਦਰਵਾਜ਼ਾ ਢੋਅ **ਕੇ** ਤੁਰਦਾ ਬਣਿਆ।

ਮੈਂ ਕਾਹਲੀ ਕਾਹਲੀ ਕੰਮ ਨਿਬੇੜ ਕੇ ਮੂੰਹ 'ਤੇ ਪਾਣੀ ਦੇ ਛਿੱਟੇ ਮਾਰੇ ਤੇ ਤੋਲੀਏ ਨਾਲ ਮੂੰਹ ਪੂੰਝ ਕੇ ਜਦ ਸ਼ੀਸ਼ੇ ਵਿਚ ਆਪਣਾ ਮੂੰਹ ਦੇਖਿਆ ਤਾਂ ਮੇਰਾ ਤਾਂ ਰੋਣ ਨਿਕਲ ਗਿਆ। ਹਰਬਖਸ਼ ਸਿੰਘ ਨਾਉਂ ਦਾ ਬੰਦਾ ਕਿਤੇ ਗ਼ਾਇਬ ਹੋ ਗਿਆ ਸੀ ਤੇ ਸ਼ੀਸ਼ੇ ਦੇ ਸਾਹਮਣੇ ਪੰਡਤ ਬਖਸ਼ੀ ਰਾਮ ਖੜਾ ਸੀ। ਮੂੰਹੋ ਰੋਣੀ ਜਿਹੀ ਅਵਾਜ਼ ਨਿਕਲੀ, "ਲਓ ਹੁਣ ਮਜ਼ਾ ਵਲੈਤ ਦਾ ਪੰਡਤ ਬਖਸ਼ੀ ਰਾਮ ਜੀ"।

ਮੇਰਾ ਤਾਂ ਬਾਥਰੂਮ ਵਿਚੋਂ ਬਾਹਰ ਨਿਕਲਣ ਨੂੰ ਜੀਅ ਨਾ ਕਰੇ। ਜਦ ਆਪਣਾ ਮੂੰਹ ਹੱਥਾਂ ਨਾਲ ਲੁਕਾਉਂਦਾ ਬਾਥਰੂਮ ਵਿਚੋਂ ਬਾਹਰ ਆਇਆ ਤਾਂ ਮੇਰੀ ਨਵੀਂ ਸ਼ਕਲ ਦੇਖ ਕੇ ਹਾਸੇ ਦਾ ਛਣਕਾਟਾ ਸ਼ੁਰੂ ਹੋ ਗਿਆ। ਸਾਰੇ ਹੱਸ ਹੱਸ ਦੋਹਰੇ ਹੋ ਗਏ।

ਮੈਂ ਖਸਿਆਨਾ ਜਿਹਾ ਹੋ ਕੇ ਹਰਦਿਆਲ ਨੂੰ ਕਿਹਾ, "ਚਲ ਹੁਣ ਨਾਈ ਦਾ ਕੰਮ ਵੀ ਮੁਕਾ ਆਈਏ"।

ਉਹ ਮੈਨੂੰ ਨਾਲ ਲੈ ਕੇ ਪੰਜ ਕੁ ਮਿੰਟ ਵਿਚ ਨਾਈ ਦੀ ਦੁਕਾਨ 'ਤੇ ਪੁੱਜ ਗਿਆ। ਨਾਈ ਨੇ ਮੈਨੂੰ ਚੋਖੀ ਵਡੀ ਕੁਰਸੀ ਤੇ ਬੈਠਾ ਕੇ ਮੇਰੀ ਗਰਦਨ ਤੋਂ ਥੱਲੇ ਦੇ ਸਰੀਰ ਨੂੰ ਕਪੜੇ ਵਿਚ ਲਪੇਟ ਦਿੱਤਾ ਤੇ ਫੇਰ ਕੈਂਚੀ ਕੰਘੀ ਫੜੀ ਮੇਰੇ ਦੁਆਲੇ ਹੋ ਗਿਆ। ਉਹਨੇ ਕੈਂਚੀ ਤੇ ਕੰਘੀ ਮੇਰੇ ਸਿਰ ਦੇ ਐਨ ਨੇੜੇ ਲਿਆ ਕੇ

ਕਿਹਾ, "ਹਾਔਂ?" ਮੇਰੀ ਥਾਂ ਹਰਦਿਆਲ ਨੇ ਹੀ ਕਹਿ ਦਿੱਤਾ, "ਮੀਡੀਅਮ"। ਉਹਨੇ ਥੋੜ੍ਹੇ ਚਿਰ ਵਿਚ ਹੀ ਮੇਰੇ ਭੱਦਣ ਕਰ ਕੇ ਮੈਨੂੰ ਸ਼ੀਸ਼ਾ ਦਿਖਾ ਦਿੱਤਾ। ਮੈਨੂੰ ਆਪਣੇ ਪਿੰਡ ਦੇ ਭਲਵਾਨ ਨੰਦ ਸਿੰਘ ਦਾ ਚੇਤਾ ਆ ਗਿਆ। ਉਹ ਕੇਸਾਧਾਰੀ ਸਿੱਖ ਸੀ ਤੇ ਹਜਾਮਤ ਕਰਾਉਣ ਵਾਲਿਆਂ ਬਾਰੇ ਇਹ ਟੋਟਕਾ ਸੁਣਾਉਂਦਾ ਹੁੰਦਾ ਸੀ:-

ਚੰਗੇ ਭਲੇ ਨੂੰ ਕਚੀਚੀ ਉੱਠੀ
ਨਾਈ ਤਾਈਂ ਬੁਲਾਇਆ
ਗੁਥਲੀ ਵਿਚੋਂ ਕੱਢ ਉਸਤਰਾ
ਉਹਨੇ ਛਿੱਤਰ ਉੱਤੇ ਲਾਇਆ
ਕਰ ਸਫਾਈ ਝਾੜ ਪੂੰਜ ਕੇ
ਸ਼ੀਸ਼ਾ ਫੇਰ ਦਿਖਾਇਆ
ਮੂੰਹ ਹੋ ਗਿਆ ਬਾਂਦਰ ਵਰਗਾ
ਅਜੇ ਹਯਾ ਨਹੀਂ ਆਇਆ।

ਉਦੋਂ ਕੀ ਪਤਾ ਸੀ? ਕਦੀਂ ਮੇਰੇ ਨਾਲ਼ ਵੀ ਇਹ ਕੁਝ ਵਾਪਰ ਜਾ**ਣਾ**। ਨਾਈ ਤੋਂ ਛੁਟਕਾਰਾ ਹੁੰਦਿਆਂ ਹੀ ਮੈਂ ਹਰਦਿਆਲ ਨੂੰ ਕਿਹਾ, "ਚੱਲ ਫੇਰ ਹਰਦਿਆਲ ਹੁਣ ਟੋਪੀ ਵੀ ਖਰੀਦ ਲਈਏ"। ਮੈਨੂੰ ਡਰ ਸੀ ਕਿ ਮੇਰੇ ਸਿਰ ਦੇ ਖੱਬੇ ਪਾਸੇ ਦਾ ਫੁਲਬਹਿਰੀ ਰੰਗਾ ਗੰਜ ਲੋਕਾਂ ਨੂੰ ਦਿਸਣ ਲੱਗ ਪੈਣਾ। ਵੂਲਵਰਥ ਵਿਚੋਂ ਟੋਪੀ ਖਰੀਦ ਕੇ ਤੇ ਸਿਰ ਢਕ ਕੇ ਹੀ ਮੈਂ ਘਰ ਪੁੱਜਿਆ।

ਟੋਪੀ ਰੱਖਣ ਦੀ ਮੈਨੂੰ ਬਹੁਤਾ ਚਿਰ ਪਈ। ਮੈਨੂੰ ਛੇਤੀ ਹੀ ਆਪਣੇ ਗੰਜ ਨੂੰ ਢਕ ਕੇ ਰਖਣ ਦਾ ਵੱਲ ਆ ਗਿਆ। ਮੈਂ ਆਪਣੇ ਵਾਲਾਂ ਦਾ ਚੀਰ **ਸੱ**ਜੇ ਪਾਸੇ ਕਢ ਕੇ ਵਾਲ ਖੱਬੇ ਪਾਸੇ ਨੂੰ ਵਾਹ ਲੈਂਦਾ ਸਾਂ ਤੇ ਵਾਲ ਵੀ ਕੁਝ ਆਮ

ਨਾਲੋਂ ਲੰਮੇ ਰੱਖਦਾ ਸਾਂ। ਇਸਤਰ੍ਹਾ ਮੇਰਾ ਗੰਜ ਬਿਨਾ ਟੋਪੀ ਦੇ ਹੀ ਢਕ ਹੋ ਜਾਂਦਾ ਸੀ।

## *5.*

## *ਪਰਦੇਸ ਵਿਚ ਪਹਿਲਾ ਕੰਮ*

ਕੇਸ ਮੁਨਾਉਣ ਪਿੱਛੋਂ ਅਗਲੇ ਸੋਮਵਾਰ ਮੈਂ ਪੂਰੇ ਭਰੋਸੇ ਨਾਲ ਉਸੇ 'ਜੇ ਲਾਇਨ ਫਰਮ ਵਿਚ ਟਰਾਈ ਕਰਨ ਚਲਾ ਗਿਆ ਜਿੱਥੇ ਕੁਝ ਦਿਨ ਪਹਿਲਾਂ ਗਿਆ ਸੀ। ਮੈਂ ਸਿੱਧਾ ਪਰਸਨਲ ਔਫਿਸ ਦੀ ਤਾਕੀ ਮੋਹਰੇ ਜਾ ਖੜਾ ਹੋਇਆ। ਉਸੇ ਗੋਰੀ ਕੁੜੀ ਨੇ ਪੁੱਛਿਆ, "ਵੱਟ ਕੈਨ ਆਈ ਡੂ ਫੌਰ ਯੂ?" ਮੈਂ ਕਿਹਾ, "ਹੈਵ ਯੂ ਗੌਟ ਐਨੀ ਵੇਕੈਂਸੀ?" ਉਹਨੇ ਹਾਂ ਵਿਚ ਸਿਰ ਹਲਾਇਆ ਤੇ ਮੈਨੂੰ ਇੱਕ ਫਾਰਮ ਭਰਨ ਲਈ ਦੇ ਦਿੱਤਾ। ਮੈਂ ਫਾਰਮ ਭਰਨ ਲਈ ਨੇੜੇ ਪਏ ਬੈਂਚ ਤੇ ਜਾ ਬੈਠਾ।

ਉੱਥੇ ਤਿੰਨ ਕੁ ਹੋਰ ਪੰਜਾਬੀ ਭਾਈਬੰਦ ਬੈਠੇ ਸਨ। ਇਨ੍ਹਾਂ ਵਿਚੋਂ ਇੱਕ ਮੁੰਡਾ ਮੈਨੂੰ ਕੁਝ ਜਾਣਿਆ ਪਛਾਇਆਂ ਜਾਪਿਆ। ਚੇਤਾ ਨਹੀਂ ਆ ਰਿਹਾ ਸੀ, ਮੈਂ ਉਹਨੂੰ ਕਿੱਥੇ ਦੇਖਿਆ ਸੀ। ਉਹ ਵੀ ਮੇਰੇ ਮੂੰਹ ਵਲ ਬਿਟਰ ਬਿਟਰ ਝਾਕ ਰਿਹਾ ਸੀ, ਜਿਵੇਂ ਕਿ ਮੈਨੂੰ ਪਛਾਣਨ ਦਾ ਯਤਨ ਕਰ ਰਿਹਾ ਹੋਵੇ ਰਿਹਾ।

ਮੈਂ ਉਹਦੇ ਕੋਲ ਬੈਠ ਕੇ ਉਹਨੂੰ ਪੁੱਛ ਹੀ ਲਿਆ, "ਜਵਾਨਾ! ਤੇਰੀ ਸ਼ਕਲ ਕੁਝ ਜਾਣੀ ਪਛਾਣੀ ਲਗਦੀ ਹੈ"।

ਉਹ 'ਮਾਸਟਰ ਜੀ! ਸਤਿ ਸ੍ਰੀ ਅਕਾਲ' ਕਹਿ ਕੇ ਮੇਰੇ ਪੈਰਾਂ ਵਲ ਝੁਕ ਗਿਆ ਤੇ ਕਹਿਣ ਲੱਗਾ, "ਮਾਸਟਰ ਜੀ! ਮੈਂ ਰਮੇਸ਼ ਆਂ, ਤੁਹਾਡਾ ਸ਼ਗਿਰਦ, ਰਾਮਗੜ੍ਹੀਆ ਸਕੂਲ ਫਗਵਾੜੇ ਦਾ। ਪਹਿਲਾਂ ਤਾਂ ਮੈਂ ਤੁਹਾਨੂੰ ਪਛਾਣਿਆ ਨਹੀਂ ਸੀ, ਹੁਣ ਤੁਹਾਡੀ ਅਵਾਜ਼ ਤੋਂ ਪਛਾਣ ਹੋ ਗਈ"।

ਮੈਂ ਵੀ ਹੁਣ ਉਹ ਨੂੰ ਪਛਾਣ ਲਿਆ ਸੀ। ਮੈਂ ਪੁੱਛਿਆ, "ਕਦ ਆਇਆਂ ਦੇਸੋਂ?"

ਉਹ ਨੇ ਉੱਤਰ ਦਿੱਤਾ, "ਛੇ ਕੁ ਮਹੀਨੇ ਹੋਏ ਆ। ਰੋਜ਼ ਟਰਾਈ ਕਰਨ ਜਾਂਦਾ। ਅਨੇਕਾਂ ਫੈਕਟਰੀਆਂ ਗਾਹ ਮਾਰੀਆਂ, ਕੰਮ ਨਹੀਂ ਮਿਲਿਆ", ਉਹਨੇ ਆਪਣੀ ਗੱਲ ਜਾਰੀ ਰਖਦਿਆਂ ਪੁੱਛਿਆ, "ਤੁਸੀਂ ਕਦ ਆਏ?"

ਮੈਂ ਕਿਹਾ, "ਮੈਨੂੰ ਵੀ ਮਹੀਨਾ ਕੁ ਹੋ ਗਿਆ ਆਏ ਨੂੰ। ਤੇਰੇ ਵਾਂਗ ਕੰਮ ਹੀ ਲਭਦਾ ਫਿਰਦਾਂ। ਪੱਗ ਦਾੜ੍ਹੀ ਵਾਲੀ ਸ਼ਕਲ ਵਿਚ ਤਾਂ ਹਰ ਥਾਂ **ਤੋਂ** ਜਵਾਬ ਹੀ ਮਿਲਦਾ ਰਿਹਾ ਸੀ। ਅੱਜ ਪਹਿਲੀ ਵੇਰ ਨਵੇਂ ਰੂਪ ਵਿਚ ਆਇਆਂ। ਦੇਖੋ ਕੀ ਬਣਦਾ?"

ਮੈਂ ਫਾਰਮ ਭਰ ਕੇ ਤਾਕੀ ਵਿਚ ਫੜਾ ਆਇਆ ਤੇ ਸੱਦੇ ਦੀ ਉਡੀਕ ਵਿਚ ਬੈਠ ਗਿਆ। ਅੱਧੀ ਕੁ ਮੇਰੀ ਗ਼ਮੀ ਇਹ ਸੋਚ ਕੇ ਦੂਰ ਹੋ ਗਈ ਕਿ ਮੇਰੇ ਪੜ੍ਹਨ ਪੜ੍ਹਾਉਣ ਦਾ ਹੀ ਸਿੱਟਾ ਸੀ ਕਿ ਆਪਣੇ ਦੇਸ ਤੋਂ ਹਜ਼ਾਰਾਂ ਮੀਲ ਦੂਰ ਵੀ ਕਿਸੇ ਨੇ ਮੈਨੂੰ ਪਛਾਣ ਲਿਆ ਸੀ।

ਮੇਰੀ ਵਾਰੀ ਆਈ ਤਾਂ ਉਸ ਕੁੜੀ ਨੇ ਮੈਨੂੰ ਬੁਲਾਇਆ ਤੇ ਮੈਨੂੰ ਨਾਲ ਲੈ ਕੇ ਫੈਕਟਰੀ ਦੇ ਇੱਕ ਪਾਰਟ ਦੇ ਇਨਚਾਰਜ ਨੂੰ ਸੰਭਾਲ ਆਈ। ਇਨਚਾਰਜ ਨੇ ਸਿਰ ਤੋਂ ਪੈਰਾਂ ਤੱਕ ਮੈਨੂੰ ਇੰਝ ਨਿਹਾਰਿਆ, ਜਿਵੇਂ ਖਰੀਦਣ ਤੋਂ ਪਹਿਲਾਂ ਕਸਾਈ ਬਕਰੇ ਨੂੰ ਨਿਹਾਰਦਾ ਹੈ। ਉਹ ਮੇਰੀ ਡੀਲ ਡੌਲ ਦੇਖ ਕੇ

ਖਿੜ ਗਿਆ ਤੇ ਫਾਰਮ ‘ਤੇ 'ਹਾਂ ਦਾ ਨਿਸ਼ਾਨ ਵਾਹ ਕੇ ਮੈਨੂੰ ਪੁਛਿਆ, “ਇੰਗਲਿਸ਼ ਬੋਲ/ਸਮਝ ਲੈਂਦਾ”। ਮੈਂ ਕਿਹਾ, “ਬਹੁਤ ਚੰਗੀ ਤਰ੍ਹਾਂ। ਮੈਂ ਪੋਸਟ-ਗਰੈਜੂਏਟ ਹਾਂ”। ਇਹ ਸੁਣਦਿਆਂ ਹੀ ਉਹਨੇ ਮੇਰੇ ਫਾਰਮ ਤੇ ਕਾਟਾ ਮਾਰ ਕੇ ਕੁਝ ਲਿਖਿਆ ***ਤੇ*** ਫਾਰਮ ਮੈਨੂੰ ਵਾਪਸ ਦਿੰਦਿਆਂ ਕਿਹਾ, “ਸੌਰੀ ਸਾਡੇ ਕੋਲ ਤੇਰੇ ਲਈ ਕੋਈ ਜੌਬ ਨਹੀਂ ਹੈ”। ਉਹਦਾ ਜਵਾਬ ਸੁਣ ਕੇ ਮੇਰਾ ਤਾਂ ਸਾਹ ਸੂਤਿਆ ਗਿਆ।

ਮੈਂ ਵਾਪਸ ਪਰਸਨਲ ਔਫਿਸ ਵਿਚ ਗਿਆ ਤੇ ਉਸੇ ਕੁੜੀ ਨੂੰ ਫਾਰਮ ਵਾਪਸ ਕਰ ਕੇ ਪੁੱਛਿਆ, “ਕੀ ਲਿਖਿਆ ਉਹਨੇ?” ਉਹ ਨੇ ਫਾਰਮ ਦੇਖ ਕੇ ਕਿਹਾ, “ਇੰਨੇ ਐਜੂਕੇਟੈੱਡ ਬੰਦੇ ਲਈ ਸਾਡੇ ਕੋਲ ਕੋਈ ਜੌਬ ਨਹੀਂ”। ਮੈਂ ਰੋਣਾ ਜਿਹਾ ਮੂੰਹ ਲੈ ਕੇ ਉੱਥੋਂ ਤੁਰ ਪਿਆ ਤੇ ਆਪਣੇ ਆਪ ਨੂੰ ਕਿਹਾ,“ਚੰਗੀ ਕਦਰ ਪਈ ਆ ਹਰਬਖਸ਼ ਸਿਹਾਂ! ਤੇਰੀ ਪੜ੍ਹਾਈ ਦੀ”। ਉਸੇ ਵੇਲੇ ਮੈਂ ਪੱਕਾ ਫੈਸਲਾ ਕਰ ਲਿਆ ਕਿ ਆਪਣੀ ਵਿੱਦਿਅਕ ਯੋਗਤਾ, ਅੱਗੋਂ ਲਈ ਮੈਟ੍ਰਿਕ ਤੋਂ ਵੱਧ ਨਹੀਂ ਦਸਣੀ। ਮੇਰੀ ਯੋਗਤਾ ਹੀ ਮੇਰੇ ਲਈ ਅਯੋਗਤਾ ਬਣ ਗਈ ਸੀ।

ਦੂਜੇ ਦਿਨ ਸਵੇਰੇ ਮੇਰੇ ਦੋਸਤ ਕ੍ਰਿਪਾਲ ਸਿੰਘ ਨੇ ਆ ਦਰਵਾਜ਼ਾ ਖੜਕਾਇਆ। ਉਹ ਨੇ ਮੇਰੀ ਨਵੀਂ ਸ਼ਕਲ ਦੇਖ ਕੇ ਹੱਸ ਕੇ ਕਿਹਾ, “ਚਲੋ ਚੰਗਾ ਹੋਇਆ, ਜਿਹਾ 'ਦੇਸ ਤਿਹਾ ਭੇਸਾ ਹੋ ਗਿਆ। ਹੁਣ ਕੰਮ ਵੀ ਸੌਖਾ ਹੀ ਮਿਲ ਜਾਵੇਗਾ। ਆ ਬੈਠ ਮੇਰੇ ਮੋਟਰਸਾਈਕਲ ਦੇ ਪਿੱਛੇ, ਤੈਨੂੰ ਟਰਾਈ ਕਰਾ ਲਿਆਵਾਂ”।

ਮੈਂ ਕਿਹਾ, “ਕ੍ਰਿਪਾਲ! ਅੰਦਰ ਆ ਜਾ। ਚਾਹ ਪਾਣੀ ਪੀ ਕੇ ਚਲਦੇ ਹਾਂ”।

ਉਹ ਨੇ ਕਿਹਾ, "ਨਹੀਂ, ਪਹਿਲਾਂ ਮੇਰੇ ਨਾਲ ਤੁਰ ਟਰਾਈ ਕਰ ਆਈਏ। ਕੰਮ ਸਵੇਰੇ ਸਵੇਰੇ ਹੀ ਮਿਲਦੇ ਹੁੰਦੇ ਆ। ਚਾਹ ਵਾਪਸ ਆਕੇ ਪੀ ਲਵਾਂਗੇ"। ਉਹ ਮੈਨੂੰ ਮੋਟਰ ਸਾਈਕਲ ਦੇ ਪਿੱਛੇ ਬੈਠਾ ਕੇ ਚਲਦਾ ਬਣਿਆ।

੧੫ ਕੁ ਮਿੰਟ ਪਿੱਛੋਂ ਇੱਕ ਫੈਕਟਰੀ ਅੱਗੇ ਮੋਟਰਸਾਈਕਲ ਰੋਕ ਕੇ ਉਹਨੇ ਕਿਹਾ, "ਆ ਪਹਿਲਾਂ ਇੱਥੇ ਟਰਾਈ ਕਰ ਕੇ ਦੇਖੀਏ"। ਫੈਕਟਰੀ ਦੇ ਬਾਹਰ ਬੋਰਡ ਤੇ ਲਿਖਿਆ ਹੋਇਆ ਸੀ 'ਸੀਮੈਨ ਸਕ੍ਰੂਕਰਟ'। ਉਹ ਮੈਨੂੰ ਨਾਲ ਲੈ ਕੇ ਪਰਸਨਲ ਔਫਸ ਦੀ ਤਾਕੀ ਮੋਹਰੇ ਜਾ ਖੜ੍ਹਾ ਹੋਇਆ। ਗੋਰੀ ਕੁੜੀ ਨੇ ਤਾਕੀ ਖੋਲ੍ਹ ਕੇ ਕ੍ਰਿਪਾਲ ਨਾਲ ਗੱਲ ਕੀਤੀ। ਕ੍ਰਿਪਾਲ ਨੇ ਉਹਨੂੰ ਵੇਕੈਨਸੀ ਬਾਰੇ ਪੁੱਛਿਆ ਤਾਂ ਉਹਨੇ ਹਾਂ ਵਿਚ ਸਿਰ ਹਿਲਾ ਕੇ ਕਿਹਾ, "ਕਲੀਨਰ ਦੀ ਜੌਬ ਮਿਲ ਸਕਦੀ ਹੈ"।

ਕ੍ਰਿਪਾਲ ਨੇ ਉਹਦੇ ਉੱਤਰ ਵਿਚ ਕਿਹਾ, "ਇਹ ਕੋਈ ਵੀ ਕੰਮ ਕਰਨ ਲਈ ਤਿਆਰ ਹੈ"।

ਕੁੜੀ ਨੇ ਫੋਨ '**ਤੇ** ਕਿਸੇ ਨਾਲ ਗੱਲ ਕਰਨ ਪਿੱਛੋ ਕਿਹਾ, "ਥੋੜਾ ਚਿਰ ਉਡੀਕ ਕਰੋ। ਵਰਕ ਮੈਨੇਜਰ ਆ ਕੇ ਗੱਲ ਕਰੇਗਾ"। ਪੰਜਾਂ ਮਿੰਟਾਂ ਵਿਚ ਹੀ ਇੱਕ ਲੰਮਾ ਜਿਹਾ ਤੇ ਭਰਵੇਂ ਸਰੀਰ ਵਾਲਾ ਬੰਦਾ ਆਇਆ ਤੇ ਮੈਨੂੰ ਸਿਰ ਤੋਂ ਪੈ**ਰਾਂ** ਤੱਕ ਜਾਚ ਕੇ ਕਿਹਾ, "ਠੀਕ ਹੈ, ਸੋਮਵਾਰ ਸਵੇਰੇ ਅੱਠ ਵਜੇ ਕੰਮ ਤੇ ਆ ਜਾਵੀਂ ਤੇ ਮੈਨੂੰ ਮਿਲੀਂ"। ਫੇਰ ਉਹਨੇ ਇੱਕ ਚਿੱਟ ਤੇ ਆਪਣਾ ਨਾਉਂ ਤੇ ਸ਼ੌਪ ਦਾ ਨਾਉਂ ਲਿਖ ਕੇ ਚਿੱਟ ਮੈਨੂੰ ਫੜਾ ਦਿੱਤੀ। ਇਸ ਤਰ੍ਹਾਂ ਭੱਦਣ ਕਰਾਉਣ ਪਿੱਛੋਂ ਮੈਨੂੰ ਵਲਾਇਤ ਦੀ ਧਰਤੀ 'ਤੇ ਪਹਿਲੀ ਨੌਕਰੀ ਆਪਣੇ ਹੀ ਪਿਆਰੇ ਮਿੱਤਰ ਕ੍ਰਿਪਾਲ ਦੀ ਮਦਦ ਨਾਲ ਮਿਲੀ।

ਕ੍ਰਿਪਾਲ ਜਿਸਤਰ੍ਹਾ ਮੈਨੂੰ ਲੈ ਕੇ ਆਇਆ ਸੀ, ਉਸੇ ਤਰ੍ਹਾਂ ਵਾਪਸ ਮੇਰੇ ਪਤੇ 'ਤੇ ਉਤਾਰ ਕੇ ਇਹ ਕਹਿ ਕੇ ਤੁਰ ਗਿਆ, " ਚੰਗਾ ਹਰਬਖਸ਼! ਫੇਰ ਮਿਲਾਂਗੇ। ਫੋਨ ਕਰਦਾ ਰਹੀਂ"।

ਸੋਮਵਾਰ ਆਉਣ ਤੋਂ ਪਹਿਲਾਂ ਹੀ ਮੈਂ ਪੂਰਾ ਪਤਾ ਕਰ ਲਿਆ ਸੀ ਕਿ ਕੰਮ 'ਤੇ ਕਿਵੇਂ ਪੁੱਜਣਾ ਹੈ? ਆਪਣੇ ਘਰ ਦੇ ਨੇੜਿਉਂ ਹੀ ਅਕਸਬ੍ਰਿਜ ਰੋਡ ਤੋਂ ੨੦੭ ਨੰਬਰ ਬੱਸ ਫੜਨੀ ਸੀ ਤੇ ਫੇਰ ਹੈਨਵਲ ਤੋਂ ਵੈਸਟਐਂਡ ਰੋਡ ਤੱਕ ਜਾਣ ਵਾਲੀ ਬੱਸ ਉਡੀਕਣੀ ਪੈਣੀ ਸੀ। ਵੈਸਟਐਂਡ ਰੋਡ 'ਤੇ ਪੰਜ ਕੁ ਮਿੰਟ ਤੁਰ ਕੇ ਆਪਣੀ ਫਰਮ ਸੀਮੈਨ ਸਕੂਕਰਟ ਤੱਕ ਪੁੱਜਣਾ ਸੀ। ਮੁਸੀਬਤ ਇਹ ਸੀ ਕਿ ਲੰਡਨ ਵਿਚ ਤੇ ਆਸ ਪਾਸ ਚੱਲਣ ਵਾਲੀਆਂ ਸਾਰੀਆ ਬੱਸਾਂ ਲਾਲ ਰੰਗ ਦੀਆਂ ਇੱਕੋ ਜਿਹੀਆਂ ਸਨ। ਜਦ ਬੱਸ ਨੇੜੇ ਆ ਜਾਂਦੀ ਸੀ ਤਾਂ ਹੀ ਉਹਦਾ ਨੰਬਰ ਪੜ੍ਹਿਆ ਜਾਂਦਾ ਸੀ।  ਮੈਂ ਜਿਸ ਬੱਸ ਨੂੰ ਪਹਿਲਾਂ ਪਹਿਲਾਂ 'ਟੂ ਹੰਡਰਡ ਐਂਡ ਸੈਵਨ' ਆਖਦਾ ਸਾਂ ਉਹਨੂੰ ਬਾਕੀ ਲੋਕ "ਟੂ ਓ ਸੈਵਨ" ਕਹਿੰਦੇ ਸਨ। ਉਦੋਂ ਹਰ ਬਸ ਵਿਚ ਟਿਕਟ ਪੁੱਛਣ/ਦੇਣ ਲਈ ਕੰਡਕਟਰ ਹੁੰਦਾ ਸੀ । ਹੁਣ ਵਾਂਗ ਉਦੋਂ ਬਸਾਂ ਵਿਚ ਟਿਕਟ ਦੇਣ ਵਾਲੀਆਂ ਮਸ਼ੀਨਾਂ ਨਹੀਂ ਹੁੰਦੀਆਂ ਸਨ ਤੇ ਨਾ ਡਰਾਈਵਰ ਆਪ ਟਿਕਟ ਦਿੰਦਾ ਸੀ। ਕੰਡਕਟਰ ਹਰ ਮੁਸਾਫਰ ਕੋਲ ਜਾਂਦਾ ਸੀ ਤੇ 'ਟਿਕਟ ਪਲੀਜ਼' ਕਹਿੰਦਾ ਹੋਇਆ ਅੱਗੇ ਤੁਰਿਆ ਜਾਂਦਾ ਸੀ। ਜਦ ਕੋਈ ਮੁਸਾਫਿਰ ਆਪਣੇ ਪਹੁੰਚਣ ਦੇ ਅੱਡੇ ਦਾ ਨਾਉਂ ਬੋਲਦਾ ਤਾਂ ਕੰਡਕਟਰ ਅੱਗਿਉਂ 'ਥਰੀ ਐਂਡ ਹਾਫ' ਜਾਂ 'ਟੂ ਐਂਡ ਹਾਫ' ਪਲੀਜ਼ ਵਗੈਰਾ ਕਹਿੰਦਾ ਸੀ।  ਅਸਲ ਵਿਚ ਉਹ ਪੈੱਨਸਾਂ ਵਿਚ ਕਰਾਇਆ ਦੱਸ ਰਿਹਾ ਹੁੰਦਾ ਸੀ। ਮੇਰੇ ਵਰਗਾ ਨਵਾਂ ਆਇਆ ਬੰਦਾ ਬੌਂਦਲ ਜਾਂਦਾ ਸੀ ਕਿ ਉਹ ਸ਼ਲਿੰਗ ਮੰਗਦਾ ਹੈ ਜਾਂ ਪੈੱਨਸ। ਮੈਂ ਸ਼ਲਿੰਗ ਸੱਮਝ ਕੇ ਉਹਨੂੰ ਕਰਾਇਆ ਫੜਾ ਦਿੰਦਾ ਸਾਂ। ਉਹ ਪੈੱਨਸ ਰੱਖ ਕੇ ਬਾਕੀ ਮੋੜ ਦਿੰਦਾ ਸੀ। ਇੰਝ ਮੈਂ ਵੀ ਜਾਣ ਗਿਆ ਕਿ ਉਹਦੇ 'ਟੂ ਐਂਡ ਹਾਫ ਜਾਂ 'ਥਰੀ ਐਂਡ ਹਾਫ' ਦਾ ਕੀ ਮਤਲਬ ਹੁੰਦਾ ਸੀ।

ਸੋਮਵਾਰ ਸਵੇਰੇ ਇਸਤਰ੍ਹਾਂ ਬੱਸਾਂ ਬਦਲਦਾ ਮੈਂ ਔਖਾ ਸੁਖਾਲਾ ਅੱਠ **ਵੱ**ਜਣ ਤੋਂ ਪੰਦਰਾਂ ਮਿੰਟ ਪਹਿਲਾਂ ਹੀ ਕੰਮ 'ਤੇ ਜਾ ਪੁੱਜਾ। ਪਰਸਨਲ ਔਫਸ

ਵਾਲੀ ਉਹੀ ਕੁੜੀ ਮੈਨੂੰ ਵਰਕਸ਼ੌਪ ਵਿਚ ਲੈ ਗਈ ਤੇ ਉਸੇ ਵਰਕ ਮੈਨੇਜਰ ਨੂੰ ਸੰਭਾਲ ਆਈ। ਵਰਕ ਮੈਨੇਜਰ ਨੇ ਇੱਕ ਕਾਰਡ ਲਿਆ ਕੇ ਉਹਦੇ ਇੱਕ ਪਾਸੇ ਮੇਰਾ ਨਾਉਂ ਤੇ ਨੰਬਰ ਤੇ ਦੂਜੇ ਪਾਸੇ ਮੇਰੇ ਆਉਣ ਦਾ ਸਮਾਂ ਲਿਖਿਆ ਤੇ ਮੈਨੂੰ ਇਸ ਸ਼ੌਪ ਦੇ ਗੇਟ ਕੋਲ ਲੱਗੇ ਇੱਕ ਬੜੇ ਸਾਰੇ ਕਲੌਕ ਕੋਲ ਲੈ ਗਿਆ। ਉਸ ਕਲੌਕ ਦੇ ਹੇਠਾ ਇੱਕ ਬਕਸਾ ਲੱਗਾ **ਹੋਇਆ** ਸੀ। ਉਹਨੇ ਮੈਨੂੰ ਦੱਸਿਆ, "ਆਉਣ ਵੇਲੇ ਤੇ ਜਾਣ ਵੇਲੇ ਇਸ ਬਕਸੇ ਦੀ ਝਰੀ ਵਿਚ ਕਾਰਡ ਪਾ ਕੇ ਇਸ ਹੈਂਡਲ ਨੂੰ ਦੱਬਣ ਨਾਲ ਆਉਣ ਜਾਣ ਦਾ ਟਾਈਮ ਇਸ ਕਾਰਡ ਤੇ ਛਪ ਜਾਇਆ ਕਰੇਗਾ"। ਉਹਨੇ ਮੈਨੂੰ ਪੂਰੀ ਗੱਲ ਸਮਝਾ ਕੇ ਕਿਹਾ, "ਇੱਸ ਕਾਰਡ 'ਤੇ ਤੇਰਾ  ਨੰਬਰ ਲਿਖਿਆ ਹੋਇਆ ਹੈ। ਇਸ ਕਾਰਡ ਨੂੰ ਇਸ ਬੋਰਡ 'ਤੇ ਲਿਖੇ ਆਪਣੇ ਨੰਬਰ ਵਾਲੇ ਖਾਨੇ ਵਿਚ ਰਖਣਾ ਹੈ"। ਉਹਨੇ ਮੈਨੂੰ ਉਸੇ ਵੇਲੇ ਕਾਰਡ ਦੇ ਦੋਵੇਂ ਪਾਸੇ ਦਿਖਾ ਦਿੱਤੇ। ਇੱਕ ਪਾਸੇ ਮੇਰਾ ਨਾਉਂ, ਮੇਰਾ ਨੰਬਰ ਅਤੇ ਫੈਕਟਰੀ ਦੇ ਪਾਰਟ ਤੇ ਸੈਕਸ਼ਨ ਦਾ ਨਾਉਂ ਲਿਖੇ ਹੋਏ ਸਨ ਤੇ ਦੂਜੇ ਪਾਸੇ ਹਫਤੇ ਦੇ ਦਿਨਾਂ ਦੇ ਨਾਵਾਂ ਦੇ ਸਾਹਮਣੇ ਆਉਣ ਤੇ ਜਾਣ ਦਾ ਸਮਾਂ ਦਰਜ ਕਰਨ ਲਈ ਖਾਨੇ ਬਣੇ ਹੋਏ ਸਨ। ਫੇਰ ਉਹਨੇ ਉਹ ਕਾਰਡ ਮੇਰੇ ਨੰਬਰ ਵਾਲੇ ਖਾਨੇ ਵਿਚ ਰੱਖ ਦਿੱਤਾ। ਉਹਨੇ ਕਾਰਡ ਤੇ ਆਉਣ ਦਾ ਸਮਾਂ ਤਾਂ ਲਿਖ ਹੀ ਦਿੱਤਾ ਸੀ, ਜਾਣ ਦਾ ਸਮਾਂ ਜਾਣ ਵੇਲੇ ਛਾਪਣਾ ਸੀ।

ਬਰਤਾਨੀਆ ਵਿਚ ਇਹ ਮੇਰਾ ਪਹਿਲਾ ਕੰਮ, ਸਫਾਈ ਮਜ਼ਦੂਰ ਦਾ ਕੰਮ ਸੀ। ਸਾਡੇ ਦੇਸੀ ਭਾਈਬੰਦ ਇਸ ਕੰਮ ਨੂੰ ਨੀਚਾਂ ਕੰਮੀਆਂ ਦਾ ਕੰਮ ਸਮਝਦੇ ਸਨ। ਲਗਦੀ ਵਾਹ ਉਹ ਇਹ ਕੰਮ ਕਰਨਾ ਨਹੀਂ ਚਾਹੁੰਦੇ ਸਨ ਤੇ ਜੇ ਕਰਨਾ ਹੀ ਪੈ ਜਾਵੇ ਤਾਂ ਆਪਣੇ ਲੋਕਾਂ ਤੋਂ ਲੁਕਾਉਂਦੇ ਸਨ। ਮੈਨੂੰ ਆਪਣੇ ਇੱਕ ਦੇਸੀ ਭਾਈਬੰਦ ਦੀ ਗੱਲ ਯਾਦ ਆ ਗਈ ਹੈ, ਉਹ ਤੁਹਾਡੇ ਨਾਲ ਵੀ ਸਾਂਝੀ ਕਰ ਲੈਂਦਾ ਹਾਂ। ਉਹ ਲੰਡਨ ਏਅਰਪੋਰਟ 'ਤੇ ਟੱਟੀਆਂ ਦੀ ਸਫਾਈ ਦਾ ਕੰਮ

ਕਰਦਾ ਸੀ, ਪਰ ਦੇਸ ਨੂੰ ਚਿੱਠੀ ਵਿਚ ਸਦਾ ਇਹੀ ਲਿਖਦਾ ਸੀ ਕਿ ਉਹ ਏਅਰਪੋਰਟ ਤੇ ਅਫਸਰ ਲੱਗਾ ਹੋਇਆ ਹੈ। ਇਹੋ ਜਿਹੇ ਬੰਦੇ ਹੀ ਇੱਥੇ ਜਾਤ ਪਾਤ ਦੇ ਭੇਦ ਭਾਵ ਦੀ ਗੱਲ ਵੱਧਾ ਚੜ੍ਹਾ ਕੇ ਕਰਦੇ ਸਨ ਤੇ ਗੱਲ ਗੱਲ ਤੇ ਦੂਜਿਆਂ ਨੂੰ ਚੂਹੜੇ ਚਮਾਰ ਆਖ ਕੇ ਆਪਣੇ ਘਟੀਆਪਨ ਦੇ ਅਹਿਸਾਸ ਨੂੰ ਲੁਕਾਉਣ ਦਾ ਯਤਨ ਕਰਦੇ ਸਨ। ਮੈਨੂੰ ਨਾ ਤਾਂ ਇਹ ਕੰਮ ਕਰਨ ਵਿਚ ਕੋਈ ਝਿਜਕ ਸੀ, ਨਾ ਮੈਂ ਇਹ ਗੱਲ ਕਿਸੇ ਤੋਂ ਲੁਕਾਉਂਦਾ ਸਾਂ। ਇਹ ਕੰਮ ਮਿਲਣ ਤੋਂ ਪਿੱਛੋਂ ਮੈਂ ਤਾਂ ਆਪਣੀ ਪਹਿਲੀ ਚਿੱਠੀ ਵਿਚ ਹੀ ਆਪਣੇ ਟੱਬਰ ਤੇ ਰਿਸ਼ਤੇਦਾਰਾਂ ਨੂੰ ਲਿਖ ਦਿੱਤਾ ਸੀ ਕਿ ਮੈਂ ਇੱਥੇ ਉਹੀ ਕੰਮ ਕਰਦਾ ਹਾਂ ਜਿਹੜਾ ਕੰਮ ਸਾਡੇ ਦੇਸ ਵਿਚ ਚੂਹੜੇ ਕਰਦੇ ਹਨ। ਇਹ ਵੱਖਰੀ ਗੱਲ ਹੈ ਮੇਰੀ ਚਿੱਠੀ ਦਾ ਕਿਸੇ ਨੇ ਯਕੀਨ ਹੀ ਨਹੀਂ ਕੀਤਾ ਸੀ। ਕੋਈ ਮੰਨਦਾ ਹੀ ਨਹੀਂ ਸੀ ਕਿ ਐਮ. ਏ ਪਾਸ ਜੱਟਾਂ ਦਾ ਮੁੰਡਾ ਕਦੀਂ ਇਹ ਕੰਮ ਕਰ ਸਕਦਾ ਹੈ।

ਮੇਰਾ ਕੰਮ ਆਪਣੇ ਸੈਕਸ਼ਨ ਦੀ ਸਫਾਈ ਰੱਖਣਾ ਸੀ। ਮੈਂ ਮਸ਼ੀਨਾਂ ਦੇ ਨੇੜੇ ਪਈਆਂ ਲੋਹ-ਕਾਂਤਰਾਂ ਜਾਂ ਲੋਹ-ਚੂਰ ਸ਼ਵਲ ਨਾਲ ਬੈਰੋ (ਦੋਪਹੀਆ ਗੱਡੀ) ਵਿਚ ਭਰ ਕੇ ਬਾਹਰ ਲੈ ਜਾ ਕੇ ਨੀਯਤ ਥਾਂ ਉੱਥੇ ਢੇਰੀ ਕਰ ਆਉਂਦਾ ਸਾਂ। ਬੈਰੋ ਨੂੰ ਦੋ ਹੱਥਿਆਂ ਤੋਂ ਫੜ ਕੇ ਧੱਕਣਾ ਪੈਂਦਾ ਸੀ। ਕਈ ਵੇਰ ਬੈਰੋ ਕੁਝ ਜ਼ਿਆਦਾ ਹੀ ਭਰ ਹੋ ਜਾਂਦਾ ਤੇ ਰਸਤੇ ਵਿਚ ਹੀ ਉਲਟ ਜਾਂਦਾ, ਉਹਨੂੰ ਮੁੜ ਭਰਨ ਦਾ ਦੁਕੰਮਣ ਪੈ ਜਾਂਦਾ। ਮਸ਼ੀਨਾਂ ਦੁਆਲਿਉਂ ਲੋਹ-ਚੂਰ ਤੇ ਲੋਹ-ਕਾਂਤਰਾਂ ਚੁੱਕਣ ਦਾ ਕੰਮ ਮੁਕਾਉਣ ਪਿੱਛੋਂ ਫੇਰ ਸਾਰਾ ਦਿਨ ਉਸ ਸੈਕਸ਼ਨ ਦਾ ਫਰਸ਼ ਸਾਫ ਰੱਖਣਾ ਹੁੰਦਾ ਸੀ। ਇਸ ਕੰਮ ਲਈ ਪੰਜ ਕੁ ਫੁੱਟ ਦੇ ਡੰਡੇ ਨਾਲ ਲੱਗੇ ਬਰੂਮ ਨੂੰ ਵਰਤਣਾ ਹੁੰਦਾ ਸੀ। ਇਹ ਸਾਰਾ ਕੰਮ ਤਾਂ ਸਵੇਰੇ ਘੰਟੇ ਕੁ ਵਿਚ ਹੋ ਜਾਂਦਾ ਸੀ ਜਾਂ ਫੇਰ ਸ਼ਾਮ ਨੂੰ ਘੰਟਾ ਕੁ ਲਾਉਣ ਨਾਲ ਸਰ ਜਾਂਦਾ ਸੀ। ਬਾਕੀ ਸਾਰਾ ਦਿਨ ਕਿਵੇਂ ਲੰਘਾਉਂਦਾ? ਕੰਮ ਤਾਂ ਹਫਤੇ ਦੇ ਪੰਜ ਦਿਨ ੮ ਵਜੇ ਸਵੇਰ ਤੋਂ ੫ ਵਜੇ ਸ਼ਾਮ ਤੱਕ ਤੇ ਫੇਰ ਸਨਿਚਰਵਾਰ ਨੂੰ ੮ ਵਜੇ ਸਵੇਰ ਤੋਂ ਸਾਢੇ ੧੨

ਵਜੇ ਤੱਕ ਹੁੰਦਾ ਸੀ। ਰੋਜ਼ ਅੱਧਾ ਘੰਟਾ ਖਾਣ ਪੀਣ ਦਾ ਟਾਈਮ ਵਿਚੋਂ ਕੱਟਿਆ ਜਾਂਦਾ ਸੀ ਤੇ ਦਿਨ ਵਿਚ ਦੋ ਵਾਰ ਪੰਦਰਾਂ ਪੰਦਰਾਂ ਮਿੰਟ ਆਪਣੀ ਮਰਜ਼ੀ ਨਾਲ ਚਾਹ ਪੀਣ ਵੀ ਜਾ ਸਕਦੇ ਸਾਂ। ਫੇਰ ਵੀ ਸਾਰਾ ਦਿਨ ਲੰਘਾਉਣਾ ਮੁਸ਼ਕਲ ਹੋ ਜਾਂਦਾ ਸੀ। ਮੈਂ ਜਦ ਵੀ ਬੈਰੋ ਭਰ ਕੇ ਬਾਹਰ ਲੈ ਜਾਂਦਾ ਤਾਂ ਉੱਥੇ ਹੀ ਪੰਦਰਾਂ ਕੁ ਮਿੰਟ ਲੰਘਾ ਆਉਂ**ਦਾ ਤੇ** ਫੇਰ ਐਵੇਂ ਇੱਧਰ ਉੱਧਰ ਬਰੂਮ ਲੈ ਕੇ ਫੇਰਦਾ ਰਹਿੰਦਾ ਤੇ ਸਾਫ ਫਰਸ਼ ਨੂੰ ਖਾਹਮਖਾਹ ਸਾਫ ਕਰਦਾ ਰਹਿੰਦਾ ਸਾਂ। ਡਰਦਾ ਸਾਂ ਕਿਤੇ ਫੋਰਮੈਨ ਵਿਹਲੇ ਖੜ੍ਹੇ ਨੂੰ ਨਾ ਦੇਖ ਲਵੇ। ਮੇਰੇ ਸੈਕਸ਼ਨ ਦੇ ਨਾਲ ਦੇ ਸੈਕਸ਼ਨ ਵਿਚ ਦੋ ਪਾਕਸਤਾਨੀ ਮੇਰੇ ਵਾਲਾ ਹੀ ਕੰਮ ਕਰਦੇ ਸਨ। ਉਹ ਹਰ ਅੱਧੇ ਘੰਟੇ ਪਿੱਛੋਂ ਸਿਗਰੈੱ**ਟਾਂ** ਲਾ ਕੇ ਖੜ੍ਹੇ ਰਹਿੰਦੇ ਤੇ ਮਸ਼ੀਨਿਸਟਾਂ ਨਾਲ ਗੱਪੀਂ ਜੁੱਟੇ ਰਹਿੰਦੇ ਤੇ ਉਨ੍ਹਾਂ ਨੂੰ ਵੀ ਸਿਗਰੈੱਟਾਂ ਦੇ ਕੇ ਖੁਸ਼ ਕਰੀ ਰੱਖਦੇ। ਇੱਥੇ ਦੇ ਰਿਵਾਜ ਅਨੁਸਾਰ ਸਿਗਰੈੱਟ ਪੀਂਦੇ ਨੂੰ ਕੋਈ ਟੋਕਦਾ ਨਹੀਂ ਸੀ। ਮੇਰੇ ਕੋਲ ਖੜੇ ਰਹਿਣ ਲਈ ਇਹ ਬਹਾਨਾ ਵੀ ਨਹੀਂ ਸੀ। ਇਹ ਦੋਵੇਂ  ਕਿੰਨਾ ਕਿੰਨਾ ਚਿਰ ਟਾਇਲਟਾਂ ਵਿਚ ਬੈਠੇ ਲੰਘਾ ਆਉਂਦੇ ਸਨ। ਮੈਨੂੰ ਇਸ ਗੱਲ ਦਾ ਪਤਾ ਚਿਰਾਂ ਪਿੱਛੋਂ ਲੱਗਾ ਕਿ ਮੇਰਾ ਕੰਮ ਫਰਸ਼ ਨੂੰ ਸਾਫ ਰੱਖਣਾ ਤੇ ਲੋਹ ਚੂਰ ਤੇ ਕਾਂਤਰਾਂ ਚੁੱਕਣਾ ਹੈ। ਜੇ ਫਰਸ਼ **ਤੇ** ਮਸ਼ੀਨਾਂ ਦਾ ਦੁਆਲਾ ਸਾਫ ਹੋਵੇ ਤਾਂ ਬੇਸ਼ਕ ਕਿਤੇ ਖੜੇ ਰਹੋ ਕੋਈ ਕੁਝ ਨਹੀਂ ਕਹਿੰਦਾ ਸੀ। ਪਰ ਇਸ ਤੋਂ ਪਹਿਲਾਂ ਹੀ ਮੇਰਾ ਮਨ ਇਸ ਕੰਮ ਤੋਂ ਉਚਾਟ ਹੋ ਗਿਆ।

ਜਦ ਮੈਨੂੰ ਪਤਾ ਲੱਗਾ ਕਿ ਇਸ ਫੈਕਟਰੀ ਵਿਚ ਬੰਬਾਂ ਵਿਚ ਲੱਗਣ ਵਾਲਾ ਕੋਈ ਪੁਰਜ਼ਾ ਬਣਾਇਆ ਜਾਂਦਾ ਹੈ, ਤਾਂ ਮੇਰਾ ਮਨ ਬਹੁਤ ਦੁਖੀ ਹੋਇਆ। ਮੈਂ ਉਹ ਬੰਬ ਬਣਾਉਣ ਵਿਚ ਸਹਾਈ ਹੋ ਰਿਹਾ ਸਾਂ ਜਿਹੜੇ ਪਤਾ ਨਹੀਂ ਕਿੰਨੇ ਲੋਕਾਂ ਦਾ ਘਾਣ ਕਰਨ ਲਈ ਵਰਤੇ ਜਾਣੇ ਸਨ। ਮੈਂ ਆਪਣੀ ਇਹ ਦੁਬਧਾ ਪ੍ਰੀਤ-ਲੜੀ ਵਾਲੇ ਨਵਤੇਜ ਨਾਲ ਇਕ ਪੱਤਰ ਵਿਚ ਸਾਂਝੀ ਕੀਤੀ ਤਾਂ

ਉਹਨੇ ਪ੍ਰੀਤਲੜੀ ਦੇ ਕਾਲਮ 'ਮੇਰੀ ਧਰਤੀ ਮੇਰੇ ਲੋਕ' ਵਿਚ ਇਹਦਾ ਜ਼ਿਕਰ ਕੀਤਾ ਸੀ।

ਇੱਕ ਦਿਨ ਮੇਰਾ ਸ਼ੱਬਲ ਲਭ ਨਹੀਂ ਰਿਹਾ ਸੀ। ਮੈਂ ਨਾਲ ਵਾਲੇ ਸੈਕਸ਼ਨ ਵਿਚ ਕੰਮ ਕਰਦੇ ਇੱਕ ਛੋਕਰੇ ਜਿਹੇ ਪਾਕਸਤਾਨੀ ਨੂੰ ਪੁੱਛ ਬੈਠਾ। ਉਹਦੇ ਵਾਲੇ ਤੇ ਮੇਰੇ ਵਾਲੇ ਸੈਕਸ਼ਨ ਵਿਚ ਕਿਹੜੀ ਕੋਈ ਦੀਵਾਰ ਸੀ? ਮੈਂ ਤਾਂ ਕਈ ਵੇਰ ਉਹਦੇ ਵਾਲੇ ਸੈਕਸ਼ਨ ਵਿਚ ਵੀ ਬਰੂਮ ਫੇਰ ਆਉਂਦਾ ਸਾਂ। ਮੈਂ ਤਾਂ ਅਸਲ ਵਿਚ ਇਨ੍ਹਾਂ ਦੋਹਾਂ ਸੈਕਸ਼ਨਾ ਨੂੰ ਇੱਕ ਹੀ ਸਮਝਦਾ ਸਾਂ। ਮੇਰੀ ਪੁੱਛ ਦੇ ਜਵਾਬ ਵਿਚ ਜੋ ਕੁਝ ਉਹਨੇ ਕਿਹਾ, ਉਹ ਮੇਰੇ ਦਿਲ ਵਿਚ ਨਸ਼ਤਰ ਵਾਂਗ ਖੁੱਭ ਗਿਆ। ਉਹਨੇ ਮੱਥੇ ਉੱਤੇ ਤੀਉੜੀਆਂ ਪਾ ਕੇ ਕਿਹਾ, "ਨਿਕਾਲ ਲੋ ਮੇਰੀ ਪਾਕਟ ਮੇਂ ਸੇ"। ਮੈਂ ਉਹਨੂੰ ਤਾਂ ਕੁਝ ਨਾ ਕਿਹਾ ਪਰ ਬਾਹਰ ਜਾ ਕੇ ਕਿੰਨਾ ਚਿਰ ਹੰਝੂ ਵਹਾਉਂਦਾ ਰਿਹਾ ਤੇ ਵੀਤੇ ਸਮੇਂ ਨੂੰ ਝੂਰਦਾ ਰਿਹਾ। ਪਤਾ ਨਹੀਂ ਕਿੰਨੇ ਇਹੋ ਜਿਹਾਂ ਨੂੰ ਮੈਂ ਵਿੱਦਿਆ ਦਾਨ ਦੇ ਕੇ ਸੂਝਵਾਨ ਬਣਾਇਆ ਸੀ। ਅੱਜ ਇਹ ਛੋਕਰਾ ਜਿਹਾ ਮੈਨੂੰ ਟਿੱਚ ਸਮਝ ਰਿਹਾ ਸੀ। ਇਹਦੇ ਨਾਲੋਂ ਤਾਂ ਮੇਰੇ ਸਕੂਲ ਵਿਚ ਕੰਮ ਕਰਦੇ ਚਪੜਾਸੀਆਂ ਨੂੰ ਕਿਤੇ ਵੱਧ ਚੰਗੇ ਮੰਦੇ ਦੀ ਪਛਾਣ ਹੁੰਦੀ ਸੀ। ਉਹਦੀ ਤਕਲੀਫ ਸਿਰਫ ਇੰਨੀ ਕੁ ਸੀ ਕਿ ਉਹਨੂੰ ਮੇਰੀ ਵਿੱਦਿਅਕ ਯੋਗਤਾ ਦਾ ਪਤਾ ਲੱਗ ਗਿਆ ਸੀ। ਭਾਵੇਂ ਮੈਂ ਆਪਣੀ ਯੋਗਤਾ ਬਾਰੇ ਗੱਲ ਕਰਨ ਤੋਂ ਬਹੁਤ ਹੀ ਸੰਕੋਚ ਤੋਂ ਕੰਮ ਲੈਂਦਾ ਸਾਂ, ਫੇਰ ਵੀ ਮੈਂ ਦੋ ਕੁ ਬੰਦਿਆਂ ਨੂੰ ਦੱਸ ਬੈਠਾ ਸਾਂ ਤੇ ਸ਼ਾਇਦ ਉਨ੍ਹਾਂ ਕੋਲੋਂ ਤੁਰਦੀ ਗੱਲ ਇਹਦੇ ਕੋਲ ਪੁੱਜ ਗਈ ਹੋਵੇ। ਉਹਦਾ ਵੀ ਕੀ ਕਸੂਰ ਸੀ? ਉਹ ਤਾਂ ਇੰਝ ਕਰ ਕੇ ਆਪਣੇ ਘਟੀਆਪਨ ਦੇ ਅਹਿਸਾਸ ਨੂੰ ਕੱਢਣ ਦਾ ਯਤਨ ਕਰ ਰਿਹਾ ਸੀ। ਉਂਝ ਵੀ ਮੈਂ ਇੱਥੋਂ ਦੇ ਮਾਹੌਲ ਤੋਂ ਦੁਖੀ ਸਾਂ। ਚਾਹੁੰਦਾ ਸਾ ਕਿ ਕਿਤੇ ਅਜਿਹਾ ਕੰਮ ਮਿਲ ਜਾਵੇ ਜਿੱਥੇ ਲੁਕ ਲੁਕ ਕੇ ਵਿਹਲਾ ਸਮਾਂ ਨਾ ਗੁਜ਼ਾਰਨਾ ਪਵੇ, ਭਾਵੇਂ ਸਾਰਾ ਦਿਨ ਕੰਮ ਤੋਂ ਸਾਹ ਲੈਣਾ ਵੀ ਨਸੀਬ ਨਾ ਹੋਵੇ।

ਇਸ ਫੈਕਟਰੀ ਵਿਚ ਸਾਡੀ ਬੋਲੀ ਬੋਲਣ ਸਮਝਣ ਵਾਲੇ ਭਾਈਬੰਦ ਬਹੁਤ ਥੋੜੇ ਸਨ, ਦੋ ਕੁ ਪੰਜਾਬੀ ਸਨ ਤੇ ਚਾਰ ਕੁ ਪਾਕਸਤਾਨੀ, ਬਾਕੀ ਸਾਰੇ ਗੋਰੀ ਨਸਲ ਦੇ ਆਦਮੀ ਤੀਵੀਆਂ ਸਨ। ਪਹਿਲਾਂ ਤਾਂ ਪਤਾ ਨਹੀਂ ਲਗਦਾ ਸੀ ਕਿਹੜਾ ਅੰਗਰੇਜ਼ ਹੈ ਤੇ ਕਿਹੜਾ ਯੂਰਪ ਦੇ ਕਿਸੇ ਹੋਰ ਮੁਲਕ ਦਾ। ਹੌਲੀ ਹੌਲੀ ਉਨ੍ਹਾਂ ਦੀ ਵਖਰੋ ਵੱਖਰੀ ਪਹਿਚਾਣ ਦਿਸਣ ਲੱਗ ਪਈ ਸੀ। ਭਾਵੇਂ ਰੰਗ ਸਾਰਿਆਂ ਦਾ ਗੋਰਾ ਸੀ ਪਰ ਕੁਝ ਕੁਝ ਛਾਂ ਜਿਹੀ ਦਾ ਫਰਕ ਵੀ ਦਿਸਣ ਲੱਗ ਪਿਆ ਸੀ। ਬਹੁਤੀ ਪਹਿਚਾਣ ਉਨ੍ਹਾਂ ਦੇ ਅੰਗਰੇਜ਼ੀ ਬੋਲਣ ਦੇ ਲਹਿਜ਼ੇ ਤੋਂ ਬਣਦੀ ਸੀ। ਪੋਲਿਸ਼,ਹੰਗੇਰੀਅਨ ਤੇ ਰੂਸੀ ਆਦਿ ਟੀ ਨੂੰ ਤੀ ਵਾਂਗ ਬੋਲਦੇ ਸਨ। ਇਸੇ ਤਰ੍ਹਾਂ ਇਟੈਲੀਅਨ ਵੀ ਟਰਬਨ ਨੂੰ ਤਰਬਨ ਕਹਿੰਦੇ ਸਨ।

ਰੂਸੀਆਂ ਹੰਗੇਰੀਅਨਾਂ ਤੇ ਪੋਲਿਸ਼ਾ ਨੂੰ ਇੱਥੇ ਮਜ਼ਦੂਰੀ ਕਰਦਿਆ ਦੇਖ ਕੇ ਪਹਿਲੀ ਵਾਰ ਮਨ ਵਿਚ ਇਹ ਪ੍ਰਸ਼ਨ ਉੱਠਿਆ ਸੀ ਕਿ ਜੇ ਰੂਸ ਅਤੇ ਪੂਰਬੀ ਯੂਰਪ ਦੇ ਮੁਲਕਾਂ ਵਿਚ ਮਜ਼ਦੂਰ ਜਮਾਤ ਦਾ ਰਾਜ ਹੈ ਤਾਂ ਇਨ੍ਹਾਂ ਮਜ਼ਦੂਰ ਜਮਾਤ ਦੇ ਲੋਕਾਂ ਨੂੰ ਇੱਥੇ ਪੂੰਜੀਵਾਦੀਆਂ ਦੇ ਮੁਲਕ ਵਿਚ ਆ ਕੇ ਮਜ਼ਦੂਰੀ ਕਰਨ ਦੀ ਕੀ ਮਜ਼ਬੂਰੀ ਹੋ ਸਕਦੀ ਸੀ? ਉਸ ਵੇਲੇ ਇਸ ਪ੍ਰਸ਼ਨ ਦਾ ਉੱਤਰ ਨਾ ਮੇਰੇ ਕੋਲ ਸੀ ਨਾ ਮਾਰਕਸੀ ਫਲਸਫੇ ਦੇ ਕਹਿੰਦੇ ਕਹਾਉਂਦੇ ਧਨੰਤਰਾਂ ਕੋਲ ਸੀ। ਇਸ ਲਈ ਚੁੱਪ ਰਹਿਣ ਤੇ ਇਸਦਾ ਉੱਤਰ ਸਮੇਂ 'ਤੇ ਛੱਡ ਦੇਣ ਤੋਂ ਬਿਨਾ ਹੋਰ ਕੋਈ ਚਾਰਾ ਨਹੀਂ ਸੀ।

ਸੀਮੈਨ ਸਕੂਕਰਟ ਵਿਚ ਮੈਨੂੰ ਸਣੇ ਸਨਿਚਰਵਾਰ ਹਫਤੇ ਦੇ ਪੌਣੇ ਚੌਦਾਂ ਕੁ ਪੌਂਡ ਮਿਲਦੇ ਸਨ। ਮੈਂ ਡੇਢ ਪੌਂਡ ਹਫਤੇ ਦਾ ਕਮਰੇ ਦਾ ਕਰਾਇਆ ਮਲਕੀਤ ਨੂੰ ਦਿੰਦਾ ਸਾਂ ਤੇ ਡੇਢ ਪੌਂਡ ਹਰਦਿਆਲ ਨੂੰ ਰੋਟੀ ਦੇ (ਹਰਦਿਆਲ ਨਾਲ ਮੈਂ ਰੋਟੀ ਦੀ ਸਾਂਝ ਪਾ ਲਈ ਸੀ)। ਘਰ ਦੀ ਮਾਲਕੀ ਦਾ ਹਿੱਸੇਦਾਰ

ਮਲਕੀਤ ਸੀ। ਮਲਕੀਤ ਨੇ ਇਹ ਘਰ ਆਪਣੇ ਇੱਕ ਪੇਂਡੂ ਬੰਦੇ ਪਿਆਰੇ ਨਾਲ ਰਲ਼ਕੇ ਸਾਂਝਾ ਲਿਆ ਸੀ। ਕਿਚਨ ਤੇ ਬਾਥ ਤੋਂ ਬਿਨਾ ਬਾਕਸ ਰੂਮ ਸਣੇ ਪੰਜ ਕਮਰੇ ਸਨ। ਪਿਆਰਾ ਆਪਣੇ ਟੱਬਰ ਸਮੇਤ ਮੋਹਰਲੇ ਕਮਰੇ ਵਿਚ ਰਹਿੰਦਾ ਸੀ। ਦੂਜੇ ਕਮਰੇ ਨੂੰ ਇੱਕ ਜਮੀਕਨ ਨੇ ਆਪਣੀ ਪਤਨੀ ਸਮੇਤ ਭਾਗ ਲਾਇਆ ਹੋਇਆ ਸੀ। ਉਪਰਲੇ ਦੋਂਹ ਕਮਰਿਆਂ ਵਿਚ ਮਲਕੀਤ ਤੇ ਹਰਦਿਆਲ ਆਪਣੇ ਟੱਬਰਾਂ ਸਮੇਤ ਰਹਿੰਦੇ ਸਨ ਤੇ ਮੇਰੇ ਹਿੱਸੇ ਬਾਕਸ ਰੂਮ ਆਇਆ ਸੀ। ਕਮਰਾ ਤਾਂ ਛੋਟਾ ਜਿਹਾ ਸੀ ਪਰ ਮੇਰੇ ਲਈ ਠੀਕ ਸੀ, ਸਰੀ ਜਾਂਦਾ ਸੀ। ਪਰ ਮਹੀਨੇ ਕੁ ਪਿੱਛੋਂ ਜਦ ਮੈਂ ਇੱਕ ਦਿਨ ਸ਼ਾਮ ਨੂੰ ਕੰਮ ਤੋਂ ਆ ਕੇ ਆਪਣੇ ਕਮਰੇ ਵਿਚ ਗਿਆ ਤਾਂ ਉੱਥੇ ਮੇਰੇ ਬਿਸਤਰੇ ਵਿਚ ਕੋਈ ਹੋਰ ਬੰਦਾ ਸੁੱਤਾ ਪਿਆ ਸੀ। ਇਹ ਮਲਕੀਤ ਦੇ ਸੌਹਰਿਆਂ ਦੇ ਪਿੰਡ ਤੋਂ ਸੀ। ਉਹ ਤਾਜ਼ਾ ਤਾਜ਼ਾ ਦੇਸੋਂ ਆਇਆ ਸੀ ਤੇ ਆਉਣ ਲੱਗਾ ਉਹਦੇ ਸੌਹਰਿਆਂ ਦੇ ਘਰੋਂ ਉਹਦਾ ਸਰਨਾਮਾ ਲੈ ਆਇਆ ਸੀ। ਏਅਰਪੋਰਟ ਤੋਂ ਸਿੱਧਾ ਉਹਦੇ ਘਰ ਆ ਗਿਆ ਸੀ। ਮਲਕੀਤ ਨੇ ਉਹਨੂੰ ਆਪਣੇ ਨਾਲ ਹੀ ਰਬੜ ਫੈਕਟਰੀ ਵਿਚ ਪੱਕੀਆਂ ਰਾਤਾਂ ‘ਤੇ ਕੰਮ ‘ਤੇ ਲੁਆ ਲਿਆ ਸੀ। ਹੁਣ ਉਹ ਸਵੇਰ ਦਾ ਮੇਰੇ ਬਿਸਤਰੇ ਵਿਚ ਡੱਟਿਆ ਹੋਇਆ ਸੀ। ਜਦ ਮੈਂ ਮਲਕੀਤ ਨੂੰ ਪੁੱਛਿਆ, ਤਾਂ ਉਹ ਨੇ ਉਹਦੇ ਬਾਰੇ ਸਭ ਕੁਝ ਦੱਸਿਆ ਤੇ ਫੇਰ ਹੱਸ ਕੇ ਕਿਹਾ, “ਹੁਣ ਇਹ ਤੇਰੇ ਬਿਸਤਰੇ ਵਿਚ ਹੀ ਸੌਮਇਆਂ ਕਰੇਗਾ, ਤੈਨੂੰ ਰਾਤ ਨੂੰ ਬਿਸਤਰਾ ਨਿਘਾ ਮਿਲ ਜਾਇਆ ਕਰੂ”। ਮੈਂ ਅੰਦਰੋਂ ਤਾਂ ਬਹੁਤ ਦੁਖੀ ਹੋਇਆ ਪਰ ਜ਼ਾਹਰ ਕੁਝ ਨਾ ਕੀਤਾ। ਸੋਚਿਆ, “ਕੋਈ ਗੱਲ ਨਹੀਂ, ਮੈਂ ਕਿਹੜਾ ਇੱਥੇ ਬਹੁਤਾ ਚਿਰ ਰਹਿਣਾ ਹੈ”।

ਡੇਢ ਪੌਂਡ ਮਲਕੀਤ ਨੂੰ ਤੇ ਡੇਢ ਪੌਂਡ ਹਰਦਿਆਲ ਨੂੰ ਦੇ ਕੇ ਮੇਰੇ ਕੋਲ ਹਫਤੇ ਦੇ ਦਸ ਪੌਂਡ ਤੇ ਪੰਦਰਾਂ ਕੁ ਸ਼ਲਿੰਗ ਬਚ ਜਾਂਦੇ ਸਨ। ਮੈਂ ਹਰ ਹਫਤੇ ੧੦ ਪੌਂਡ ਬਚਾਉਣ ਦਾ ਪੱਕਾ ਫੈਸਲਾ ਕਰ ਲਿਆ ਸੀ। ਉਪਰਲੇ ਸ਼ਲਿੰਗਾਂ ਵਿਚੋਂ ਕੁਝ ਕੰਮ 'ਤੇ ਆਉਣ ਜਾਣ ਦਾ ਕਰਾਇਆ ਲਗ ਜਾਂਦਾ ਸੀ। ਅਖਬਾਰ ਪੜ੍ਹਨ

ਦਾ ਸ਼ੌਕ ਮੈਂ ਕੰਮ ਤੇ ਹੀ ਇੱਧਰ ਉੱਧਰ ਪਈਆਂ ਅਖਬਾਰਾਂ ਪੜ੍ਹ ਕੇ ਪੂਰਾ ਕਰ ਲੈਂਦਾ ਸਾਂ। ਫੇਰ ਵੀ ਕੁਝ ਸ਼ਲਿੰਗ ਬਚੇ ਰਹਿੰਦੇ ਸਨ। ਹੋਰ ਮੈਨੂੰ ਕੋਈ ਸ਼ੌਕ ਹੈ ਹੀ ਨਹੀਂ ਸੀ। ਕਪੜੇ ਲੀੜੇ ਖਰੀਦਣ ਦੀ ਹਾਲੀਂ ਲੋੜ ਹੀ ਨਹੀਂ ਸੀ।

ਮੇਰਾ ਪੇਂਡੂ ਤੇ ਮਿੱਤਰ ਅਨੂਪ ਸਿੰਘ ਪੂਰਬੀ ਲੰਡਨ ਦੇ ਇੱਕ ਕਸਬੇ ਰਾਮਫੋਰਡ ਵਿਚ ਰਹਿੰਦਾ ਸੀ। ਉਹ ਲੱਗ ਪੱਗ ਹਰ ਐਤਵਾਰ ਸਵੇਰੇ ਮੈਨੂੰ ਮਿਲਣ ਆ ਜਾਂਦਾ ਸੀ। ਉਹ ਫਿਲਮਾਂ ਦੇਖਣ ਦਾ ਸ਼ੌਕੀਨ ਸੀ। ਉਦੋਂ ਹਰ ਸਨਿਚਰ ਤੇ ਐਤਵਾਰ ਸਾਊਥਾਲ ਦੇ ਡੁਮੀਨੀਅਨ ਸਿਨਮੇ ਵਿਚ ਹਿੰਦੋਸਤਾਨੀ ਫਿਲਮਾਂ ਲਗਦੀਆਂ ਸਨ। ਉਹ ਆਉਂਦਿਆਂ ਹੀ ਕਹਿੰਦਾ, "ਮਾਸਟਰ! ਮੈਂ ਤੈਨੂੰ ਮਿਲਣ ਆਉਂਦਾਂ, ਆਏ ਨੂੰ ਬੀਰ ਪਲਾਉਣੀ ਤਾਂ ਤੇਰਾ ਫਰਜ਼ ਬਣਦਾ ਹੀ ਹੈ, ਮੈਂ ਬੀਰ ਪੀਣੀ ਨਹੀਂ, ਇਸ ਲਈ ਚਲ ਸਿਨਮੇ ਨੂੰ"। ਮੈਂ ਵੀ ਖੁਸ਼ ਸਾਂ ਕਿ ਉਹ ਇਸਤਰ੍ਹਾਂ ਛੇਤੀ ਛੇਤੀ ਆ ਕੇ ਮਿਲ ਜਾਂਦਾ ਸੀ। ਪਰਦੇਸਾ ਵਿਚ ਇਸ ਗੱਲ ਦਾ ਬਹੁਤ ਸਹਾਰਾ ਹੁੰਦਾ ਹੈ। ਉਂਝ ਵੀ ਅਨੂਪ ਮੇਰੇ ਗੂੜ੍ਹੇ ਮਿੱਤਰਾਂ ਵਿਚੋਂ ਸੀ। ਉਹਦਾ ਟੱਬਰ ਵੀ ਹਾਲੀਂ ਨਹੀਂ ਆਇਆ ਸੀ। ਦੋਵੇਂ ਗੱਲਾਂ ਕਰ ਕੇ ਗੁੱਭ ਗਲ੍ਹਾ**ਟ** ਕੱਢ ਲੈਂਦੇ ਸਾਂ।

ਤਨਖਾਹ ਵਿਚੋਂ ਹਰ ਹਫਤੇ ਟੈਕਸ ਤੇ ਨੈਸ਼ਨਲ ਇਨਸ਼ੋਰੈਂਸ ਦੇ ਪੈਸੇ ਕੱਟ ਕੇ ਫੈਕਟਰੀ ਵਾਲੇ ਆਪ ਹੀ ਸੰਬੰਧਤ ਦਫਤਰਾਂ ਨੂੰ ਭੇਜ ਦਿੰਦੇ ਸਨ। ਉਜਰਤ ਦੇ ਘੱਟ ਵੱਧ ਹੋਣ ਅਨੁਸਾਰ ਟੈਕਸ ਘੱਟ ਵੱਧ ਲਗਦਾ ਸੀ। ਛੜੇ ਨਾਲੋਂ ਵਿਆਹੇ ਹੋਏ ਨੂੰ ਘੱਟ ਤੇ ਬੱਚਿਆਂ ਵਾਲਿਆਂ ਨੂੰ ਬੱਚਿਆਂ ਦੀ ਗਿਣਤੀ ਅਨੁਸਾਰ ਹੋਰ ਵੀ ਘਟ ਲਗਦਾ ਸੀ। ਜੇ ਕੋਈ ਆਪਣੇ ਬੁੱਢੇ ਮਾਪਿਆਂ ਜਾਂ ਆਪਣੀ ਪਤਨੀ ਦੇ ਮਾਪਿਆਂ ਦੀ ਮਦਦ ਕਰਦਾ ਸੀ ਉਹਨੂੰ ਹੋਰ ਵੀ ਛੋਟ ਮਿਲ ਜਾਂਦੀ ਸੀ। ਪਹਿਲਾਂ ਪਹਿਲਾਂ ਤਾਂ ਕਾਮੇ ਦੇ ਹਲਫੀਆ ਬਿਆਨ 'ਤੇ ਹੀ ਯਕੀਨ ਕਰ ਕੇ ਇਹ ਛੋਟਾਂ ਮਿਲ ਜਾਂਦੀਆਂ ਸਨ। ਸਾਡੇ ਦੇਸੀ ਭਾਈਬੰਦਾਂ ਨੇ ਇਨ੍ਹਾਂ ਛੋਟਾਂ ਦੀ ਖੂਬ ਦੁਰਵਰਤੋਂ ਕੀਤੀ। ਜਿਹੜੇ ਛੜੇ ਸਨ, ਉਹ ਵੀ ਆਪਣੇ

ਹਲਫਨਾਮੇ ਵਿਚ ਆਪਣੇ ਆਪ ਨੂੰ ਵਿਆਹੇ ਹੋਏ ਲਿਖਵਾ ਦਿੰਦੇ ਸਨ ਤੇ ਨਾਲ ਹੀ ਕਈ ਕਈ ਨਿਆਣੇ ਵੀ ਲਿਖਵਾ ਦਿੰਦੇ ਸਨ। ਮੇਰੇ ਇੱਕ ਜਾਣੂ ਬੰਦੇ ਨੇ ਆਪਣੇ ਬੜੇ ਭਰਾ ਦੀ ਪਤਨੀ ਤੇ ਉਹਦੇ ਚਾਰ ਬੱਚਿਆਂ ਨੂੰ ਆਪਣੇ ਬੱਚੇ ਤੇ ਇਹਦੇ ਨਾਲ ਹੀ ਉਹਨੇ ਆਪਣੇ ਭਰਾ ਦੇ ਸੱਸ ਸੁਹਰੇ ਨੂੰ ਵੀ ਆਪਣੇ ਸੱਸ ਸਹੁਰਾ ਲਿਖਵਾਇਆ ਹੋਇਆ ਸੀ। ਮੈਨੂੰ ਉਨ੍ਹਾਂ ਧਰਮ ਕਰਮ ਦੀਆਂ ਵਧ ਚੜ੍ਹ ਕੇ ਗੱਲਾਂ ਕਰਨ ਵਾਲਿਆਂ ਤੋਂ ਬੜੀ ਕੋਫਤ ਆਉਂਦੀ ਸੀ ਜਿਹੜੇ ਅਜਿਹਾ ਝੂਠਾ ਹਲਫੀਆ ਬਿਆਨ ਦੇਣ ਤੋਂ ਰਤੀ ਨਹੀਂ ਝਿਜਕਦੇ ਸਨ। ਪਿੱਛੋਂ ਜਾ ਕੇ ਤਾਂ ਇਹ ਵੀ ਦੇਖਿਆ ਗਿਆ ਕਿ ਗੁਰਦੁਆਰਿਆਂ ਦੇ ਗਰੰਥੀ, ਮੰਦਰਾਂ ਦੇ ਪੁਜਾਰੀ ਤੇ ਮਸੀਤਾਂ ਦੇ ਮੁੱਲਾਂ ਵੀ ਅਜਿਹੀਆਂ ਝੂਠੀਆਂ ਸੌਹਾਂ ਚੁੱਕ ਕੇ ਆਪਣਾ ਕੋਡ ਨੰਬਰ ਬਣਵਾਉਂਦੇ ਸਨ।

ਸਮਾਂ ਲੰਘਣ ਨਾਲ ਟੈਕਸ ਆਫਸ ਵਾਲਿਆਂ ਨੂੰ ਸਾਡੇ ਲੋਕਾਂ ਦੇ ਹਲਫਈਆ ਬਿਆਨਾਂ ਉੱਤੇ ਕੁਝ ਸ਼ੱਕ ਹੋਣ ਲੱਗ ਪਿਆ ਤੇ ਉਨ੍ਹਾਂ ਨੇ ਸਾਡੇ ਦੇਸੀ ਭਾਈਬੰਦਾਂ ਤੋਂ ਦੇਸ ਨੂੰ ਭੇਜੀ ਰਕਮ ਦੇ ਸਬੂਤ ਮੰਗਣੇ ਸ਼ੁਰੂ ਕਰ ਦਿੱਤੇ। ਮੈਂ ਤਾਂ ਸੱਚਮੁਚ ਹੀ ਵਿਆਹਿਆ ਹੋਇਆ ਸਾਂ ਤੇ ਮੇਰੇ ਤਿੰਨ ਬੱਚੇ ਵੀ ਸਨ। ਮੈਨੂੰ ਝੂਠਾ ਹਲਫੀਆ ਬਿਆਨ ਦੇਣ ਦੀ ਲੋੜ ਨਹੀਂ ਪਈ ਸੀ। ਜੇ ਮੈਂ ਵੀ ਛੜਾ ਛੜਾਂਗ ਹੁੰਦਾ ਤਾਂ ਝੂਠੀਆਂ ਸੌਹਾਂ ਖਾਣ ਵਾਲਿਆਂ ਦੀ ਕਤਾਰ ਵਿਚ ਸ਼ਾਮਿਲ ਹੋ ਜਾਂਦਾ ਜਾਂ ਨਾ, ਇਹ ਕਹਿਣਾ ਤਾਂ ਹੁਣ ਬੇਮਤਲਬ ਹੈ। ਪਰ ਇੱਕ ਗੱਲ ਯਕੀਨੀ ਹੈ ਕਿ ਜੇ ਮੈਂ ਛੜਾ ਛੜਾਂਗ ਹੁੰਦਾ ਤਾਂ ਮੈਂ ਦੇਸ ਨਿਕਾਲਾ ਲੈ ਕੇ ਇਸ ਦੇਸ ਵਿਚ ਆਉਣਾ ਹੀ ਨਹੀਂ ਸੀ।

ਮੈਨੂੰ ਵੀ ਦੇਸ ਨੂੰ ਪੈਸੇ ਭੇਜਿਆਂ ਦਾ ਸਬੂਤ ਤਾਂ ਟੈਕਸ ਔਫਸ ਨੂੰ ਭੇਜਣਾ ਹੀ ਪੈਣਾ ਸੀ। ਪਹਿਲੀ ਤਨਖਾਹ ਵਿਚੋਂ ਹੀ ਮੈਂ ਦਸ ਪੌਂਡ ਆਪਣੀ ਪਤਨੀ ਦੇ ਨਾਉਂ ਮਨੀ-ਆਰਡਰ ਕਰ ਦਿੱਤੇ ਤੇ ਰਸੀਦ ਲੈ ਜਾ ਕੇ ਟੈਕਸ ਔਫਸ ਨੂੰ ਭੇਜਣ ਲਈ ਕੰਮ ‘ਤੇ ਜਾ ਦਿੱਤੀ। ਹਫਤੇ ਕੁ ਪਿੱਛੋਂ ਹੀ ਮੇਰਾ ਕੋਡ

ਨੰਬਰ ਬਣ ਕੇ ਆ ਗਿਆ। ਇਸ ਨੰਬਰ ਤੋਂ ਪਤਾ ਲੱਗ ਜਾਂਦਾ ਸੀ ਕਿ ਕਿਸੇ ਨੂੰ ਟੈਕਸ ਤੋਂ ਕਿੰਨੀ **ਛੋਟ** ਮਿਲਣੀ ਹੈ। ਇਹਦੇ ਨਾਲ ਮੇਰੀ ਤਨਖਾਹ ਵਿਚ ਤਾਂ ਫਰਕ ਨਾ ਪਿਆ, ਕਿਉਂਕਿ ਚਲਦੇ ਸਾਲ ਦੇ ਵਿਚਕਾਰ ਕੰਮ 'ਤੇ ਲੱਗਣ ਕਰਕੇ ਮੈਨੂੰ ਟੈਕਸ ਲਗਦਾ ਹੀ ਨਹੀਂ ਸੀ।

ਪਹਿਲਾ ਮਨੀਆਰਡਰ ਮੇਰੀ ਪਤਨੀ ਨੂੰ ਭੇਜਣ ਦਾ ਮੇਰੀ ਮਾਂ ਨੂੰ ਬਹੁਤ ਦੁੱਖ ਲੱਗਾ। ਮੇਰੀ ਮਾਂ ਦਾ ਉਲ਼ਾਂਭਾ ਮੇਰੀ ਪਤਨੀ ਦੇ ਖੱਤ ਰਾਹੀਂ ਮੈਨੂੰ ਮਿਲ ਗਿਆ। ਉਹਦਾ ਉਲ਼ਾਂਭਾ ਜਾਇਜ਼ ਹੀ ਸੀ। ਜੇ ਮੈਨੂੰ ਕੋਡ ਨੰਬਰ ਲਈ ਰਸੀਦ ਦੀ ਲੋੜ ਨਾ ਹੁੰਦੀ ਤਾਂ ਮੈਂ ਜ਼ਰੂਰ ਪਹਿਲਾ ਮਨੀਆਰਡਰ ਆਪਣੀ ਮਾਂ ਦੇ ਨਾਉਂ ਹੀ ਭੇਜਦਾ। ਮੈਨੂੰ ਪੂਰਾ ਅਹਿਸਾਸ ਸੀ ਕਿ ਉਹਨੇ ਅਸਹਿ ਕਸ਼ਟ ਝਲਦਿਆਂ ਸਾਰੀ ਉਮਰ ਲੰਘਾਈ ਸੀ। ਉਹ ਮੇਰੇ ਪਿਤਾ ਜੀ ਦਾ ਮਨੀ ਆਰਡਰ ਸਾਰੀ ਉਮਰ ਉਡੀਕਦੀ ਰਹੀ ਸੀ ਜਿਹੜਾ ਘਟ ਹੀ ਮਿਲਿਆ ਸੀ। ਉਹਨੂੰ ਮੇਰੀ ਮਜਬੂਰੀ ਦਾ ਪਤਾ ਨਹੀਂ ਸੀ। ਮੈਂ ਤਾਂ ਆਪਣਾ ਕੋਡ ਨੰਬਰ ਬਣਵਾਉਣ ਲਈ ਇਹ ਮਨੀਆਰਡਰ ਆਪਣੀ ਪਤਨੀ ਦੇ ਨਾਉਂ ਭੇਜਿਆ ਸੀ। ਮੈਂ ਆਪਣੀ ਮਾਂ ਨੂੰ ਪੱਤਰ ਲਿਖ ਕੇ ਸਾਰੀ ਸਥਿਤੀ ਦੱਸੀ ਤੇ ਉਹਦਾ ਗ਼ਿਲਾ ਦੂਰ ਕਰਨ ਦਾ ਪੂਰਾ ਯਤਨ ਕੀਤਾ। ਮੇਰੇ ਪੱਤਰ ਦਾ ਅਸਰ ਨਾ ਹੋਣਾ ਸੀ, ਨਾ ਹੋਇਆ। ਮੇਰੀ ਮਾਂ ਤੇ ਮੇਰੀ ਪਤਨੀ ਦੇ ਵਿਚਾਲੇ ਗ਼ਲਤ ਫਹਿਮੀਆਂ ਦੀ ਦੀਵਾਰ ਉਸਰਨੀ ਸ਼ੁਰੂ ਹੋ ਗਈ। ਕੋਈ ਅਕਲ ਦਾ ਕੋਟ ਤਾਂ ਸ਼ਾਇਦ ਇਸ ਦੀਵਾਰ ਨੂੰ ਤੋੜ ਸਕਦਾ ਪਰ ਮੇਰੀ ਪਤਨੀ ਇਸਦੇ ਯੋਗ ਨਹੀਂ ਸੀ। ਆਪਣੀ ਥਾਵੇਂ ਦੋਵੇਂ ਸੱਚੀਆਂ ਸਨ ਤੇ ਦੋਵੇਂ ਡੂੰਘੀ ਸੋਚ ਦੇ ਅਯੋਗ ਸਨ। ਮੈਂ ਕੀ ਕਰ ਸਕਦਾ ਸਾਂ ਸੱਤ ਸਮੁੰਦਰੋਂ ਪਾਰ ਬੈਠਾ? ਇਹ ਵੀ ਮੈਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਸਾਡਾ ਸ਼ਰੀਕਾ ਭਾਈਚਾਰਾ ਕਿਹੋ ਜਿਹਾ ਸੀ। ਜੋ ਕੁਝ ਸਾਡੇ ਟੱਬਰ ਨਾਲ ਇਹ ਸ਼ਰੀਕਾ ਭਾਈਚਾਰਾ ਕਰਦਾ ਰਿਹਾ ਸੀ, ਉਹ ਮੈਨੂੰ ਭੁੱਲਿਆ ਨਹੀਂ ਸੀ। ਸਾਡੇ ਸ਼ਰੀਕੇ ਵਿਚੋਂ ਲਗਦੀਆਂ ਚਾਚੀਆਂ ਤਾਈਆਂ ਜੇ ਬਲ਼ਦੀ 'ਤੇ ਤੇਲ ਪਾਉਣੋਂ ਖੁੰਝ

ਜਾਂਦੀਆ ਤਾਂ ਉਹ ਜੱਟੀਆਂ ਕਿਵੇਂ ਹੋ ਸਕਦੀਆਂ ਸਨ? ਉਨ੍ਹਾਂ ਨੇ ਨੌਂਹ ਸੱਸ ਵਿਚ ਖੜ੍ਹ ਗਈ ਇਸ ਦੀਵਾਰ ਨੂੰ ਹੋਰ ਵੀ ਉੱਚੀ ਕਰਨ ਦਾ ਯਤਨ ਕਰਨਾ ਹੀ ਸੀ। ਪਿੱਛੋਂ ਜਾ ਕੇ ਇਸ ਦੀਵਾਰ ਦੀ ਜਿਹੜੀ ਸਜ਼ਾ ਮੈਨੂੰ ਭੁਗਤਣੀ ਪਈ, ਉਹਨੂੰ ਮੈਂ ਹੀ ਜਾਣਦਾ ਹਾਂ, ਹੋਰ ਕੋਈ ਜਾਣੇਗਾ ਵੀ ਤਾਂ ਕਿਉਂ?

ਮੈਂ ਹਰ ਹਫਤੇ ਦਸ ਪੌਂਡ ਬਚਾ ਕੇ ਬਹੁਤ ਖੁਸ਼ ਸਾਂ। ੧੦ ਪੌਂਡ ਦੇ ੧੩੦ ਰੁਪਏ ਬਣਦੇ ਸਨ ਤੇ ਮਹੀਨੇ ਦੇ ੫੨੦ ਰੁਪਏ। ਖੁਸ਼ੀ ਤਾਂ ਹੋਣੀ ਹੀ ਸੀ, ਦੇਸ ਵਿਚ ਤਾਂ ਮੈਨੂੰ ਮਹੀਨੇ ਦੇ ੧੨੫ ਰੁਪਏ ਮਿਲਦੇ ਸਨ। ਸੋਚਦਾ ਸਾ, ੫੨੦ ਰੁਪਏ ਮਹੀਨੇ ਦੇ ਬਚਾਅ ਲਵਾਂਗਾ ਤਾਂ ਸਾਲ ਵਿਚ ੬ ਹਜ਼ਾਰ ਤੋਂ ਉਪਰ ਬਚ ਜਾਇਆ ਕਰਨਗੇ ਤੇ ਪੰਜ ਸਾਲਾਂ ਵਿਚ ੩੦ ਹਜ਼ਾਰ ਰੁਪਏ। ਹੋਰ ਕੀ ਚਾਹੀਦਾ ਸੀ? ਮੈਂ ਇਹ ਸੋਚ ਕੇ ਆਪਣੇ ਚਾਚੇ ਦੀਦਾਰ ਸਿੰਘ ਨੂੰ ਪੱਤਰ ਲਿਖ ਕੇ, ਕਰਜ਼ੇ ਦਾ ਵੇਰਵਾ ਮੰਗਾਵਾ ਲਿਆ। ਕਰਜ਼ਾ ਤਾਂ ਕੁੱਲ ਪੰਜ ਕੁ ਹਜ਼ਾਰ ਸੀ। ਸੋਚਦਾ ਸਾਂ ਕਿ ਘਰ ਦਾ ਕਰਜ਼ਾ ਲਹਿ ਜਾਵੇਗਾ ਤੇ ਬਾਕੀ ਪੈਸੇ ਬੈਂਕ ਵਿਚ ਜਮ੍ਹਾਂ ਕਰਾ ਕੇ ਮੁੜ ਪੰਜਾਬ ਵਿਚ ਜਾ ਕੇ ਮਾਸਟਰ ਲੱਗ ਜਾਵਾਂਗਾ। ਮੇਰੇ ਬਜ਼ੁਰਗ ਤੇ ਦੋਵੇਂ ਭਰਾ ਯੂ.ਪੀ ਵਿਚ ਸਨ, ਇਸ ਲਈ ਹਾਲੀਂ ਗਹਿਣੇ ਪਈ ਜ਼ਮੀਨ ਛੁਡਵਾਉਣ ਦੀ ਕੋਈ ਕਾਹਲੀ ਨਹੀਂ ਸੀ। ਇਸਤਰ੍ਹਾਂ ਪੰਜਾਂ ਸਾਲਾਂ ਲਈ ਲਿਆ ਦੇਸ਼ ਨਿਕਾਲਾ ਖਤਮ ਹੋ ਜਾਵੇਗਾ। ਉਦੋਂ ਕੀ ਪਤਾ ਸੀ ਕਿ ਪੰਜਾਂ ਸਾਲਾਂ ਲਈ ਆਪ ਸਹੇੜਿਆ ਦੇਸ ਨਿਕਾਲਾ ਪੰਜਾਹ ਸਾਲਾਂ ਵਿਚ ਵੀ ਨਹੀਂ ਮੁਕਣਾ ਸੀ।

## *6.*

# *ਸਾਊਥਾਲ ਦੇ*
# *ਸਾਹਿਤਕ ਤੇ ਸਿਆਸੀ ਰੰਗ*

ਸਾਊਥਾਲ ਵਿਚ ਰਿਹਾ ਤਾਂ ਮੈਂ ਸੱਤ ਕੁ ਮਹੀਨੇ ਸੀ ਪਰ ਇੱਥੇ ਰਹਿੰਦਿਆਂ ਮੈਂ ਬ੍ਰਤਾਨੀਆ ਵਿਚ ਰਹਿੰਦੇ ਆਪਣੇ ਦੇਸੀ ਭਾਈਬੰਦਾਂ ਦੇ ਜੀਵਨ ਬਾਰੇ ਬਹੁਤ ਕੁਝ ਜਾਣ/ਸਮਝ ਗਿਆ ਸਾਂ। ਇੱਥੇ ਰਹਿੰਦਿਆਂ ਹੀ ਮੈਂ ਇਨ੍ਹਾਂ ਦੀਆਂ ਸਿਆਸੀ ਤੇ ਸਾਹਿਤਕ ਸਰਗਰਮੀਆਂ ਦੀ ਟੋਹ ਪਾਈ ਸੀ।

ਮੈਨੂੰ ਹਾਲੀਂ ਇੱਥੇ ਆਏ ਨੂੰ ਕੁਝ ਮਹੀਨੇ ਹੀ ਹੋਏ ਸਨ, ਮੇਰੇ ਮਿੱਤਰ ਅਵਤਾਰ **ਜੰਡਿਆਲਵੀ** ਦਾ ਪੱਤਰ ਆ ਗਿਆ। ਉਹਨੇ ਲਿਖਿਆ ਸੀ, “ਹਰਬਖਸ਼! ਤੂੰ ਕਹਿੰਦਾ ਸੀ, ਸਾਰੀ ਉਮਰ ਦੀ ਕ਼ੈਦ ਨਾਲੋਂ ਪੰਜ ਕੁ ਸਾਲ ਦਾ ਦੇਸ਼ ਨਿਕਾਲਾ ਚੰਗਾ ਹੈ। ਮੈਂ ਵੀ ਤੇਰੇ ਜਾਣ ਪਿੱਛੋਂ ਇਹੀ ਸੋਚਦਾ ਰਿਹਾ ਹਾਂ। ਤੂੰ ਠੀਕ ਕਹਿੰਦਾ ਸੀ। ਮੈਂ ਵੀ ਆਉਣ ਦਾ ਫੈਸਲਾ ਕਰ ਲਿਆ ਹੈ। ਛੇਤੀ ਹੀ ਮੈਂ ਵੀ ਤੇਰੇ ਕੋਲ ਹੋਵਾਂਗਾ।"

ਸੱਚ ਮੁੱਚ ਹੀ ਉਹ ਚਾਰ ਕੁ ਮਹੀਨੇ ਦੇ ਅੰਦਰ ਅੰਦਰ ਹੀ ਸਾਊਥਾਲ ਪੁੱਜ ਗਿਆ। ਉਹਦੇ ਸਾਲੇ ਮੇਰੇ ਵਾਲੀ ਰੋਡ ਤੇ ਹੀ ੬੫ ਨੰਬਰ ਵਿਚ ਰਹਿੰਦੇ ਸਨ। ਉਨ੍ਹਾਂ ਦਾ ਆਪਣਾ ਘਰ ਸੀ। ਅਵਤਾਰ ਵੀ ਉਨ੍ਹਾਂ ਕੋਲ ਹੀ ਰਹਿਣ ਲੱਗ ਪਿਆ। ਉਹਦੇ ਆਉਣ ਦੇ ਨਾਲ ਹੀ ਮੇਰੀਆਂ ਰੁਕੀਆਂ ਹੋਈਆਂ ਸਾਹਿਤਕ ਸਰਗਰਮੀਆਂ ਫੇਰ ਸ਼ੁਰੂ ਹੋ ਗਈਆਂ। ਛੇਤੀ ਹੀ ਸਾਨੂੰ ਪਤਾ ਲੱਗ ਲਿਆ ਕਿ ਸਾਊਥਾਲ ਵਿਚ ਪੰਜਾਬੀ ਸਾਹਿਤ ਸਭਾ ਵੀ ਬਣੀ ਹੋਈ ਹੈ। ਅਸੀਂ ਦੋਵੇਂ ਵੀ ਇਸ ਸਭਾ ਦੇ ਮੈਂਬਰ ਬਣ ਗਏ। ਮੈਂ ਸਾਊਥਾਲ ਛੱਡਣ ਤੇ ਪਲੱਮਸਟੈਡ ਜਾ ਕੇ ਰਹਿਣ ਪਿੱਛੋਂ ਵੀ ਲਗਾਤਾਰ ਸਭਾ ਦੀਆਂ ਮੀਟਿੰਗਾਂ ਵਿਚ ਆਉਂਦਾ ਰਿਹਾ।

ਪੰਜਾਬ ਵਿਚਲੀਆਂ ਸਭਾਵਾਂ ਵਾਂਗ ਇਹ ਸਭਾ ਵੀ ਧੜੇਬੰਦੀ ਤੋਂ ਬਚੀ ਹੋਈ ਨਹੀਂ ਸੀ। ਸਾਡੇ ਮੈਂਬਰ ਬਣਨ ਤੋਂ ਪਹਿਲਾਂ ਹੀ ਦੋ ਗੁ**ਟ** ਬਣੇ ਹੋਏ ਸਨ। ਸੰਤੋਖ ਸਿੰਘ ਸੰਤੋਖ ਪ੍ਰਧਾਨ ਦਾ ਹਮਾਇਤੀ ਸੀ ਤੇ ਸ਼ੰਕਰ ਜੋਸ਼ੀਲਾ ਸਾਥੀ ਲੁਧਿਆਣਵੀ ਦਾ। ਇਸ ਸਭਾ ਦਾ ਪ੍ਰਧਾਨ ਪ੍ਰਸਿਧ ਕਵੀ ਤੇ ਚਿਤ੍ਰਕਾਰ ਈਸ਼ਵਰ ਚਿਤ੍ਰਕਾਰ ਤੇ ਜਨਰਲ ਸਕੱਤਰ ਸੰਤੋਖ ਸਿੰਘ ਸੰਤੋਖ ਸੀ। ਹੋਰ ਜਿਨ੍ਹਾਂ ਸਾਹਿਤਕਾਰਾਂ ਨਾਲ ਸਾਡੀ ਇਸ ਸਭਾ ਵਿਚ ਜਾਣ ਪਛਾਣ ਹੋਈ, ਉਨ੍ਹਾਂ ਵਿਚੋਂ ਕਈ ਅੱਜ ਜਾਣੇ ਪਛਾਣੇ ਨਾਉਂ ਹਨ।

ਛੇਤੀ ਹੀ ਸੁਰਜੀਤ ਹਾਂਸ ਤੇ ਸਵਰਨ ਚੰਦਨ ਵੀ ਇਸ ਸਭਾ ਦੇ ਮੈਂਬਰ ਬਣ ਗਏ। ਹਾਂਸ ਦਾ ਕੱਦ ਵਿਦਵਾਨ ਹੋਣ ਕਰਕੇ ਬਾਕੀ ਸਾਰਿਆਂ ਨਾਲੋਂ ਕੁਝ ਵਧੇਰੇ ਹੀ ਉੱਚਾ ਸੀ। ਉਹਦਾ ਵਿਅੰਗ ਚੋਖਾ ਤਿੱਖਾ ਹੁੰਦਾ ਸੀ, ਹਾਸੇ ਹਾਸੇ ਵਿਚ ਹੀ ਬੇਲਿਹਾਜ਼ ਤਿੱਖੀ ਅਲੋਚਨਾ ਵੀ ਕਰ ਜਾਂਦਾ ਸੀ। ਮੈਨੂੰ ਯਾਦ ਹੈ, ਸਭਾ ਦੀ ਇੱਕ ਮੀਟਿੰਗ ਵਿਚ ਇੱਕ ਘਟੀਆ ਜਿਹੇ ਕਵੀ ਨੇ ਘਟੀਆ ਜਿਹੀ ਕਵਿਤਾ ਸੁਣਾਈ। ਬਹੁਤੇ ਸਰੋਤਿਆਂ ਨੇ ਉਹਦੀ ਕਵਿਤਾ ਦੀਆਂ ਸਿਫਤਾਂ ਦੇ ਪੁਲ਼ ਬੰਨ੍ਹ ਦਿੱਤੇ। ਜਦੋਂ ਸਾਰੇ ਹੀ ਉਹਦੀ ਕਵਿਤਾ ਦੇ ਗੁਣ ਗਾ ਹਟੇ ਤਾਂ ਹਾਂਸ ਨੇ ਕੇਵਲ ਇੰਨਾ ਹੀ ਕਿਹਾ, "ਯਾਰੋ! ਕੁੱਝ ਤਾਂ ਸ਼ਰਮ ਕਰੋ, ਕਿਉਂ ਇਸ ਗ਼ਰੀਬ ਦਾ ਬੇੜਾ ਗ਼ਰਕ ਕਰਨ 'ਤੇ ਤੁਲੇ ਹੋਏ ਹੋ?" ਇੰਨਾ ਕੁ ਕਹਿ ਕੇ ਨਾਲੇ ਤਾਂ ਉਹਨੇ ਉਸ ਘਟੀਆ ਜਿਹੇ ਕਵੀ ਨੂੰ ਥਾਂ ਸਿਰ ਕਰ ਦਿੱਤਾ, ਨਾਲੇ ਉਹਦੇ ਖਾਹਮਖਾਹ ਦੇ ਪ੍ਰਸੰਸਕਾਂ ਨੂੰ। ਮੈਂ ਕਿਹਾ ਤਾਂ ਕੁਝ ਨਾ ਪਰ ਉਸ ਦਿਨ ਤੋਂ ਇਹ ਜ਼ਰੂਰ ਸਮਝ ਲਿਆ ਕਿ ਬ੍ਰਤਾਨੀਆਂ ਵਿਚ ਰਚੇ ਜਾ ਰਹੇ ਪੰਜਾਬੀ ਸਾਹਿਤ ਦਾ ਮਿਆਰ ਬਣਾਉਣ ਲਈ ਅਜਿਹੀ ਹੀ ਬੇਲਿਹਾਜ਼ ਅਲੋਚਨਾ ਦੀ ਲੋੜ ਹੈ।

ਸਭਾ ਦੀ ਇਕੱਤਰਤਾ ਮਹੀਨੇ ਵਿਚ ਇੱਕ ਵਾਰ ਹੁੰਦੀ ਸੀ। ਪਰ ਬਹੁਤੇ ਲੇਖਕ ਹਰ ਰੋਜ਼ ਰੇਲਵੇ ਜੰਕਸ਼ਨ ਪੱਬ (ਹੁਣ ਗਲਾਸੀ ਜੰਕਸ਼ਨ) ਵਿ**ਚ** ਜੀਭਾਂ ਦਾ ਜੰਗਾਲ ਲਾਹੁਣ ਲਈ ਆ ਜਾਂਦੇ ਸਨ। ਉੱਥੇ ਸਾਹਿਤ ਸੰਬੰਧੀ ਚਰਚਾ

ਤੇ ਸਾਹਿਤਕਾਰਾਂ ਦੀ ਚੁਗਲੀ ਨਿੰਦਾ ਚਲਦੀ ਰਹਿੰਦੀ ਸੀ। ਪੰਜਾਬ ਵਿਚ ਕੀ ਤੇ ਕਿਹੋ ਜਿਹਾ ਲਿਖਿਆ ਜਾ ਰਿਹਾ ਹੈ, ਇਸ ਪੱਬ ਵਿਚ ਹੀ ਪਤਾ ਲੱਗ ਜਾਂਦਾ ਸੀ। ਇਸੇ ਪੱਬ ਵਿਚ ਸ਼ੇਰ ਜੰਗ ਜਾਂਗਲੀ, ਪ੍ਰੀਤਮ ਸਿੱਧੂ, ਰਣਜੀਤ ਧੀਰ, ਸੁਰਜੀਤ ਵਿਰਦੀ, ਜੋਗਿੰਦਰ ਸ਼ਮਸ਼ੇਰ ਤੇ ਤਰਸੇਮ ਨੀਲਗਿਰੀ ਵਰਗੇ ਲੇਖਕਾਂ ਨਾਲ ਮੇਰੀ ਜਾਣ ਪਛਾਣ ਹੋਈ।

ਪਹਿਲੀ ਸਰਬ ਬਰਤਾਨੀਆ ਪੰਜਾਬੀ ਲੇਖਕ ਕਾਨਫਰੰਸ ਵੀ ਇਸੇ ਸਭਾ ਦੀ ਛਤਰ ਛਾਇਆ ਹੇਠ ਹੋਈ ਸੀ। ਸਾਹਿਤ-ਅਲੋਚਨਾ ਅਤੇ ਸਾਹਿਤਕਾਰਾਂ ਦੀਆਂ ਲਿਖਤਾਂ 'ਤੇ ਪਰਚੇ ਪੜ੍ਹਨ ਦੀ ਰੀਤ ਵੀ ਇਸੇ ਕਾਨਫਰੰਸ ਨਾਲ ਸ਼ੁਰੂ ਹੋ ਗਈ ਸੀ। ਇਸੇ ਕਾਨਫਰੰਸ ਵਿਚ ਸਾਹਿੱਤਕਾਰਾਂ 'ਤੇ ਅੱਗੇਵਧੂ ਤੇ ਪਿੱਛੇ ਖਿੱਚੂ ਹੋਣ ਦੇ ਠੱਪੇ ਵੀ ਲੱਗਣੇ ਅਰੰਭ ਹੋ ਗਏ ਸਨ। ਇਸਦੇ ਨਾਲ ਹੀ ਲੇਖਕਾਂ ਨੂੰ ਸੋਧਵਾਦੀ ਤੇ ਨਵਸੋਧਵਾਦੀ ਵੀ ਕਿਹਾ ਜਾਣ ਲੱਗ ਪਿਆ ਸੀ। ਇਨ੍ਹਾਂ ਲੇਖਕਾਂ ਦਾ ਵੀ ਬਸ ਨਹੀਂ ਸੀ, ਇਨ੍ਹਾਂ ਵਿਚੋਂ ਬਹੁਤੇ ਭਾਰਤ ਵਿਚ ਰਹਿੰਦਿਆਂ ਹੀ ਕਮਿਊਨਿਸਟ ਪਾਰਟੀ ਦੀ ਸਿਆਸਤ ਨਾਲ ਜੁੜੇ ਹੋਏ ਸਨ ਤੇ ਆਪਣੇ ਆਪ ਨੂੰ ਪ੍ਰਗਤੀਵਾਦੀ (ਪ੍ਰਗਤੀਸ਼ੀਲ) ਕਹਿੰਦੇ ਕਹਾਉਂਦੇ ਸਨ। ਜਦ ਭਾਰਤ ਦੀ ਕਮਿਊਨਿਸਟ ਪਾਰਟੀ ਵਿਚ ਫੁੱਟ ਪੈ ਕੇ ਦੋ ਪਾਰਟੀਆਂ ਬਣ ਗਈਆ ਤਾਂ ਇਹ ਲੇਖਕ ਵੀ ਦੋ ਧੜਿਆਂ ਵਿਚ ਵੰਡੇ ਗਏ। ਜਦ ਮਾਰਕਸੀ ਪਾਰਟੀ ਵਿਚੋਂ ਨਕਸਲੀ ਵੱਖ ਹੋ ਗਏ ਤਾਂ ਲੇਖਕਾਂ ਦੇ ਵੀ ਤਿੰਨ ਧੜੇ ਬਣ ਗਏ। ਧੜੇ ਬਣ ਜਾਣੇ ਜਾਂ ਕਿਸੇ ਦਾ ਕਿਸੇ ਗਰਮ ਜਾਂ ਨਰਮ ਪਾਰਟੀ ਨਾਲ ਜੁੜਨਾ ਹੋਰ ਗੱਲ ਸੀ, ਪਰ ਇੱਥੇ ਤਾਂ ਇਹ ਆਪਣੇ ਧੜੇ ਦੇ ਰੰਗ ਤੋਂ ਬਿਨਾਂ ਕਿਸੇ ਵੀ ਹੋਰ ਰੰਗ ਦੇ ਲੇਖਕ ਨੂੰ ਬੰਦਾ ਵੀ ਸਮਝਣ ਲਈ ਤਿਆਰ ਨਹੀਂ ਸਨ।

ਇਸ ਪਹਿਲੀ ਲੇਖਕ ਕਾਨਫਰੰਸ ਵਿਚ ਇੱਕ ਨਕਸਲਵਾਦ ਦੇ ਹਾਮੀ ਲੀਡਰ ਜਗਮੋਹਨ ਜੋਸ਼ੀ ਨੇ ਆਪਣੇ ਗਰਮ ਗਰਮ ਇਨਕ਼ਲਾਬੀ ਭਾਸ਼ਣ ਵਿਚ ਕਿਹਾ, "ਉਹ ਲੇਖਕ ਜਿਹੜੇ ਲੋਕਾਂ ਨਾਲ ਨਹੀਂ ਖਲੋਤੇ ਉਨ੍ਹਾਂ ਤੋਂ ਕਲਮਾਂ ਖੋਹ

ਲੈਣੀਆਂ ਚਾਹੀਦੀਆਂ ਹਨ ਤੇ ਉਨ੍ਹਾਂ ਦੇ ਹੱਥ ਵੱਢ ਦੇਣੇ ਚਾਹੀਦੇ ਹਨ।" ਅੱਗੇ ਬੈਠੇ ਇੱਕ ਕਹਾਣੀਕਾਰ ਨੇ ਕਹਿ ਦਿੱਤਾ, "ਹੱਥ ਵੱਢੇਗਾ ਕੌਣ?" ਉਹਦੇ ਜਵਾਬ ਵਿਚ ਇੱਕ ਓਹੋ ਜਿਹੇ ਅਲੇਖਕ ਜਿਹੇ ਬੰਦੇ ਨੇ ਉੱਠ ਕੇ ਕਿਹਾ, "ਮੈਂ ਵਢੂੰਗਾ"। ਉਹਦੀ ਬਦਕਿਸਮਤੀ ਸੀ ਕਿ ਹਾਲੀਂ ਨਾ ਤਾਂ ਭਾਰਤ ਵਿਚ ਉਹ ਇੰਨੀ ਕੁ ਸ਼ਕਤੀ ਦੇ ਮਾਲਕ ਸਨ ਕਿ ਜਿਹਦੇ ਚਾਹੁੰਦੇ ਹੱਥ ਵੱਢ ਸਕਦੇ, ਨਾ ਬ੍ਰਤਾਨੀਆਂ ਵਿਚ ਉਹ ਤਿੰਨਾਂ ਜਾਂ ਤੇਰਾਂ ਵਿਚ ਸਨ। ਇਹੋ ਜਿਹੇ ਸਿਰ ਫਿਰੇ ਬੰਦਿਆਂ ਦੀ ਚਲਾਈ ਕੋਈ ਵੀ ਲਹਿਰ ਬਹੁਤਾ ਚਿਰ ਨਹੀਂ ਚਲਦੀ ਹੁੰਦੀ, ਜਿਹੜੇ ਆਪਣੇ ਨਾਲੋਂ ਥੋੜਾ ਜਿਹਾ ਵੱਖ ਸੋਚਣ ਵਾਲਿਆਂ ਦੇ ਹੱਥ ਵੱਢ ਦੇਣ ਦੀਆਂ ਗੱਲਾਂ ਕਰਦੇ ਹੋਣ। ਇਸ ਰੌਲ਼ ਘਚੌਲੇ ਵਿਚ ਸਾਹਿਤਕਾਰੀ ਦਾ ਕੰਮ ਤਾਂ ਕੀ ਹੋਣਾ ਸੀ? ਫੇਰ ਵੀ ਇੰਨਾ ਕੁ ਲਾਭ ਜ਼ਰੂਰ ਹੋਇਆ ਕਿ ਪੰਜਾਬੀ ਸਾਹਿਤ ਤੇ ਪੰਜਾਬੀ ਬੋਲੀ ਦੀ ਗੱਲ ਹੁੰਦੀ ਰਹੀ।

ਜੇ ਕਮਿਊਨਿਸਟ ਕਹਾਉਣ ਵਾਲੇ ਇੱਕ ਨਹੀਂ ਰਹੇ ਸਨ ਤਾਂ ਇਨ੍ਹਾਂ ਦੀ ਚਲਾਈ ਹੋਈ ਲੇਖਕ ਸਭਾ ਇੱਕ ਕਿਵੇਂ ਰਹਿ ਜਾਂਦੀ? ਛੇਤੀ ਹੀ ਇਸ ਸਭਾ ਵਿਚੋਂ ਕੁਝ ਨਰਾਜ਼ ਬੰਦਿਆਂ ਨੇ ਪ੍ਰਗਤੀਸ਼ੀਲ ਲੇਖਕ ਸਭਾ ਬਣਾ ਲਈ ਤੇ ਫੇਰ ਉਹਦੀ ਬ੍ਰਾਂਚ ਵੀ ਹਰ ਉਸ ਸ਼ਹਿਰ ਵਿਚ ਖੋਲ੍ਹ ਲਈ ਜਿੱਥੇ ਕਿਤੇ ਕੋਈ ਇੱਕ ਵੀ ਬੰਦਾ ਉਨ੍ਹਾਂ ਦੀ ਸਿਆਸੀ ਲਾਈਨ ਨਾਲ ਸਹਿਮਤ ਮਿਲ ਗਿਆ।

ਪੰਡਤ ਵਿਸ਼ਨੂੰ ਦੱਤ ਪੁਰਾਣਾ ਕਮਿਊਨਿਸਟ ਲੀਡਰ ਸੀ। ਉਹ ਵੀ ਸਾਊਥਾਲ ਵਿਚ ਰਹਿੰਦਾ ਸੀ। ਉਹਦੇ ਅਤੇ ਕੁਝ ਹੋਰ ਕਾਮਰੇਡਾਂ ਦੇ ਉੱਦਮ ਨਾਲ ਇੱਥੇ ਭਾਰਤੀ ਮਜ਼ਦੂਰ ਸਭਾ ਬਣੀ ਹੋਈ ਸੀ। ਇਹ ਮਜ਼ਦੂਰ ਸਭਾ ਆਪਣੇ ਲੋਕਾਂ ਲਈ ਚੋਖਾ ਸਾਰਥਕ ਕੰਮ ਕਰਦੀ ਰਹੀ ਸੀ। ਡੁਮੀਨੀਅਨ ਸਿਨੇਮੇ ਵਿਚ ਭਾਰਤੀ ਫਿਲਮਾਂ ਇਸੇ ਸਭਾ ਦੇ ਪ੍ਰਬੰਧ ਹੇਠ ਲਗਦੀਆਂ ਸਨ। ਜਦ ਭਾਰਤ ਦੀ ਕਮਿਊਨਿਸਟ ਪਾਰਟੀ ਦੀਆਂ ਦੋ ਪਾਰਟੀਆਂ ਬਣ ਗਈਆਂ

ਤਾਂ ਵਿਸ਼ਨੂੰ ਦੱਤ ਸੀ.ਪੀ.ਆਈ. ਦਾ ਹਮਾਇਤੀ ਬਣਿਆ ਰਿਹਾ ਪਰ ਪੰਜਾਬੋਂ ਆਏ ਬਹੁਤੇ ਕਾਮਰੇਡ ਖੱਬੀ ਸੋਚ ਦੇ ਮਾਲਕ ਸਨ ਤੇ ਨਵੀਂ ਬਣੀ ਪਾਰਟੀ ਨਾਲ ਖੜ੍ਹਦੇ ਸਨ। ਇਸ ਲਈ ਭਾਰਤੀ ਮਜ਼ਦੂਰ ਸਭਾ ਵੀ ਖੱਬੇ ਸੱਜੇ ਪੱਖਾਂ ਦੇ ਘੋਲ ਦਾ ਅਖਾੜਾ ਬਣ ਗਈ।

ਭਾਰਤ ਵਿਚ ਰਹਿੰਦਿਆਂ ਹੀ ਮੈਂ ਕਮਿਊਨਿਸਟ ਪਾਰਟੀ ਦੀ ਅੰਦਰਲੀ ਧੜੇ ਬੰਦੀ ਨੂੰ ਤਾਂ ਜਾਣਦਾ ਸਾਂ, ਪਰ ਇਹ ਨਹੀਂ ਪਤਾ ਸੀ ਕਿ ਪਾਰਟੀ ਇਸਤਰ੍ਹਾਂ ਦੋਫਾੜ ਹੋ ਜਾਵੇਗੀ। ਪਾਰਟੀ ਦੀ ਸੈਂਟਰਲ ਕਮੇਟੀ ਦੀ ਬਹੁ ਗਿਣਤੀ ਨੇ ਤਾਂ ਹਿੰਦ ਚੀਨ ਦੀ ਟੱਕਰ ਵੇਲੇ ਚੀਨ ਨੂੰ ਗ਼ਲਤ ਕਿਹਾ ਸੀ ਪਰ ਘੱਟ ਗਿਣਤੀ ਕਹਿੰਦੀ ਸੀ ਕਿ ਕੋਈ ਵੀ ਕਮਿਊਨਿਸਟ ਦੇਸ ਕਿਸੇ ਹੋਰ ਦੇਸ ਤੇ ਹਮਲਾ ਕਰ ਹੀ ਨਹੀਂ ਸਕਦਾ। ਹੁਣ ਚੀਨ ਦੇ ਹਮਾਇਤੀਆਂ ਨੇ ਵਖਰੀ ਪਾਰਟੀ ਬਣਾ ਲਈ ਸੀ, ਇਸ ਲਈ ਇੱਥੇ ਯੂ.ਕੇ. ਵਿਚ ਵੀ ਭਾਰਤੀ ਕਮਿਊਨਿਸਟਾਂ ਵਿਚ ਫੁੱਟ ਪੈਣੀ ਹੀ ਸੀ। ਇੱਥੇ ਭਾਰਤੀ ਕਮਿਊਨਿਸਟ ਬ੍ਰਤਾਨਵੀ ਕਮਿਊਨਿਸਟ ਪਾਰਟੀ ਦੇ ਮੈਂਬਰ ਬਣੇ ਹੋਏ ਸਨ। ਕਿਉਂਕਿ ਇਹ ਪਾਰਟੀ ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਨਾਲ ਜੁੜੀ ਹੋਈ ਸੀ ਤੇ ਭਾਰਤੀ ਕਮਿਊਨਿਸਟ ਪਾਰਟੀ ਦੇ ਨਿਰਣੇ ਨੂੰ ਠੀਕ ਸਮਝਦੀ ਸੀ, ਇਸ ਲਈ ਸਾਰੇ ਖੱਬੇ ਪੱਖੀ ਭਾਰਤੀ ਕਮਿਊਨਿਸਟ ਇਸ ਪਾਰਟੀ ਵਿਚੋਂ ਨਿਕਲ ਗਏ ਤੇ ਉਨ੍ਹਾਂ ਨੇ ਭਾਰਤੀ ਕਮਿਊਨਿਸਟਾਂ ਦੀ ਐਸੋਸੀਏਸ਼ਨ ਨਾਉਂ ਦੀ ਵਖਰੀ ਜਥੇਬੰਦੀ ਬਣਾ ਲਈ ਜਿਹੜੀ ਅਮਲ ਵਿਚ ਨਵੀਂ ਬਣੀ ਭਾਰਤ ਦੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੀ ਬ੍ਰਾਂਚ ਵਾਂਗ ਕੰਮ ਕਰਦੀ ਸੀ। ਫੇਰ ਜਦੋਂ ਭਾਰਤ ਵਿਚ ਨਕਸਲਾਈਟ ਭਾਰਤ ਦੀ ਕਮਿਊਨਿਸਟ ਪਾਰਟੀ(ਮਾਰਕਸਵਾਦੀ) ਤੋਂ ਵੱਖ ਹੋ ਗਏ ਤਾਂ ਉਨ੍ਹਾਂ ਦੇ ਹਮਾਇਤੀ ਕਾਮਰੇਡ ਇੰਡੀਅਨ ਕਮਿਊਨਿਸਟਾਂ ਦੀ ਐਸੋਸੀਏਸ਼ਨ ਤੋਂ ਵੱਖ ਹੋ ਗਏ। ਮੇਰੇ ਲਈ ਇਨ੍ਹਾਂ ਰਾਹਾਂ ਵਿਚੋਂ ਕੋਈ ਵੀ ਰਾਹ ਠੀਕ ਨਹੀਂ ਸੀ। ਫੇਰ ਮੈਂ ਨਾਲ ਤੁਰਦਾ ਤਾਂ

ਕਿਸਦੇ? ਕਿਉਂਕਿ ਮੈਂ ਸੀ.ਪੀ.ਆਈ. ਦੇ ਚੀਨ ਬਾਰੇ ਨਿਰਣੇ ਨੂੰ ਠੀਕ ਸਮਝਦਾ ਸਾਂ ਇਸ ਲਈ ਮੇਰਾ ਝੁਕਾ ਕੁਝ ਹੱਦ ਤੱਕ ਇਸ ਪਾਰਟੀ ਵਲ ਰਿਹਾ। ਫੇਰ ਵੀ ਮੇਰੀ ਇਹ ਦਿਲੀ ਕਾਮਨਾ ਸੀ ਕਿ ਹਰ ਰੰਗ ਦੇ ਮਾਰਕਸਵਾਦੀ ਘੱਟੋ ਘੱਟ ਮਿਲ ਬੈਠਦੇ ਰਹਿਣ ਤੇ ਆਪਸ ਵਿਚ ਵਿਚਾਰ ਵਟਾਂਦਰਾ ਵੀ ਕਰਦੇ ਰਹਿਣ, ਇਸ ਲਈ ਮੈਂ ਹਰ ਰੰਗ ਦੇ ਮਾਰਕਸਵਾਦੀਆਂ ਨਾਲ ਮਿਲ ਬੈਠਣ ਦੇ ਯਤਨ ਕਰਦਾ ਰਿਹਾ।

***ਪਿੰਗਲਿਸ਼***

ਬਚਪਨ ਵਿਚ ਮੈਂ ਪੰਜਾਬ ਦੇ ਸਿੱਧੇ ਸਾਦੇ ਤੇ ਅਨਪੜ੍ਹ ਬੰਦਿਆਂ ਤੋਂ ਵੀ ਇਹ ਗੱਲ ਸੁਣਦਾ ਰਿਹਾ ਸਾਂ ਕਿ ਬੋਲੀ ਬਾਰਾਂ ਕੋਹ ਤੇ ਬਦਲ ਜਾਂਦੀ ਹੈ ਤੇ ਆਪ ਵੀ ਇਸ ਸੱਚ ਨੂੰ ਪ੍ਰਤੱਖ ਰੂਪ 'ਚ ਆਪਣੇ ਪਿੰਡ ਤੋਂ ਇੰਨੀ ਕੁ ਦੂਰ ਦੇ ਪਿੰਡਾਂ ਵਿਚ ਜਾ ਕੇ ਦੇਖਦਾ ਰਿਹਾ ਸਾਂ। ਇੰਨ੍ਹਾਂ ਪਿੰਡਾਂ ਵਿਚ ਕੁਝ ਸ਼ਬਦ ਸਾਡੇ ਪਿੰਡ ਨਾਲੋਂ ਵਖਰੇ ਰੂਪ ਵਿਚ ਜਾਂ ਵਖਰੀ ਤਰ੍ਹਾਂ ਬੋਲੇ ਜਾਂਦੇ ਸਨ। ਇਹਦੇ ਕਾਰਨਾਂ ਦਾ ਤਾਂ ਉਦੋਂ ਹੀ ਪਤਾ ਲੱਗਾ ਜਦ ਪੜ੍ਹ ਲਿਖ ਕੇ ਭਾਸ਼ਾ ਵਿਗਿਆਨ ਦੀ ਕੁਝ ਕੁਝ ਸੋਝੀ ਪ੍ਰਾਪਤ ਹੋ ਗਈ ਤੇ ਜਾਣ ਲਿਆ ਕਿ ਬੋਲੀਆਂ ਵਿਚ ਇਹ ਪ੍ਰੀਵਰਤਨ ਕਿਵੇਂ ਆਉਂਦੇ ਤੇ ਕਿਉਂ ਆਉਂਦੇ ਹਨ ਤੇ ਕਿਵੇਂ ਇੱਕ ਹੀ ਬੋਲੀ ਦੇ ਵੱਖ ਵੱਖ ਇਲਾਕਿਆ ਵਿਚ ਵੱਖ ਵੱਖ ਰੂਪ ਪ੍ਰਚਲਤ ਹੋ ਜਾਂਦੇ ਹਨ ਤੇ ਫੇਰ ਵਖਰੀਆਂ ਬੋਲੀਆਂ ਦਾ ਰੂਪ ਧਾਰਨ ਕਰ ਲੈਂਦੇ ਹਨ?

ਸਾਊਥਾਲ ਵਿਚ ਰਹਿੰਦਿਆਂ ਮੈਂ ਇਹ ਗੱਲ ਪ੍ਰਤੱਖ ਦੇਖ ਸਕਿਆ ਕਿ ਦੋ ਵਖੋ ਵਖਰੀਆਂ ਬੋਲੀਆਂ ਬੋਲਣ ਵਾਲੇ ਲੋਕਾਂ ਦੇ ਆਪਸੀ ਮੇਲ ਮਿਲਾਪ ਨਾਲ ਕਿਵੇਂ ਬੋਲੀਆ ਇਕ ਦੂਜੀ ਦਾ ਪ੍ਰਭਾਵ ਗ੍ਰਹਿਣ ਕਰਦੀਆਂ ਹਨ? ਇੱਥੇ ਰਹਿੰਦੇ ਪੰਜਾਬੀਆਂ ਦੀ ਪੰਜਾਬੀ ਨੇ ਅੰਗ੍ਰੇਜ਼ੀ ਦੇ ਪ੍ਰਭਾਵ ਹੇਠ ਜਿਹੜਾ ਨਵਾਂ ਰੂਪ ਗ੍ਰਹਿਣ ਕਰ ਲਿਆ ਸੀ ਮੈਂ ਉਸ ਤੋਂ ਛੇਤੀ ਹੀ ਵਾਕਿਫ ਹੋ ਗਿਆ। ਪੰਜਾਬੀ ਤੇ

ਇੰਗਲਿਸ਼ ਦੇ ਇਸ ਮਿਲਗੋਭੇ ਨੂੰ ਜੇ **ਪਿੰਗਲਿਸ਼** ਕਹਿ ਲਿਆ ਜਾਵੇ ਤਾਂ ਗ਼ਲਤ ਨਹੀਂ ਹੋਵੇਗਾ।

ਇੱਥੇ ਵਸਦੇ ਪੰਜਾਬੀ ਹਫਤੇ ਦੇ ਅੰਗਰੇਜ਼ੀ ਦਿਨਾਂ ਨੂੰ ਪੰਜਾਬੀ ਉਚਾਰਣ ਅਨੁਸਾਰ ***ਸੰਢਾ, ਮੰਡਾ, ਚੂਸਡਾ, ਵੈਨਸਡਾ, ਥਰਸਡਾ, ਫਰੈਡਾ ਤੇ ਸੈਰਡਾ*** ਕਹਿੰਦੇ ਸਨ। ਪੰਜਾਬੀ ਦਾ ਇਹ ਨਵਾਂ ਰੂਪ ਕਈ ਵੇਰ ਪੰਜਾਬ ਵਿਚ ਰਹਿੰਦੇ ਇਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਅਜੀਬ ਜਿਹੇ ਭੁਲੇਖੇ ਵੀ ਪਾ ਦਿੰਦਾ ਸੀ।

ਇੱਕ ਪੰਜਾਬੀ ਭਾਈਬੰਦ ਨੇ ਆਪਣੇ ਬਾਪ ਨੂੰ ਮਨੀਆਰਡਰ ਭੇਜਣ ਲੱਗੇ ਨੇ ਚਿੱਠੀ ਵਿਚ ਲਿਖ ਦਿੱਤਾ, "ਭਾਈਆ ਪੈਸੇ ਤਾਂ ਮੈਂ ਹੋਰ ਵੀ ਭੇਜਣੇ ਸਨ ਪਰ ਇਸ ਹਫਤੇ ਮੇਰਾ ਸੰਢਾ ਮਰ ਗਿਆ"। ਉਹਦਾ ਬਾਪ ਚਿੱਟਾ ਅਨਪੜ੍ਹ ਸੀ। ਉਹਨੇ ਉਹਦੇ ਜਵਾਬ ਵਿਚ ਲਿਖਵਾਇਆ, ***"ਕਾਕਾ! ਵਲੈਤ ਵਿਚ ਜਾ ਕੇ ਵੀ ਜੇ ਖੇਤੀ ਹੀ ਕਰਨੀ ਸੀ ਤਾਂ ਬੌਲਦਾਂ ਦੀ ਚੰਗੀ ਜੋਗ ਲੈਂਦਾ, ਸੰਢੇ ਕਾਹਨੂੰ ਲੈਣੇ ਸੀ?"***

ਸਾਡੇ ਦੇਸੀ ਭਾਈਬੰਦ ਦਰਵਾਜ਼ਿਆਂ ਨੂੰ ***ਡੋਰਾਂ*, ਤਾਕੀਆਂ ਨੂੰ *ਵਿੰਡੇ*, ਪਰਦਿਆਂ ਨੂੰ *ਕਾਟਨਾਂ* ਤੇ ਕਰਾਏਦਾਰਾਂ** ਨੂੰ ਲੌਜਰ ਦੀ ਥਾਂ ***ਲਾਂਜੇ*** ਕਹਿੰਦੇ ਸਨ। ਅੰਗਰੇਜ਼ ਕਰਾਏਦਾਰ ਮਾਲਕ ਮਕਾਨ ਜਾਂ ਉਹਦੇ ਮਕਾਨ ਦੀ ਦੇਖ ਭਾਲ ਕਰਨ ਵਾਲੇ ਨੂੰ ਗਵਰਨਰ ਤੇ ਉਹਦੀ ਪਤਨੀ ਨੂੰ ਗਵਰਨੈੱਸ ਕਹਿੰਦੇ ਹਨ। ਸਾਡੇ ਪੰਜਾਬੀ ਭਾਈਬੰਦਾਂ ਨੇ ਇਨ੍ਹਾਂ ਸ਼ਬਦਾਂ ਨੂੰ ਪੰਜਾਬੀ ਉਚਾਰਣ ਅਨੁਸਾਰ ***ਗਮਨਾ*** , ***ਗਮਨੀ*** ਬਣਾ ਲਿਆ। ਇਨ੍ਹਾਂ ਦੀਆਂ ***ਵੈਫਾਂ*** (ਵਾਈਵਜ਼*)* ***ਵੂਲਾਂ*** (ਵੂਲਵਰਥਜ਼) ਵਿਚ *ਸ਼ੌਪਾਂ* ਕਰਨ (ਸਾਮਾਨ ਖਰੀਦਣ) ਜਾਂਦੀਆਂ ਸਨ। ਨਵਜੰਮੇ ਮੁੰਡੇ ਨੂੰ ਇਹ ***ਬੋਈ*** ਤੇ ਨਵਜੰਮੀ ਕੁੜੀ ਨੂੰ ***ਬੇਬੀ*** ਕਹਿੰਦੇ ਸਨ। ਜਮੀਕਨ ਆਦਮੀਆਂ ਨੂੰ ਇਨ੍ਹਾਂ ਨੇ ***ਜਮੀਕੇ*** ਤੇ ਜਮੀਕਨ ਤੀਵੀਆਂ **ਨੂੰ** ***ਜਮੀਕੀਆਂ*** ਬਣਾ ਲਿਆ ਸੀ। ਭਾਰਤੀ **ਆਦਮੀ ਨੂੰ** ਇਹ ***ਇੰਡੀਆਮੈਨ ਤੇ*** ਭਾਰਤੀ **ਤੀਵੀਂ ਨੂੰ** ***ਇੰਡੀਆਮੈਨਣੀ*** ਆਖਦੇ ਸਨ। ਅੰਗਰੇਜ਼ੀ ਦੇ ਸ਼ਬਦ ***ਸੈਕ***

ਨੂੰ ਵੀ ਇਹ ਪੰਜਾਬੀ ਬੋਲੀ ਦੇ ਆਮ ਵਰਤਾਰੇ ਅਨੁਸਾਰ ਵਰਤਦੇ ਸਨ। ਕੰਮ ਤੋਂ ਜਵਾਬ ਮਿਲ ਜਾਣ ਨੂੰ ਇਹ **'*ਸੈਕ ਹੋ ਗਈ*' ਜਾਂ '*ਕਾਡ ਹੋ ਗਿਆ*'** ਕਹਿੰਦੇ ਸਨ। ਅੰਗਰੇਜ਼ੀ ਜ਼ਬਾਨ ਵਿਚ **ਸੈਕ** ਦਾ ਸ਼ਬਦੀ ਅਰਥ ਬੋਰਾ ਹੁੰਦਾ ਹੈ (ਪੁਰਾਣੇ ਸਮਿਆਂ ਵਿਚ ਮਜ਼ਦੂਰ ਕੰਮ 'ਤੇ ਲੱਗਣ ਵੇਲੇ ਆਪਣੇ ਸੰਦਾ **ਦਾ ਬੋਰਾ** ਨਾਲ ਲਿਆਉਂਦਾ ਸੀ। ਇਹ ਬੋ**ਰਾ** ਉਂਨਾ ਚਿਰ ਕੰਮ 'ਤੇ ਪਿਆ ਰਹਿੰ**ਦਾ** ਸੀ ਜਿੰਨਾ ਚਿਰ ਉਹ ਮਜ਼ਦੂਰ ਉੱਥੇ ਕੰਮ ਕਰਦਾ ਸੀ। ਜਦ ਕੰਮ ਤੋਂ ਜਵਾਬ ਮਿਲ ਜਾਂਦਾ ਸੀ ਤਾਂ ਮਜ਼ਦੂਰ ਆਪਣੇ ਸੰਦਾ ਦਾ ਬੋਰਾ ਚੁੱਕ ਕੇ ਘਰ ਨੂੰ ਤੁਰ ਜਾਂਦਾ ਸੀ। ਮਜ਼ਦੂਰ ਨੂੰ ਆਪ**ਣਾ** ਬੋਰਾ ਚੁੱਕੀ ਆਉ**ਂਦਾ** ਦੇਖ ਕੇ ਲੋਕੀਂ ਸਮਝ ਜਾਂਦੇ ਸਨ ਕਿ ਉਹਨੂੰ ਕੰਮ ਤੋਂ ਜਵਾਬ ਮਿਲ ਗਿਆ ਹੈ)। ਸੈਕ (ਬੋਰਾ) ਕੰਮ ਤੋਂ ਜਵਾਬ ਮਿਲ ਜਾਣ **ਦਾ** ਚਿੰਨ੍ਹ ਬਣ ਗਿਆ ਸੀ ਤੇ ਮਗਰੋਂ ਸੈਕ ਦਾ ਅਰਥ ਹੀ ਕੰਮ ਤੋਂ ਕੱਢੇ ਜਾਣਾ ਬਣ ਗਿਆ। ਸਾਡੇ ਦੇਸੀ ਭਾ**ਈ**ਬੰਦਾ ਨੇ ਸ਼ਬਦ sacked ਨੂੰ **'*ਸੈਕ ਹੋ ਗਈ*'** ਕਹਿਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੂੰ ਕਿਹੜਾ ਸੈਕ ਦੇ ਸਹੀ ਅਰਥ ਦਾ ਪਤਾ ਸੀ। ਉਨ੍ਹਾਂ ਲਈ ਸੈਕ ਦਾ ਮਤਲਬ ਕੰਮ ਤੋਂ ਜਵਾਬ ਮਿਲ ਜਾਣਾ ਹੀ ਠੀਕ ਸੀ। ਜਦ ਵੀ ਕੋਈ ਬੰਦਾ ਕੰਮ 'ਤੇ ਲਗਦਾ ਸੀ, ਉਹਦਾ ਸੋਸ਼ਲ ਸਕਿਉਰਟੀ (ਸਮਾਜਕ ਸੁਰੱਖਿਆ) ਦਾ ਕਾਰਡ ਕੰਮ 'ਤੇ ਜਮ੍ਹਾਂ ਹੋ ਜਾਂਦਾ ਸੀ ਤੇ ਜਦ ਉਹ ਕੰਮ ਛੱਡਦਾ ਸੀ ਤਾਂ ਉਹ ਕਾਰਡ ਉਹਨੂੰ ਮਿਲ ਜਾਂਦਾ ਸੀ। ਇਹ ਕਾਰਡ ਲੈ ਕੇ ਉਹ ਦੂਜੀਆਂ ਥਾਵਾਂ ਤੇ ਕੰਮ ਲੱਭਦਾ ਸੀ। ਕਾਰਡ ਤਾਂ ਹਰ ਬੰਦੇ ਨੂੰ ਕੰਮ ਛੱਡਣ ਜਾਂ ਕੰਮ ਤੋਂ ਕੱਢੇ ਜਾਣ ਤੇ ਮਿਲਦਾ ਹੀ ਸੀ। ਸਾਡੇ ਦੇਸੀ ਭਾਈ ਬੰਦਾਂ ਨੇ **'ਕਾਰਡ ਮਿਲ ਗਿਆ'** ਦਾ ਅਰਥ ਹੀ ਕੰਮ ਤੋਂ ਕੱਢੇ ਜਾਣਾ ਬਣਾ ਲਿਆ। ਆਮ ਤੌਰ 'ਤੇ ਸਵੇਰੇ ਅੱਠ ਵਜੇ ਕੰਮ ਤੇ ਜਾਣ ਦਾ ਸਮਾਂ ਹੁੰਦਾ ਸੀ ਪਰ ਜਿਹੜੇ ਬੰਦੇ ਓਵਰਟਾਈਮ ਲਾਉਂਦੇ ਸਨ ਉਹ ਆਉਂਦੇ ਵੀ ਰਾਤ ਨੂੰ ਅੱਠ ਵਜੇ ਸਨ। ਪੰਜਾਬੀਆਂ ਨੇ ਇਹਨੂੰ **'ਅੱਠੋ ਅੱਠ ਮਾਰਨਾ'** ਕਹਿਣਾ ਸ਼ੁਰੂ ਕਰ ਦਿੱਤਾ। ਪੰਜਾਬੀਆਂ ਨੇ ਇੰਗਲੈਂਡ ਦੇ ਸ਼ਹਿਰਾਂ ਦੇ ਨਾਵਾਂ ਨੂੰ ਵੀ ਆਪਣੇ ਪੰਜਾਬੀ ਵਿਰਸੇ

ਅਨੁਸਾਰ ਢਾਲ ਲਿਆ। ਇਹ **ਵਾਲਸਾਲ ਨੂੰ *ਬੈਲਸਰ*, ਲਫਬਰੋਅ ਨੂੰ *ਲੱਖਪੁਰ*, ਤੇ ਰੋਮਫੋਰਡ ਨੂੰ *ਰਾਮਪੁਰ*** ਕਹਿਣ ਲੱਗ ਪਏ।

ਜੇ ਪੰਜਾਬੀ ਵਿਚ ਅਨੇਕਾਂ ਅੰਗਰੇਜ਼ੀ ਸ਼ਬਦ ਸ਼ੁਧ ਵੀ ਤੇ ਵਿਗੜੇ ਰੂਪ ਵਿਚ ਵੀ ਆ ਰਹ ਸਨ ਤਾਂ ਅੰਗਰੇਜ਼ੀ ਵੀ ਅਨੇਕਾਂ ਪੰਜਾਬੀ ਤੇ ਹਿੰਦੀ ਸ਼ਬਦਾਂ ਨੂੰ ਪਚਾਈ ਜਾ ਰਹੀ ਸੀ। ਛੇਤੀ ਹੀ ਨਾਨ, ਕਬਾਬ, ਕੜ੍ਹੀ ਤੇ ਹੋਰ ਅਨੇਕਾਂ ਪੰਜਾਬੀ ਸ਼ਬਦ ਅੰਗਰੇਜ਼ਾਂ ਦੀ ਜ਼ਬਾਨ ਤੇ ਚੜ੍ਹ ਗਏ। ਦੋਹਾਂ ਜ਼ਬਾਨਾਂ ਦਾ ਇਹ ਅਦਾਨ ਪ੍ਰਦਾਨ ਹਾਲੀਂ ਵੀ ਜਾਰੀ

## *7*

## *ਮਿੱਤਰਾਂ ਵਰਗੇ*
## *ਸ਼ਾਗਿਰਦ ਦਾ ਸਾਥ*

ਮੇਰਾ ਮਿੱਤਰਾਂ ਵਰਗਾ ਵਿਦਿਆਰਥੀ ਚਾਹੋਕੀ ਵਾਲਾ ਸਾਧੂ ਮੈਥੋਂ ਦੋ ਕੁ ਸਾਲ ਪਹਿਲਾਂ ਇੰਗਲੈਂਡ ਆ ਗਿਆ ਸੀ। ਮੈਂ ਉਸ ਵੇਲ਼ੇ ਭਾਰ ਸਿੰਘ ਪੁਰ (ਤਹਿਸੀਲ ਫਲੌਰ) ਦੇ ਸਰਕਾਰੀ ਮਿਡਲ ਸਕੂਲ ਵਿਚ ਪੜ੍ਹਾਉਂਦਾ ਸਾਂ। ਉਹ ਇੰਗਲੈਂਡ ਲਈ ਤੁਰਨ ਤੋਂ ਪਹਿਲਾਂ ਮੈਨੂੰ ਮਿਲਣ ਆਇਆ ਸੀ। ਉਹਨੂੰ ਮਿਲਣ ਸਮੇਂ ਮੈਂ ਕੁਝ ਉਦਾਸ ਜਿਹਾ ਸਾਂ। ਉਦਾਸ ਤਾਂ ਹੋਣਾ ਹੀ ਸੀ, ਮੇਰਾ ਮਿੱਤਰਾਂ ਵਰਗਾ ਵਿਦਿਆਰਥੀ ਪਰਦੇਸ ਜਾਣ ਲਈ ਤਿਆਰ ਸੀ ਤੇ ਕੁਝ ਇਸ ਕਰਕੇ ਵੀ ਕਿ ਉਸ ਸਮੇਂ ਮੇਰਾ ਮਨ ਵੀ ਆਪਣੀ ਨੌਕਰੀ ਤੋਂ ਉਚਾਟ ਹੋ ਚੁੱਕਾ ਸੀ।

ਉਦਾਸ ਉਹ ਵੀ ਸੀ, ਮੈਨੂੰ ਉਦਾਸ ਦੇਖ ਕੇ ਵੀ ਤੇ ਸਾਡੀ ਲੰਮੀ ਸਾਂਝ ਨੂੰ ਯਾਦ ਕਰ ਕੇ ਵੀ। ਉਹ ਨੇ ਮੈਥੋਂ ਵਿਛੜਨ ਵੇਲੇ ਕਿਹਾ ਸੀ, "ਮਾਸਟਰ ਜੀ! ਮੈਂ ਤੁਹਾਡਾ ਸ਼ਗਿਰਦ ਆਪਣੀ ਜਵਾਨੀ ਦੀ ਸੌਂਹ ਖਾ ਕੇ ਕਹਿੰਦਾ ਹਾਂ, ਤੁਸੀਂ ਵੀ ਦੋ ਸਾਲ ਦੇ ਅੰਦਰ ਅੰਦਰ ਮੇਰੇ ਕੋਲ ਹੋਵੋਗੇ"। ਸ਼ਾਇਦ ਉਹਨੇ ਮੇਰੀ ਉਦਾਸੀ ਨੂੰ ਭਾਂਪ ਲਿਆ ਸੀ।

ਢੋਅ ਅਜਿਹਾ ਬਣ ਗਿਆ ਕਿ ਉਹਨੂੰ ਕੁਝ ਵੀ ਨਾ ਕਰਨਾ ਪਿਆ ਤੇ ਮੈਂ ਦੋ ਸਾਲ ਦੇ ਅੰਦਰ ਅੰਦਰ ਹੀ ਇੰਗਲੈਂਡ ਵਿਚ ਆ ਪੁੱਜਾ ਸਾਂ। ਸਾਧੂ ਮੇਰੇ ਸਾਊਥਾਲ ਪੁੱਜਣ ਦੇ ਦੂਜੇ ਹਫਤੇ ਹੀ ਮੈਨੂੰ ਮਿਲਣ ਆ ਗਿਆ ਤੇ ਜਾਂਦਾ ਹੋਇਆ ਕਹਿ ਗਿਆ ਕਿ ਉਹ ਛੇਤੀ ਹੀ ਆਪਣੇ ਵਾਲੇ ਕਸਬੇ ਵਿਚ ਮੇਰੇ ਲਈ ਕੰਮ ਦਾ ਇੰਤਜ਼ਾਮ ਕਰ ਦੇਵੇਗਾ ਤੇ ਮੈਨੂੰ ਆਪਣੇ ਕੋਲ ਲੈ ਜਾਵੇਗਾ ਪਰ ਉਹਦੇ ਲਿਜਾਣ ਤੋਂ ਪਹਿਲਾਂ ਹੀ ਮੈਂ ਸੀਮਨ ਸਕੂਕਰਟ ਵਿਚ ਕੰਮ 'ਤੇ ਲੱਗ ਗਿਆ ਸਾਂ।

## 1.ਪਲੱਮਸਟੈਡ ਵਿਚ ਨਵਾਂ ਕੰਮ

ਜਦ ਕੁਝ ਮਹੀਨੇ ਕੰਮ ਕਰਨ ਪਿੱਛੋਂ ਉਸ ਕੰਮ ਤੋਂ ਮੇਰਾ ਮਨ ਉਚਾਟ ਹੋ ਗਿਆ ਤਾਂ ਸਾਧੂ ਆ ਵਹੁੜਿਆ ਤੇ ਮੈਨੂੰ ਆਪਣੇ ਨਾਲ ਲੈ ਗਿਆ। ਉਹ ਮੈਨੂੰ ਉਸੇ ਫੈਕਟਰੀ ਵਿਚ ਟਰਾਈ ਕਰਵਾਉਣ ਲਈ ਲੈ ਗਿਆ, ਜਿੱਥੇ ਉਹ ਆਪ ਕੰਮ ਕਰਦਾ ਸੀ। ਉਹ ਨੇ ਮੈਨੂੰ ਪਹਿਲਾਂ ਹੀ ਸਮਝਾ ਦਿੱਤਾ ਸੀ ਕਿ ਇੰਟਰਵੀਊ ਵੇਲ਼ੇ ਕੀ ਕਹਿਣਾ ਹੈ? ਮੈਂ ਇਹ ਕਹਿਣਾ ਸੀ ਕਿ ਮੈਂ ਸੈਂਟਰਲੇਥ 'ਤੇ ਕੰਮ ਕਰਦਾ ਰਿਹਾ ਹਾਂ। ਮੈਂ ਕਿਹਾ, "ਮੈਂ ਤਾਂ ਸੈਂਟਰਲੇਥ ਕਦੀਂ ਦੇਖੀ ਵੀ ਨਹੀਂ, ਉਸ 'ਤੇ ਕੰਮ ਕਿਵੇਂ ਕਰਾਂਗਾ?" ਸਾਧੂ ਨੇ ਕਿਹਾ, "ਇੱਥੇ ਸਾਡੇ ਸਾਰੇ ਦੇਸੀ ਭਾਈਬੰਦ ਇੰਝ ਹੀ ਕੰਮ 'ਤੇ ਲੱਗਦੇ ਆ"।

ਇਸ ਤੱਥ ਦੀ ਪੁਸ਼ਟੀ ਲਈ ਸਾਧੂ ਨੇ ਆਪਣੇ ਇੱਕ ਭਾਈਬੰਦ ਦੀ ਕਹਾਣੀ ਸੁਣਾਈ। ਉਹ ਭਾਈਬੰਦ ਸੀ ਕੇਵਲ 'ਯੂ ਮੀ' ਤੱਕ ਅੰਗ੍ਰੇਜ਼ੀ ਜਾਣਦਾ ਪੇਂਡੂ ਜੱਟ। ਸਾਧੂ ਨੇ ਉਹਨੂੰ ਸਮਝਾਇਆ ਕਿ ਉਹ ਇੰਟਰਵੀਊ ਸਮੇਂ ਦੱਸੇ ਕਿ ਉਹ ਸੈਂਟਰਲੇਥ 'ਤੇ ਕੰਮ ਕਰਦਾ ਰਿਹਾ ਹੈ। ਇੰਟਰਵੀਊ ਦੇ ਸਮੇਂ ਜਦ ਇੰਟਰਵੀਊ ਲੈਣ ਵਾਲੇ ਨੇ ਉਹਨੂੰ ਪੁੱਛਿਆ ਕਿ ਉਹਨੂੰ ਕਿਸ ਕਿਸਮ ਦੀ ਮਸ਼ੀਨ 'ਤੇ ਕੰਮ ਕਰਨ ਦਾ ਤਜਰਬਾ ਹੈ? ਉਸ ਵੇਲੇ ਤੱਕ ਉਹਦੇ ਦਿਮਾਗ ਵਿਚੋਂ ਸੈਂਟਰਲੇਥ ਸ਼ਬਦ ਗੁਮ ਗੁਆਚ ਗਿਆ ਸੀ। ਬੰਦਾ ਸੀ ਬਹੁਤ ਚੁਸਤ ਚਲਾਕ, ਉਹਨੇ ਝੱਟ ਕਹਿ ਦਿੱਤਾ, "ਟੋਕਾ ਮਸ਼ੀਨ 'ਤੇ"। ਜਦ ਇੰਟਰਵੀਊ ਕਰਨ ਵਾਲੇ ਨੇ ਕਿਹਾ, "ਉਹ ਕੀ ਹੁੰਦਾ?" ਤਾਂ ਸਾਧੂ ਨੇ ਕੋਲੋਂ ਕਹਿ ਦਿੱਤਾ, "ਇੰਡੀਆ ਵਿਚ ਸੈਂਟਰਲੇਥ ਨੂੰ ਟੋਕਾ ਮਸ਼ੀਨ ਕਹਿੰਦੇ ਆ"। ਇਸਤਰ੍ਹਾਂ ਉਸ ਭਾਈਬੰਦ ਦਾ ਅਟਕਲ ਲੱਗ ਗਿਆ ਤੇ ਉਹਨੂੰ ਕੰਮ 'ਤੇ ਰੱਖ ਲਿਆ।

ਜਦ ਮੈਂ ਸਾਧੂ ਨੂੰ ਕਿਹਾ, "ਮੈਂ ਤਾਂ ਸੈਂਟਰਲੇਥ 'ਤੇ ਕੰਮ ਕਰਨਾ ਜਾਣਦਾ ਹੀ ਨਹੀਂ। ਜੇ ਉੱਥੇ ਕੰਮ 'ਤੇ ਲੱਗ ਗਿਆ, ਕੰਮ ਕਿਵੇਂ ਕਰਾਂਗਾ?" ਸਾਧੂ ਨੇ ਉੱਤਰ ਦਿੱਤਾ, "ਤੁਹਾਡਾ ਕੰਮ ਮਸ਼ੀਨ ਓਪ੍ਰੇਟਰ (ਮਸ਼ੀਨ-ਚਾਲਕ) ਦਾ ਹੋਣਾ ਹੈ। ਤੁਸੀਂ ਤਾਂ ਸੈੱਟਰ ਦੇ ਦਸੇ ਅਨੁਸਾਰ ਮਸ਼ੀਨ ਚਲਾਉਣੀ ਹੈ। ਮਸ਼ੀਨ-ਸੈੱਟਰ ਦਾ ਕੰਮ ਹੁੰਦਾ ਹੈ ਹਰ ਨਵੇਂ ਕੰਮ ਲਈ ਮਸ਼ੀਨ ਸੈੱਟ ਕਰ ਕੇ ਓਪਰੇਟਰ ਨੂੰ ਸੰਭਾਲਣੀ ਤੇ ਓਪਰੇਟਰ ਦਾ ਕੰਮ ਉਹਦੇ ਦੱਸੇ ਅਨੁਸਾਰ ਕੰਮ ਕਰੀ ਜਾਣਾ ਹੁੰਦਾ ਹੈ"। ਇੰਟਰਵੀਊ ਸਮੇਂ ਮੈਂ ਸਾਧੂ ਦੀ ਪੜ੍ਹਾਈ ਪੱਟੀ ਅਨੁਸਾਰ ਬੋਲਦਾ ਰਿਹਾ। ਇਸ ਤਰ੍ਹਾਂ ਮੇਰਾ ਵੀ ਅਟਕਲ ਲੱਗ ਗਿਆ। ਮੈਨੂੰ ਪੱਕੀਆਂ ਰਾਤਾਂ ਦੀ ਸ਼ਿਫਟ 'ਤੇ ਰੱਖ ਲਿਆ ਗਿਆ।

ਮੈਂ ਦੂਜੇ ਦਿਨ ਹੀ ਸੀਮਨ ਸਕੂਕਰਟ ਵਿਚ ਕੰਮ 'ਤੇ ਜਾਂਦੇ ਨੇ ਹੀ ਕੰਮ ਛੱਡਣ ਲਈ ਇਕ ਹਫਤੇ ਦਾ ਨੋਟਸ  ਦੇ ਦਿੱਤਾ। ਅਗਲੇ ਹਫਤੇ ਦੇ ਸੋਮਵਾਰ ਨੂੰ ਮੈਂ ਪਲੱਮਸਟੈਡ ਵਿਚ ਨਵੇਂ ਕੰਮ 'ਤੇ ਜਾ ਲੱਗਾ ਤੇ ਡੇਰਾ ਵੀ ਸਾਧੂ

ਦੇ ਘਰ ਹੀ ਲਗਣਾ ਸੀ, ਸੋ ਲੱਗ ਗਿਆ। ਸਾਧੂ ਦਾ ਘਰ ਪਲੱਮਸਟੈਡ ਵਿਚ ਪੱਰਟ ਰੋਡ 'ਤੇ ੬੫ ਨੰਬਰ ਸੀ। ਸੜਕ ਦਾ ਇਹ ਪਾਸਾ ਚੋਖੀ ਚੜ੍ਹਾਈ ਚੜ੍ਹ ਕੇ ਆਉਂਦਾ ਸੀ। ਸਾਧੂ ਨੇ ਇਹ ਘਰ ਸਾਲ ਕੁ ਪਹਿਲਾਂ ਹੀ ਲਿਆ ਸੀ। ਰਹਿੰਦਾ ਉਹ ਕੇਵਲ ਆਪ ਤੇ ਨਾਲ ਉਹਦਾ ਇੱਕ ਪੇਂਡੂੰ ਬੰਦਾ ਪੂਰਨ ਸੀ। ਪੂਰਨ ਵੀ ਰਾਮਗੜ੍ਹੀਆ ਸਕੂਲ ਦੇ ਵੇਲ਼ੇ ਦਾ ਮੇਰਾ ਵਿਦਿਆਰਥੀ ਸੀ। ਮੈਂ ਇੰਝ ਹੀ ਮਹਿਸੂਸ ਕਰ ਰਿਹਾ ਸਾਂ ਜਿਵੇਂ ਕਿ ਆਪਣੇ ਘਰ ਹੀ ਆ ਗਿਆ ਹੋਵਾਂ।

ਜਿਸ ਫੈਕਟਰੀ ਵਿਚ ਮੈਂ ਕੰਮ ਤੇ ਲੱਗਾ ਸਾਂ, ਉਸ ਵਿਚ ਬਿਜਲਈ ਵਸਤਾਂ ਵਿਚ ਲੱਗਣ ਵਾਲੇ ਛੋਟੇ ਛੋਟੇ ਪੁਰਜ਼ੇ ਬਣਦੇ ਸਨ। ਇੱਕ ਪੁਰਜ਼ਾ ਬਣਦਾ ਸੀ, ਜਿਹਨੂੰ ਰੋਟਰ ਕਹਿੰਦੇ ਸਨ। ਇਹ ਪੁਰਜ਼ਾ ਬਣਾਉਣ ਲਈ ਪਹਿਲਾਂ ਤਾਂਬੇ ਦੀਆਂ ਇੱਕੋ ਸਾਈਜ਼ ਦੀਆਂ ਗੋਲ ਭੰਵੀਰੀਆਂ ਜਿਹੀਆਂ ਕੱਟੀਆਂ ਜਾਂਦੀਆ ਸਨ, ਫੇਰ ਉਨ੍ਹਾਂ ਦੀ ਖਾਸ ਗਿਣਤੀ ਧੁਰੀ ਤੇ ਚਾੜ੍ਹ ਕੇ ਪਰੈੱਸ ਦੇ ਦਬਾ ਨਾਲ ਉਨ੍ਹਾਂ ਨੂੰ ਜੋੜਿਆ ਜਾਂਦਾ ਸੀ। ਫੇਰ ਜੁੜੇ ਹੋਏ ਪੁਰਜ਼ੇ ਨੂੰ ਫਲੱਕਸ (ਮਸਾਲਾ ਜਿਹਾ) ਲਾ ਕੇ ਪਿਘਲੇ ਹੋਏ ਸੋਲਡਰ (ਟਾਂਕਾ ਲਾਉਣ ਵਾਲਾ ਮਸਾਲਾ) ਵਿਚ ਡਬੋਇਆ ਜਾਂਦਾ ਸੀ। ਇਸ ਤਰ੍ਹਾਂ ਰੋਟਰ ਤਿਆਰ ਹੋ ਜਾਂਦਾ ਸੀ। ਇਹ ਰੋਟਰ ਕਈ ਸਾਈਜ਼ਾਂ ਦੇ ਹੁੰਦੇ ਸਨ।

ਮੇਰਾ ਕੰਮ ਸੀ ਇਨ੍ਹਾਂ ਰੋਟਰਾਂ ਤੋਂ ਵਾਇਰਬਰੁਸ਼ ਨਾਲ ਵਾਧੂ ਫਲੱਕਸ ਝਾੜਨਾ। ਮਸ਼ੀਨ 'ਤੇ ਇੱਕ ਗੋਲ਼ ਵਾਇਰਬਰੁਸ਼ ਘੁਮ ਰਿਹਾ ਹੁੰਦਾ ਸੀ। ਮੈਂ ਰੋਟਰ ਨੂੰ ਉਸ ਵਾਇਰਬਰੁਸ਼ ਦੇ ਨੇੜੇ ਲੈ ਜਾ ਕੇ ਉਸਤੋਂ ਵਾਧੂ ਫਲੱਕਸ ਝਾੜਦਾ ਸਾਂ। ਇਹ ਕੰਮ ਪੀਸ-ਵਰਕ ਦਾ ਸੀ। ਜਿੰਨਾ ਵੱਧ ਕੰਮ ਕਰੋ ਉਂਨੇ ਵੱਧ ਪੈਸੇ। ਵੱਧ ਤੋਂ ਵੱਧ ਇੱਕ ਖਾਸ ਗਿਣਤੀ ਨਾਲੋਂ ਦੁੱਗਣਾ ਕੰਮ ਕੀਤਾ ਜਾ ਸਕਦਾ ਸੀ। ਜੇ ਕੋਈ ਬੰਦਾ ਦੁਗਣੀ ਗਿਣਤੀ ਤੋਂ ਵੱਧ ਕੰਮ ਕਰਦਾ ਤਾਂ ਉਹਨੂੰ ਮਿਹਨਤਾਨਾ ਵੱਧ ਨਹੀਂ ਮਿਲਦਾ ਸੀ। ਇਹਦਾ ਮਤਲਬ ਸੀ ਕਿ ਦੂਣੀ ਗਿਣਤੀ ਨਾਲੋਂ ਵੱਧ ਕੰਮ ਕਰਨ ਦਾ ਕੋਈ ਫਾਇਦਾ ਨਹੀਂ ਸੀ। ਪਹਿਲਾਂ ਪਹਿਲਾਂ ਤਾਂ ਮੈਥੋਂ

ਦੂਣੀ ਗਿਣਤੀ ਤਾਂ ਕੀ ਖਾਸ ਗਿਣਤੀ ਵੀ ਪੂਰੀ ਨਹੀਂ ਹੁੰਦੀ ਸੀ, ਇਸ ਲਈ ਪੀਸ ਵਰਕ ਬਣਦਾ ਹੀ ਨਹੀਂ ਸੀ। ਫੇਰ ਕੁਝ ਹਫਤੇ ਕੰਮ ਕਰਨ ਪਿੱਛੋਂ ਮੈਨੂੰ ਵੱਧ ਕੰਮ ਕਰਨ ਦਾ ਵੱਲ ਆ ਗਿਆ। ਮੈਂ ਰੋਟਰ ਨੂੰ ਉਹਦੀ ਧੁਰੀ ਦੇ ਦੋਹਾਂ ਪਾਸਿਆਂ ਤੋਂ ਫੜ ਕੇ ਟੇਢਾ ਜਿਹਾ ਕਰ ਕੇ ਵਾਇਰਬਰੁਸ਼ ਦੇ ਨੇੜੇ ਲੈ ਜਾਂਦਾ ਸਾਂ। ਬਰੁਸ਼ ਦੇ ਪਰੈਸ਼ਰ ਨਾਲ ਰੋਟਰ  ਤੇਜ਼ੀ ਨਾਲ ਘੁੰਮਦਾ ਤੇ ਸਕਿੰਟਾਂ ਵਿਚ ਬਿਲਕੁਲ ਸਾਫ ਹੋ ਜਾਂਦਾ। ਇਸਤਰ੍ਹਾਂ ਸਾਰੀ ਰਾਤ ਵਿਚ ਜਿੰਨਾ ਕੰਮ ਕਰਨਾ ਹੁੰਦਾ, ਉਹਦੇ ਨਾਲੋਂ ਦੂਣਾ ਕੁਝ ਘੰਟਿਆਂ ਵਿਚ ਹੀ ਹੋ ਜਾਂਦਾ। ਫੇਰ ਵਿਹਲਾ ਸਮਾਂ ਲੰਘਾਉਣ ਦੀ ਸਮੱਸਿਆ ਖੜ੍ਹ ਜਾਂਦੀ, ਇਸ ਲਈ ਜਦੋਂ ਦੇਖ ਲੈਂਦਾ ਕਿ ਦੂਣਾ ਕੰਮ ਛੇਤੀ ਹੀ ਹੋ ਜਾਣਾ ਹੈ ਤਾਂ ਰਫਤਾਰ ਜ਼ਰਾ ਘਟਾ ਲੈਂਦਾ ਸਾਂ। ਰੋਜ਼ ਦੂਣਾ ਕੰਮ ਕਰ ਕੇ ਪੀਸ ਵਰਕ ਤਾਂ ਡਬਲ ਕਰ ਲਈਦਾ ਸੀ ਪਰ ਵਾਇਰਬ੍ਰਸ਼ ਨਾਲ ਮਸਾਲੇ ਦੀ ਉਡਦੀ ਧੂੜ ਸਿੱਧੀ ਨਾਸਾਂ ਵਲ ਨੂੰ ਆਉਂਦੀ ਸੀ, ਇਸ ਲਈ ਨਾਸਾਂ ਮੋਹਰੇ ਮਾਸਕ(ਮੁਖੌਟਾ) ਬੰਨ੍ਹ ਕੇ ਰੱਖਣਾ ਪੈਂਦਾ ਸੀ। ਮਾਸਕ ਲਾ ਕੇ ਸਾਹ ਲੈਣਾ ਕੁਝ ਔਖਾ ਹੋ ਜਾਂਦਾ ਸੀ ਤੇ ਹਰ ਪੰਜਾਂ ਕੁ ਮਿੰਟਾਂ ਪਿੱਛੋਂ ਮਾਸਕ ਲਾਹ ਕੇ ਸਾਹ ਲੈਣਾ ਪੈਂਦਾ ਸੀ। ਹੱਥਾਂ ਨੂੰ ਵਾਇਰਬਰੁਸ਼ ਦੀ ਮਾਰ ਤੋਂ ਬਚਾਉਣ ਲਈ ਦਸਤਾਨੇ ਪਾਉਣੇ ਪੈਂਦੇ ਸਨ।

ਤਨਖਾਹ ਇੱਥੇ ਰਾਤਾਂ ਦੇ ਬੋਨਸ ਨਾਲ ਹਫਤੇ ਦੇ ਪੰਦਰਾਂ ਕੁ ਪੌਂਡ ਤੱਕ ਤਾਂ ਉਂਝ ਹੀ ਪੁੱਜ ਜਾਂਦੀ ਸੀ, ਜਦ ਪੀਸ ਵਰਕ ਬਣਨ ਲੱਗ ਪਿਆ ਤਾਂ ਪੌਂਡ ਵੀ ਹਫਤੇ ਦੇ ਵੀਹ ਤੱਕ ਮਿਲਣ ਲੱਗ ਪਏ ਸਨ। ਮੈਂ ਬੱਚਤ ਕਰਨ ਵਾਲਾ ਪਰਣ ਉਸੇ ਤਰ੍ਹਾਂ ਨਿਭਾਈ ਜਾ ਰਿਹਾ ਸਾਂ, ਸਗੋਂ ਅੱਗੇ ਨਾਲੋ ਵੱਧ ਇਨਕਮ ਹੋਣ ਕਰਕੇ ਵੱਧ ਹੀ ਬਚ ਜਾਂਦੇ ਸਨ।

ਮੈਂ ਸਾਧੂ ਨੂੰ ਉਹਦੇ ਘਰ ਵਿਚ ਰਹਿਣ ਦੇ ਕਰਾਏ ਬਾਰੇ ਕਈ ਵੇਰ ਪੁੱਛਿਆ ਪਰ ਉਹਨੇ ਅਜਿਹੀ ਨਾਹ ਫੜੀ ਕਿ ਮੇਰੀ ਕੁਝ ਪੇਸ਼ ਨਾ ਗਈ। ਸਾਧੂ ਮੈਥੋਂ ਕਿਰਾਇਆ ਤਾਂ ਲੈਂਦਾ ਨਹੀਂ ਸੀ। ਪਰ ਘਰ ਦੇ ਸਾਰੇ ਬਿੱਲਾਂ ਦਾ ਅੱਧ ਮੈਂ

ਮਲੋ ਮਲੀ ਦੇ ਦਿੰਦਾ ਸਾਂ। ਮੈਂ ਜਿੰਨੇ ਕੁ ਪੌਂਡ ਬਚਦੇ, ਮਹੀਨੇ ਕੁ ਪਿੱਛੋਂ ਦੇਸ ਨੂੰ ਭੇਜ ਦਿੰਦਾ ਸਾਂ। ਮੈਂ ਦੋ ਸਾਲ ਵਿਚ ਹੀ ਆਪਣੇ ਬਜ਼ੁਰਗਾਂ ਦਾ ਸਾਰਾ ਕਰਜ਼ਾ ਵੀ ਲਾਹ ਦਿੱਤਾ ਸੀ ਤੇ ਮੇਰੀ ਪਤਨੀ ਕੋਲ ਅਠਾਰਾਂ ਹਜ਼ਾਰ ਰੁਪਏ ਵੀ ਜਮ੍ਹਾਂ ਵੀ ਹੋ ਗਏ।

**ਉੱਤਰ-ਲਿਖਤ:**

ਅਗਸਤ 1965 ਵਿਚ ਮੈਂ ਹਾਲਾਤ ਦਾ ਧੱਕਿਆ ਮਿਡਲੈਂਡ ਦੇ ਸ਼ਹਿਰ ਡਰਬੀ ਆ ਕੇ ਵਸਣ ਲਈ ਮਜ਼ਬੂਰ ਹੋਗਿਆ ਸਾਂ ਪਰ ਸਾਧੂ ਦੀ ਮਿੱਤਰਤਾ 'ਤੇ ਵਿਸ਼ਵਾਸ਼ ਵਿਚ ਕੋਈ ਘਾਟ ਨਾ ਆਈ। ਮੇਰਾ ਇਹ ਪਿਆਰਾ ਮਿੱਤਰ ਤੇ ਸ਼ਗਿਰਦ 2012 ਦੇ ਮਈ ਮਹੀਨੇ ਕੈਂਸਰ ਦੀ ਲੰਬੀ ਬਿਮਾਰੀ ਵਿਚ ਗ੍ਰਸਿਆ. ਏਸ ਸੰਸਾਰ ਨੂੰ ਛੱਡ ਗਿਆ। ਮੈਂ ਆਪਣੇ ਲੰਮੇ ਜੀਵਨ ਵਿਚ ਮਿੱਤਰ ਵੀ ਵਥੇਰੇ ਦੇਖੇ ਹਨ ਤੇ ਚੰਗੇ ਵਿਦਿਆਰਥੀ ਵੀ, ਪਰ ਸਾਧੂ ਵਰਗਾ ਨਾ ਪਹਿਲਾਂ ਕੋਈ ਦੇਖਿਆ ਸੀ ਨਾ ਮੁੜ ਦੇਖ ਸਕਾਂਗਾ।

## *2. ਕੁਝ ਸਿੱਧਾ ਕੁਝ ਵਹਿਮੀ ਬੰਦਾ*

ਮੈਨੂੰ ਪਲੱਮਸਟੈਡ ਵਿਚ ਆਇਆਂ ਹਾਲੀਂ ਮਹੀਨਾ ਕੁ ਹੀ ਹੋਇਆ ਸੀ ਕਿ ਮੇਰੇ ਪਿੰਡੋਂ ਮੇਰੇ ਇੱਕ ਮਿੱਤਰ ਗੁਰਦੇਵ ਸਿੰਘ ਦੀ ਤਾਰ ਆ ਗਈ ਕਿ ਉਹ ਹੀਥਰੋ ਏਅਰਪੋਰਟ 'ਤੇ ਦੂਜੇ ਦਿਨ ਉੱਤਰ ਰਿਹਾ ਹੈ। ਮੈਂ ਦੂਜੇ ਦਿਨ ਸਾਧੂ ਨੂੰ ਨਾਲ ਲੈ ਕੇ ਸਮੇਂ ਸਿਰ ਉੱਥੇ ਪੁੱਜ ਗਿਆ। ਉਸ ਦਿਨ ਜਹਾਜ਼ ਅੱਧਾ ਕੁ ਘੰਟਾ ਪਹਿਲਾਂ ਉੱਤਰ ਗਿਆ ਸੀ। ਉਹ ਸਾਨੂੰ ਉੱਥੇ ਲੱਭਾ ਨਾ ਤਾਂ ਅਸੀਂ ਆਪਣਾ ਮੂੰਹ ਲੈ ਕੇ ਵਾਪਸ ਆ ਗਏ। ਉਸੇ ਦਿਨ ਸ਼ਾਮ ਨੂੰ ਗੁਰਦੇਵ ਸਿੰਘ ਦਾ ਸਲੋਅ ਤੋਂ ਫੋਨ ਆ ਗਿਆ ਤੇ ਮੈਨੂੰ ਛੇਤੀ ਪੁੱਜਣ ਦੀ ਤਾਕੀਦ ਕੀਤੀ। ਉਹ ਪਿੰਡੋਂ ਹੀ ਪਿੰਡ ਦੀ

ਇੱਕ ਕੁੜੀ ਦਾ ਪਤਾ ਲੈ ਆਇਆ ਸੀ ਤੇ ਸਾਨੂੰ ਏਅਰਪੋਰਟ 'ਤੇ ਉਡੀਕੇ ਬਿਨਾਂ ਹੀ ਉਹਦੇ ਪਤੇ ਤੇ ਜਾ ਪੁੱਜਾ ਸੀ। ਉਹਦਾ ਜੀਅ ਉੱਥੇ ਇੱਕ ਦਿਨ ਵੀ ਨਾ ਲੱਗਾ।

ਮੈਂ ਦੂਜੇ ਦਿਨ ਸਵੇਰੇ ਉਹਦੇ ਦੱਸੇ ਪਤੇ 'ਤੇ ਜਾ ਪੁੱਜਾ ਤੇ ਉਹਨੂੰ ਨਾਲ ਲੈ ਆਇਆ। ਗੁਰਦੇਵ ਸਿੰਘ ਕੁਝ ਸਿੱਧਾ ਤੇ ਵਹਿਮੀ ਜਿਹਾ ਬੰਦਾ ਸੀ। ਉਹ ਕਹੀ ਜਾਵੇ, "ਤੂੰ ਮੈਨੂੰ ਏਅਰਪੋਰਟ 'ਤੇ ਲੈਣ ਕਿਉਂ ਨਹੀਂ ਆਇਆ?" ਮੈਂ ਵਥੇਰਾ ਕਿਹਾ ਕਿ ਮੈਂ ਤਾਂ ਐਨ ਸਮੇਂ ਸਿਰ ਏਅਰਪੋਰਟ 'ਤੇ ਪੁੱਜ ਗਿਆ ਸੀ, ਤੂੰ ਹੀ ਉੱਥੇ ਨਹੀਂ ਮਿਲਿਆ।

ਮੈਂ ਖੁਸ਼ ਸਾਂ ਕਿ ਆਪਣਾ ਇੱਕ ਹੋਰ ਮਿੱਤਰ ਤੇ ਪੇਂਡੂ ਆ ਗਿਆ ਸੀ। ਪਰ ਉਹ ਦੋ ਕੁ ਦਿਨਾਂ ਵਿਚ ਹੀ ਮੇਰੇ ਨਾਲ ਮਾਮੂਲੀ ਜਿਹੀ ਗੱਲ 'ਤੇ ਹੀ ਨਾਰਾਜ਼ ਜਿਹਾ ਰਹਿਣ ਲੱਗ ਪਿਆ। ਉਹਨੇ ਦੂਜੇ ਦਿਨ ਮੈਨੂੰ ਕਿਹਾ, "ਹਰਬਖਸ਼! ਮੈਨੂੰ ਪੰਦਰਾਂ ਕੁ ਪੌਂਡ ਉਧਾਰੇ ਦੇਹ"। ਮੈਂ ਕਿਹਾ, "ਜਿੰਨਾ ਚਿਰ ਤੂੰ ਕੰਮ 'ਤੇ ਨਹੀਂ ਲੱਗ ਜਾਂਦਾ ਤੇਰਾ ਕੋਈ ਖਰਚ ਨਹੀਂ ਹੋਣਾ। ਇਹ ਇੱਥੇ ਦਾ ਰਵਾਜ ਹੈ। ਜੋ ਕੁਝ ਅਸੀਂ ਖਾਵਾਂਗੇ ਤੈਨੂੰ ਵੀ ਨਾਲ ਹੀ ਮਿਲਦਾ ਰਹੇਗਾ। ਪੌਂਡਾਂ ਦੀ ਤੈਨੂੰ ਉਂਨਾ ਚਿਰ ਲੋੜ ਨਹੀਂ ਪੈਣੀ। ਹਾਂ ਜੇ ਕੁਝ ਖਰੀਦਣਾ ਹੀ ਹੋਇਆ, ਉਹ ਮੈਂ ਤੈਨੂੰ ਨਾਲ ਲੈਜਾ ਕੇ ਲੈ ਦੇਵਾਂਗਾ"। ਉਹ ਤਾਂ ਇੱਕ ਦੱਮ ਤੁੜੂੰ ਫੜੂੰ ਹੋ ਗਿਆ। ਬੁਲਾਇਆਂ ਬੋਲੇ ਹੀ ਨਾ।

ਮੈਂ ਉਹਨੂੰ ਆਪਣੀ ਮਜਬੂਰੀ ਵੀ ਦਸੀ ਕਿ ਮੇਰੇ ਕੋਲ ਜੋ ਕੁਝ ਸੀ, ਉਹ ਮੈਂ ਤਿੰਨ ਕੁ ਦਿਨ ਪਹਿਲਾਂ ਹੀ ਦੇਸ ਨੂੰ ਭੇਜ ਚੁੱਕਾ ਹਾਂ। ਉਹ ਕਿਵੇਂ ਸਮਝ ਸਕਦਾ ਸੀ ਕਿ ਮੈਂ ਸੱਚਾ ਸਾਂ? ਉਹਦੇ ਅੰਦਰ ਇਹ ਗੱਲ ਗੱਠ ਬਣ ਕੇ ਬੈਠ ਗਈ ਤੇ ਉਹ ਨੇ ਮੈਨੂੰ ਕਈ ਸਾਲਾਂ ਪਿੱਛੋਂ ਵੀ ਇੱਕ ਵੇਰ ਮਿਹਣਾ ਮਾਰ ਦਿੱਤਾ ਸੀ ਕਿ ਮੈਂ ਉਸ ਸਮੇਂ ਉਹਦੀ ਮਦਦ ਤਾਂ ਕਰ ਸਕਦਾ ਸਾਂ ਪਰ ਜਾਣ ਬੁੱਝ ਕੇ ਨਹੀਂ ਕੀਤੀ ਸੀ।

ਰਾਮਫੋਰਡ ਵਾਲਾ ਅਨੂਪ ਸਾਡਾ ਸਾਂਝਾ ਦੋਸਤ ਸੀ। ਗੁਰਦੇਵ ਸਿੰਘ ਜ਼ੋਰ ਦੇਣ ਲੱਗ ਪਿਆ ਕਿ ਅਨੂਪ ਨੂੰ ਫੋਨ ਕਰ ਕੇ ਛੇਤੀ ਸੱਦਿਆ ਜਾਵੇ। ਉਹ ਨੂੰ ਕਿਹੜਾ ਪਤਾ ਸੀ ਕਿ ਵੀਕ ਐਂਡ ਤੋਂ ਪਹਿਲਾਂ ਉਹਨੇ ਮਿਲਣ ਨਹੀਂ ਆ ਸਕਣਾ ਸੀ। ਅਨੂਪ ਨੂੰ ਫੋਨ ਕੀਤਾ ਤਾਂ ਉਹ ਸਨਿਚਰਵਾਰ ਨੂੰ ਮਿਲਣ ਆ ਗਿਆ। ਉਹ ਨੇ ਉਹਦੇ ਆਏ 'ਤੇ ਵੀ ਇਹੀ ਗੱਲ ਛੋਹ ਲਈ। ਗੁਰਦੇਵ ਸਿੰਘ ਦਾ ਸਾਲਾ ਸਾਊਥੈਂਮਟਨ ਵਿਚ ਰਹਿੰਦਾ ਸੀ। ਪਰ ਉਹ ਇੱਥੇ ਮੇਰੇ ਕੋਲ ਜਾਂ ਅਨੂਪ ਕੋਲ ਰਹਿ ਕੇ ਖੁਸ਼ ਸੀ। ਜਦ ਅਨੂਪ ਨੇ ਵੀ ਉਹਨੂੰ ਇਹੀ ਸਲਾਹ ਦਿੱਤੀ ਕਿ ਉਹਨੂੰ ਆਪਣੇ ਸਾਲੇ ਕੋਲ ਹੀ ਰਹਿਣਾ ਚਾਹੀਦਾ, ਤਾਂ ਉਹ ਉਹਤੋਂ ਵੀ ਕੁਝ ਨਿਰਾਸ ਹੋ ਗਿਆ।

ਅਸੀਂ ਤਾਂ ਇਹ ਸੋਚਦੇ ਸਾਂ ਕਿ ਅਸੀਂ ਤਾਂ ਇਕੱਲੇ ਕਾਰੇ ਆਪਣੇ ਹੱਥ ਆਪ ਹੀ ਲੂੰਹਦੇ ਹਾਂ, ਗੁਰਦੇਵ ਸਿੰਘ ਤਾਂ ਪੱਕੀਆਂ ਪਕਾਈਆਂ ਖਾਵੇ, ਕਿਉਂਕਿ ਉਹਦਾ ਸਾਲਾ ਟੱਬਰ ਵਾਲਾ ਸੀ। ਉਹ ਬਚਪਨ ਤੋਂ ਹੀ ਫੀਜੀ ਵਿਚ ਰਿਹਾ ਸੀ ਤੇ ਉੱਥੇ ਹੀ ਉਹਦਾ ਵਿਆਹ ਹੋਇਆ ਸੀ। ਦੋ ਕੁ ਸਾਲ ਉਹਨੂੰ ਇੰਗਲੈਂਡ ਵਿਚ ਆਏ ਨੂੰ ਹੋ ਗਏ ਸਨ। ਉਹਦਾ ਆਪਣਾ ਘਰ ਸੀ ਤੇ ਚੰਗੀ ਨੌਕਰੀ ਸੀ। ਖੈਰ ਗੁਰਦੇਵ ਸਿੰਘ ਅਨੂਪ ਦੇ ਨਾਲ ਹੀ ਚਲਾ ਗਿਆ ਤੇ ਉਹ ਉਹਨੂੰ ਸਾਊਥੈਮਟਨ ਉਹਦੇ ਸਾਲੇ ਕੋਲ ਛੱਡ ਗਿਆ।

## *3. ਮਿੱਸਫਿਟ ਬੰਦਾ*

ਸਾਧੂ ਤੇ ਪੂਰਨ ਦੋਹਾਂ ਨੂੰ ਰੋਟੀ ਪਕਾਉਣੀ ਆਉਂਦੀ ਨਹੀਂ ਸੀ, ਇਸ ਲਈ ਮੇਰੇ ਇੱਥੇ ਆਉਣ ਤੋਂ ਪਹਿਲਾਂ ਉਹ ਦੋਵੇਂ ਅੰਗਰੇਜ਼ੀ ਖਾਣੇ ਨਾਲ ਹੀ ਸਾਰੀ ਜਾਂਦੇ ਸਨ। ਮੈਂ ਤਾਂ ਉਨ੍ਹਾਂ ਦਿਨਾਂ ਦਾ ਹੀ ਆਪਣਾ ਖਾਣਾ ਆਪ ਬਣਾਉਣ ਦਾ ਵੱਲ ਜਾਣ ਗਿਆ ਸਾਂ, ਜਿਨ੍ਹਾਂ ਦਿਨਾਂ ਵਿਚ ੨੨ ਕੁ ਸਾਲ ਦੀ ਉਮਰ ਵਿਚ ਮੈਂ

ਜਿਲ੍ਹਾ ਫੀਰੋਜ਼ਪੁਰ (ਪੰਜਾਬ) **ਦੇ** ਪਿੰਡ ਕਿੜਿਆਂ ਵਾਲਾ ਵਿਚ ਪੜ੍ਹਾਉਂਦਾ ਸਾਂ। ਮੇਰੇ ਇੱਥੇ ਆਉਣ ਨਾਲ ਸਾਧੂ ਤੇ ਪੂਰਨ ਦੀ ਰੋਟੀ ਦਾ ਮਸਲਾ ਵੀ ਹੱਲ ਹੋ ਗਿਆ। ਮੈਂ ਰੋਟੀਆਂ, ਦਾਲ ਸਬਜ਼ੀ ਸਭ ਕੁਝ ਤਿਆਰ ਕਰ ਦਿੰਦਾ ਤੇ ਉਹ ਪੱਕੀ ਪਕਾਈ ਛਕ ਲੈਂਦੇ।

ਸਾਧੂ ਦਾ ਇੱਕ ਹੋਰ ਪੇਂਡੂ ਵੀ ਆ ਵੱਜ**ਦਾ** ਸੀ ਤੇ ਫੇਰ ਕਈ ਕਈ ਦਿਨ ਇੱਥੇ ਹੀ ਟਿਕਿਆ ਰਹਿੰਦਾ ਸੀ। ਉਹਨੂੰ ਵੀ ਪੱਕੀ ਪਕਾਈ ਦਾ ਲਾਲਚ ਹੋ ਗਿਆ ਸੀ। ਨਾਉਂ ਉਹਦਾ ਵੀ ਪੂਰਨ ਸੀ। ਉਹ ਸਾਊਥ ਈਸਟ ਲੰਡਨ ਦੇ ਕਸਬੇ ਈਸਟਹੈਮ ਵਿਚ ਆਪਣੇ ਭਰਾ ਕੋਲ ਰਹਿੰਦਾ ਸੀ, ਭਰਾ ਨਾਲ ਗੁੱਸੇ ਹੋ ਕੇ ਇੱਥੇ ਆ ਜਾਂਦਾ ਤੇ ਫੇਰ ਜਾਣ ਦਾ ਨਾਉਂ ਹੀ ਨਾ ਲੈਂਦਾ। ਸਾਧੂ ਕੁਝ ਦਿਨਾਂ ਪਿੱਛੋਂ ਉਹਨੂੰ ਆਪ ਨਾਲ ਜਾ ਕੇ ਉਹਦੇ ਭਰਾ ਕੋਲ ਛੱਡ ਆਉਂਦਾ ਤੇ ਉਹ ਹਫਤੇ ਕੁ ਪਿੱਛੋਂ ਫੇਰ ਆ ਜਾਂਦਾ। ਪਹਿਲਾਂ ਤਾਂ ਸਾਧੂ ਉਹਦੇ ਨਾਲ ਨਰਮ ਵਰਤਾਉ ਹੀ ਕਰਦਾ ਰਿਹਾ। ਜਦ ਉਹ ਹਟਿਆ ਹੀ ਨਾ, ਫੇਰ ਕੁਝ ਕੁ ਸਖਤ ਵੀ ਹੋ ਗਿਆ। ਸਾਧੂ ਉਹਨੂੰ ਝਿੜਕ ਝੰਬ ਕੇ ਤੋਰ ਦਿੰਦਾ ਪਰ ਉਹ ਦੋ ਕੁ ਦਿਨਾਂ ਪਿੱਛੋਂ ਫੇਰ ਆ ਜਾਂਦਾ। ਅਸਲ ਗੱਲ ਇਹ ਸੀ ਕਿ ਉਹ ਇੰਗਲੈਂਡ ਵਿਚ ਆ ਕੇ ਫਿਟ ਨਹੀਂ ਹੋ ਸਕਿਆ ਸੀ।

ਮੈ ਉਹਨੂੰ ੧੯੬੦ ਵਿਚ ਇੱਕ ਵੇਰ ਫਗਵਾੜੇ ਸਾਧੂ ਨਾਲ ਆਏ ਨੂੰ ਵੀ ਦੇਖਿਆ ਸੀ। ਉਦੋਂ ਉਹ ਦਸ ਕੁ ਸਾਲ ਹਾਂਗਕਾਂਗ ਵਿਚ ਰਹਿ ਕੇ ਤਾਜ਼ਾ ਤਾਜ਼ਾ ਦੇਸ ਪਰਤਿਆ ਸੀ। ਸਲੀਕੇ ਨਾਲ ਬੰਨ੍ਹੀ ਪੱਗ ਤੇ ਚਾੜ੍ਹ ਕੇ ਬੰਨ੍ਹੀ ਦਾਹੜੀ ਨਾਲ ਉਹ ਚੋਖਾ ਸ਼ੌਕੀਨ ਜਿਹਾ ਬੰਦਾ ਲਗਦਾ ਸੀ ਤੇ ਉਪਰੋਂ ਉਹ ਨੇ ਦੋ ਦੰਦਾਂ ’ਤੇ ਸੋਨੇ ਦੇ ਖੋਲ ਚੜ੍ਹਾਏ ਹੋਏ ਸਨ, ਜਿਹੜੇ ਉਹਦੇ ਚੋਖਾ ਚਲਦਾ ਪੁਰਜ਼ਾ ਹੋਣ ਦੀ ਗਵਾਹੀ ਭਰਦੇ ਸਨ। ਹਾਂਗਕਾਂਗ ਵਿਚ ਰਹਿੰਦਿਆਂ ਉਹਦੀ ਆਪਣੇ ਦੇਸੀ ਭਾਈਚਾਰੇ ਵਿਚ ਪੁੱਛ ਪ੍ਰਤੀਤ ਸੀ ਪਰ ਇੱਥੇ ਆ ਕੇ ਉਹ ਨਾ ਤਿੰਨਾਂ ਵਿਚ ਰਿਹਾ ਸੀ ਨਾ ਤੇਰਾਂ ਵਿਚ। ਘੋਨਮੋਨ ਹੋਣ ਨਾਲ ਉਹਦੀ ਸ਼ਕਲ ਵੀ ਅਜੀਬ

ਜਿਹੀ ਨਿਕਲ ਆਈ ਸੀ। ਰੰਗ ਪੱਕਾ ਤੇ ਘਸਿਆ ਜਿਹਾ ਬੇਰੌਣਕ ਚਿਹਰਾ ਨਿਕਲ ਆਇਆ ਸੀ। ਉਹਦਾ ਭਰਾ ਜਿੱਥੇ ਵੀ ਉਹਨੂੰ ਕੰਮ ਤੇ ਲੁਆਉਂਦਾ ਉਹ ਦੋ ਕੁ ਦਿਨਾਂ ਪਿੱਛੋਂ ਛੱਡ ਕੇ ਘਰ ਆ ਬੈਠਦਾ। ਉਹਨੂੰ ਝੋਰਾ ਸੀ ਹਾਂਗ ਕਾਂਗ ਵਾਲੀ ਸਰਦਾਰੀ ਤੇ ਰੁਅਬ ਦਾਅਬ ਦਾ। ਉਹ ਵਾਪਸ ਦੇਸ ਜਾਣਾ ਚਾਹੁੰਦਾ ਸੀ। ਉਹਦਾ ਭਰਾ ਚਾਹੁੰਦਾ ਨਹੀਂ ਸੀ ਉਹ ਵਾਪਸ ਜਾਵੇ। ਜਿੰਨਾ ਚਿਰ ਮੈਂ ਸਾਧੂ ਕੋਲ ਰਿਹਾ, ਉਹ ਚੁੱਪ ਕੀਤਾ ਹੀ ਆ ਵੜਦਾ ਤੇ ਜੋ ਕੁਝ ਵੀ ਬਣਿਆ ਮਿਲਦਾ ਛਕ ਲੈਂਦਾ। ਜੇ ਕੁਝ ਬਣਿਆ ਬਣਾਇਆ ਨਾ ਮਿਲਦਾ ਤਾਂ ਆਪ ਹੀ ਚੁੱਪ ਕੀਤਾ ਆਟਾ ਗੁਨ੍ਹ ਕੇ ਦੋ ਰੋਟੀਆ ਲਾਹ ਕੇ ਖਾ ਲੈਂਦਾ। ੧੯੬੫ ਦੇ ਅਗੱਸਤ ਮਹੀਨੇ ਵਿਚ ਜਦ ਮੈਂ ਇੰਗਲੈਂਡ ਦੇ ਮਾਝੇ ਮਿਡਲੈਂਡਜ਼ ਦੇ ਸ਼ਹਿਰ ਡਰਬੀ ਵਿਚ ਆ ਗਿਆ ਤਾਂ ਦੋ ਕੁ ਸਾਲ ਪਿੱਛੋਂ ਪਤਾ ਲੱਗਾ ਸੀ ਕਿ ਉਹ ਵਾਪਸ ਪੰਜਾਬ ਚਲਾ ਗਿਆ ਸੀ ਤੇ ਉੱਥੋਂ ਫੇਰ ਹਾਂਗ ਕਾਂਗ ਜਾ ਪੁੱਜਿਆ ਸੀ।

### *4. ਸਾੜ੍ਹੇ ਦਾ ਤਜਰਬਾ*

ਤੁਸੀਂ ਕੁਝ ਵੀ ਹੋਵੋ, ਕਿੰਨੇ ਵੀ ਅਮਨਪਸੰਦ ਤੇ ਸੁਲਾਹਕੁਲ ਹੋਵੋ ਤੁਹਾਡੇ ਵਿਰੋਧੀ ਹਰ ਹਾਲਤ ਵਿਚ ਪੈਦਾ ਹੋ ਹੀ ਜਾਂਦੇ ਹਨ। ਇਹੋ ਜਿਹੇ ਬੰਦੇ ਸਦਾ ਇਹੀ ਚਾਹੁੰਦੇ ਹਨ ਕਿ ਉਨ੍ਹਾਂ ਨਾਲੋਂ ਕੋਈ ਵੀ ਕਿਸੇ ਤਰ੍ਹਾਂ ਵੀ ਅੱਗੇ ਨਾ ਹੋਵੇ। ਜੇ ਤੁਸੀਂ ਵਧੇਰੇ ਪੜ੍ਹੇ ਹੋਏ ਹੋ ਤਾਂ ਉਹ ਤੁਹਾਡੀ ਪੜ੍ਹਾਈ ਨਾਲ ਹਸਦ ਕਰਨ ਲੱਗ ਪੈਂਦੇ ਹਨ। ਜੇ ਤੁਹਾਡੀ ਸਿਹਤ ਕੁਝ ਵਧੇਰੇ ਚੰਗੀ ਹੈ ਤਾਂ ਤੁਹਾਡੀ ਸਿਹਤ ਵੀ ਉਨ੍ਹਾਂ ਨੂੰ ਚੁੱਭਣ ਲੱਗ ਪੈਂਦੀ ਹੈ। ਜੇ ਤੁਸੀਂ ਵਧੇਰੇ ਸੂਝਵਾਨ ਹੋ ਤਾਂ ਤੁਹਾਡੀ ਸੂਝ ਉਨ੍ਹਾਂ ਨੂੰ ਸੁਖਾਂਦੀ ਨਹੀਂ। ਜੇ ਤੁਸੀਂ ਵਧੇਰੇ ਭਲੇਮਾਣਸ ਲਗਦੇ ਹੋ ਤਾਂ ਉਨ੍ਹਾਂ ਨੂੰ ਤੁਹਾਡਾ ਭਲਾਪ**ਨ** ਵੀ ਚੁੱਭਣ ਲੱਗ ਪੈਂਦਾ ਹੈ। ਤਾਹੀਂ ਤਾਂ ਕਹਿੰਦੇ ਹਨ ਕਿ ਦੁਨੀਆ ਕਿਸੇ ਗੱਲੇ ਵੀ ਨਹੀਂ ਪਤੀਜਦੀ।

ਜਿਸ ਫਰਮ ਵਿਚ ਮੈਂ ਕੰਮ ਕਰਦਾ ਸਾਂ, ਉੱਥੇ ਰਾਤਾਂ ਦੀ ਸ਼ਿਫਟ 'ਤੇ ੧੦ ਕੁ ਪੰਜਾਬੀ ਭਾਈਬੰਦ ਕੰਮ ਕਰਦੇ ਸਨ। ਇਹ ਸਾਰੇ ਰੋਟੀ ਖਾਣ ਦੀ ਛੁੱਟੀ ਵੇਲੇ ਇੱਕ ਥਾਂ ਇਕੱਠੇ ਬੈਠ ਕੇ ਗੱਪ-ਸ਼ਪ ਲੜਾਉਂਦੇ ਸਨ। ਮੈਂ ਵੀ ਉਨ੍ਹਾਂ ਕੋਲ ਜਾ ਬੈਠਦਾ ਸਾਂ। ਗੱਲਾਂ 'ਚੋਂ ਗੱਲਾਂ ਤਾਂ ਨਿਕਲਦੀਆਂ ਹੀ ਰਹਿੰਦੀਆਂ ਹਨ। ਇੱਕ ਦੋ ਨੂੰ ਮੇਰੀ ਵਿੱਦਿਅਕ ਯੋਗਤਾ ਦਾ ਪਤਾ ਲੱਗ ਗਿਆ। ਮੇਰੇ ਸਾਹਿਤਕ ਤੇ ਸਿਆਸੀ ਸ਼ੌਕ ਵੀ ਲੁਕੇ ਨਾ ਰਹੇ। ਫੇਰ ਕੁਝ ਭਾਈਬੰਦ ਮੇਰੇ ਵਲ ਹੋਰ ਤਰ੍ਹਾਂ ਹੀ ਦੇਖਣ ਲੱਗ ਪਏ, ਜਿਵੇਂ ਕਿ ਮੈਂ ਕੋਈ ਵਖਰੀ ਹੀ ਸ਼ੈ ਹੋਵਾਂ। ਇਨ੍ਹਾਂ ਵਿਚੋਂ ਦੋ ਕੁ ਤਾਂ ਮੇਰੇ ਨਾਲ ਵਧੇਰੇ ਹੀ ਖਾਰ ਖਾਣ ਲੱਗ ਪਏ ਤੇ ਹਰ ਗੱਲ ਵਿਚ ਮੇਰੀ ਵਿਰੋਧਤਾ ਕਰਨ 'ਤੇ ਉੱਤਰ ਆਏ। ਉਨ੍ਹਾਂ ਤੋਂ ਸਤਿਆ ਮੈਂ ਇਕੱਲਾ ਹੀ ਵੱਖ ਬੈਠਣ ਲੱਗ ਪਿਆ। ਚੰਗੇ ਬੰਦੇ ਵੀ ਹਰ ਥਾਂ ਮਿਲ ਹੀ ਜਾਂਦੇ ਹਨ। ਦੋ ਬੰਦਿਆਂ ਨੂੰ ਮੇਰੀਆਂ ਗੱਲਾਂ ਚੰਗੀਆਂ ਲਗਦੀਆਂ ਸਨ, ਉਹ ਵੀ ਮੇਰੇ ਕੋਲ ਹੀ ਬੈਠਣ ਲੱਗ ਪਏ। ਇਹ ਦੇਖ ਕੇ ਕੁਝ ਨੂੰ ਤਾਂ ਵਧੇਰੇ ਹੀ ਦੁਖ ਲੱਗ ਗਿਆ ਤੇ ਉਹ ਹਰ ਹਾਲਤ ਵਿਚ ਮੈਨੂੰ ਤੰਗ ਕਰਨ ਲਈ ਮੌਕੇ ਭਾਲਣ ਲੱਗ ਪਏ। ਕੋਈ ਅਣਸੁਖਾਵੀਂ ਘਟਨਾ ਇਸ ਲਈ ਨਹੀਂ ਵਾਪਰੀ ਕਿ ਜਿਹੜੇ ਬੰਦੇ ਮੇਰੇ ਨਾਲ ਬੈਠਦੇ ਸਨ, ਉਹ ਅਸਰ ਰਸੂਖ ਵਾਲੇ ਤੇ ਚਲਦੇ ਪੁਰਜ਼ੇ ਸਨ।

## *5. ਰੂਹ ਦੇ ਭੁੱਖੇ*

ਸਾਡੇ ਇਹ ਪੰਜਾਬੀ ਭਾਈਬੰਦ ਬਹੁਤੇ ਜਾਂ ਤਾਂ ਛੜੇ ਛੜਾਂਗ ਸਨ ਜਾਂ ਉਨ੍ਹਾਂ ਦੀਆਂ ਪਤਨੀਆਂ ਹਾਲੀਂ ਦੇਸ ਵਿਚ ਹੀ ਸਨ। ਉਮਰ ਦੇ ਜਿਸ ਪੜਾ ਵਿਚੋਂ ਇਹ ਲੰਘ ਰਹੇ ਸਨ, ਉਹਦੇ ਵਿਚ ਕਾਮ ਦੀ ਤੀਖਣਤਾ ਹੁੰਦੀ ਹੀ ਹੈ ਤੇ ਇਸ ਦੇਸ ਦੇ ਖੁਲ੍ਹੇ ਮਾਹੌਲ ਨੇ ਇਹਨੂੰ ਹੋਰ ਤਿਖਾ ਕਰ ਦਿੱਤਾ ਸੀ। ਮਿਨ੍ਹੀ ਸਕਰਟਾਂ ਵਾਲੀਆਂ ਗੋਰੀਆਂ ਕੁੜੀਆਂ ਹਰ ਥਾਂ ਫਿਰਦੀਆਂ ਦਿਸਦੀਆਂ ਸਨ।

ਅੰਗਰੇਜ਼ੀ ਸਭਿਆਚਾਰ ਵਿਚ ਕਿਸੇ ਵੀ ਕੁੜੀ ਦਾ ਕਿਸੇ ਵੀ ਬੰਦੇ ਨਾਲ ਹੱਸ ਕੇ ਗੱਲ ਕਰ ਲੈਣਾ ਆਮ ਜਿਹੀ ਗੱਲ ਸੀ। ਖੁਲ੍ਹੇ ਸਮਾਜ ਵਿਚ ਅਨੇਕਾਂ ਖੁਲ੍ਹਾਂ ਸਨ ਜਿਹੜੀਆਂ ਸਾਡੇ ਇਨ੍ਹਾਂ ਦੇਸੀ ਭਾਈਬੰਦਾ ਨੇ ਆਪਣੇ ਦੇਸ ਵਿਚ ਦੇਖੀਆਂ ਨਹੀਂ ਸਨ। ਬੰਧੇਜੀਂ ਬੱਝਾ ਜੀਵਨ ਜੀਣ ਵਾਲਿਆਂ ਦੀਆਂ ਜਦ ਵੀ ਬੰਦਸ਼ਾਂ ਢਿਲੀਆਂ ਹੁੰਦੀਆਂ ਹਨ, ਤਾਂ ਉਨ੍ਹਾਂ ਦਾ ਦੂਜੇ ਪਾਸੇ ਨੂੰ ਉਲਾਰ ਹੋ ਜਾਣਾ ਵੀ ਕੁਦਰਤੀ ਹੁੰਦਾ ਹੈ। ਕਾਮ ਵਲ ਨੂੰ ਇਨ੍ਹਾਂ ਦਾ ਉਲਾਰ ਕੁਝ ਇਸਤਰ੍ਹਾਂ ਦਾ ਸੀ ਜਿਵੇਂ ਕਈ ਦਿਨਾਂ ਦਾ ਕੋਈ ਭੁੱਖਾ ਬੰਦਾ ਰੋਟੀ ਨੂੰ ਹਾਬੜਿਆ ਪੈਂਦਾ ਹੈ। ਜਿੱਥੇ ਵੀ ਇਹ ਚਾਰ ਬੰਦੇ ਬਹਿੰਦੇ ਸਨ, ਗੋਰੀਆਂ ਦੇ ਨੰਗੇ ਜਿਸਮਾਂ ਦੀਆਂ ਗੱਲਾਂ ਤੋਂ ਬਿਨਾਂ ਇਨ੍ਹਾਂ ਕੋਲ ਹੋਰ ਕੋਈ ਗੱਲ ਨਹੀਂ ਹੁੰਦੀ ਸੀ।

ਭਾਵੇਂ ਮੈਂ ਵਿਹਲ ਦੇ ਸਮੇਂ ਆਪਣੇ ਆਪ ਨੂੰ ਪੜ੍ਹਨ ਵਿਚ ਰੁਝਾਈ ਰੱਖਣ ਦਾ ਯਤਨ ਕਰਦਾ ਸਾਂ, ਫੇਰ ਵੀ ਅੱਖਾਂ ਮੀਟ ਕੇ ਤਾਂ ਤੁਰਿਆ ਫਿਰਿਆ ਨਹੀਂ ਜਾ ਸਕਦਾ ਸੀ। ਅਸਰ ਮੇਰੇ ਤੇ ਵੀ ਸੁੰਦਰਤਾ ਦਾ ਇੰਨਾ ਹੀ ਹੁੰਦਾ ਸੀ ਤੇ ਕਾਮ-ਪ੍ਰਵਿਰਤੀ ਦਾ ਜਾਗ ਉਠਣਾ ਵੀ ਕੁਦਰਤੀ ਸੀ। ਮੈਂ ਬਹੁਤੀ ਵੇਰ ਸਾਹਿਤ ਤੇ ਸਿਆਸਤ ਦੀਆਂ ਗੱਲਾਂ ਛੋਹ ਲੈਂਦਾ ਸਾਂ। ਉਨ੍ਹਾਂ ਨੂੰ ਮੇਰੀਆਂ ਗੱਲਾਂ ਚੰਗੀਆਂ ਨਹੀਂ ਲਗਦੀਆਂ ਸਨ। ਉਹ ਮੇਰੇ ਵਖਰੇਪਨ ਨੂੰ ਕਿਵੇਂ ਸਹਿ ਲੈਂਦੇ? ਇਸ ਲਈ ਇਨ੍ਹਾਂ ਦਾ ਮੇਰੇ ਤੋਂ ਬਦਜ਼ਨ ਹੋ ਜਾਣਾ ਕੁਦਰਤੀ ਸੀ।

ਕਾਮ ਤਾਂ ਜੀਵਨ ਦਾ ਬੁਨਿਆਦੀ ਤੇ ਮਹੱਤਵ ਪੂਰਨ ਸੱਚ ਹੈ, ਰੋਟੀ ਖਾਣ ਵਰਗਾ ਸੱਚ। ਜੇ ਕੋਈ ਕਹਿੰਦਾ ਹੈ, ਉਹਦੇ 'ਤੇ ਕਾਮ ਦਾ ਅਸਰ ਨਹੀਂ ਹੁੰਦਾ ਤਾਂ ਉਹ ਅਵੱਸ਼ ਝੂਠ ਬੋਲਦਾ ਹੋਵੇਗਾ। ਮੈਂ ਇਹ ਝੂਠ ਬੋਲਣ ਦਾ ਗੁਨਾਹ ਨਹੀਂ ਕਰਾਂਗਾ। ਜ਼ਿੰਦਗੀ ਵਿਚ ਇਹ ਪਹਿਲੀ ਵਾਰ ਸੀ ਕਿ ਗੋਰੀਆਂ ਕੁੜੀਆਂ ਇੰਝ ਅਰਧ ਨਗਨ ਰੂਪ ਵਿਚ ਫਿਰਦੀਆਂ ਦੇਖੀਆਂ ਸਨ। ਦੇਸ ਰਹਿੰਦਿਆਂ ਤਾਂ ਕਦੀਂ ਆਪਣੀ ਪਤਨੀ ਦਾ ਸਰੀਰ ਦੇਖਣ ਦਾ ਮੌਕਾ ਵੀ ਨਹੀਂ ਮਿਲਿਆ ਸੀ। ਇੱਥੇ ਉਹ ਹੁਸਨ ਸਾਖਸ਼ਾਤ ਤੁਰਿਆ ਫਿਰਦਾ ਦਿਸਦਾ ਸੀ ਜਿਹਦੀ ਭੁੱਖ ਦੇਸ

ਵਿਚ ਕਦੀਂ ਵੀ ਪੂਰੀ ਨਹੀਂ ਹੋਈ ਸੀ। ਕਾਮ ਭੁੱਖ ਤਾਂ ਮੇਰੇ ਅੰਦਰ ਵੀ ਜਾਗ ਪੈਂਦੀ ਸੀ ਪਰ ਮੇਰਾ ਸੰਗਾਊ ਸੁਭਾ ਮੇਰੇ ਪੈਰਾਂ ਵਿਚ ਬੇੜੀਆਂ ਬਣ ਜਾਂਦਾ ਸੀ। ਮੈਂ ਚਾਹੁੰਦਾ ਹੋਇਆ ਵੀ ਕਿਸੇ ਕੁੜੀ ਨਾਲ ਗੱਲ ਕਰਨ ਦੀ ਹਿੰਮਤ ਨਾ ਕਰ ਸਕਿਆ।

ਲੰਡਨਦੀ ਪਿਕਾਡਿਲੀ ਸਰਕਸ ਦੇ ਨੇੜੇ ਦੀਆਂ ਗਲ੍ਹੀਆਂ ਵਿਚ ਸਟ੍ਰਿਪਟੀਜ਼ (ਨਗਨ ਨਾਚ) ਦਾ ਕਾਰੋਬਾਰ ਖੁਲ੍ਹੇ ਆਮ ਚਲਦਾ ਸੀ। ਆਪਣੇ ਨਾਲ ਕੰਮ ਕਰਨ ਵਾਲਿਆਂ ਤੋਂ ਇਨ੍ਹਾਂ ਨਾਚਾਂ ਦੀਆ ਗੱਲਾਂ ਸੁਣਦਾ ਰਿਹਾ ਸਾਂ। ਮੈਂ ਵੀ ਆਪਣੇ ਆਪ ਨੂੰ ਉੱਥੇ ਜਾਣੋ ਰੋਕ ਨਾ ਸਕਿਆ। ਕੁਝ ਵੇਰ ਚਲਾ ਹੀ ਗਿਆ। ਭਾਵੇਂ ਸਟ੍ਰਿਪਟੀਜ਼ ਦਾ ਕਾਰੋਬਾਰ ਤਾਂ ਕ਼ਾਨੂੰਨੀ ਸੀ ਪਰ ਇਹਦੇ ਪਰਦੇ ਹੇਠਾਂ ਭੋਲੇ ਭਾਲੇ ਬੰਦਿਆਂ ਨੂੰ ਲੁੱਟਣ ਵਾਲੇ ਵੀ ਸ਼ਰੇਆਮ ਫਿਰਦੇ ਸਨ। ਜਿਹੜਾ ਕੋਈ ਭਲਾ ਲੋਕ ਇਨ੍ਹਾਂ ਦੇ ਚੁੰਗਲ ਵਿਚ ਫਸ ਜਾਂਦਾ ਸੀ, ਉਹਦੀਆਂ ਜੇਬਾਂ ਉਹ ਖਾਲੀ ਕਰ ਕੇ ਹੀ ਤੋਰਦੇ ਸਨ।

ਉੱਥੇ ਜਾਣ ਦੇ ਤਜਰਬੇ ਨੇ ਮੇਰੇ ਅੰਦਰ ਆਪਣੀ ਪਤਨੀ ਦੇ ਵਿਛੋੜੇ ਦੀ ਚੀਸ ਨੂੰ ਹੋਰ ਵੀ ਵਧਾ ਦਿੱਤਾ ਸੀ। ਮੈਂ ਸੋਚਦਾ ਸਾਂ, ਮੇਰੀ ਪਤਨੀ ਕਿਹੜੀ ਇਨ੍ਹਾਂ ਗੋਰੀਆਂ ਨਾਲੋਂ ਘਟ ਸੁਹਣੀ ਹੈ। ਬਸ ਇਹੀ ਚਾਹੁੰਦਾ ਸਾਂ, ਜਾਂ ਉਹ ਆ ਜਾਵੇ ਜਾਂ ਫੇਰ ਮੈਂ ਹੀ ਇੱਥੋਂ ਚਲਾ ਜਾਵਾਂ। 'ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ' ਵਾਲੀ ਗੱਲ ਸੀ। ਉਂਝ ਵੀ ਪੱਕੀਆਂ ਰਾਤਾਂ 'ਤੇ ਕੰਮ ਕਰਦਾ ਸਾਂ ਤੇ ਦਿਨ ਨੂੰ ਉੱਲੂਆਂ ਵਾਂਗ ਸੌਂਦਾ ਸਾਂ। ਦਿਨ ਦਾ ਖੜਕਾ ਦੜਕਾ ਕਦ ਸੌਣ ਦਿੰਦਾ ਸੀ? ੧੦ ਘੰਟਿਆਂ ਵਿਚ ਵੀ ਨੀਦ ਇੰਨੀ ਨਹੀਂ ਲੱਥਦੀ ਸੀ ਜਿੰਨੀ ਰਾਤ ਨੂੰ ਪੰਜਾਂ ਕੁ ਘੰਟਿਆਂ ਵਿਚ ਲਹਿ ਜਾਂਦੀ ਹੈ। ਸਨਿਚਰ ਤੇ ਐਤਵਾਰ ਪੜ੍ਹਦਾ ਰਹਿੰਦਾ ਸਾਂ ਜਾਂ ਫੇਰ ਸਾਊਥਾਲ ਨੂੰ ਤੁਰ ਜਾਂਦਾ ਸਾਂ। ਉੱਥੇ ਆਪਣੇ ਦੋਸਤਾਂ ਮਿੱਤਰਾਂ ਤੇ ਲੇਖਕਾਂ ਨੂੰ ਮਿਲ ਕੇ ਰੂਹ ਦੀ ਭੁੱਖ ਪੂਰੀ ਹੋ ਜਾਂਦੀ ਸੀ।

## *6. ਪਰਾਂ ਦੇ ਬਾਝੋਂ*

ਪਲੱਮਸਟੈਡ ਰਹਿੰਦਿਆਂ ਮੇਰਾ ਲਿਖਣ ਦਾ ਕੰਮ ਲੱਗਪੱਗ ਬੰਦ ਹੋ ਗਿਆ ਸੀ। ਇੱਕ ਛੋਟੀ ਜਿਹੀ ਕਵਿਤਾ ਲਿਖੀ ਸੀ। ਪੱਰਟ ਰੋਡ ਤੋਂ ਕੰਮ 'ਤੇ ਜਾਣ ਲਈ ਇੱਕ ਚੋਖੇ ਵੱਡੇ ਪਾਰਕ ਵਿਚੋਂ ਲੰਘ ਕੇ ਜਾਂਦਾ ਸਾਂ। ਇਸ ਪਾਰਕ ਵਿਚ ਰਾਹ ਦੇ ਨਾਲ ਨਾਲ ਬੈਠਣ ਲਈ ਕੁਝ ਬੈਂਚ ਲੱਗੇ ਹੋਏ ਸਨ। ਗਰਮੀਆਂ ਦੇ ਦਿਨਾਂ ਨੂੰ ਰਾਤ ਨੂੰ ਕੰਮ 'ਤੇ ਜਾਣ ਵੇਲ਼ੇ ਚੰਗੀ ਧੁਪ ਹੁੰਦੀ ਸੀ। ਸੂਰਜ ਦਸ ਕੁ ਵਜੇ ਅਸਤ ਹੁੰਦਾ ਸੀ ਤੇ ਲੋਅ ਤਾਂ ੧੧ ਵਜੇ ਤੱਕ ਵੀ ਰਹਿੰਦੀ ਸੀ। ਗੋਰੇ ਗੋਰੀਆਂ ਸੂਰਜ ਮਿਟਣ ਤੱਕ ਚੋਹਲ ਕਰਦੇ ਦਿਸਦੇ ਸਨ। ਚੁੰਮਾਂ ਚੱਟੀ ਤਾਂ ਇਹ ਲੋਕਾਂ ਦੇ ਸਾਹਮਣੇ ਹੀ ਕਰਦੇ ਰਹਿੰਦੇ ਸਨ। ਮੈਂ ਤਾਂ ਆਪਣੇ ਕੰਮ 'ਤੇ ਜਾ ਰਿਹਾ ਹੁੰਦਾ ਸਾਂ ਤੇ ਐਨ ਸਮੇਂ ਸਿਰ ਕਲੱਕ ਇਨ ਵੀ ਕਰਨਾ ਹੁੰਦਾ ਸੀ, ਨਹੀਂ ਤਾਂ ਇੱਕ ਮਿੰਟ ਵੀ ਲੇਟ ਹੋਣ ਨਾਲ ਚੌਥਾਈ ਘੰਟੇ ਦੇ ਪੈਸੇ ਕੱਟੇ ਜਾਂਦੇ ਸਨ। ਇਸ ਪਾਰਕ ਵਿਚੋਂ ਕਾਹਲੀ ਕਾਹਲੀ ਲੰਘ ਜਾਣ ਤੋਂ ਬਿਨਾ ਹੋਰ ਕੋਈ ਚਾਰਾ ਵੀ ਨਹੀਂ ਸੀ। ਅੰਦਰੋਂ ਉਠਦੇ ਭਾਵਾਂ ਨੂੰ ਮੈਂ ਇੱਕ ਕਵਿਤਾ ਵਿਚ ਇਸਤਰ੍ਹਾਂ ਪ੍ਰਗਟ ਕੀਤਾ ਸੀ:-

ਜੀਵਨ ਦੀ ਪੱਗਡੰਡੀ ਉੱਤੇ
ਫੂਕ ਫੂਕ ਕੇ ਪੈਰ ਧਰੀਂਦੇ
ਤੁਰਦੇ ਜਾਈਏ ਤੁਰਦੇ ਜਾਈਏ
ਸੋਚਾਂ  ਵਿਚ ਗਲਤਾਨ........

ਇਸ ਪਾਰਕ ਦੇ ਬੈਂਚਾਂ ਉੱਤੇ
ਕਾਮ ਮਦ ਨਸ਼ਿਆਏ ਜੋੜੇ

ਸਾਰੇ ਜੱਗ ਦੀ ਹੋਂਦ ਭੁਲਾ ਕੇ
ਕਰਦੇ ਪਏ ਕਲੋਲ..........

ਇੱਕ ਪਲ ਦਾ ਵੀ ਨਹੀਂ ਭਰਵਾਸਾ
ਕੀ ਕਰਨੇ ਨੇ ਲੰਮੇ ਦਾਈਏ
ਭੂਤ ਭਵਿਖ ਦੋਹਾਂ ਨੂੰ ਛੱਡ ਕੇ
ਹੁਣ ਦਾ ਪੱਲ ਅਨਮੋਲ........

ਸੈ ਕੋਹਾਂ ਤੋਂ ਆਏ ਪੰਛੀ
ਛੱਡ ਕੇ ਆਪਣੇ ਬੋਟ ਇਞਾਣੇ
ਏਸ ਪੇਟ ਦੀ ਅੱਗ ਦੀ ਖਾਤਰ
ਬੋਲ ਨਾ ਸਕਦੇ ਬੋਲ.........

ਨਿਮੋਝੂਣ ਉਦਾਸੀ ਛਾਈ
ਦੋਰਾਹੇ ਵਲ ਅੱਖਾਂ ਲੱਗੀਆਂ
ਸਾਹ ਸਤ ਹੀਣ ਪਰਾਂ ਦੇ ਬਾਝੋਂ
ਥੱਲ ਵਿਚ ਭਟਕੇ ਜਾਨ...........

ਕਿਹੋ ਜਿਹੀ ਮਜਬੂਰੀ ਸੀ ਇਹ ? ਜੀਵਨ ਪੱਲ ਪੱਲ ਕਰ ਕੇ ਬੀਤ ਰਿਹਾ ਸੀ। ਜਿਹੜਾ ਪੱਲ ਲੰਘ ਰਿਹਾ ਸੀ, ਉਹਨੇ ਮੁੜ ਕੇ ਤਾਂ ਆਉਣਾ ਨਹੀਂ ਸੀ। ਜ਼ਿੰਦਗੀ ਜੀਉਣ ਦੀ ਥਾਂ ਕੰਮ ਹੀ ਕੰਮ, ਉਹ ਵੀ ਪੱਕੀਆਂ ਰਾਤਾਂ 'ਤੇ।

## 8.

# ਨਿਰਾਸ਼ਾ ਦੇ ਬੱਦਲ

ਸਾਲ ੧੯੬੫ ਅਰੰਭ ਹੋ ਗਿਆ ਸੀ। ਮੈਂ ਹਰ ਦੂਜੇ ਹਫਤੇ ਪਿਤਾ ਜੀ ਨੂੰ ਮਿਲਣ ਵੈਨਜ਼ਬਰੀ ਜਾਂਦਾ ਹੀ ਸਾਂ। ਇੱਕ ਸਨਿਚਰਵਾਰ ਨੂੰ ਗਿਆ ਤਾਂ ਮਾਈ ਸਖਤ ਬੀਮਾਰ ਪਈ ਸੀ। ਮੈਂ ਉਹਨੂੰ ਉਸੇ ਦਿਨ ਹਸਪਤਾਲ ਦਾਖਲ ਕਰਵਾ ਦਿੱਤਾ ਤੇ ਆਪ ਐਤਵਾਰ ਸ਼ਾਮ ਨੂੰ ਵਾਪਸ ਪਲੱਮਸਟੈਡ ਆ ਗਿਆ। ਉਹ ਬਚ ਨਾ ਸਕੀ, ਦੂਜੇ ਦਿਨ ਹੀ ਉਹਦਾ ਇਸ ਸੰਸਾਰ ਦਾ ਸਫਰ ਪੂਰਾ ਹੋ ਗਿਆ। ਮੈਂ ਖਬਰ ਮਿਲਦਿਆਂ ਹੀ ਪਿਤਾ ਜੀ ਕੋਲ ਜਾ ਪੁੱਜਾ। ਪਿਤਾ ਜੀ ਦੀ ਹਾਲਤ ਦੇਖੀ ਨਹੀਂ ਸੀ ਜਾ ਰਹੀ ਸੀ। ਉਨ੍ਹਾਂ ਦੇ ਦੁੱਖ ਨੂੰ ਮੈਂ ਮਹਿਸੂਸ ਕਰਦਾ ਸਾਂ। ਪਤਾ ਨਹੀਂ ਕਿਹੋ ਜਿਹੀਆਂ ਮੁਸੀਬਤਾਂ ਦੇ ਸਮੇਂ ਮਾਈ ਨੇ ਉਨ੍ਹਾਂ ਦਾ ਸਾਥ ਦਿੱਤਾ ਸੀ ਤੇ ਕਿਹੋ ਜਿਹੀ ਨਾਮੁਰਾਦ ਬੀਮਾਰੀ ਦੇ ਹਮਲਿਆਂ ਵੇਲ਼ੇ ਉਨ੍ਹਾਂ ਦੇ ਮੂੰਹ ਵਿਚ ਪਾਣੀ ਪਾਇਆ ਸੀ। ਹੁਣ ਜਦ ਉਹ ਉਨ੍ਹਾਂ ਨੂੰ ਇੱਕਲਾ ਛੱਡ ਕੇ ਤੁਰ

ਗਈ ਸੀ ਤਾਂ ਉਨ੍ਹਾਂ ਨੂੰ ਉਹ ਸਭ ਕੁਝ ਯਾਦ ਤਾਂ ਆਉਣਾ ਹੀ ਸੀ। ਇਸ ਹਾਲਤ ਵਿਚ ਮੈਂ ਉਨ੍ਹਾਂ ਨੂੰ ਇੱਕਲਾ ਕਿਵੇਂ ਛੱਡ ਸਕਦਾ ਸਾਂ? ਮਾਈ ਦਾ ਅੰਤਮ ਸੰਸਕਾਰ ਕਰਨ ਪਿੱਛੋਂ ਮੈਂ ਪਿਤਾ ਜੀ ਨੂੰ ਆਪਣੇ ਨਾਲ ਹੀ ਪਲੱਮਸਟੈਡ ਲੈ ਆਇਆ।

ਮੈਨੂੰ ਆਪਣੇ ਤਾਏ ਨਾਲ ਕੀਤਾ ਵਾਇਦਾ ਯਾਦ ਸੀ। ਇਸ ਲਈ ਮੈਂ ਪਿਤਾ ਜੀ ਨੂੰ ਛੇਤੀ ਹੀ ਦੇਸ ਭੇਜ ਦੇਣਾ ਚਾਹੁੰਦਾ ਸਾਂ। ਪਰ ਉਹ ਹਾਲੀਂ ਦੇਸ ਜਾਣ ਤੋਂ ਕੁਝ ਝਿਜਕ**ਦੇ** ਸਨ ਤੇ ਪੈਨਸ਼ਨ ਲੱਗਣ ਦੀ ਉਡੀਕ ਕਰਨੀ ਚਾਹੁੰਦੇ ਸਨ। ਮੈਂ ਹੋਰ ਸਮਾਂ ਉਡੀਕਣ ਲਈ ਤਿਆਰ ਨਹੀਂ ਸਾਂ। ਸੋਚਦਾ ਸਾਂ, ਤਾਇਆ ਹੁਣ ਜ਼ਿੰਦਗੀ ਦੇ ਅੰਤਮ ਪੜਾ 'ਤੇ ਸੀ, ਕੀ ਪਤਾ ਸੀ, ਕਦ ਕੀ ਹੋ ਜਾਵੇ? ਤੇ ਮੈਂ ਆਪਣਾ ਵਾਇਦਾ ਪੂਰਾ ਨਾ ਕਰ ਸਕਾਂ। ਪਿਤਾ ਜੀ ਕੋਲ ਕੁਲ ਸੱਤ ਸੌ ਪੌਂਡ ਸਨ। ਮੈਂ ਆਪਣੇ ਕੋਲੋਂ ਤਿੰਨ ਸੌ ਪੌਂਡ ਹੋਰ ਪਾ ਕੇ ੧੦੦੦ ਪੌਂਡ ਕਰ ਦਿੱਤਾ ਤੇ ਉਨ੍ਹਾਂ ਦੀ ਸੀਟ ਏਅਰ ਇੰਡੀਆ ਦੀ ਫਲਾਈਟ ਵਿਚ ਅਪ੍ਰੈਲ ਦੇ ਪਹਿਲੇ ਹਫਤੇ ਦੀ ਬੁੱਕ ਕਰਾ ਦਿੱਤੀ। **ਉਨ੍ਹਾਂ ਦੇ** ਦੇਸ ਪੁੱਜਦਿਆਂ ਹੀ ਮੈਂ ਹਜ਼ਾਰ ਪੌਂਡ ਦੀ ਰਕਮ ਉਨ੍ਹਾਂ ਨੂੰ ਭੇਜ ਦਿੱਤੀ।

ਪਿਤਾ ਜੀ ਨੂੰ ਹਜ਼ਾਰ ਪੌਂਡ ਭੇਜਣ ਵੇਲੇ ਮੈਂ ਉਨ੍ਹਾਂ ਨੂੰ ਲਿਖਿਆ ਸੀ ਕਿ ਉਹ ਇਸ ਰਕਮ ਨਾਲ ਯੂ. ਪੀ. ਵਿਚ ਜ਼ਮੀਨ ਖਰੀਦ ਲੈਣ। ਉੱਥੇ ਉਸ ਸਮੇਂ ਜ਼ਮੀਨ ਬਹੁਤ ਸਸਤੀ ਸੀ ਤੇ ਇੰਨੀ ਕੁ ਰਕਮ ਨਾਲ ਵੀ ਚੋਖੀ ਜ਼ਮੀਨ ਖਰੀਦੀ ਜਾ ਸਕਦੀ ਸੀ। ਮੇਰਾ ਚਾਚਾ, ਤਾਇਆ ਤੇ ਦੋਵੇਂ ਭਰਾ ਪਹਿਲਾਂ ਹੀ ਯੂ. ਪੀ. ਵਿਚ ਰਹਿੰਦੇ ਸਨ। ਉੱਥੇ ਜ਼ਮੀਨ ਖਰੀਦਣ ਨਾਲ ਸਾਰੇ ਟੱਬਰ ਦੇ ਇਕੱਠੇ ਤੇ ਕੁਝ ਸੁਖਾਲੇ ਹੋ ਕੇ ਸੁਖੀ ਰਹਿਣ ਦਾ ਢੋਅ ਬਣ ਜਾਣਾ ਸੀ। ਅਗਲੇ ਦੋ ਕੁ ਸਾਲ ਵਿਚ ਮੈਂ ਵੀ ਚੋਖੇ ਪੈਸੇ ਭੇਜ ਦੇਣੇ ਸਨ। ਇਸਤਰ੍ਹਾਂ ਮੈਂ ਆਪ ਵੀ ਪੰਜਾਂ ਸਾਲਾਂ ਦੇ ਅੰਦਰ ਅੰਦਰ ਵਾਪਸ ਜਾਣ ਜੋਗਾ ਹੋ ਜਾਣਾ ਸੀ। ਪਰ ਹੋ ਸਭ ਕੁਝ ਉਲਟ ਪੁਲਟ ਗਿਆ।

ਪਿਤਾ ਜੀ ਨੇ ਪਿੰਡ ਪੁੱਜ ਕੇ ਕੁਝ ਰਕਮ ਤਾਂ ਘਰ ਬਣਾਉਣ ਤੇ ਖਰਚ ਦਿੱਤੀ ਤੇ ਬਾਕੀ ਨਾਲ ਕੁਝ ਗਹਿਣੇ ਪਈ ਜ਼ਮੀਨ ਛੁਡਾ ਲਈ। ਉਹ ਆ**ਪ**ਣੇ ਥਾਂ **ਸੱਚੇ** ਸਨ। ਉਨ੍ਹਾਂ ਨੇ ਤੀਹ ਸਾਲ ਪਰਦੇਸਾਂ ਵਿਚ ਲੰਘਾਏ ਸਨ ਤੇ ਹੁਣ ਮਸਾਂ ਆਪਣੇ ਪਿੰਡ ਆਪਣੇ ਘਰ ਰਹਿਣ ਦਾ ਮੌਕਾ ਮਿਲਿਆ ਸੀ।

ਮੇਰੇ ਸੁਪਨੇ ਚੂਰ ਚੂਰ ਹੋ ਗਏ ਜਾਪਦੇ ਸਨ। ਦੇਸ ਵਾਪਸ ਜਾਣ ਦਾ ਸੁਪਨਾ ਦੂਰ ਦੂਰ ਹੁੰਦਾ ਜਾ ਰਿਹਾ ਸੀ। ਮੇਰੀ ਮਾਂ ਤੇ ਪਤਨੀ ਦੀ ਨਿੱਭ ਨਹੀਂ ਰਹੀ ਸੀ। ਦੋਵੇਂ ਦੁਖੀ ਸਨ। ਮੈਂ ਕਈ ਪੱਤਰ ਆਪਣੀ ਮਾਂ ਨੂੰ ਲਿਖ ਚੁੱਕਾ ਸਾਂ ਤੇ ਤਰਲੇ ਕਰ ਚੁੱਕਾ ਸਾਂ ਕਿ ਉਹ ਠੰਡੇ ਦਿਲ ਤੋਂ ਕੰਮ ਲਵੇ ਤੇ ਮੇਰੀ ਪਤਨੀ ਨੂੰ ਪਤਿਆ ਕੇ ਆਪਣੇ ਨਾਲ ਰੱਖੇ। ਮੇਰੀ ਪਤਨੀ ਦੀਆਂ ਚਿੱਠੀਆਂ ਤੋਂ ਸਾਫ ਦਿਸਦਾ ਸੀ ਕਿ ਉਹ ਦੁਖੀ ਰਹਿੰਦੀ ਸੀ। ਮੈਂ ਇਹ ਸੋਚ ਕੇ ਉਹਨੂੰ ਪਾਸਪੋਰਟ ਬਣਾਉਣ ਲਈ ਰਾਹਦਾਰੀ ਵੀ ਭੇਜ ਦਿੱਤੀ ਸੀ ਤਾਂ ਕਿ ਉਹ ਇਹ ਨਾ ਸਮਝ ਲਵੇ ਕਿ ਮੈਂ ਉਹਨੂੰ ਆਪਣੇ ਕੋਲ ਨਹੀਂ ਸੱਦਣਾ ਚਾਹੁੰਦਾ। ਅਸਲ ਵਿਚ ਮੈਂ ਚਾਹੁੰਦਾ ਇਹੀ ਸਾਂ ਕਿ ਉਹ ਕਿਸੇ ਤਰ੍ਹਾਂ ਹੋਰ ਦੋ ਕੁ ਸਾਲ ਉੱਥੇ ਹੀ ਟਿਕੀ ਰਹੇ ਤਾਂ ਕਿ ਮੈਂ ਵਾਪਸ ਜਾਣ ਦਾ ਆਪਣਾ ਸੁਪਨਾ ਪੂਰਾ ਕਰ ਸਕਾਂ।

ਪਰ ਜਦ ਪਿਤਾ ਜੀ ਨੇ ਸਾਰੀ ਰਕਮ ਪਿੰਡ ਵਿਚ ਹੀ ਖਰਚ ਦਿੱਤੀ ਤਾਂ ਮੈਂ ਵੀ ਸੋਚਣ ਲੱਗ ਪਿਆ ਕਿ ਜਿੰਨੀ ਛੇਤੀ ਮੇਰੀ ਪਤਨੀ ਤੇ ਬੱਚੇ ਆ ਜਾਣ ਉਂਨਾ ਹੀ ਚੰਗਾ ਹੈ। ਪਰ ਉਨ੍ਹਾਂ ਦੇ ਇੱਥੇ ਆਉਣ ਤੋਂ ਪਹਿਲਾਂ ਆਪਣਾ ਘਰ ਤਾਂ ਹੋਣਾ ਹੀ ਚਾਹੀਦਾ ਸੀ। ਮੈਂ ਦੇਖ/ਸੁਣ ਚੁੱਕਾ ਸਾਂ ਕਿ ਮਾਲਕ ਮਕਾਨ ਕਰਾਏਦਾਰਾਂ ਨਾਲ ਕਿਹੋ ਜਿਹਾ ਸਲੂਕ ਕਰਦੇ ਸਨ, ਖਾਸ ਤੌਰ 'ਤੇ ਮਾਲਕਣਾਂ ਤਾਂ ਕਰਾਏਦਾਰ ਆਦਮੀਆਂ ਤੀਵੀਆਂ ਨੂੰ ਆਪਣੇ ਘਰੇਲੂ ਨੌਕਰ ਸਮਝਦੀਆਂ ਸਨ। ਮੈਂ ਆਪਣੀ ਪਤਨੀ ਤੇ ਬੱਚਿਆਂ ਨੂੰ ਉਹੋ ਜਿਹੀਆਂ ਔਕੜਾ ਵਿਚੋਂ ਨਹੀਂ ਲੰਘਾਉਣਾ ਚਾਹੁੰਦਾ ਸਾਂ, ਜਿਹੋ ਜਿਹੀਆਂ ਮੈਂ ਦੇਖ/ਸੁਣ ਚੁੱਕਾ ਸਾਂ। ਉਂਝ ਵੀ ਉਸ ਸਮੇਂ ਪੰਜਾਬੀ ਭਾਈਬੰਦਾਂ ਦੇ ਘਰ ਕਰਾਏਦਾਰਾਂ ਨਾਲ ਤੂੜੇ ਹੋਏ ਹੁੰਦੇ ਸਨ। ਛੜੇ

ਤਾਂ ਤਿੰਨ ਤਿੰਨ ਰਲਕੇ ਇੱਕ ਇੱਕ ਕਮਰੇ ਵਿਚ ਰਹਿੰਦੇ ਦੇਖੇ ਸਨ। ਤਿੰਨ ਤਿੰਨ ਨਿਆਣਿਆਂ ਵਾਲੇ ਟੱਬਰ ਵੀ ਇੱਕ ਹੀ ਕਮਰੇ ਵਿਚ ਗੁਜ਼ਾਰਾ ਕਰਦੇ ਸਨ। ਇੰਨੀ ਭੀੜ ਵਿਚ ਬਾਥਰੂਮ ਜਾਣ ਲਈ ਵੀ ਵਾਰੀ ਉਡੀਕਣੀ ਪੈਂਦੀ ਸੀ ਤੇ ਰਸੋਈ ਵਿਚ ਖਾਣਾ ਪਕਾਉਣ ਦਾ ਮੌਕਾ ਮਿਲਣਾ ਵੀ ਮੁਸ਼ਕਿਲ ਹੁੰਦਾ ਸੀ।

ਆਪਣਾ ਮਕਾਨ ਲੈਂਦਾ **ਤਾਂ** ਕਾਹਦੇ ਨਾਲ ਲੈਂਦਾ**?** ਮੈਂ ਤਾਂ ਜੋ ਕਮਾਉਂਦਾ ਸਾਂ, ਨਾਲ ਦੀ ਨਾਲ ਹੀ ਦੇਸ ਨੂੰ ਭੇਜਦਾ ਰਿਹਾ ਸਾਂ। ਮਕਾਨ ਲੈਣ ਲਈ ਭਾਵੇਂ ਮੌਰਗੇਜ ਮਿਲ ਸਕਦੀ ਸੀ ਪਰ ਮਿਲਦੀ ਇੰਨੀ ਕੁ ਸੀ ਕਿ ਕੀਮਤ ਦਾ ਤੀਜਾ ਹਿੱਸਾ ਕੋਲੋਂ ਜਮ੍ਹਾਂ ਕਰਾਉਣਾ ਪੈਂਦਾ ਸੀ। ਲੰਡਨ ਵਿਚ ਘਰ ਇੰਨੇ ਮਹਿੰਗੇ ਸਨ ਕਿ ਤੀਜਾ ਹਿੱਸਾ ਵੀ ਚੋਖੀ ਰਕਮ ਬਣ ਜਾਂਦਾ ਸੀ। ਮੇਰੇ ਕੋਲ ਤਾਂ ਹਾਲੀਂ ਫੁੱਟੀ ਕੌਡੀ ਵੀ ਨਹੀਂ ਸੀ।

ਮੈਂ ਸੁਣਿਆ ਸੀ ਕਿ ਮਿਡਲੈਂਡ ਵਿਚ ਘਰ ਸਸਤੇ ਹਨ। ਸੋਚਦਾ ਸਾਂ, ਉਧਰ ਚਲਾ ਜਾਵਾਂ ਤੇ ਘਰ ਲੈ ਕੇ ਹੀ ਪਤਨੀ ਤੇ ਬੱਚਿਆਂ ਨੂੰ ਸੱਦਾਂ। ਮੇਰਾ ਸ਼ਗਿਰਦ ਸਾਧੂ ਨਹੀਂ ਚਾਹੁੰਦਾ ਸੀ**,** ਮੈਂ ਇੱਥੋਂ ਕੰਮ ਛੱਡ ਕੇ ਮਿਡਲੈਂਡ ਨੂੰ ਜਾਵਾਂ। ਉਹ ਮੇਰੇ ਨਾਲ ਸਾਂਝ ਪਾ ਕੇ ਕੋਈ ਕਾਰੋਬਾਰ ਅਰੰਭ ਕਰਨਾ ਚਾਹੁੰਦਾ ਸੀ। ਪਰ ਮੇਰੇ ਲਈ ਹੁਣ ਪਹਿਲੀ ਗੱਲ ਆਪਣਾ ਘਰ ਲੈ ਕੇ ਆਪਣੇ ਟੱਬਰ ਨੂੰ ਇੱਥੇ **ਸੱ**ਦਣਾ ਸੀ। ਸਾਧੂ ਮੇਰੇ ਭਲੇ ਦੀ ਸੋਚਦਾ ਸੀ ਪਰ ਉਹ ਮੇਰੀ ਮਜਬੂਰੀ ਨੂੰ ਨਹੀਂ ਸਮਝਦਾ ਸੀ। ਮੈਂ ਜਿਹੜੀਆਂ ਔਖਿਆਈਆਂ ਵਿਚੋਂ ਲੰਘ ਰਿਹਾ ਸਾਂ**,** ਉਹਨੂੰ ਉਹਦਾ ਅੰਦਾਜ਼ਾ ਨਹੀਂ ਸੀ । ਸਾਧੂ ਵੀ ਹੁਣ ਇਕੱਲਾ ਨਹੀਂ ਸੀ। ਉਹ ਨੇ ਵਿਆਹ ਕਰਵਾ ਲਿਆ ਸੀ ਤੇ ਇੱਕ ਪੁੱਤਰ ਦਾ ਬਾਪ ਬਣ ਚੁੱਕਾ ਸੀ। ਇਸ ਸਭ ਕੁਝ ਨੂੰ ਨਜ਼ਰ ਵਿਚ ਰੱਖ ਕੇ ਹੀ ਮੈਂ ਫੈਸਲਾ ਕਰ ਲਿਆ ਸੀ ਕਿ ਮੈਨੂੰ ਮਿਡਲੈਂਡ ਵਲ ਚਲੇ ਜਾਣਾ ਚਾਹੀਦਾ ਹੈ।

ਇਸ ਦੇਸ ਵਿਚ ਆਉਣ ਤੋਂ ਕੁੱਝ ਦਿਨ ਪਿੱਛੋਂ ਜਦ ਮੈਂ ਹਊਂਸਲੋਅ ਵਿਚ ਰਹਿੰਦੇ ਆਪਣੇ ਪੁਰਾਣੇ ਮਿੱਤਰ ਲਛਮਣ ਸਿੰਘ ਸੰਧੂ ਨੂੰ ਮਿਲਣ ਗਿਆ ਸਾਂ ਤਾਂ ਉਹਦਾ ਪਹਿਲਾ ਪ੍ਰਸ਼ਨ ਸੀ, "ਸੁਣਾ ਹਰਬਖਸ਼! ਫੇਰ ਕਿਹੋ ਜਿਹੀ ਲੱਗੀ ਗੋਰਿਆਂ ਦੀ ਵਲੈਤ?" ਉਸ ਵੇਲੇ ਮੇਰੇ ਕੋਲ ਇਸ ਪ੍ਰਸ਼ਨ ਦਾ ਕੋਈ ਹੱਡੀਂ ਹੰਢਾਇਆ ਉੱਤਰ ਨਹੀਂ ਸੀ। ਹੁਣ ਮੈਨੂੰ ਇਸ ਦੇਸ ਵਿਚ ਆਏ ਨੂੰ ਦੋ ਸਾਲ ਤੋਂ ਉਪਰ ਹੋ ਗਏ ਸਨ। ਬਹੁਤ ਕੁਝ ਦੇਖ/ਸੁਣ ਚੁੱਕਾ ਸਾਂ ਇਸ ਦੇਸ ਬਾਰੇ, ਇਸ ਦੇ ਵਿਅਕਤੀਵਾਦੀ ਸਮਾਜਕ ਢਾਂਚੇ ਬਾਰੇ ਤੇ ਇੱਥੋਂ ਦੇ ਲੋਕਾਂ ਦੇ ਰਹਿਣ ਸਹਿਣ ਬਾਰੇ। ਇਸ ਲਈ ਮੈਂ ਹੁਣ ਆਪਣੇ ਮਿੱਤਰ ਲਛਮਣ ਸਿੰਘ ਸੰਧੂ ਦੇ ਪ੍ਰਸ਼ਨ ਦਾ ਉੱਤਰ ਦੇਣ ਦੇ ਯੋਗ ਹੋ ਗਿਆ ਸਾਂ।

ਇੱਥੇ ਰਹਿੰਦਿਆਂ ਸਾਲ ਵੀ ਨਹੀਂ ਹੋਇਆ ਸੀ ਕਿ ਮੈਂ ਮਹਿਸੂਸ ਕਰਨ ਲੱਗ ਪਿਆ ਸਾਂ ਕਿ ਜਿਸ ਓਪਰੇ ਦੇਸ ਤੇ ਓਪਰੇ ਵਾਤਾਵਰਣ ਵਿਚ ਆ ਫਸਿਆ ਸਾਂ, ਉਸ ਅਨੁਸਾਰ ਆਪਣੇ ਸਰੀਰ ਤੇ ਆਪਣੀ ਆਤਾਮਾ ਨੂੰ ਢਾਲ ਕੇ ਇੱਥੇ ਦੇ ਮਾਹੌਲ ਅਨੁਸਾਰ ਬਣ ਜਾਣਾ ਮੇਰੇ ਲਈ ਸੌਖਾ ਨਹੀਂ। ਸੁਹਾਣੇ ਮੌਸਮ ਵਿਚ ਉੱਗੇ ਤੇ ਪਲ਼ੇ ਬੂਟੇ ਨੂੰ ਜੇ ਜੜ੍ਹੋਂ ਪੁੱਟ ਕੇ ਕਿਸੇ ਅਜਿਹੀ ਧਰਤੀ ਵਿਚ ਲਿਆ ਕੇ ਲਾ ਦਿੱਤਾ ਜਾਵੇ ਜਿੱਥੇ ਸਦਾ ਅਤਿ ਦੀ ਠੰਡ ਰਹਿੰਦੀ ਹੋਵੇ ਤਾਂ ਉਸ ਬੂਟੇ ਦਾ ਕਿਹੋ ਜਿਹਾ ਹਾਲ ਹੋਵੇਗਾ? ਕੁਝ ਅਜਿਹਾ ਹੀ ਹਾਲ ਮੇਰਾ ਸੀ। ਮੈਂ ਜਿਸ ਵਾਤਾਵਰਣ ਵਿਚ ਜੰਮਿਆ ਪਲਿਆ ਤੇ ਪਰਵਾਨ ਚੜ੍ਹਿਆ ਸਾਂ, ਉਸ ਤੋਂ ਇੰਝ ਟੁੱਟ ਜਾਣ ਦਾ ਹੇਰਵਾ ਤਾਂ ਲੱਗਣਾ ਹੀ ਸੀ। ਮੈਨੂੰ ਬਹੁਤ ਛੇਤੀ ਅਹਿਸਾਸ ਹੋ ਗਿਆ ਕਿ ਬਾਹਰੋਂ ਇੰਨੀ ਚਮਕ ਦਮਕ ਵਾਲਾ ਇਸ ਦੇਸ਼ ਦਾ ਇਹ ਸਮਾਜਕ ਪ੍ਰਬੰਧ ਅੰਦਰੋਂ ਕਿੰਨਾ ਗਲ਼ਿਆ ਸੜਿਆ ਤੇ ਨੀਰਸ ਹੈ? ਇਸ ਦੇਸ ਦੀ ਮਹਾਰਾਣੀ ਦੇ ਮਹਲ ਦੇ ਐਨ ਨੱਕ ਹੇਠਾਂ ਪਿਕਾਡਿਲੀ ਸਰਕਸ ਦੇ ਦੁਆਲੇ ਦੀਆਂ ਭੀੜੀਆਂ ਗਲ਼ੀਆਂ ਵਿਚ ਜਿਸਮ ਫਰੋਸ਼ੀ ਦਾ ਕਾਰੋਬਾਰ ਦਿਨ ਦੀਵੀਂ

ਚੱਲ ਰਿਹਾ ਸੀ ਤੇ ਸਟ੍ਰਿਪਟੀਜ਼ ਕਲੱਬਾਂ ਦੇ ਨਾਉਂ ਹੇਠ ਇਸਤ੍ਰੀ ਦੀ ਸੁੰਦਰਤਾ ਨੂੰ ਬਾਜ਼ਾਰੂ ਵਸਤ ਬਣਾ ਦਿੱਤਾ ਗਿਆ ਸੀ।

ਮੈਂ ਅਨੁਭਵ ਕਰ ਰਿਹਾ ਸਾਂ ਕਿ ਇਸ ਮੁਲਕ ਵਿਚ ਮੇਰੇ ਦੇਸ ਵਰਗਾ ਕੁਝ ਵੀ ਨਹੀਂ ਹੈ, ਨਾ ਉਹ ਵੰਨ ਸਵੰਨੀਆਂ ਰੁੱਤਾਂ, ਨਾ ਉਹੋ ਜਿਹੇ ਦਰਖਤ ਨਾ ਵੇਲ ਬੂਟੇ ਨਾ ਪਸ਼ੂ ਪੰਛੀ, ਨਾ ਉਹੋ ਜਿਹੇ ਬੰਦੇ ਨਾ ਉਹੋ ਜਿਹੇ ਰਿਸ਼ਤੇ, ਨਾ ਤੇਹ ਨਾ ਮੋਹ। ਕੁਝ ਵੀ ਓਹੋ ਜਿਹਾ ਨਹੀਂ ਸੀ। ਇਹ ਤਾਂ ਜਾਣਦਾ ਸਾਂ ਕਿ ਪੂੰਜੀਵਾਦੀ ਸਭਿਆਚਾਰ ਦੀ ਬੁਨਿਆਦ ਵਿਅਕਤੀਵਾਦ ਹੁੰਦਾ ਹੈ ਪਰ ਇਹ ਮੇਰੀ ਕਿਤਾਬੀ ਜਾਣਕਾਰੀ ਸੀ। ਹੁਣ ਉਸ ਵਿਅਕਤੀਵਾਦੀ ਢਾਂਚੇ ਨੂੰ ਅੱਖੀਂ ਦੇਖ ਲਿਆ ਸੀ। ਇੱਥੇ ਪਰਵਾਰ ਦੇ ਅਰਥ ਵੀ ਸਾਡੇ ਦੇਸ ਵਰਗੇ ਨਹੀਂ ਹਨ। ਉੱਥੇ ਤਾਂ ਪਰਵਾਰ ਵਿਚ ਮਾਂ ਪਿਉ, ਧੀਆਂ ਪੁੱਤਰ, ਭੈਣ ਭਰਾ, ਚਾਚੇ ਤਾਏ ਅਤੇ ਦਾਦਾ ਦਾਦੀ ਸਾਰੇ ਗਿਣੇ ਜਾਂਦੇ ਸਨ ਤੇ ਇੱਥੇ ਪਰਵਾਰ ਦਾ ਮਤਲਬ ਪਤੀ ਪਤਨੀ ਤੇ ਉਨ੍ਹਾਂ ਦੇ ਬੱਚਿਆਂ ਤੱਕ ਹੀ ਸੀਮਤ ਹੈ।

ਹੁਣ ਜਦ ਮੈਂ ਇਹ ਸਤਰਾਂ ਲਿਖ ਰਿਹਾ ਹਾਂ, ਮੇਰੇ ਦੇਸ ਵਿਚ ਵੀ ਵਿਅਕਤੀਵਾਦੀ ਸਭਿਆਚਾਰ ਛਾਈ ਜਾ ਰਿਹਾ ਹੈ। ਕਿਸੇ ਵੀ ਦੇਸ ਵਿਚ ਪੂੰਜੀਵਾਦੀ ਆਰਥਕ ਢਾਂਚੇ ਦੇ ਉਸਰਨ ਦੇ ਨਾਲ ਨਾਲ ਉਸ ਦੀ ਲੋੜ ਨੂੰ ਪੂਰਾ ਕਰਨ ਵਾਲਾ ਵਿਅਕਤੀਵਾਦੀ ਸਮਾਜਕ ਢਾਂਚਾ ਵੀ ਉਸਰਨ ਲੱਗ ਪੈਂਦਾ ਹੈ। ਹਾਲੀਂ ਤਾਂ ਅਰੰਭ ਹੀ ਹੈ, ਜਦ ਉੱਥੇ ਵੀ ਹਰ ਪਾਸੇ ਪੂੰਜੀਵਾਦੀ ਆਰਥਕ ਪ੍ਰਬੰਧ ਪੂਰੀ ਤਰ੍ਹਾਂ ਛਾ ਗਿਆ ਤਾਂ ਉਹਦੇ ਨਾਲ ਹੀ ਉਹਦੇ ਅਨੁਕੂਲ ਵਿਅਤਕਤੀਵਾਦੀ ਸਭਿਆਚਾਰਕ ਪ੍ਰਤੀਮਾਨ ਵੀ ਹਰ ਪਾਸੇ ਛਾ ਜਾਣਗੇ। ਕਿਸੇ ਤਰ੍ਹਾਂ ਦੇ ਧਰਮ ਕਰਮ ਦੇ ਉਪਦੇਸ਼ ਇਸਨੂੰ ਰੋਕ ਤਾਂ ਕੀ ਸਕਣਗੇ, ਸਗੋਂ ਇਸ ਪੂੰਜੀਵਾਦੀ ਆਰਥਕ ਪ੍ਰਬੰਧ ਦੇ ਅਨੁਸਾਰ ਆਪਣੇ ਆਪ ਨੂੰ ਢਾਲ ਕੇ ਇਸ ਦੇ ਸਹਾਈ ਬਣ ਜਾਣਗੇ।

## 9.

# ਦਾਹੜੀ ਵਾਲਾ ਮਾਸਟਰ

ਸਾਲ ਕੁ ਪਹਿਲਾਂ ਮੇਰਾ ਪੇਂਡੂ ਤੇ ਮਿੱਤਰ ਅਨੂਪ ਰਾਮਫੋਰਡ ਛੱਡ ਕੇ ਮਿਡਲੈਂਡ ਦੇ ਸ਼ਹਿਰ ਨੋਟਿੰਘਮ ਵਿਚ ਆਪਣੇ ਛੋਟੇ ਭਰਾ ਮਲਕੀਤ ਕੋਲ ਰਹਿਣ ਲੱਗ ਪਿਆ ਸੀ। ਉਨ੍ਹਾਂ ਦੇ ਨਾਲ ਹੀ ਸਾਡਾ ਸਾਂਝਾ ਮਿੱਤਰ ਗੁਰਦੇਵ ਸਿੰਘ ਵੀ ਰਹਿੰਦਾ ਸੀ। ੧੯੬੫ ਦੇ ਮਈ ਮਹੀਨੇ ਦੇ ਆਖਰੀ ਹਫਤੇ ਮੈਂ ਉਨ੍ਹਾਂ ਨੂੰ ਮਿਲਣ ਚਲਾ ਗਿਆ। ਮੈਂ ਐਤਵਾਰ ਰਾਤ ਉਨ੍ਹਾਂ ਕੋਲ ਰਿਹਾ ਤੇ ਆਪਣੇ ਇਰਾਦੇ ਬਾਰੇ ਉਨ੍ਹਾਂ ਨਾਲ ਗੱਲ ਕੀਤੀ।

ਸੋਮਵਾਰ ਸਵੇਰੇ ਅਨੂਪ ਤੇ ਉਹਦੇ ਭਰਾ ਨੇ ਮੈਨੂੰ ਚਾਰ ਕੁ ਫੈਕਟਰੀਆਂ ਦੇ ਪਤੇ ਲਿਖਵਾਏ ਤੇ ਆਪ ਕੰਮ 'ਤੇ ਚਲੇ ਗਏ। ਮੈਂ ੯ ਵਜੇ ਸਵੇਰੇ

ਘਰੋਂ ਨਿਕਲ ਗਿਆ ਤੇ ਉਨ੍ਹਾਂ ਦੇ ਦੱਸੇ ਪਤਿਆਂ 'ਤੇ ਟੱਕਰਾਂ ਮਾਰਦਾ ਰਿਹਾ ਪਰ ਕਿਤੇ ਵੀ ਕੰਮ ਨਾ ਮਿਲਿਆ। ਦੋਪਹਿਰ ਤੱਕ ਮੈਂ ਚੋਖਾ ਥੱਕ ਤੇ ਅੱਕ ਗਿਆ ਸਾਂ। ਉਨ੍ਹਾਂ ਦਿਨਾਂ ਵਿਚ ਨੌਟਿੰਘਮ ਤੋਂ ਕੋਈ ਪੰਦਰਾਂ ਕੁ ਮੀਲ਼ ਦੂਰ ਡਰਬੀ ਵਿਚ ਮੋਰਾਂਵਾਲੀ ਵਾਲੇ ਹਰਦਿਆਲ ਤੇ ਮਲਕੀਤ ਰਹਿੰਦੇ ਸਨ। ਮੈਂ ਸੋਚਿਆ, "ਕੰਮ ਤਾਂ ਮਿਲਿਆ ਨਹੀਂ, ਹੁਣ ਆਇਆ ਹਾਂ ਤਾਂ ਉਨ੍ਹਾਂ ਨੂੰ ਵੀ ਮਿਲ ਚਲਦਾ"।

ਸ਼ਾਮ ਨੂੰ ਅਨੂਪ ਹੁਰਾਂ ਨੂੰ ਮਿਲਣ ਪਿੱਛੋਂ ਮੈਂ ਲੱਗ ਪੱਗ ਪੰਜ ਕੁ ਵਜੇ ਡਰਬੀ ਲਈ ਬੱਸ ਫੜ ਲਈ ਤੇ ਛੇ ਵਜੇ ਹਰਦਿਆਲ ਦੇ ਘਰ ੧੧ ਗੁਡਏਲ ਸਟਰੀਟ ਡਰਬੀ ਵਿਚ ਪੁੱਜ ਗਿਆ। ਹਰਦਿਆਲ ਤੇ ਮਲਕੀਤ ਦੋਵੇਂ ਘਰ ਹੀ ਸਨ। ਹਰਦਿਆਲ ਡਰਬੀ ਦੇ ਸਪੰਡਨ ਨਾਉਂ ਦੇ ਇਲਾਕੇ ਦੀ ਕਪੜਾ ਮਿੱਲ ਬ੍ਰਿਟਿਸ਼ ਸੈਲਾਨੀਜ਼ ਵਿਚ ਕੰਮ ਕਰਦਾ ਸੀ। ਮਲਕੀਤ ਨੂੰ ਇੱਥੇ ਆਏ ਨੂੰ ਥੋੜੇ ਹੀ ਦਿਨ ਹੋਏ ਸਨ ਤੇ ਉਹ ਹਾਲੀਂ ਵਿਹਲਾ ਸੀ। ਹਰਦਿਆਲ ਨੇ ਮੰਗਲਵਾਰ ਰਾਤ ਨੂੰ ਕੰਮ 'ਤੇ ਜਾਣਾ ਸੀ। ਦਸ ਵੱਜਣ ਤੱਕ ਅਸੀਂ ਗੱਲਾਂ ਕਰਦੇ ਰਹੇ। ਫੇਰ ਰੋਟੀ ਪਾਣੀ ਦਾ ਕੰਮ ਮੁਕਾਉਣ ਪਿੱਛੋਂ ਉਹ ਤਾਂ ਦੋਵੇਂ ਆਪਣੇ ਕਮਰਿਆਂ ਵਿਚ ਜਾ ਵੜੇ ਤੇ ਮੈਂ ਫਰੰਟ ਰੂਮ ਵਿਚ ਹੀ ਬੈੱਡ ਸੈਟੀ ਤੇ ਪੈ ਗਿਆ।

ਦੂਜੇ ਦਿਨ ਸਵੇਰੇ ਅਸੀਂ ਨਾਸ਼ਤਾ ਕਰਨ ਪਿੱਛੋਂ ਚੋਖੇ ਸਮੇਂ ਤੋਂ ਬੈਠੇ ਗੱਲਾਂ ਕਰ ਰਹੇ ਸਾਂ। ਮੈਂ ਹਰਦਿਆਲ ਨੂੰ ਆਪਣੀਆਂ ਮੁਸ਼ਕਲਾਂ ਬਾਰੇ ਦਸਦੇ ਹੋਏ ਕਿਹਾ, "ਆਇਆ ਤਾਂ ਮੈਂ ਇਸ ਇਰਾਦੇ ਨਾਲ ਸੀ ਕਿ ਇੱਥੇ ਹੀ ਕੰਮ ਲੱਭ ਕੇ ਤੁਹਾਡੇ ਕੋਲ ਹੀ ਟਿਕ ਜਾਵਾਂਗਾ ਪਰ ਹੁਣ ਤਾਂ ਪਤਾ ਨਹੀਂ ਪਲੱਮਸਟੈਡ ਵਿਚ ਕਿੰਨਾ ਚਿਰ ਰਹਿਣਾ ਪਵੇ"।

ਐਨ ਉਸ ਵੇਲੇ ਉਹ ਕੁਝ ਵਾਪਰ ਗਿਆ ਜਿਹਦੀ ਹੁਣ ਕੋਈ ਆਸ ਨਹੀਂ ਰਹਿ ਗਈ ਸੀ। ਹਰਦਿਆਲ ਨੇ ਘਰ ਦਾ ਗੇਟ ਖੁਲ੍ਹਣ ਦਾ ਖੜਕਾ ਸੁਣ ਕੇ ਤਾਕੀ ਵਿੱਚੋਂ ਬਾਹਰ ਝਾਕ ਕੇ ਕਿਹਾ, "ਲੈ ਬਈ! ਦਾੜ੍ਹੀ ਵਾਲਾ ਮਾਸਟਰ ਆ ਗਿਆ। ਇਹ ਤੈਨੂੰ ਟਰਾਈ ਕਰਾਉਣ ਲੈ ਜਾਊਗਾ",ਤੇ ਉਹਦੇ ਦਰਵਾਜ਼ਾ

ਖੜਕਾਉਣ ਤੋਂ ਪਹਿਲਾਂ ਹੀ ਹਰਦਿਆਲ ਨੇ ਉਠ ਕੇ ਦਰਵਾਜ਼ਾ ਖੋਲ੍ਹ ਦਿੱਤਾ। ਆਪਣਾ ਸਾਈਕਲ ਕੰਧ ਨਾਲ ਖੜ੍ਹਾ ਕਰ ਕੇ ਇੱਕ **30** ਕੁ ਸਾਲ ਦੀ ਉਮਰ ਦਾ, ਸਜਵਾਂ ਫਬਵਾਂ, ਕੱਸਵੇਂ ਤੇ ਐਥਲੀਟਾਂ ਵਰਗੇ ਸਰੀਰ, ਤਰਾਸ਼ੀ ਹੋਈ ਦਾਹੜੀ ਤੇ ਕੁੱਝ ਕੁ ਘੁੰਗਰਾਲੇ ਜਿਹੇ ਵਾਲਾਂ ਵਾਲਾ ਬੰਦਾ ਦਾਖਲ ਹੋਇਆ।

"ਲਿਆ ਬਈ ਦਾਲੋ! ਪਿਲਾ ਗਲਾਸੀ! ਅੱਜ ਸਵੇਰ ਦਾ ਫੈਕਟਰੀਆਂ ਦੇ ਗੇੜੇ ਲਾਉਂਦਾ ਤੇ ਭਾਈਬੰਦਾਂ ਨੂੰ ਟਰਾਈਆਂ ਕਰਾਉਂਦਾ ਥੱਕਿਆ ਹੋਇਆਂ"। ਇਹ ਕਹਿ ਕੇ ਉਹ ਸੈੱਟੀ ਉੱਤੇ ਮੇਰੇ ਕੋਲ ਹੀ ਡੱਟ ਗਿਆ।

ਮੈ ਉਹਦੇ ਚਿਹਰੇ ਵਲ ਦੇਖਿਆ। ਉਹਦੇ ਚਿਹਰੇ ਦਾ ਪ੍ਰਭਾਵ ਵੱਖਰੀ ਹੀ ਭਾਂਤ ਦਾ ਸੀ; ਮੁਸਕਰਾਹਟ, ਇਰਾਦੇ ਦੀ ਪਕਿਆਈ, ਅੜਬਪੁਣੇ, ਖਰਭੇਪਨ ਤੇ ਬੇਪਰਵਾਹੀ ਦਾ ਰਲਵਾਂ ਮਿਲਵਾਂ ਪ੍ਰਭਾਵ।

ਹਰਦਿਆਲ ਨੇ ਅੰਦਰੋਂ ਬੋਤਲ ਤੇ ਗਲਾਸੀ ਚੁੱਕ ਲਿਆਂਦੀ ਤੇ ਉਹਦੇ ਅੱਗੇ ਵਿਸਕੀ ਦੀ ਗਲਾਸੀ ਰੱਖ ਕੇ ਪੁੱਛਿਆ, "ਵਿਚ ਕੀ ਪਾਵਾਂ ਕੋਕ ਕਿ ਪਾਣੀ?"

"ਨਾ! ਨਾ! ਇਹ ਪਾਪ ਨਾ ਕਰੀਂ। ਤੈਨੂੰ ਪਤਾ ਮੈਂ ਸ਼ਰਾਬ ਵਰਗੀ ਪਵਿੱਤਰ ਚੀਜ਼ ਨੂੰ ਪਲੂਟ (ਅਪਵਿਤਰ) ਕਰਨ ਦੇ ਸਖ਼ਤ ਖ਼ਿਲਾਫ਼ ਹਾਂ। ਨੀਟ ਹੀ ਚੱਲੂ", ਉਹਨੇ ਮੋਤੀਆਂ ਵਰਗੇ ਦੰਦਾਂ ਨਾਲ ਪੂਰਾ ਖਿੜ ਕੇ ਗਲਾਸੀ ਚੁੱਕਦਿਆਂ ਕਿਹਾ ਤੇ ਇੱਕ ਚੁਸਕੀ ਲੈ ਕੇ ਗਲਾਸੀ ਮੇਜ਼ ਤੇ ਰੱਖ ਦਿੱਤੀ ਤੇ ਫੇਰ ਮੇਰੇ ਵਲ ਮੂੰਹ ਕਰ ਕੇ ਪੁੱਛਿਆ, "ਇਹ ਭਾਈ ਸਾਹਿਬ ਕਿੱਥੋਂ ਆਂ?" ਤੇ ਇਸਦੇ ਨਾਲ ਹੀ ਮੇਰੇ ਵਲ ਹੱਥ ਵਧਾ ਦਿੱਤਾ।

ਮੈਂ ਇਸ ਅਨੋਖੇ ਜਿਹੇ ਬੰਦੇ ਨਾਲ ਹੱਥ ਮਿਲਾਉਣ ਹੀ ਲਗਾ ਸਾਂ ਕਿ ਮੇਰੇ ਕੁੱਝ ਬੋਲਣ ਤੋਂ ਪਹਿਲਾਂ ਹੀ ਹਰਦਿਆਲ ਨੇ ਕਿਹਾ, "ਇਹ ਹਰਬਖਸ਼ ਆ, ਸਾਡਾ ਰਿਸ਼ਤੇਦਾਰ, ਲੰਡਨ ਦੇ ਪਲੱਮਸਟੈਡ-ਵੂਲਿਚ ਇਲਾਕੇ ਵਿਚ ਰਹਿੰਦਾ ਆ। ਹੁਣ ਇੱਥੇ ਰਹਿਣ ਤੇ ਕੰਮ ਲੱਭਣ ਦਾ ਇਰਾਦਾ ਲੈ ਕੇ ਸਾਡੇ ਕੋਲ

ਆਇਆ। ਪੜ੍ਹਿਆ ਲਿਖਿਆ ਤਾਂ ਬਹੁਤ ਆ ਪਰ ਹਾਲੀਂ ਦੇਸੋਂ ਆਏ ਨੂੰ ਥੋੜਾ ਚਿਰ ਹੀ ਹੋਇਆ, ਗੱਲਬਾਤ ਵਿਚ ਜ਼ਰਾ ਪਿੱਛੇ ਆ", ਹਰਦਿਆਲ ਇੱਕੋ ਸਾਹੇ ਇਹ ਸਭ ਕੁੱਝ ਕਹਿ ਗਿਆ।

ਮੈਂ ਮੁਸਕਰਾ ਕੇ ਉਸ ਨਾਲ ਹੱਥ ਮਿਲਾਇਆ। ਹਰਦਿਆਲ ਨੇ ਆਪਣੀ ਗੱਲ ਨੂੰ ਜਾਰੀ ਰੱਖਦਿਆਂ ਕਿਹਾ, "ਮਾਸਟਰ! ਇਹ ਤਾਂ ਇਸ ਸ਼ਹਿਰ ਦਾ ਵਾਕਫ਼ ਨਹੀਂ ਇਹਨੂੰ ਟਰਾਈ ਕਰਾਉਣ ਲੈ ਜਾਈਂ ਕੱਲ ਨੂੰ ਸਵੇਰੇ"।

"ਕੱਲ ਨੂੰ ਕਿਉਂ ਹੁਣੇ ਕਿਉਂ ਨਹੀਂ? ਉੱਠੋ ਭਾਈ ਸਾਹਿਬ! ਹੁਣੇ ਤੁਰੋ", ਇਹ ਕਹਿ ਕੇ ਉਹਨੇ ਗਲਾਸੀ ਚੁੱਕ ਕੇ ਮੂੰਹ ਨੂੰ ਲਾਈ, ਖਾਲੀ ਕਰ ਕੇ ਮੇਜ਼ ਤੇ ਰੱਖੀ ਤੇ ਮੈਨੂੰ ਉੱਠਣ ਲਈ ਇਸ਼ਾਰਾ ਕੀਤਾ।

"ਇੰਨੀ ਵੀ ਕੀ ਕਾਹਲੀ ਹੈ? ਜ਼ਰਾ ਬੈਠ ਦੋ ਗਲਾਸੀਆਂ ਲਾ, ਫੇਰ ਚਲੇ ਜਾਇਓ....।"

ਉਹਨੇ ਹਰਦਿਆਲ ਦੀ ਗੱਲ ਵਿਚੋਂ ਹੀ ਕੱਟ ਕੇ ਕਿਹਾ, "ਨਹੀਂ, ਨਹੀਂ! ਕੰਮ ਪਹਿਲਾਂ ਤੇ ਪਿੱਛੋਂ ਖਾਣਾ ਪੀਣਾ। ਤੂੰ ਇੱਦਾਂ ਹੀ ਡਟਿਆ ਰਹਿ। ਅਸੀਂ ਹੁਣੇ ਗਏ ਤੇ ਹੁਣੇ ਆਏ। ਉਠੋ ਭਾਈ ਸਾਹਿਬ!"

ਮੈਂ ਉਹਦੇ ਇਸਰਾਰ ਅੱਗੇ ਨਾਹ ਨੁੱਕਰ ਕੀ ਕਰਨੀ ਸੀ? ਮੈਂ ਤਾਂ ਆਇਆ ਹੀ ਇੱਥੇ ਕੰਮ ਲੱਭਣ ਸਾਂ, ਉਹਦੇ ਨਾਲ ਤੁਰ ਪਿਆ। ਉਹਨੇ ਸਾਈਕਲ ਉੱਥੇ ਹੀ ਕੰਧ ਨਾਲ ਲੱਗਿਆ ਰਹਿਣ ਦਿੱਤਾ ਤੇ ਪੈਦਲ ਹੀ ਚੱਲ ਪਿਆ।

ਉਹ ਮੈਨੂੰ ਨਾਲ ਲੈ ਕੇ ਮੀਲ ਕੁ ਤੱਕ ਸਿੱਧਾ ਸੜਕੇ ਸੜਕੇ ਤੁਰਿਆ ਗਿਆ। ਫੇਰ ਖੱਬੇ ਪਾਸੇ ਇੱਕ ਕੰਪਨੀ ਦਾ ਬੋਰਡ ਦਿਸਿਆ, ਜਿਸ 'ਤੇ 'ਇੰਟਰਨੈਸ਼ਨਲ ਕੰਬੱਸਚਨ' ਲਿਖਿਆ ਹੋਇਆ ਸੀ।

"ਆ ਪਹਿਲਾਂ ਇੱਥੇ ਟਰਾਈ ਕਰ ਕੇ ਦੇਖਦੇ ਆਂ", ਇਹ ਕਹਿ ਕੇ ਉਹ ਮੈਨੂੰ ਲੈ ਕੇ ਉਸ ਕੰਪਨੀ ਦੇ ਪਰਸਨਲ ਔਫਸ ਵਿਚ ਜਾ ਪੁੱਜਾ। ਉਹ ਨੇ ਮੈਨੂੰ

ਗੱਲ ਵੀ ਨਾ ਕਰਨ ਦਿੱਤੀ ਤੇ ਪਰਸਨਲ ਅਫਸਰ ਨਾਲ ਅਜਿਹੀ ਗਿਟਮਿਟ ਕੀਤੀ ਕਿ ਉਹਨੇ ਮੈਨੂੰ ਕੰਮ ਤੇ ਰੱਖ ਲਿਆ ਤੇ ਕਿਹਾ ਕਿ ਸਵੇਰੇ ਕੰਮ 'ਤੇ ਆ ਜਾਵੇ। ਮੈਂ ਜਦ ਕਿਹਾ ਕਿ ਪਹਿਲਾ ਕੰਮ ਛੱਡਣ ਲਈ ਮੇਰੇ ਲਈ ਇੱਕ ਹਫਤੇ ਦਾ ਨੋਟਸ ਦੇਣਾ ਜ਼ਰੂਰੀ ਹੈ, ਤਾਂ ਉਹ ਨੇ ਮੇਰੇ ਹੋਰ ਗੱਲ ਕਰਨ ਤੋਂ ਪਹਿਲਾਂ ਹੀ, ਮੇਰੇ ਇੱਥੇ ਕੰਮ ਸ਼ੁਰੂ ਕਰਨ ਦਾ ਦਿਨ ਇੱਕ ਹਫਤੇ ਬਾਅਦ ਦਾ ਮੰਗਲਵਾਰ ਨਿਸਚਿਤ ਕਰਵਾ ਦਿੱਤਾ।

ਵਾਪਸ ਆਉਂਦਿਆਂ ਇੱਕ ਖੁਲ੍ਹੇ ਵਿਹੜੇ ਵਾਲੀ ਵੱਡੀ ਸਾਰੀ ਇਮਾਰਤ ਵਲ ਇਸ਼ਾਰਾ ਕਰ ਕੇ ਉਹ ਕਹਿਣ ਲੱਗਾ, "ਇਹ ਫੋਰੈੱਸਟਰ ਪੱਬ ਹੈ, ਸਾਡੇ ਦੇਸੀ ਭਾਈਬੰਦ ਇਹਨੂੰ "ਕਾਟੋ ਵਾਲਾ ਪੱਬ" ਕਹਿੰਦੇ ਆ। ਆ! ਪਹਿਲਾਂ ਤੇਰੇ ਕੰਮ ਲੱਗਣ ਦੀ ਖ਼ੁਸ਼ੀ ਵਿਚ ਇੱਥੇ ਗਲਾਸ ਮਾਰੀਏ, ਤੇ ਫੇਰ ਚੱਲਾਂਗੇ ਦਾਲੋ ਦੇ ਘਰ।" ਮੇਰੇ ਨਾਂਹ ਨਾਂਹ ਕਰਦਿਆਂ ਹੀ ਖਿੱਚ ਕੇ ਉਹ ਮੈਨੂੰ ਅੰਦਰ ਲੈ ਗਿਆ ਤੇ ਦੋ ਹੱਥ ਹੱਥ ਲੰਮੇ ਗਲਾਸ ਗੀਨਸ ਮਾਈਲਡ ਦੇ ਭਰਾ ਕੇ ਇੱਕ ਮੈਨੂੰ ਫੜਾ ਦਿੱਤਾ ਤੇ ਇੱਕ ਵਿਚੋਂ ਦੋ ਘੁਟ ਭਰ ਕੇ ਪੱਬ ਦੇ ਗਮਨੇ ਨਾਲ ਹੱਸ ਹੱਸ ਕੇ ਅੰਗਰੇਜ਼ੀ ਦਾ ਵਢਾਂਗਾ ਕਰਨ ਲੱਗ ਪਿਆ। ਮੈਂ ਇੰਨੇ ਠਰੱਮੇ ਨਾਲ ਬੇਝਿਜਕ ਅੰਗਰੇਜ਼ੀ ਬੋਲਦਾ ਕੋਈ ਪੰਜਾਬੀ ਬੰਦਾ ਸਵਾਏ ਪਲੱਮਸਟੈਡ ਵਾਲੇ ਸਾਧੂ ਤੋਂ ਹੋਰ ਕੋਈ ਨਹੀਂ ਦੇਖਿਆ ਸੀ।

"ਚੁੱਕ ਲੈ, ਕਰ ਖਾਲੀ, ਇੱਕ ਹੋਰ ਤੇ ਫੇਰ ਚੱਲਾਂਗੇ, ਦਾਲੋ ਦੀਆਂ ਗਲਾਸੀਆਂ ਉਡੀਕ ਰਹੀਆਂ" ਉਹਨੇ ਇਹ ਕਹਿੰਦਿਆਂ ਹੀ ਆਪਣਾ ਗਲਾਸ ਖਾਲੀ ਕਰ ਕੇ ਕਾਉਂਟਰ ਤੇ ਰੱਖ ਦਿੱਤਾ।

"ਸੇਮ ਪਲੀਜ਼!" ਕਹਿ ਕੇ ਉਹ ਫੇਰ ਗਮਨੇ ਨਾਲ ਗੱਲੀਂ ਜੁਟ ਗਿਆ। ਮੈਂ ਆਪਣਾ ਗਲਾਸ ਖਾਲੀ ਕਰ ਕੇ ਕਾਊਂਟਰ ਤੇ ਜਾ ਰੱਖਿਆ ਤੇ ਪੰਜਾਂ ਪੌਂਡਾਂ ਦਾ ਨੋਟ ਕੱਢ ਕੇ ਗਮਨੇ ਵਲ ਵਧਾਇਆ।

ਨਿਰਮਲ ਨੇ ਉਹ ਨੋਟ ਵਿਚਾਲ਼ਿਓਂ ਹੀ ਫੜ ਕੇ ਮੇਰੀ ਜੇਬ ਵਿਚ ਤੁੰਨ ਦਿੱਤਾ ਤੇ ਕਿਹਾ, "ਅੱਜ ਤੂੰ ਮਹਿਮਾਨ ਐਂ, ਅੱਜ ਤੈਥੋਂ ਨਹੀਂ ਪੀਣੀ, ਨਾਲੇ ਇੱਥੇ ਦੇ ਰਿਵਾਜ ਮੁਤਾਬਕ ਅਸੀਂ ਕੰਮ 'ਤੇ ਲੱਗਣ ਤੋਂ ਪਿੱਛੋਂ ਇੱਕ ਹਫਤੇ ਤੱਕ ਤੈਨੂੰ ਖਰਚ ਨਹੀਂ ਕਰਨ ਦੇਣਾ, ਫੇਰ ਲਾ ਲਈਂ ਜਿਹੜਾ ਜ਼ੋਰ ਲਾਉਣਾ।"

ਹਰਦਿਆਲ ਦੇ ਘਰ ਪੁੱਜੇ ਤਾਂ ਉਹ ਉਹਦੇ ਦਰਵਾਜ਼ਾ ਖੋਲ੍ਹਦਿਆਂ ਹੀ ਕਹਿਣ ਲੱਗਾ, "ਦਾਲੋ! ਤੁਰ ਸਾਡੇ ਨਾਲ, ਅੱਜ ਭਾਈ ਸਾਹਿਬ ਦੇ ਕੰਮ ਤੇ ਲੱਗਣ ਦਾ ਜਸ਼ਨ ਸਾਡੇ ਘਰ ਮਨਾਇਆ ਜਾਵੇਗਾ। ਮੈਂ ਤੇਰੀ ਭਰਜਾਈ ਨੂੰ ਪਹਿਲਾਂ ਹੀ ਟੈਲੀਫੋਨ ਖੜਕਾ ਦਿੱਤਾ ਸੀ। ਉਹ ਖਾਣਾ ਤਿਆਰ ਕਰੀ ਬੈਠੀ ਸਾਨੂੰ ਉਡੀਕਦੀ ਆ"।

ਮੈਂ ਤਾਂ ਕੀ ਕਹਿਣਾ ਸੀ, ਉਹਨੇ ਦਾਲੋ ਨੂੰ ਵੀ ਕੁਝ ਨਾ ਕਹਿਣ ਦਿੱਤਾ ਤੇ ਉਹਦੇ ਕੁੱਝ ਕਹਿਣ ਤੋਂ ਪਹਿਲਾਂ ਹੀ ਉਹਨੂੰ ਬਾਂਹੋਂ ਫੜ ਬਾਹਰ ਨੂੰ ਖਿੱਚ ਲਿਆ। ਮੈਂ ਇਹ ਸੋਚਦਾ ਤੁਰ ਪਿਆ, "ਇਹਨੇ ਫੋਨ ਕਦੋਂ ਕੀਤਾ ਹੋਵੇਗਾ, ਕੀਤਾ ਹੋਵੇਗਾ ਵੀ ਕਿ ਨਹੀਂ"। ਮੈਨੂੰ ਯਾਦ ਆਇਆ, ਪੱਬ ਵਿਚ ਉਹ ਕੁੱਝ ਚਿਰ ਲਈ ਗਿਆ ਤਾਂ ਸੀ ਕਿਤੇ, ਸ਼ਾਇਦ ਉਦੋਂ ਫੋਨ ਕਰ ਆਇਆ ਹੋਵੇਗਾ।

ਅਸੀਂ ਜਦੋਂ ਉਹਦੇ ਘਰ ਪੁੱਜੇ ਤਾਂ ਸਾਡੇ ਬੈਠਦਿਆਂ ਹੀ ਉਹਨੇ ਦੋ ਬੋਤਲਾਂ ਮੇਜ਼ ਉੱਤੇ ਲਿਆ ਰੱਖੀਆਂ ਇੱਕ ਵਿਸਕੀ ਦੀ ਤੇ ਇੱਕ ਰੱਮ ਦੀ। "ਲਓ ਪੀਓ, ਭਾਈ ਸਾਹਿਬ ਦੇ ਡਰਬੀ ਆਉਣ ਤੇ ਕੰਮ ਤੇ ਲੱਗਣ ਦਾ ਜਸ਼ਨ ਮਨਾਓ", ਇਹ ਕਹਿ ਕੇ ਉਹਨੇ ਦੋ ਗਲਾਸੀਆਂ ਵਿਚ ਵਿਸਕੀ ਪਾ ਕੇ ਕਿਹਾ, "ਦਾਲੋ ਦਾ ਮੈਨੂੰ ਪਤਾ ਹੈ, ਰੱਮ ਪਸੰਦ ਕਰਦਾ, ਭਾਈ ਸਾਹਿਬ ਤੁਸੀਂ ਮੈਨੂੰ ਯਕੀਨ ਹੈ, ਵਿਸਕੀ ਹੀ ਪੀਂਦੇ ਹੋਵੋਗੇ।" ਫੇਰ ਉਹਨੇ ਹਰਦਿਆਲ ਲਈ ਗਲਾਸੀ ਵਿਚ ਰੱਮ ਭਰ ਦਿੱਤੀ ਤੇ ਆਪ ਆਪਣੀ ਗਲਾਸੀ ਚੁੱਕ ਕੇ ਚੀਅਰ ਕਿਹਾ ਤੇ ਮੂੰਹ ਨੂੰ ਲਾ ਲਈ। ਫੇਰ ਕਿਚਨ ਵਲ ਨੂੰ ਮੂੰਹ ਕਰ ਕੇ ਆਪਣੀ ਪਤਨੀ ਨੂੰ ਲਮਕਵੀਂ ਅਵਾਜ਼ ਵਿਚ ਕਿਹਾ, "ਜਸਵੀਰ! ਅੱਜ ਮੀਟ ਜ਼ਰਾ

ਕਰਾਰਾ ਬਣੇ, ਆਹ ਤੇਰਾ ਨਵਾਂ ਜੇਠ ਆਇਆ, ਬੱਸ ਇਹ ਮੀਟ ਦੇ ਨਾਲ ਨਾਲ ਆਪਣੀਆਂ ਉਂਗਲੀਆਂ ਵੀ ਛਕ ਜਾਵੇ ਤੇ ਤੇਰੀ ਜੇਠਾਣੀ ਨੂੰ ਚਿੱਠੀ ਲਿਖੇ ਤਾਂ ਤੇਰੀਆਂ ਸਿਫ਼ਤਾਂ ਦੇ ਪੁਲ ਬੰਨ੍ਹ ਦੇਵੇ।

ਖਾਣ ਪੀਣ ਦੇ ਨਾਲ ਨਾਲ ਮੈਂ ਇਸ ਅਨੋਖੇ ਬੰਦੇ ਦੀਆਂ ਖੁੱਲ੍ਹੀਆਂ ਗੱਲਾਂ ਤੇ ਲਤੀਫ਼ਿਆਂ ਨੂੰ ਮਾਣਦਾ ਹੋਇਆ ਇਹ ਵੀ ਸੋਚੀ ਗਿਆ, "ਜਿਸ ਦੁਨੀਆ ਵਿਚ ਅਜਿਹੇ ਬੰਦੇ ਰਹਿੰਦੇ ਹਨ, ਉਹਨੂੰ ਸੱਤੇ ਖੈਰਾਂ"। ਸ਼ਾਮ ਨੂੰ ਮੈਂ ਲੰਡਨ ਲਈ ਗੱਡੀ ਫੜਨੀ ਸੀ, ਇਸ ਲਈ ਮਿੰਨਤਾਂ ਤਰਲਿਆਂ ਨਾਲ ਮਸਾਂ ਛੁਟਕਾਰਾ ਹੋਇਆ।

ਇਸ ਅਨੋਖੇ ਬੰਦੇ ਬਾਰੇ ਮੇਰੀ ਉਤਸੁਕਤਾ ਨੂੰ ਦੇਖ ਕੇ ਹਰਦਿਆਲ ਨੇ ਦੱਸਿਆ, "ਇਹ ਨਿਰਮਲ ਹੈ, ਬਿਆਸ ਪਿੰਡ ਦੇ ਸਫ਼ੈਦਪੋਸ਼ ਸ਼ੇਰ ਇੰਦਰ ਸਿੰਘ ਦਾ ਪੋਤਾ ਤੇ ਲੰਬੜਦਾਰ ਚਾਨਣ ਸਿੰਘ ਦਾ ਪੁੱਤਰ ਹੈ। ਬੀ.ਏ. ਕਰਨ ਪਿੱਛੋਂ ਇਹ ਦੇਸ ਵਿਚ ਕੁੱਝ ਚਿਰ ਮਾਸਟਰ ਲੱਗਾ ਰਿਹਾ ਸੀ। ਡਰਬੀ ਵਿਚ ਦੋ ਕੁ ਹੋਰ ਵੀ ਮਾਸਟਰ ਆ। ਇਹ ਨੇ ਦਾੜ੍ਹੀ ਰੱਖੀ ਹੋਈ ਹੋਣ ਕਰਕੇ ਸਾਰੇ ਇਹਨੂੰ ਦਾੜ੍ਹੀ ਵਾਲਾ ਮਾਸਟਰ ਕਹਿੰਦੇ ਆ"।

ਉਨ੍ਹਾਂ ਦਿਨਾਂ ਵਿਚ ਪੰਜਾਬ ਤੋਂ ਆਏ ਬਹੁਤੇ ਲੋਕੀਂ ਵਿਹਲੇ ਸਨ ਤੇ ਕੰਮਾਂ ਦੀ ਭਾਲ ਵਿਚ ਮਾਰੇ ਮਾਰੇ ਫਿਰਦੇ ਸਨ। ਇਨ੍ਹਾਂ ਲੋਕਾਂ ਦੀ ਮਜਬੂਰੀ ਦਾ ਲਾਭ ਉਠਾਉਣ ਲਈ ਦੋ ਕੁ ਚਲਾਕ ਬੰਦੇ ਡਰਬੀ ਵਿਚ ਪੈਦਾ ਹੋ ਗਏ ਸਨ। ਉਹ ਬੰਦੇ ਕੋਲਕਾਸਟ ਨਾਉਂ ਦੀ ਪ੍ਰਸਿੱਧ ਫਾਊਂਡਰੀ ਵਿਚ ਕੰਮ ਕਰਦੇ ਸਨ ਤੇ ਉੱਥੇ ਬੰਦੇ ਲਵਾਉਣ ਲਈ ਰਿਸ਼ਵਤ ਦਿੰਦੇ/ਲੈਂਦੇ ਸਨ। ਉਹ ਕੰਮ ਦੇ ਅੰਦਰ ਵਰਕ ਮੈਨੇਜਰ ਨਾਲ ਗਿਣ ਗੱਠ ਕਰ ਲੈਂਦੇ। ਸੌਦਾ ਇਹ ਹੁੰਦਾ ਕਿ ਕੰਮ ਤੇ ਲੱਗਣ ਵਾਲਾ ਪਹਿਲੇ ਦੋ ਹਫਤਿਆਂ ਦੀ ਤਨਖਾਹ ਵਰਕ ਮੈਨੇਜਰ ਨੂੰ ਦੇਵੇਗਾ। ਵਰਕ ਮੈਨੇਜਰ ਤਾਂ ਸ਼ਰਾਬ ਦੀ ਬੋਤਲ ਨਾਲ ਹੀ ਖੁਸ਼ ਹੋ ਜਾਂਦਾ ਸੀ ਤੇ ਇਹ ਭੱਦਰ ਪੁਰਸ਼ ਕੰਮ ਦੇ ਚਾਹਵਾਨ ਦੀ ਦੋ ਹਫਤੇ ਦੀ ਕਮਾਈ ਦਾ ਬਹੁਤਾ ਹਿੱਸਾ

ਆਪਣੀ ਜੇਬੇ ਪਾ ਲੈਂਦੇ ਸਨ। ਫੇਰ ਦੋ ਚਾਰ ਹਫਤੇ ਪਿੱਛੋਂ ਉਸ ਵਿਚਾਰੇ ਨੂੰ ਸੈਕ ਮਿਲ ਜਾਂਦੀ ਸੀ ਤੇ ਇਹ ਉਸੇ ਕੰਮ ਲਈ ਕਿਸੇ ਹੋਰ ਆਪਣੇ ਦੇਸੀ ਭਾਈਬੰਦ ਨੂੰ ਫਸਾ ਕੇ ਉਹਦਾ ਭੱਦਣ ਕਰਵਾ ਦਿੰਦੇ ਸਨ। ਇਸ ਤਰ੍ਹਾਂ ਇਨ੍ਹਾਂ ਨੇ ਆਪਣੇ ਬੇਰੁਜ਼ਗਾਰ ਭਾਈਬੰਦਾਂ ਦੀ ਮਜਬੂਰੀ ਨੂੰ ਆਪਣੇ ਹਲਵੇ ਮੰਡੇ ਦਾ ਸਾਧਨ ਬਣਾਇਆ ਹੋਇਆ ਸੀ। ਇਹੋ ਜਿਹਾ ਭ੍ਰਿਸ਼ਟਾਚਾਰ ਇੱਕ ਹੋਰ ਵੱਡੀ ਫਰਮ ਲੀਸ ਵਿਚ ਵੀ ਚਲਦਾ ਸੀ। ਸਾਡੇ ਬਹੁਤੇ ਭਾਈਬੰਦ ਅਨਪੜ੍ਹ ਸਨ, ਇਸ ਲਈ ਉਨ੍ਹਾਂ ਨੂੰ ਸੋਸ਼ਲ ਸਕਿਉਰਟੀ ਔਫਸ ਤੇ ਟੈਕਸ ਔਫਸ ਵਿਚ ਜਾ ਕੇ ਗੱਲਬਾਤ ਕਰਨ ਲਈ ਸਦਾ ਕਿਸੇ ਬਾਤੂ (ਇੰਗਲਿਸ਼ ਬੋਲ ਸਕਣ ਵਾਲੇ) ਦੀ ਤੇ ਫਾਰਮ ਭਰਨ ਲਈ ਕਿਸੇ ਅੰਗਰੇਜ਼ੀ ਪੜ੍ਹੇ ਲਿਖੇ ਬੰਦੇ ਦੀ ਲੋੜ ਪੈਂਦੀ ਸੀ। ਇੱਕ ਦੋ ਚਲਾਕ ਬੰਦਿਆਂ ਨੇ ਇਹਨੂੰ ਵੀ ਆਪਣੇ ਭਾਈਬੰਦਾਂ ਦੀ ਮਜਬੂਰੀ ਤੋਂ ਨਾਜਾਇਜ਼ ਲਾਭ ਉਠਾਉਣ ਲਈ ਵਰਤਣਾ ਅਰੰਭ ਕਰ ਦਿੱਤਾ। ਹਰਦਿਆਲ ਨੇ ਦੱਸਿਆ, “ਇਨ੍ਹਾਂ ਬੰਦਿਆਂ ਦਾ ਇਹ ਵਰਤਾਰਾ ਦੇਖ ਕੇ ਮਾਸਟਰ ਨਿਰਮਲ ਨੇ ਉਨ੍ਹਾਂ ਨਾਲ ਆਢਾ ਲਾ ਲਿਆ। ਨਿਰਮਲ ਨੇ ਸਾਰੇ ਵਿਹਲੇ ਭਾਈਬੰਦਾਂ ਨਾਲ ਮੇਲ ਮੁਲਾਕਾਤਾਂ ਕਰ ਕੇ ਇਹ ਐਲਾਨ ਕਰ ਦਿੱਤਾ ਕਿ ਉਹ ਆਪਣੇ ਕੰਮ ਦਾ ਨੁਕਸਾਨ ਕਰ ਕੇ ਵੀ ਇਨ੍ਹਾਂ ਦੀ ਅਜਿਹੇ ਕੰਮਾਂ ਵਿਚ ਨਿਰਸਵਾਰਥ ਮਦਦ ਕਰੇਗਾ ਤੇ ਉਨ੍ਹਾਂ ਨੂੰ ਕੰਮਾਂ ਤੇ ਟਰਾਈ ਕਰਵਾਉਣ ਲੈ ਜਾਇਆ ਕਰੇਗਾ। ਅੰਗਰੇਜ਼ੀ ਬੋਲਣ ਵਿਚ ਤਾਂ ਉਹ ਮਾਹਰ ਹੈ ਹੀ ਸੀ ਤੇ ਸੀ ਵੀ ਨਿਡਰ ਤੇ ਬੇਝਿਜਕ। ਉਸ ਦੇ ਯਤਨਾਂ ਨਾਲ ਅਨੇਕਾਂ ਵਿਹਲੇ ਬੰਦੇ ਕੰਮਾਂ ਤੇ ਲੱਗ ਗਏ ਤੇ ਆਮ ਅਨਪੜ੍ਹ ਭਾਈਬੰਦਾਂ ਦਾ ਬਾਤੂ ਬਣ ਕੇ ਔਫਸਾਂ ਵਿਚ ਜਾਣ ਤੇ ਉਨ੍ਹਾਂ ਦੇ ਫਾਰਮ ਭਰਨ ਦਾ ਕੰਮ ਵੀ ਉਹ ਨਾਲ ਦੀ ਨਾਲ ਕਰਦਾ ਰਿਹਾ। ਉਨ੍ਹਾਂ ਸਵਾਰਥੀ ਤੇ ਭ੍ਰਿਸ਼ਟ ਬੰਦਿਆਂ ਨੂੰ ਦੁੱਖ ਤਾਂ ਹੋਣਾ ਹੀ ਸੀ। ਉਨ੍ਹਾਂ ਦੀ ਹਰਾਮ ਦੀ ਕਮਾਈ ਵਿਚ ਇਹ ਨੇ ਲੱਤ ਜਿਉਂ ਅੜਾ ਦਿੱਤੀ ਸੀ। ਉਨ੍ਹਾਂ ਦੀਆਂ ਧਮਕੀਆਂ ਦੀ ਇਹ ਨੇ ਪਰਵਾਹ ਨਾ ਕੀਤੀ। ਅੜਬ ਤਾਂ ਉਹ ਹੈ ਹੀ ਸੀ,  ਦਲੇਰ ਵੀ ਤੇ

ਸਰੀਰਕ ਤੌਰ ਤੇ ਤਕੜਾ ਵੀ। ਉਹ ਉਨ੍ਹਾਂ ਬੰਦਿਆਂ ਵਿਰੁਧ ਡਟ ਜਾਣ ਤੋਂ ਰਤੀ ਵੀ ਨਾ ਝਿਜਕਿਆ।

ਮੈਂ ਉਸੇ ਰਾਤ ਪਲੱਮਸਟੈਡ ਜਾ ਪੁੱਜਾ ਤੇ ਦੂਜੇ ਦਿਨ ਕੰਮ ਛੱਡਣ ਦਾ ਨੋਟਿਸ ਦੇ ਦਿੱਤਾ। ਦੂਜੇ ਹਫਤੇ **2** ਜੂਨ 1965 ਦੇ ਦਿਨ ਡਰਬੀ ਵਿਚ ਇੰਟਰਨੈਸ਼ਨਲ ਕੰਬਸਚਨ ਵਿਚ ਕੰਮ 'ਤੇ ਲੱਗ ਕੇ, ਹਰਦਿਆਲ ਦੇ ਗੁਡਏਲ ਸਟਰੀਟ ਵਾਲੇ ਦੋ ਬੈੱਡਰੂਮਾਂ ਵਾਲੇ ਘਰ ਵਿਚ ਰਹਿਣ ਲੱਗ ਪਿਆ। ਇਸੇ ਘਰ ਵਿਚ ਹਰਦਿਆਲ ਆਪਣੀ ਪਤਨੀ ਤੇ ਦੋ ਬੱਚਿਆਂ ਸਮੇਤ ਤਾਂ ਰਹਿੰਦਾ ਸੀ, ਉਹਦੇ ਨਾਲ ਹੀ ਉਹਦਾ ਭਰਾ ਮਲਕੀਤ ਵੀ ਸਣੇ ਆਪਣੀ ਪਤਨੀ ਤੇ ਤਿੰਨ ਬੱਚਿਆਂ ਦੇ ਉੱਥੇ ਟਿਕਿਆ ਹੋਇਆ ਸੀ। ਘਰ ਵਿਚ ਸੌਣ ਕਮਰੇ ਤਾਂ ਦੋ ਹੀ ਸਨ। ਖੈਰ! ਦਬੜੂ ਘੁਸੜੂ ਬਣ ਕੇ ਕੁੱਝ ਦਿਨ ਤਾਂ ਲੰਘਾਏ ਜਾ ਸਕਦੇ ਸਨ। ਫੇਰ ਮੇਰੇ ਵਰਗੇ ਇਕੱਲੇ-ਕਾਰੇ ਦਾ ਕੀ ਸੀ? ਪਰ ਮੇਰੇ ਲਈ ਆਪਣੀ ਪਤਨੀ ਤੇ ਬੱਚਿਆਂ ਨੂੰ ਵੀ ਛੇਤੀ ਹੀ ਮੰਗਵਾਉਣਾ ਪੈਣਾ ਸੀ। ਇਸ ਲਈ ਜਿੰਨੀ ਛੇਤੀ ਹੋ ਸਕੇ ਮੇਰੇ ਲਈ ਆਪਣਾ ਘਰ ਲੈਣਾ ਬਹੁਤ ਜ਼ਰੂਰੀ ਸੀ।

ਮੈਨੂੰ ਡਰਬੀ ਆਇਆਂ ਚਾਰ ਹਫਤੇ ਹੀ ਹੋਏ ਸਨ ਕਿ ਇੱਕ ਦਿਨ ਸਵੇਰੇ ਤਾਰ ਆ ਮੱਥੇ ਵੱਜੀ। ਮੇਰੀ ਪਤਨੀ ਤੇ ਬੱਚੇ ਦੂਜੇ ਦਿਨ ਹੀਥਰੋ ਏਅਰਪੋਰਟ ਲੰਡਨ 'ਤੇ ਉਤਰ ਰਹੇ ਸਨ। ਮੈਂ ਹੈਰਾਨ ਵੀ ਸਾਂ ਤੇ ਸੋਚਾਂ ਵਿਚ ਵੀ ਪਿਆ ਹੋਇਆ ਸਾਂ ਕਿ ਮੈਨੂੰ ਦੱਸੇ ਪੁੱਛੇ ਬਿਨਾ ਹੀ ਇਹ ਕਿਸਤਰ੍ਹਾਂ ਹੋ ਗਿਆ**?** ਮਲਕੀਤ ਤੇ ਹਰਦਿਆਲ ਦੀ ਮਦਦ ਨਾਲ ਨਠ ਭੱਜ ਕੇ ਕਾਰ ਦਾ ਪ੍ਰਬੰਧ ਕੀਤਾ ਤੇ ਸਵੇਰੇ ਐਨ ਸਮੇਂ ਸਿਰ ਹੀਥਰੋ ਏਅਰਪੋਰਟ 'ਤੇ ਜਾ ਪੁੱਜੇ। ਆਪਣੀ ਪਤਨੀ ਤੇ ਬੱਚਿਆਂ ਨੂੰ ਦੇਖ ਕੇ ਦਿਲ ਪ੍ਰਸੰਨਤਾ ਨਾਲ ਭਰ ਗਿਆ। ਉਸ ਸਮੇਂ ਤਾਂ ਸਾਰੇ ਫਿਕ਼ਰ ਭੁੱਲ ਭੁਲਾ ਗਏ ਸਨ। ਚਾਈਂ ਚਾਈਂ ਸ਼ਾਮ ਤੱਕ

ਡਰਬੀ ਪੁੱਜ ਗਏ। ਇੰਨੀ ਛੇਤੀ ਹੋਰ ਤਾਂ ਕੁੱਝ ਕੀਤਾ ਨਹੀਂ ਜਾ ਸਕਦਾ ਸੀ। ਇਸ ਲਈ ਦਾਲੋ ਦੇ ਦੋ ਬੈਡਰੂਮਾਂ ਵਾਲੇ ਘਰ ਵਿਚ ਚਾਰ ਜੀਆਂ ਦਾ ਹੋਰ ਵਾਧਾ ਹੋ ਗਿਆ।

ਦੋ ਕੁ ਦਿਨ ਔਖੇ ਸੁਖਾਲੇ ਹੋ ਕੇ ਲੰਘਾਏ ਤੇ ਫੇਰ ਗੁਡਏਲ ਸਟਰੀਟ ਤੋਂ ਨੇੜੇ ਹੀ ਕਰੀਊ ਸਟਰੀਟ ਵਿਚ ਹਰਦਿਆਲ ਦੇ ਇੱਕ ਜਾਣੂ ਦੇ ਘਰ ਇੱਕ ਕਮਰਾ ਕਰਾਏ ਤੇ ਲੈ ਲਿਆ। ਇੱਕ ਕਮਰੇ ਵਿਚ ਅਸੀਂ ਪੰਜ ਜੀਅ ਕਿੰਨਾ ਕੁ ਚਿਰ ਰਹਿ ਸਕਦੇ ਸਾਂ? ਉਧਰ ਮੇਰੀ ਪਤਨੀ ਛੇਤੀ ਹੀ ਗਮਨੀ (ਮਾਲਕ ਮਕਾਨ ਦੀ ਪਤਨੀ) ਤੋਂ ਤੰਗ ਆ ਗਈ। ਇੱਕ ਦਿਨ ਜਦ ਮੈਂ ਕੰਮ ਤੋਂ ਆਇਆ ਤਾਂ ਉਹ ਬੈਠੀ ਰੋ ਰਹੀ ਸੀ। ਮੈਂ ਸਮਝ ਗਿਆ ਗਮਨੀ ਨੇ ਕਿਤੇ ਟੋਕ ਦਿੱਤਾ ਹੋਣਾ ਤੇ ਇਹ ਉਹਨੂੰ ਇੱਕ ਦੀਆਂ ਦੋ ਸੁਣਾਉਣ ਦੀ ਹਿੰਮਤ ਤਾਂ ਰੱਖਦੀ ਨਹੀਂ ਸੀ, ਰੋਣ ਤੋਂ ਬਿਨਾ ਕਰ ਵੀ ਕੀ ਸਕਦੀ ਸੀ।

ਜਿਸ ਦਿਨ ਦਾ ਮੈਂ ਡਰਬੀ ਆਇਆ ਸਾਂ, ਮਾਸਟਰ ਨਿਰਮਲ ਮੈਨੂੰ ਲੱਗ ਪੱਗ ਰੋਜ਼ ਮਿਲਦਾ ਸੀ। ਉਸ ਦਿਨ ਸ਼ਾਮ ਨੂੰ ਉਹ ਮੈਨੂੰ ਡੁੱਘੀ ਬਾਰ (ਡਿੱਕੀ ਬਾਰ) ਵਿਚ ਮਿਲ ਪਿਆ। ਉਹ ਕੁੱਝ ਮਿੱਤਰਾਂ ਨਾਲ ਗਲਾਸ ਮਾਰਦਿਆਂ ਤਾਸ਼ ਦੀ ਬਾਜ਼ੀ ਵੀ ਲਾਈ ਜਾਂਦਾ ਸੀ, ਆਪਣੀ ਆਦਤ ਮੁਤਾਬਿਕ ਲਤੀਫ਼ੇਬਾਜ਼ੀ ਨਾਲ ਯਾਰਾਂ ਦੀਆਂ ਵੱਖੀਆਂ ਵੀ ਪਕਾਈ ਜਾਂਦਾ ਸੀ ਤੇ ਜਿਸਦੀ ਗੱਲ ਚੰਗੀ ਨਾ ਲੱਗੇ ਉਹਨੂੰ ਘੂਰੀ ਵੀ ਜਾਂਦਾ ਸੀ। ਇੱਕ ਨੂੰ ਤਾਂ ਉਹਨੇ "ਮਾਸਟਰ ਜੀ! ਮਾਸਟਰ ਜੀ!" ਕਹਿੰਦੇ ਨੂੰ ਬੁਰੀ ਤਰ੍ਹਾਂ ਝਿੜਕ ਕੇ ਬੈਠਾ ਦਿੱਤਾ। ਇਹ ਉਹਦੀ ਆਦਤ ਸੀ। ਜੇ ਉਹ ਕਿਸੇ ਨੂੰ ਫਜ਼ੂਲ ਬਹਿਸ ਕਰਦਾ ਦੇਖਦਾ ਤਾਂ ਉਹਦੀ ਇਸੇ ਤਰ੍ਹਾਂ ਹੀ ਖੁੰਬ ਠੱਪਦਾ। ਉਹਨੇ ਮੈਨੂੰ ਦੇਖਦਿਆਂ ਹੀ ਉਠ ਕੇ ਮੇਰੇ ਲਈ ਬੀਰ ਦਾ ਗਲਾਸ ਭਰਾ ਲਿਆਂਦਾ। ਫੇਰ ਉਹ ਤਾਸ਼ ਦਾ ਖਹਿੜਾ ਛੱਡ ਕੇ ਮੇਰੇ ਨਾਲ ਬਹਿ ਕੇ ਗੱਲੀਂ ਜੁਟ ਗਿਆ। ਮੈਂ ਉਹਨੂੰ ਆਪਣੀ

ਤਕਲੀਫ਼ ਦੱਸੀ ਤਾਂ ਉਹਨੇ ਕਿਹਾ, "ਅਰਾਮ ਨਾਲ ਬੇਫਿਕਰ ਹੋ ਕੇ ਗਲਾਸ ਪੀ। ਸਵੇਰੇ ਮੈਂ ਆਵਾਂਗਾ, ਲੱਭ ਲਵਾਂਗੇ ਤੇਰੀ ਤਕਲੀਫ਼ ਦਾ ਹੱਲ ਵੀ"।

ਦੂਜੇ ਦਿਨ ਉਹ ਸਵੇਰੇ ਦਸ ਵਜੇ ਮੈਨੂੰ ਮਿਲਣ ਆ ਮਿਲਿਆ। ਉਸ ਦਿਨ ਸਨਿਚਰਵਾਰ ਸੀ ਤੇ ਮੇਰਾ ਵਿਹਲਾ ਦਿਨ ਸੀ। ਮੈਂ ਉਹਨੂੰ ਚਾਹ ਪਾਣੀ ਪੁੱਛਿਆ, ਉਹ ਕਹਿੰਦਾ, "ਚਾਹ ਪਾਣੀ ਫੇਰ ਪੀ ਲਵਾਂਗੇ, ਪਹਿਲਾਂ ਚਲ ਤੇਰਾ ਕੰਮ ਕਰ ਆਈਏ।" ਉਹ ਮੈਨੂੰ ਨਾਲ ਲੈ ਕੇ ਸਿਟੀ ਸੈਂਟਰ ਵਲ ਤੁਰ ਪਿਆ। ਉਸ ਦੀ ਦੁੜਾਕਾਂ ਵਾਲੀ ਤੋਰ ਨਾਲ ਮੇਰੇ ਲਈ ਕਦਮ ਰਲਾਉਣਾ ਮੁਸ਼ਕਲ ਸੀ। ਮੈਂ ਪਸੀਨੇ ਪਸੀਨੀ ਹੋਇਆ ਉਹਦੇ ਪਿੱਛੇ ਪੈਰ ਘੜੀਸਦਾ ਗਿਆ। ਪੰਜ ਕੁ ਮਿੰਟ ਵਿਚ ਹੀ ਉਹ ਮੈਨੂੰ ਲੈ ਕੇ ਸਿਟੀ ਸੈਂਟਰ ਵਿਚ ਪੁੱਜ ਗਿਆ।

ਉੱਥੇ ਉਹ ਮੈਨੂੰ ਫਰੈਂਕ ਇੱਨਜ਼ ਐੱਸਟੇਟ ਏਜੰਟਾਂ ਦੇ ਦਫ਼ਤਰ ਲੈ ਗਿਆ। ਉਸ ਨੇ ਆਪ ਹੀ ਉਨ੍ਹਾਂ ਤੋਂ ਕਿਸੇ ਵਿਕਾਊ ਘਰ ਬਾਰੇ ਪੁੱਛ ਪੜਤਾਲ ਕੀਤੀ। ਉਨ੍ਹਾਂ ਨੇ ਦੱਸਿਆ, "ਇੱਕ ਦੋ-ਬੈੱਡਰੂਮਾਂ ਵਾਲਾ ਘਰ ਫਲੀਟ ਸਟਰੀਟ ਵਿਚ ਵਿਕਾਊ ਹੈ, ਕੀਮਤ ਹੈ ੧੨੫੦ ਪੌਂਡ, ਸਾਢੇ ਚਾਰ ਸੌ ਪੌਂਡ ਕੋਲੋਂ ਰੱਖਣੇ ਪੈਣਗੇ ਤੇ ਅੱਠ ਸੌ ਪੌਂਡ ਦੀ ਅਸੀਂ ਮੋਰਗੇਜ ਕਰਵਾ ਦਿਆਂਗੇ।"

ਨਿਰਮਲ ਨੇ ਝੱਟ 'ਹਾਂ' ਕਰ ਦਿੱਤੀ ਤੇ ਉਨ੍ਹਾਂ ਤੋਂ ਚਾਬੀ ਲੈ ਕੇ ਮੈਨੂੰ ਘਰ ਦਿਖਾਉਣ ਲਈ ਉੱਥੋਂ ਹੀ ਬੱਸ ਫੜ ਲਈ। ਮੈਨੂੰ ਤਾਂ ਉਦੋਂ ਘਰਾਂ ਬਾਰੇ ਬਹੁਤਾ ਪਤਾ ਨਹੀਂ ਸੀ। ਉਹਨੂੰ ਘਰ ਪਸੰਦ ਆ ਗਿਆ। ਉਹ ਉਨ੍ਹੀਂ ਪੈਰੀਂ ਮੈਨੂੰ ਵਾਪਸ ਏਜੰਟਾਂ ਦੇ ਲੈ ਤੁਰਿਆ। ਉੱਥੇ ਪੁੱਜ ਕੇ ਉਹਨੇ ਆਪ ਹੀ ਮੌਰਗੇਜ ਦੇ ਫਾਰਮ ਭਰ ਕੇ ਮੇਰੇ ਸਾਹਮਣੇ ਦਸਤਖ਼ਤ ਕਰਨ ਲਈ ਰੱਖ ਦਿੱਤੇ।

ਮੈਂ ਦਸਤਖ਼ਤ ਕਰਨ ਤੋਂ ਪਹਿਲਾਂ ਸੋਚੀਂ ਪੈ ਗਿਆ ਤੇ ਕਿਹਾ, "ਨਿਰਮਲ ਯਾਰ! ਇਹ ਸਾਢੇ ਚਾਰ ਸੌ ਪੌਂਡ ਕਿਥੋਂ ਆਉਣਗੇ? ਮੇਰੇ ਪਾਸ ਤਾਂ ਇਸ ਵੇਲੇ ਕੌਡੀ ਵੀ ਨਹੀਂ?" ਉਨ੍ਹਾਂ ਦਿਨਾਂ ਵਿਚ ਚਾਰ ਸੌ ਪੌਂਡ ਬਹੁਤ ਵੱਡੀ

ਰਕਮ ਹੁੰਦੀ ਸੀ। ਇੱਕ ਆਮ ਕਾਮੇ ਨੂੰ ਮਸਾਂ ੧੫ ਕੁ ਪੌਂਡ ਹਫਤੇ ਦੇ ਮਿਲਦੇ ਸਨ।

ਨਿਰਮਲ ਨੇ ਉੱਤਰ ਵਿਚ ਕਿਹਾ, "ਤੂੰ ਕਾਹਨੂੰ ਫਿਕਰ ਕਰਦਾਂ, ਮੈਂ ਜਿਉਂ ਹਾਂ, ਹੋ ਜਾਏਗਾ ਇੰਤਜ਼ਾਮ, ਸਾਈਨ ਕਰ"।

ਮੈਂ ਉਹਦੇ ਕਹਿਣ ਤੇ ਦਸਤਖ਼ਤ ਤਾਂ ਕਰ ਦਿੱਤੇ ਪਰ ਰਸਤੇ ਵਿਚ ਤੁਰਿਆ ਆਉਂਦਾ ਇਹੀ ਸੋਚਦਾ ਰਿਹਾ, "ਕੁਸੂਤੇ ਫਸੇ! ਹੁਣ ਇੱਕ ਦਮ ਇੰਨੇ ਪੈਸਿਆਂ ਦਾ ਇੰਤਜ਼ਾਮ ਕਿੱਦਾਂ ਹੋਵੇਗਾ ?"

ਮੈਂ ਮਈ **1963** ਵਿਚ ਪਰਦੇਸੀ ਬਣ ਕੇ ਇਸ ਦੇਸ ਵਿਚ ਆਇਆ ਸਾਂ। ਹਾਲੀਂ **2** ਕੁ ਸਾਲ ਹੀ ਤਾਂ ਹੋਏ ਸਨ ਆਏ ਨੂੰ। ਹੁਣ ਤੱਕ ਮੈਂ ਆਪਣੇ ਕਰਾਏ ਦੇ ਪੈਸੇ ਅਤੇ ਆਪਣੇ ਮਾਪਿਆਂ ਦਾ ਕਰਜ਼ਾ ਹੀ ਲਾਹੁੰਦਾ ਰਿਹਾ ਸਾਂ। ਜਦ ਵੀ ਸੌ ਕੁ ਪੌਂਡ ਕੋਲ ਹੋ ਜਾਂਦੇ ਸਨ ਦੇਸ ਨੂੰ ਭੇਜ ਦਿੰਦਾ ਸਾਂ। ਜੇਬ ਖਾਲੀ ਵਰਗੀ ਹੀ ਸੀ।

ਦਸਾਂ ਕੁ ਦਿਨਾਂ ਵਿੱਚ ਮੌਰਗੇਜ ਮਨਜ਼ੂਰ ਹੋ ਕੇ ਪੇਪਰ ਆ ਗਏ। ਇਸਤੋਂ ਪਹਿਲਾਂ ਮੈਂ ਆਪਣੇ ਕੁੱਝ ਜਾਣੂਆਂ ਨੂੰ ਮਦਦ ਲਈ ਕਿਹਾ, ਪਰ ਮਸਾਂ ਸੌ ਕੁ ਪੌਂਡ ਹੀ ਇਕੱਠੇ ਕਰ ਸਕਿਆ। ਨਿਰਮਲ ਨੇ ਦੂਜੇ ਦਿਨ ਹੀ ਸੌ ਪੌਂਡ ਆਪਣੇ ਕੋਲੋਂ ਪਾ ਕੇ ਤੇ ਬਾਕੀ ਦੇ ਸਾਰੇ ਪੈਸੇ ਇੱਕ ਦੋ ਵਾਕਫ਼ਾਂ ਕੋਲੋਂ ਫੜ ਦਿੱਤੇ। ਇਨ੍ਹਾਂ ਪੈਸਿਆਂ ਵਿਚ ਵਕੀਲ ਦੀ ਫੀਸ ਤੇ ਘਰ ਲਈ ਹੋਰ ਸਾਮਾਨ ਲੈਣ ਦਾ ਖਰਚ ਵੀ ਸ਼ਾਮਲ ਸੀ।

ਕੁਝ ਦਿਨਾਂ ਵਿਚ ਹੀ ਘਰ ਦੀ ਰਜਿਸਟਰੀ ਵੀ ਹੋ ਗਈ ਤੇ ਚਾਬੀ ਵੀ ਮਿਲ ਗਈ। ਮੈਨੂੰ ਤਾਂ ਪਤਾ ਨਹੀਂ ਸੀ, ਕੀ ਕਰਨਾ ਸੀ ਤੇ ਕੀ ਨਹੀਂ? ਘਰ ਲਈ ਫਰਨੀਚਰ ਤੇ ਹੋਰ ਸਾਮਾਨ ਕਿੱਥੋਂ ਖਰੀਦਣਾ ਸੀ? ਨਿਰਮਲ ਆਪਣਾ ਕੰਮ ਛੱਡਕੇ ਮੇਰੇ ਨਾਲ ਗਿਆ ਤੇ ਜੋ ਵੀ ਘਰ ਲਈ ਚਾਹੀਦਾ ਸੀ ਸਭ ਕੁੱਝ ਲੈ ਦਿੱਤਾ।

ਜਦ ਮੈਂ ਕਿਹਾ, "ਨਿਰਮਲ ਤੇਰੇ ਅਹਿਸਾਨਾਂ ਦਾ ਬਦਲਾ ਮੈਂ ਕਿਵੇਂ ਚੁਕਾਵਾਂਗਾ?" ਤਾਂ ਉਹਨੇ ਹੱਸ ਕੇ ਕਿਹਾ, "ਆਪਣੇ ਭਰਾਵਾਂ ਦੀ ਮਦਦ ਕਰਨ ਵਿਚ ਕਾਹਦਾ ਅਹਿਸਾਨ?"

ਇਸਤਰ੍ਹਾਂ ਮੈਂ ਇਸ ਚੰਗੇ ਤੇ ਪਿਆਰੇ ਇਨਸਾਨ ਦੀ ਸਹਾਇਤਾ ਨਾਲ ਇੰਗਲੈਂਡ ਦੇ ਮਾਝੇ ਦੇ ਸ਼ਹਿਰ ਡਰਬੀ ਦਾ ਨਿਵਾਸੀ ਬਣ ਗਿਆ।

ਉਹ ਦਿਨ ਸਾਡੀ ਅਟੁੱਟ ਤੇ ਲੰਮੀ ਮਿੱਤਰਤਾ ਦਾ ਅਰੰਭ ਸੀ। ਸਾਡੀ ਲੰਮੀ ਮਿੱਤਰਤਾ ਦੌਰਾਨ ਮੇਰੇ ਉੱਤੇ ਅਤਿ ਦੁੱਖ ਦੇ ਸਮੇਂ ਵੀ ਆਏ ਤੇ ਸੁੱਖ ਦੇ ਵੀ। ਉਹ ਦੁੱਖ ਸੁੱਖ ਵਿਚ ਸਦਾ ਮੇਰੇ ਅੰਗ ਸੰਗ ਤੇ ਹਾਜ਼ਰ ਨਾਜ਼ਰ ਰਿਹਾ। ਉਹ ਲੇਬਰ ਪਾਰਟੀ ਦਾ ਸਰਗਰਮ ਮੈਂਬਰ ਸੀ। ਮੇਰੇ ਡਰਬੀ ਆਉਣ ਤੋਂ ਕੁੱਝ ਚਿਰ ਪਿੱਛੋਂ ਹੀ ਉਹਨੇ ਮੈਨੂੰ ਵੀ ਮੈਂਬਰ ਬਣਾ ਦਿੱਤਾ। ਮੈਂਬਰ ਬਣਨ ਤੋਂ ਪਹਿਲਾਂ ਮੈਂ ਲੇਬਰ ਪਾਰਟੀ ਦਾ ਬਹੁਤਾ ਹਮਾਇਤੀ ਨਹੀਂ ਸਾਂ। ਮੇਰੇ ਖਿਆਲ ਮੁਤਾਬਕ ਇਹ ਪਾਰਟੀ ਵੀ ਮੱਧ ਵਰਗ ਦੀ ਪਾਰਟੀ ਹੀ ਸੀ ਜਿਹੜੀ ਘੁਮਾ ਫਿਰਾ ਕੇ ਸਰਮਏਦਾਰੀ ਸਿਸਟਮ ਦੀ ਹਮਾਇਤੀ ਸੀ, ਪਰ ਛੇਤੀ ਹੀ ਜਾਣ ਗਿਆ ਸਾਂ ਕਿ ਇਸ ਦੀ ਬਣਤਰ ਕੁਝ ਅਜਿਹੀ ਹੈ ਕਿ ਇਹਦੇ ਵਿਚ ਮਜ਼ਦੂਰ ਕਮਾਤ ਦਾ ਚੋਖਾ ਅਸਰ ਹੈ, ਕਿਉਂਕਿ ਇਸ ਦੀ ਲੀਡਰਸ਼ਿਪ ਦੀ ਚੋਣ ਵਿਚ ਟਰੇਡ ਯੂਨੀਅਨਾ ਦੇ ਬਲੌਕ ਵੋਟ ਪੈਂਦੇ ਸਨ,ਇਸ ਲਈ ਇਹਨੂੰ ਟਰੇਡ ਯੂਨੀਅਨਾਂ ਨੂੰ ਖੁਸ਼ ਰਖਣਾ ਹੀ ਪੈਂਦਾ ਸੀ। ਉਂਝ ਵੀ ਇਹ ਦੇ ਵਿਚ ਖੱਬੇ ਖਿਆਲਾਂ ਵਾਲੇ ਲੀਡਰਾਂ ਦੀ ਚੋਖੀ ਪੁੱਛ ਪ੍ਰਤੀਤ ਸੀ। ਇਹੀ ਕਾਰਣ ਸਨ ਮੈਂ ਹੌਲੀ ਹੌਲੀ ਲੇਬਰ ਪਾਰਟੀ ਵਲ ਆਕਰਸ਼ਤ ਹੋ ਗਿਆ ਸਾਂ।

ਛੇਤੀ ਹੀ ਨਿਰਮਲ ਡਰਬੀ ਕੌਂਸਲ ਦਾ ਮੈਂਬਰ ਚੁਣਿਆ ਗਿਆ ਤੇ ਫੇਰ ਲਗਾਤਾਰ ਕਈ ਵੇਰ ਉਹ ਸਿਨਫਿਨ ਵਾਰਡ ਤੋਂ ਲੇਬਰ ਪਾਰਟੀ ਦੀ

ਟਿਕਟ ਤੇ ਸਿਟੀ ਕੌਂਸਲਰ ਚੁਣ ਹੁੰਦਾ ਰਿਹਾ ਤੇ ਸ਼ਹਿਰ ਦਾ ਮੇਅਰ ਵੀ ਬਣਿਆ। ਮੈਂ ਸਦਾ ਉਹਦਾ ਸਲਾਹੂ, ਸਾਥੀ ਤੇ ਮਦਦਗਾਰ ਰਿਹਾ।

ਮਾਸਟਰ ਨਿਰਮਲ ਮੇਰੇ ਨਾਲ ਤੀਹ ਸਾਲ ਦੀ ਲੰਮੀ ਦੋਸਤੀ ਤੇ ਭਾਈਬੰਦੀ ਪਿੱਛੋਂ ਜਿਸ ਤਰ੍ਹਾਂ ਖੜਕੇ ਦੜਕੇ ਨਾਲ ਜੀਵਿਆ ਸੀ, ਉਸੇ ਤਰ੍ਹਾਂ ਖੜਕੇ ਦੜਕੇ ਨਾਲ ਅਚਾਨਕ ਸਾਲ 1995 ਵਿਚ ਇੱਕ ਦਿਨ ਇਸ ਦੁਨੀਆ ਨੂੰ ਛੱਡ ਗਿਆ। ਮੇਰੇ ਡਰਬੀ ਵਿਚ ਆਉਣ ਦੇ ਪਹਿਲੇ ਦਿਨ ਉਹ ਮੇਰੇ ਕੋਲ ਸੀ ਤੇ ਉਹਦੇ ਇਸ ਦੁਨੀਆ ਵਿਚੋਂ ਤੁਰ ਜਾਣ ਦੇ ਦਿਨ ਮੈਂ ਉਹਦੇ ਕੋਲ ਸਾਂ।

ਉਸ ਦਿਨ ਮੈਂ ਦਸ ਕੁ ਵਜੇ ਸਵੇਰੇ ਆਪਣੇ ਦਫ਼ਤਰ ੮੩ ਸੇਂਟ ਥੋਮਸ ਰੋਡ ਵਿਚ ਬੈਠਾ ਸਾਂ ਕਿ ਉਹ ਅਚਾਨਕ ਆਇਆ ਤੇ ਦੱਸਿਆ, “ਰਾਤੀਂ ਮੈਨੂੰ ਛਾਤੀ ਵਿਚ ਦਰਦ ਦੀ ਤਕਲੀਫ਼ ਹੋ ਗਈ ਸੀ। ਮੈਂ ਡਾਕਟਰ ਦੇ ਚੱਲਿਆਂ ਚੈੱਕਅੱਪ ਕਰਾਉਣ ਲਈ”। ਇਹ ਕਹਿ ਕੇ ਉਹ ਕਾਹਲੀ ਕਾਹਲੀ ਤੁਰ ਗਿਆ। ਉਹਦੀ ਗੱਲ ਸੁਣਦਿਆਂ ਮੈਂ ਉਹਦੇ ਚਿਹਰੇ ਵਲ ਦੇਖਿਆ। ਉਹਦਾ ਚਿਹਰਾ ਕੁੱਝ ਕੁੱਝ ਪੀਲਾ ਪਿਆ ਹੋਇਆ ਸੀ। ਫੇਰ ਸੋਚਿਆ ਨਿਰਮਲ ਵਰਗੇ ਨਿਡਰ ਤੇ ਦੁਬੰਗ ਕਿਸਮ ਦੇ ਬੰਦੇ ਨੂੰ ਕੀ ਹੋਣ ਲੱਗਾ। ਉਹਦੀ ਸਿਹਤ ਤਾਂ ਸਦਾ ਫਖਰ ਕਰਨ ਯੋਗ ਰਹੀ ਹੈ।

ਸ਼ਾਮ ਨੂੰ **6** ਵਜੇ ਦਫ਼ਤਰ ਬੰਦ ਕਰਨ ਪਿਛੋਂ ਮੈਂ ਜਦੋਂ ਸ਼ਾਮ ਦੀ ਸੈਰ ਲਈ ਘਰੋਂ ਤੁਰਿਆ ਤਾਂ ਥੋੜਾ ਜਿਹਾ ਤੁਰਨ ਪਿੱਛੋਂ ਮੇਰੇ ਪੈਰ ਅਚਾਨਕ ਉਹਦੇ ਘਰ ਵਲ ਨੂੰ ਮੁੜ ਪਏ। ਮੈਂ ਜਦੋਂ ਉਹਦੇ ਘਰ ਦਾ ਦਰਵਾਜ਼ਾ ਖੜਕਾਇਆ, ਤਾਂ ਉਹਦੀ ਪਤਨੀ ਜਸਵੀਰ ਨੇ ਦਰਵਾਜ਼ਾ ਖੋਲ੍ਹਦਿਆਂ ਹੀ ਦੱਸਿਆ ਕਿ ਉਹਦੀ ਤਬੀਅਤ ਠੀਕ ਨਹੀਂ ਹੈ। ਉਹ ਲਾਊਂਜ ਵਿਚ ਹੀ ਸੈੱਟੀ ‘ਤੇ ਪਿਆ ਸੀ। ਮੇਰੇ ਅੰਦਰ ਵੜਦਿਆਂ ਹੀ ਨਿਰਮਲ ਨੇ ਆਪਣੇ ਛੋਟੇ ਪੁੱਤਰ ਬਲਬੀਰ ਨੂੰ ਕਿਹਾ, “ਲਿਆ ਮੁੰਡਿਆ! ਆਪਣੇ ਤਾਏ ਨੂੰ ਗਲਾਸੀ ਪਿਲਾ”।

ਬਲਬੀਰ ਵਿਸਕੀ ਦੀ ਬੋਤਲ ਤੇ ਦੋ ਗਲਾਸੀਆਂ ਚੁੱਕ ਲਿਆਇਆ। ਮੇਰੇ ਲਈ ਗਲਾਸੀ ਵਿਚ ਵਿਸਕੀ ਪਾਉਣ ਤੋਂ ਪਿਛੋਂ ਜਦ ਉਹ ਦੂਜੀ ਗਲਾਸੀ ਵਿਚ ਵਿਸਕੀ ਪਾਉਣ ਲੱਗਾ ਤਾਂ ਨਿਰਮਲ ਨੇ ਕਿਹਾ, "ਮੈਨੂੰ ਥੋੜੀ ਪਾਈਂ।"

ਬਲਬੀਰ ਨੇ ਹੱਸ ਕੇ ਕਿਹਾ, "ਡੈਡ! ਇਹ ਮੈਂ ਤੁਹਾਡੇ ਲਈਂ ਨਹੀਂ ਆਪਣੇ ਲਈ ਪਾਉਣ ਲੱਗਾ।"

"ਚੰਗਾ ਫੇਰ ਮੈਨੂੰ ਰਹਿਣ ਦੇ", ਉਹਨੇ ਮਸਾਂ ਹੀ ਕਿਹਾ।

ਨਿਰਮਲ ਸ਼ਰਾਬ ਪੀਣ ਦਾ ਚੋਖਾ ਸ਼ੌਕੀਨ ਸੀ। ਉਹ ਦੱਸਦਾ ਹੁੰਦਾ ਸੀ ਕਿ ਉਹਨੂੰ ਉਸ ਦਿਨ ਦਾ ਚੇਤਾ ਨਹੀਂ ਜਿਸ ਦਿਨ ਉਹਨੇ ਪੀਤੀ ਨਾ ਹੋਵੇ। ਅੱਜ ਪਹਿਲੀ ਵਾਰ ਸੀ, ਜਦੋਂ ਉਹਦੇ ਮੂੰਹੋਂ "ਚੰਗਾ ਫੇਰ ਮੈਨੂੰ ਰਹਿਣ ਦੇ" ਸੁਣਿਆ ਸੀ । ਨਿਰਮਲ ਦੀਆਂ ਦੋਵੇਂ ਧੀਆਂ ਰਣਜੀਤ ਤੇ ਮਨਜੀਤ ਵੀ ਆਈਆਂ ਹੋਈਆਂ ਸਨ। ਜ਼ਾਹਰ ਸੀ ਕਿ ਕੁੱਝ ਸੀਰੀਅਸ ਗੱਲ ਵਾਪਰ ਗਈ ਸੀ।

ਮੇਰੇ ਪੁੱਛਣ ਤੇ ਬਲਬੀਰ ਨੇ ਦੱਸਿਆ, "ਰਾਤੀਂ 12 ਕੁ ਵਜੇ ਇੱਥੇ ਹੀ ਫਰਸ਼ ਤੇ ਲੰਮੇ ਪੈ ਕੇ ਮੈਨੂੰ ਕਹਿਣ ਲੱਗੇ, 'ਬਲਬੀਰ! ਜ਼ਰਾ ਮੇਰੀ ਛਾਤੀ ਤੇ ਖੜ੍ਹ ਕੇ ਪੈਰਾਂ ਨਾਲ ਛੇਤੜ ਦੇ, ਕੁੱਝ ਦਰਦ ਜਿਹਾ ਹੁੰਦਾ। ਮੈਂ ਫਿਕਰ ਕਰਦਿਆਂ ਕਿਹਾ, 'ਕੁੱਝ ਸੀਰੀਅਸ ਗੱਲ ਨਾ ਹੋਵੇ, ਡਾਕਟਰ ਨੂੰ ਸੱਦੀਏ?' ਅੱਗਿਓ ਕਹਿਣ ਲੱਗੇ, 'ਨਹੀਂ ਨਹੀਂ! ਫਿਕਰ ਵਾਲੀ ਕੋਈ ਗੱਲ ਨਹੀਂ, ਕੋਈ ਮਸਲ ਖਿੱਚ ਹੋ ਗਿਆ ਲਗਦਾ"।

ਬਲਬੀਰ ਘੰਟਾ ਭਰ ਛਾਤੀ ਨੂੰ ਵੀ ਦਬਾਉਂਦਾ ਰਿਹਾ ਤੇ ਡਾਕਟਰ ਨੂੰ ਸੱਦਣ ਲਈ ਵੀ ਜ਼ੋਰ ਪਾਉਂਦਾ ਰਿਹਾ। ਨਿਰਮਲ ਦਾ "ਮੈਂ ਨਾ ਮਾਨੂੰ" ਵਾਲਾ ਸੁਭਾ ਧੁਰ ਤੱਕ ਕਾਇਮ ਰਹਿਣਾ ਸੀ। ਉਹ ਕਿਵੇਂ ਕਿਸੇ ਦੀ ਗੱਲ ਸੁਣ ਲੈਂਦਾ? ਜਿਸਨੇ ਸਾਰੀ ਉਮਰ ਆਪਣਾ ਹੱਠ ਪੁਗਾਇਆ ਸੀ, ਉਹ ਮੌਤ ਅੱਗੇ ਵੀ ਹਠ ਪੁਗਾਉਣ 'ਤੇ ਤੁਲਿਆ ਹੋਇਆ ਸੀ। ਜਿਉਂ ਜਿਉਂ ਉਹਦੀ ਤਕਲੀਫ਼ ਵਧਦੀ ਗਈ, ਬਲਬੀਰ ਵਾਰ ਵਾਰ ਡਾਕਟਰ ਨੂੰ ਸੱਦਣ ਲਈ ਕਹਿੰਦਾ ਰਿਹਾ ਤੇ ਉਹ

ਹਰ ਵਾਰ ਉਹਨੂੰ ਝਿੜਕ ਕੇ ਚੁੱਪ ਕਰਾ ਦਿੰਦਾ ਰਿਹਾ। ਆਖਰ ਤੜਕੇ ਪੰਜ ਕੁ ਵਜੇ ਡਾਕਟਰ ਨੂੰ ਸੱਦ ਹੀ ਲਿਆ। ਉਸ ਵੇਲ਼ੇ ਤੱਕ ਦਰਦ ਘਟ ਚੁੱਕਾ ਸੀ ਪਰ ਡਾਕਟਰ ਦੇ ਵਤੀਰੇ ਤੋਂ ਲੱਗਦਾ ਸੀ ਕਿ ਕੋਈ ਸੀਰੀਅਸ ਗੱਲ ਸੀ। ਚੈੱਕ ਕਰਨ ਪਿਛੋਂ ਡਾਕਟਰ ਨੇ ਕੁੱਝ ਗੋਲੀਆਂ ਦਿੱਤੀਆਂ ਤੇ ਆਪਣੇ ਫੈਮਲੀ ਡਾਕਟਰ ਕੋਲ ਸਵੇਰੇ ਜਾ ਕੇ ਹੋਰ ਚੈੱਕਅੱਪ ਕਰਾਉਣ ਲਈ ਕਹਿ ਕੇ ਤੁਰ ਗਿਆ।

ਇਸ ਗੱਲ ਦਾ ਤਾਂ ਮੈਨੂੰ ਪਤਾ ਹੀ ਸੀ ਕਿ ਉਹ ਡਾਕਟਰ ਦੇ ਚੈੱਕਅਪ ਕਰਾਉਣ ਲਈ ਗਿਆ ਸੀ। ਮੈਂ ਪੁੱਛਿਆ, “ਨਿਰਮਲ! ਡਾਕਟਰ ਨੇ ਕੀ ਦੱਸਿਆ?”

“ਮੈਸਿੱਵ ਹਰਟ ਅਟੈਕ! ਕਹਿੰਦਾ ਸੀ ਸਭ ਕੁੱਝ ਇੱਥੇ ਹੀ ਛੱਡ ਦੇ, ਕਾਰ ਵੀ ਨਾ ਚਲਾਈਂ, ਇੱਥੋਂ ਹੀ ਟੈਕਸੀ ਫੜ ਕੇ ਘਰ ਨੂੰ ਜਾਵੀਂ। ਹਿੱਲੀਂ ਜੁੱਲੀਂ ਵੀ ਨਾ, ਸਵੇਰੇ ਹਸਪਤਾਲ ਵਿਚ ਚੈੱਕਅਪ ਕਰਾਉਣ ਲਈ ਲਿਖ ਦਿੱਤਾ।”

ਮੈਂ ਪੁੱਛਿਆ, “ਫੇਰ ਤੂੰ ਉਸੇ ਤਰ੍ਹਾਂ ਕੀਤਾ?”

“ਕਿੱਥੇ! ਡਾਕਟਰ ਐਵੇਂ ਗੱਲ ਨੂੰ ਵਧਾ ਕੇ ਕਰਦੇ ਆ। ਮੈਂ ਚੰਗਾ ਭਲਾਂ। ਉਸ ਪਿਛੋਂ ਮੈਂ ਤਾਂ ਤੁਰ ਕੇ ਇੱਕ ਭਾਈਬੰਦ ਦਾ ਕੰਮ ਕਰਾਉਣ ਕੌਂਸਲ ਆਫਿਸ ਵੀ ਗਿਆ ਸਾਂ ਤੇ ਆਪਣੇ ਪੋਤਿਆਂ ਨੂੰ ਸਕੂਲੋਂ ਲੈਣ ਵੀ, ਤੇ ਸ਼ਾਮ ਨੂੰ ਦੁਕਾਨ ਤੋਂ ਅਖ਼ਬਾਰ ਲੈ ਕੇ ਆਇਆਂ।”

ਐੱਮਪਰੈੱਸ ਰੋਡ ਵਾਲਾ ਨਿਰਮਲ ਦਾ ਘਰ ਚੋਖੀ ਉੱਚੀ ਥਾਂ ਤੇ ਸੀ। ਇੰਨੀ ਚੜ੍ਹਾਈ, ਫੇਰ ਹਰਟ ਅਟੈਕ ਵਾਲਾ ਬੰਦਾ। ਮੈਂ ਪੁੱਛਿਆ,” ਚੜ੍ਹਾਈ ਚੜ੍ਹਦੇ ਸਮੇਂ ਸਾਹ ਤਾਂ ਨਹੀਂ ਫੁੱਲਿਆ?”

“ਸਾਹ ਕੀ ਫੁੱਲਣਾ ਸੀ? ਮੈਂ ਚੰਗਾ ਭਲਾ ਆਂ”, ਉਹਨੇ ਹੱਸ ਕੇ ਕਿਹਾ।

ਉਹ ਸਖ਼ਤ ਮਿਹਨਤੀ ਬੰਦਾ ਸੀ। ਡਰਬੀ ਦੀ ਪਾਰਕਰ ਹੈਨੀਫਰ ਫੌਂਡਰੀ ਵਿਚ ਕੰਮ ਕਰਦਾ ਸੀ ਤੇ ਓਵਰ ਟਾਈਮ ਵੀ ਬਹੁਤੀ ਵੇਰ ਲਾ ਲੈਂਦਾ

ਸੀ। ਉਪਰੋਂ ਸਿਟੀ ਕੌਂਸਲਰ ਹੋਣ ਦੇ ਫਰਜ਼ ਨਿਭਾਉਣੇ ਤੇ ਫੇਰ ਆਪਣੇ ਦੇਸੀ ਭਾਈਬੰਦਾਂ ਦੇ ਕੰਮ ਕਰਵਾਉਣ ਲਈ ਤੁਰੇ ਰਹਿਣਾ। ਮੈਂ ਦੇਖਦਾ ਸਾਂ ਕਿ ਉਹ **60** ਸਾਲ ਤੋਂ ਉਪਰ ਉਮਰ ਹੋਣ 'ਤੇ ਵੀ ਸਰੀਰ ਦੀ ਕੁੱਝ ਵਧੇਰੇ ਹੀ ਵਾਧੂ ਖਿਚਾਈ ਕਰਦਾ ਸੀ।

ਮੈਂ ਕਿਹਾ, "ਨਿਰਮਲ ਤੇਰੇ ਚਾਰੇ ਬੱਚੇ ਉੱਚ ਵਿੱਦਿਆ ਪ੍ਰਾਪਤ ਕਰ ਚੁੱਕੇ ਹਨ, ਆਪਣੀ ਆਪਣੀ ਥਾਂ ਚਾਰੇ ਕਾਮਯਾਬ ਹਨ। ਪੜ੍ਹਾਈ ਵੀ ਤੂੰ ਉਨ੍ਹਾਂ ਨੂੰ ਸਿਖਰ ਦੀ ਕਰਵਾ ਦਿੱਤੀ ਹੈ। ਚਾਰੇ ਵਿਆਹੇ ਵਰੇ ਹਨ। ਮੈਨੂੰ ਪਤਾ ਹੈ, ਤੈਨੂੰ ਬੈਂਕ ਵਿਚ ਪੈਸੇ ਰੱਖਣ ਦਾ ਮੋਹ ਵੀ ਨਹੀਂ। ਫੇਰ ਤੂੰ ਆਪਣੇ ਸਰੀਰ ਦੀ ਇੰਨੀ ਖਿਚਾਈ ਕਿਸ ਲਈ ਕਰਦਾ ਹੈਂ?"

ਉਹਨੇ ਅੱਗਿਓਂ ਕਿਹਾ, "ਜੇ ਕੰਮ ਨਹੀਂ ਕਰਾਂਗਾ ਤਾਂ ਜੀਣ ਦਾ ਕੀ ਲਾਭ? ਠੀਕ ਹੈ, ਮੇਰੇ ਬੱਚਿਆਂ ਨੂੰ ਮੇਰੀ ਕਮਾਈ ਦੀ ਹੁਣ ਲੋੜ ਨਹੀਂ, ਨਾ ਮੈਂ ਬੈਂਕ ਬੇਲੈਨਸ ਵਧਾਉਣ ਦਾ ਸ਼ੌਕੀਨ ਹਾਂ। ਬੱਚੇ ਹੀ ਤਾਂ ਨਹੀਂ ਆਪਣੇ ਹੁੰਦੇ, ਹੋਰ ਵੀ ਤਾਂ ਹੁੰਦੇ ਹਨ, ਉਨ੍ਹਾਂ ਲਈ ਵੀ ਕੁੱਝ ਕਰਨਾ ਮੇਰਾ ਫਰਜ਼ ਹੈ।"

ਮੈਨੂੰ ਪਤਾ ਸੀ, ਥੋੜੇ ਦਿਨ ਹੋਏ ਉਹਨੇ ਆਪਣੇ ਚਾਚੇ ਦੇ ਪੁੱਤ ਨੂੰ ਪੈਸੇ ਭੇਜੇ ਸਨ ਤੇ ਕੁੱਝ ਚਿਰ ਪਹਿਲਾਂ ਹੀ ਉਹ ਦੇਸ ਜਾ ਕੇ ਆਪਣੇ ਛੋਟੇ ਭਰਾ ਰੇਸ਼ਮ ਸਿੰਘ ਦੀ ਧੀ ਦਾ ਵਿਆਹ ਕਰ ਕੇ ਆਇਆ ਸੀ। ਮੈਂ ਉਸ ਦੀ ਗੱਲ ਦੇ ਜਵਾਬ ਵਿਚ ਕਿਹਾ, "ਜਿਨ੍ਹਾਂ ਦੀ ਮਦਦ ਤੂੰ ਕਰਦਾ ਹੈ, ਉਨ੍ਹਾਂ ਦੇ ਵੀ ਦੋ ਦੋ ਹੱਥ ਹਨ। ਉਹ ਆਪ ਵੀ ਤਾਂ ਆਪਣੇ ਲਈ ਕਰ ਸਕਦੇ ਹਨ। ਨਿਰਮਲ! ਹੁਣ ਤੂੰ ਜਵਾਨ ਨਹੀਂ ਆਪਣੀ ਸਿਹਤ ਵਲ ਵੀ ਦੇਖ।"

ਮੇਰੇ ਇਹ ਸ਼ਬਦ ਸੁਣ ਕੇ ਉਹ ਭਾਵਕ ਹੋ ਗਿਆ ਤੇ ਹੰਝੂ ਪੂੰਝਦਾ ਹੋਇਆ ਕਹਿਣ ਲੱਗਾ, "ਜਿਸ ਦਿਨ ਮੈਂ ਆਪਣਿਆਂ ਦੀ ਤੇ ਆਪਣੇ ਲੋਕਾਂ ਦੀ ਮਦਦ ਕਰਨ ਯੋਗਾ ਨਾ ਰਿਹਾ ਤਾਂ ਮੈਂ ਜੀਣਾ ਨਹੀਂ ਚਾਹਾਂਗਾ।"

ਉਸ ਵੇਲੇ ਉਹਦੀਆਂ ਦੋਵੇਂ ਧੀਆਂ ਤੇ ਦੋਵੇਂ ਪੁੱਤਰ ਕੋਲ ਹੀ ਸਨ। ਉਸ ਦੀਆਂ ਹੌਸਲੇ ਵਾਲੀਆਂ ਗੱਲਾਂ ਸੁਣ ਕੇ ਤੇ ਕੁੱਝ ਬੇਫਿਕਰ ਹੋ ਕੇ ਡਾਈਨਿੰਗ ਰੂਮ ਵਿਚ ਜਾ ਕੇ ਖਾਣ ਪੀਣ ਲੱਗ ਪਏ।

"ਹੁਣ ਫੇਰ" ਕਹਿ ਕੇ ਉਹ ਉਠ ਕੇ ਬੈਠ ਗਿਆ ਤੇ ਕਿਹਾ, "ਮੈਂ ਜ਼ਰਾ ਟਾਇਲਟ ਜਾ ਆਵਾਂ"।

ਪੌੜੀਆਂ ਚੜ੍ਹਦੇ ਹੋਏ ਉਹਨੇ ਉੱਚੀ ਅਵਾਜ਼ ਵਿਚ ਮੈਨੂੰ ਕਿਹਾ, "ਗਲਾਸੀ ਭਰ ਕੇ ਪੀ ਲਵੀਂ, ਐਵੇਂ ਨਾ ਬੈਠਾ ਰਹੀਂ"।

ਮੈਂ ਸੋਚਿਆ, ਹੁਣ ਇੱਥੇ ਸਮਾਂ ਤਾਂ ਲੱਗ ਹੀ ਜਾਣਾ, ਇਸ ਲਈ ਆਪਣੇ ਘਰ ਆਪਣੀ ਪਤਨੀ ਨੂੰ ਦੱਸਣ ਲਈ ਟੈਲੀਫੋਨ ਡਾਇਲ ਕੀਤਾ ਹੀ ਸੀ ਕਿ ਉਪਰੋਂ ਨਿਰਮਲ ਦੀ ਛੋਟੀ ਨੋਂਹ ਦੀਆਂ ਚੀਕਾਂ ਸੁਣੀਆਂ। ਸਾਰੇ ਉਪਰ ਨੂੰ ਦੌੜੇ ਗਏ। ਨਿਰਮਲ ਟਾਇਲਟ ਦੇ ਦਰਵਾਜ਼ੇ ਵਿਚ ਬੇਸੁਰਤ ਪਿਆ ਸੀ। ਉਸੇ ਵੇਲੇ ਟੈਲੀਫੋਨ ਖੜਕਾਇਆ। ਕੁੱਝ ਮਿੰਟਾਂ ਵਿਚ ਹੀ ਹਰਟ ਅਟੈਕ ਨਾਲ ਸੰਬੰਧਤ ਸੁਕੈਡ ਆ ਗਿਆ। ਉਨ੍ਹਾਂ ਦੇ ਸਾਰੇ ਯਤਨ ਫੇਲ੍ਹ ਹੋ ਗਏ। ਨਿਰਮਲ ਦਾ ਬੇਜਾਨ ਸਰੀਰ ਹੀ ਇੱਥੇ ਪਿਆ ਸੀ, ਅਸਲ ਨਿਰਮਲ ਤਾਂ ਮੌਤ ਦੇ ਅੰਧਕਾਰ ਵਿਚ ਗੁੰਮ ਹੋ ਗਿਆ ਸੀ।

## *10.*

## *ਨਵਾਂ ਨਿਵਾਸ ਨਵੀਆਂ ਔਕੜਾਂ*

ਮਿਡਲੈਂਡ ਦੇ ਡਰਬੀ ਸ਼ਹਿਰ ਵਿਚ ਮੈਂ 1965 ਦੇ ਜੂਨ ਮਹੀਨੇ ਦੇ ਅਰੰਭ ਨੇ ਵਿਚ ਵਿਚ ਆ ਕੇ ਰਹਿਣ ਲੱਗਾ ਸਾਂ ਤੇ ਇਹ ਸਤਰਾਂ ਲਿਖਦੇ ਸਮੇਂ ਲੱਗ ਪੱਗ ਅੱਧੀ ਸਦੀ ਤੋਂ ਇਸੇ ਸ਼ਹਿਰ ਵਿਚ ਰਹਿ ਰਿਹਾ ਤੇ ਹੁਣ ਤਾਂ ਅੰਤਮ ਸਾਹ ਵੀ ਲਗਦਾ ਹੈ ਇੱਥੇ ਲਵਾਂਗਾ। ਹੁਣ ਇਹ ਸ਼ਹਿਰ ਹੀ ਮੇਰਾ ਸਦੀਵੀ ਨਿਵਾਸ ਬਣ ਗਿਆ ਹੈ ਤੇ ਮੇਰੇ ਪੁੱਤਰ ਪੋਤਰੇ ਵੀ ਇਸੇ ਸ਼ਹਿਰ ਵਿਚ ਰਹਿ ਰਹੇ ਹਨ। ਆਪਣੇ ਇਸ ਸਥਾਈ ਨਿਵਾਸ ਤੇ ਆ ਕੇ ਮੇਰੀਆਂ ਸਮੱਸਿਆਵਾਂ ਘਟਣ ਦੀ ਥਾਂ ਹੋਰ ਵੀ ਵਧ ਗਈਆਂ ਸਨ। ਸਮੱਸਿਆਵਾਂ ਤਾਂ ਵਧਣੀਆਂ ਹੀ ਸਨ। ਜੇ ਮੈਂ ਆਪਣੀ ਪਤਨੀ ਅਤੇ ਬੱਚਿਆਂ ਦੇ ਆਉਣ ਤੋਂ ਪਹਿਲਾ ਆਪਣਾ ਘਰ ਖਰੀਦ ਚੁੱਕਾ ਹੁੰਦਾ ਤੇ ਮੇਰੇ ਕੋਲ ਇੰਨੀ ਕੁ ਜਮ੍ਹਾ ਪੂੰਜੀ ਅਵੱਸ਼ ਹੁੰਦੀ ਕਿ ਮੈਂ ਆਪਣੀ ਪਤਨੀ ਤੇ ਬੱਚਿਆਂ ਨੂੰ ਵੀ ਆਉਣ ਵਾਲੀਆਂ ਤੰਗੀਆਂ ਤੋਂ ਬਚਾ ਸਕਦਾ ਤੇ ਨਾਲ ਹੀ ਜੇ ਲੋੜ ਪੈਂਦੀ ਤਾਂ ਇਹ ਪੂੰਜੀ ਵਰਤ ਕੇ ਕੋਈ ਆਪਣਾ ਕੰਮ ਵੀ ਅਰੰਭ ਕਰ ਸਕਦਾ। ਉਨ੍ਹਾਂ ਸਮਿਆਂ ਵਿਚ ਪੰਜ ਕੁ ਹਜ਼ਾਰ ਪੌਂਡ ਜਮ੍ਹਾਂ ਪੂੰਜੀ ਨਾਲ ਇਹ ਸਭ ਕੁਝ ਕੀਤਾ ਜਾ ਸਕਦਾ ਸੀ। ਜਿਸਤਰ੍ਹਾਂ ਮੈਂ ਸਰਫੇ ਨਾਲ ਚਲਦਾ ਸਾਂ ਤੇ ਅਤੇ ਆਪਣੇ ਆਪ 'ਤੇ ਬਹੁਤ ਘਟ ਖਰਚ ਕਰਨ ਦਾ ਆਦੀ ਸਾ, ਮੈਂ ਅਵੱਸ਼ ਇੰਨੀ ਪੂੰਜੀ ਜੋੜ ਲੈਣੀ ਸੀ ਜੇ ਮੈਨੂੰ ਦੋ ਕੁ ਸਾਲ ਹੋਰ ਮਿਲ ਜਾਂਦੇ। ਪਰ ਹੋ ਸਭ ਕੁਝ ਉਲਟ ਪੁਲਟ ਗਿਆ।

ਮੈਂ ਇੰਗਲੈਂਡ ਵਿਚ ਪੇਸ਼ ਆਉਂਦੀਆਂ ਮੁਸ਼ਕਲਾਂ ਤੇ ਸਮੱਸਿਆਵਾਂ ਬਾਰੇ ਆਪਣੀ ਪਤਨੀ ਨੂੰ ਲਗਾਤਾਰ ਲਿਖਦਾ ਰਿਹਾ ਸਾਂ। ਉਹਦਆਂ ਚਿੱਠੀਆਂ ਤੋਂ ਇਹੀ ਲਗਦਾ ਸੀ ਕਿ ਉਹਨੂੰ ਮੇਰੀਆਂ ਗੱਲਾਂ 'ਤੇ ਬਹੁਤਾ ਯਕੀਨ ਨਹੀਂ ਆ ਰਿਹਾ ਸੀ। ਇਹ ਗੱਲ ਅਨੋਖੀ ਵੀ ਨਹੀਂ ਸੀ। ਇੱਥੇ ਝੱਲਣੀਆਂ ਪੈਂਦੀਆਂ ਔਕੜਾਂ ਤੇ ਤੰਗੀਆਂ ਬਾਰੇ ਲਿਖੀਆਂ ਚਿੱਠੀਆਂ 'ਤੇ ਦੇਸ ਵਿਚ ਕੋਈ ਵੀ ਯਕੀਨ ਨਹੀਂ ਕਰਦਾ ਸੀ। ਇੱਥੋਂ ਗਏ ਕੁਝ ਲੋਕਾਂ ਦੀ ਰਹਿਣੀ ਬਹਿਣੀ ਦੇਖ ਕੇ ਆਮ ਤੌਰ 'ਤੇ ਇਹ ਸਮਝ ਲਿਆ ਜਾਂਦਾ ਸੀ ਕਿ ਇਸ ਮੁਲਕ ਵਿਚ 'ਸਭ ਅੱਛਾ ਹੈ। ਮੇਰੀ

ਪਤਨੀ ਨੂੰ ਅਜਿਹੀ ਖ਼ੁਸ਼ਫਹਿਮੀ ਹੋ ਜਾਣੀ ਅਨੋਖੀ ਗੱਲ ਨਹੀਂ ਸੀ। ਉਹ ਇਸ ਸਭ ਕੁੱਝ ਨੂੰ ਮੇਰੀ ਬਹਾਨੇਬਾਜ਼ੀ ਹੀ ਸਮਝੀ ਜਾ ਰਹੀ ਸੀ, ਜਿਵੇਂ ਕਿ ਮੈਂ ਉਹਨੂੰ ਆਪਣੇ ਕੋਲ ਮੰਗਵਾਉਣਾ ਹੀ ਨਾ ਚਾਹੁੰਦਾ ਹੋਵਾਂ। ਬੇਸ਼ਕ ਪਹਿਲਾਂ ਪਹਿਲਾਂ ਚਾਹੁੰਦਾ ਇਹੀ ਸਾਂ ਕਿ ਇਸ ਮੁਲਕ ਵਿਚ ਬਹੁਤਾ ਚਿਰ ਨਾ ਰਹਾਂ ਤੇ ਵੱਧ ਤੋਂ ਵੱਧ ਪੰਜਾਂ ਕੁ ਸਾਲਾਂ ਵਿਚ ਵਾਪਸ ਚਲਾ ਜਾਵਾਂ, ਪਰ ਸਾਲ ਕੁ ਵਿਚ ਹੀ ਸਮਝ ਗਿਆ ਸਾਂ ਕਿ ਮੇਰਾ ਇਹ ਸੁਪਨਾ ਛੇਤੀ ਸਾਕਾਰ ਹੋਣ ਦੀ ਸੰਭਾਵਨਾ ਨਹੀਂ ਰਹਿ ਗਈ ਸੀ। ਇਸ ਲਈ ਮੈਂ ਇਹ ਹੀ ਚਾਹੁਣ ਲੱਗ ਪਿਆ ਸਾਂ ਕਿ ਮੇਰੀ ਪਤਨੀ ਤੇ ਬੱਚੇ ਜਿੰਨੀ ਛੇਤੀ ਹੋ ਸਕੇ ਮੇਰੇ ਕੋਲ ਆ ਜਾਣ। ਚਾਹ ਭਾਵੇਂ ਮੈਂ ਕੁਝ ਵੀ ਰਿਹਾ ਸਾਂ, ਉਸ ਚਾਹ ਨੂੰ ਪੂਰਾ ਕਰਨ ਲਈ ਯੋਗ ਸਥਿਤੀ ਤਾਂ ਪੈਦਾ ਕਰਨੀ ਹੀ ਪੈਣੀ ਸੀ। ਬਿਨਾਂ ਆਪਣਾ ਘਰ ਖਰੀਦਿਆਂ, ਆਪਣੀ ਪਤਨੀ ਤੇ ਬੱਚਿਆਂ ਨੂੰ ਇੱਥੇ ਸੱਦ**ਣਾ** ਉਨ੍ਹਾਂ ਨੂੰ ਆਪ ਹੀ ਦੁੱਖਾਂ ਵਿਚ ਪਾਉਣ ਵਾਲੀ ਗੱਲ ਸੀ। ਇਸ ਲਈ ਮੈਂ ਚਾਹੁੰਦਾ ਸਾਂ ਕਿ ਉਨ੍ਹਾਂ ਦੇ ਇੱਥੇ ਆਉਣ ਤੋਂ ਪਹਿਲਾਂ ਘੱਟੋ ਘੱ**ਟ** ਆਪਣਾ ਘਰ ਜ਼ਰੂਰ ਹੋਵੇ। ਘਰ ਐਵੇਂ ਤਾਂ ਮਿਲ ਨਹੀਂ ਜਾਣਾ ਸੀ, ਉਹਦੇ ਲਈ ਚੋਖੀ ਰਕਮ ਦੀ ਲੋੜ ਸੀ। ਇਸੇ ਮਸਲੇ ਨੂੰ ਹੱਲ ਕਰਨ ਲਈ ਮੈਂ ਪਲੱਮਸਟੈੱਡ ਨੂੰ ਛੱਡ ਕੇ ਡਰਬੀ ਆਇਆ ਸਾਂ। ਪਰ ਮੇਰੇ ਕੁਝ ਕਰਨ ਤੋਂ ਪਹਿਲਾਂ ਹੀ ਮੇਰੀ ਪਤਨੀ ਬੱਚਿਆਂ ਸਮੇਤ ਆ ਪੁੱਜੀ।

ਉਸ ਵੇਲੇ ਤੱਕ ਮੈਂ ਜਿੰਨੇ ਵੀ ਪੈਸੇ ਆਪਣੇ ਦੇਸ ਨੂੰ ਭੇਜਦਾ ਰਿਹਾ ਸਾਂ, ਆਪਣੀ ਪਤਨੀ ਦੇ ਨਾਉਂ ਹੀ ਭੇਜਦਾ ਰਿਹਾ ਸਾਂ। ਜੇ ਆਪਣੇ ਬਜ਼ੁਰਗਾਂ ਨੂੰ ਵੀ ਭੇਜੇ ਸਨ ਤਾਂ ਉਹ ਵੀ ਭੇਜੇ ਆਪਣੀ **ਪ**ਤਨੀ ਦੇ ਨਾਉਂ ਹੀ ਸਨ। ਸੋਚਦਾ ਸਾਂ, ਉਹਨੂੰ ਕਿਸੇ ਹੋਰ ਤੋਂ ਨਾ ਮੰਗਣੇ ਪੈਣ ਤੇ ਉਹਦੇ ਹੱਥੋਂ ਹੋਰਨਾ ਨੂੰ ਮਿਲਣ ਤੇ ਇਸਤਰ੍ਹਾਂ ਉਹਦੀ ਕਦਰ ਤੇ ਇਜ਼ਤ ਵਧੇ। ਭਾਵੇਂ ਹੁਣ ਮੈਂ ਸੋਚਦਾ ਹਾਂ ਕਿ ਉਸ ਸਮੇਂ ਮੈਂ ਆਪਣੀ ਪਤਨੀ ਦੇ ਹੱਕ ਵਿਚ ਕੁਝ ਵਧੇਰੇ ਹੀ ਉਲਾਰ ਹੋ ਗਿਆ ਸਾਂ। ਆਪਣੀ ਪਤਨੀ ਨੂੰ ਪੈਸੇ ਭੇਜਣੇ ਆਪਣੀ ਥਾਂ ਠੀਕ ਸੀ, ਪਰ ਜਿਹੜੇ ਪੈਸੇ ਮੈਂ

ਆਪਣੇ ਬਜ਼ੁਰਗਾਂ ਲਈ ਭੇਜਦਾ ਰਿਹਾ ਸਾਂ, ਉਹ ਉਨ੍ਹਾਂ ਦੇ ਨਾਉਂ ਹੀ ਜਾਣੇ ਚਾਹੀਦੇ ਸਨ। ਆਪਣੀ ਪਤਨੀ ਤੇ ਆਪਣੇ ਬਜ਼ੁਰਗਾਂ ਵਿਚਕਾਰ ਜਿਹੜਾ ਸੰਤੁਲਨ ਮੈਨੂੰ ਰੱਖਣਾ ਚਾਹੀਦਾ ਸੀ, ਉਹ ਮੈਂ ਨਹੀਂ ਰੱਖ ਸਕਿਆ ਸਾਂ। ਇਹ ਮੇਰੀ ਬੇਸਮਝੀ ਸੀ ਜਾਂ ਪੈਦਾ ਹੋ ਗਈ ਸਥਿਤੀ ਦਾ ਦਬਾਅ, ਹਰ ਹਾਲਤ ਵਿਚ ਮੈਨੂੰ ਇੰਞ ਨਹੀਂ ਕਰਨਾ ਚਾਹੀਦਾ ਸੀ।

ਮੇਰੀ ਪਤਨੀ ਦੇ ਨਾਉਂ ਉਹਦੇ ਪੇਕਾ ਪਿੰਡ ਭਾਰ ਸਿੰਘ ਪੁਰ ਦੇ ਕੋਆਪ੍ਰੇਟਿਵ ਬੈਂਕ ਵਿਚ ਹਿਸਾਬ ਖੋਲ੍ਹਿਆ ਹੋਇਆ ਸੀ। ਮੇਰੇ ਪਰਦੇਸ ਆਉਣ ਤੋਂ ਪਿੱਛੋਂ ਉਹ ਬਹੁਤਾ ਸਮਾਂ ਆਪਣੇ ਪੇਕੀਂ ਹੀ ਰਹੀ ਸੀ। ਪਾਸਪੋਰਟ ਤਾਂ ਉਹਦਾ ਬਣ ਗਿਆ ਸੀ, ਪਰ ਮੈਂ ਉਹਨੂੰ ਹਾਲੀਂ ਕਿਤੇ ਇਹ ਇਸ਼ਾਰਾ ਵੀ ਨਹੀਂ ਕੀਤਾ ਸੀ ਕਿ ਉਹ ਆ ਜਾਵੇ। ਸੋਚਦਾ ਸਾਂ ਕਿ ਆਪਣਾ ਘਰ ਲੈਣ ਤੋਂ ਪਿੱਛੋਂ ਹੀ ਆਪਣੇ ਟੱਬਰ ਨੂੰ ਇੱਥੇ ਸੱਦਾਂਗਾ। ਮੇਰੀ ਪਤਨੀ ਨੇ ਹਾਲੀਂ ਆਉਣ ਦੀ ਤਿਆਰੀ ਬਾਰੇ ਕੁਝ ਲਿਖਿਆ ਵੀ ਨਹੀਂ ਸੀ। ਮੈਨੂੰ ਚਿਤ ਚੇਤੇ ਵੀ ਨਹੀਂ ਸੀ ਕਿ ਉਹ ਇਸਤਰ੍ਹਾਂ ਚੁਪ ਚੁਪੀਤੀ ਆ ਜਾਵੇਗੀ। ਕਸੂਰ ਕਿਸਦਾ ਸੀ? ਮੇਰੀ ਪਤਨੀ ਦਾ, ਸੀਟ ਬੁਕ ਕਰਨ ਵਾਲੇ ਏਜੰਟ ਦਾ ਜਾਂ ਮੇਰੇ ਪਿਤਾ ਜੀ ਦਾ, ਜਾਂ ਉਸ ਵੇਲੇ ਪੈਦਾ ਹੋ ਗਈ ਸਥਿਤੀ ਦਾ, ਇਸ ਨਾਲ ਕੀ ਫਰਕ ਪੈਂਦਾ ਸੀ?

ਮੇਰੀ ਪਤਨੀ ਤੇ ਮੇਰੇ ਬੱਚੇ ਮੇਰੇ ਕੋਲ ਆ ਗਏ ਸਨ, ਵਿਛੋੜੇ ਦੇ ਦਿਨ ਮੁੱਕ ਗਏ ਸਨ ਤੇ ਮਨ ਦੀ ਪ੍ਰਸੰਨਤਾ ਦੀ ਕੋਈ ਹੱਦ ਨਹੀਂ ਰਹੀ ਸੀ ਪਰ ਇਸ ਪ੍ਰਸੰਨਤਾ ਦੇ ਨਾਲ ਹੀ ਔਖਿਆਈਆਂ ਦਾ ਦੌਰ ਵੀ ਅਰੰਭ ਹੋਣਾ ਹੀ ਸੀ। ਇੰਟਰਨੈਸ਼ਨਲ ਕੰਮਬਸਚਨ ਵਿਚ ਮੇਰੀ ਦਿਨਾਂ ਦੀ ਸ਼ਿਫਟ ਸੀ। ਆਮਦਨੀ ਇੰਨੀ ਥੋੜੀ ਸੀ ਕਿ ਸਰਫੇ ਨਾਲ ਚਲਦਿਆਂ ਵੀ ਗੁਜ਼ਾਰਾ ਕਰਨਾ ਬਹੁਤ ਔਖਾ ਸੀ। ਚੌਦਾਂ ਕੁ ਪੌਂਡ ਹਫਤੇ ਦੇ ਮਿਲਦੇ ਸਨ। ਆਪਣਾ ਘਰ ਲੈਣ ਨਾਲ ਘਰ ਦਾ ਖਰਚ ਵੀ ਸ਼ੁਰੂ ਹੋ ਗਿਆ ਸੀ। ਗੈਸ, ਬਿਜਲੀ, ਪਾਣੀ ਤੇ ਜਨਰਲ ਰੇਟ (ਕੌਂਸਲ ਟੈਕਸ) ਦੇ ਬਿੱਲ, ਕੋਈ ਨਾ ਕੋਈ ਬਿੱਲ ਆਇਆ ਹੀ ਰਹਿੰਦਾ ਸੀ।

ਫੇਰ ਮੌਰਗੇਜ ਦੀ ਕਿਸ਼ਤ ਵੀ ੧੦ ਪੌਂਡ ਹਰ ਮਹੀਨੇ ਦੇਣੀ ਹੁੰਦੀ ਸੀ। ਬਰਫੀਲੀਆਂ ਰਾਤਾਂ ਵਿਚ ਘਰ ਨੂੰ ਗਰਮ ਰੱਖਣ ਲਈ ਕੋਲੇ ਵੀ ਖਰੀਦਣੇ ਪੈਂਦੇ ਸਨ। ਸਿਆਲਾਂ ਦੀ ਠੰਢ ਤੋਂ ਬਚਾਉਣ ਲਈ ਬੱਚਿਆਂ ਲਈ ਗਰਮ ਕਪੜੇ ਵੀ ਲੈਣੇ ਹੀ ਸਨ। ਮੇਰੀਆਂ ਦੋਵੇਂ ਧੀਆਂ ਸਕੂਲ ਜਾਂਦੀਆਂ ਸਨ। ਇਸ ਨਾਲ ਵੀ ਕੁਝ ਖਰਚ ਤਾਂ ਵਧਣਾ ਹੀ ਸੀ। ਫੇਰ ਘਰ ਲੈਣ ਲਈ ਲੋਕਾਂ ਤੋਂ ਫੜੇ ਪੈਸੇ ਵੀ ਮੋੜਨੇ ਸਨ। ਜਿੱਥੇ ਤੰਗੀ ਹੋਵੇ ਉੱਥੇ ਤੁਰਸ਼ੀ ਵੀ ਆ ਹੀ ਜਾਂਦੀ ਹੈ। ਮੈਨੂੰ ਤਾਂ ਸਦਾ ਇਹੀ ਫਿਕਰ ਲੱਗਾ ਰਹਿੰਦਾ ਸੀ ਕਿ ਉਧਾਰ ਫੜੇ ਪੈਸੇ ਕਿਵੇਂ ਮੋੜੇ ਜਾਣਗੇ? ਸੋਚ ਇਹੀ ਬਣਦੀ ਸੀ ਕਿ ੧੪ ਪੌਂਡ ਹਫਤੇ ਨਾਲ ਤਾਂ ਕਿਸੇ ਸੂਰਤ ਵਿਚ ਵੀ ਗੁਜ਼ਾਰਾ ਨਹੀਂ ਹੋ ਸਕਦਾ ਸੀ। ਆਮਦਨੀ ਵਧੇ ਤਾਂ ਹੀ ਸਰ ਸਕਦਾ ਸੀ। ਜਿਹਦਾ ਗਲ਼ ਫੰਦੇ ਵਿਚ ਫਸਿਆ ਹੁੰਦਾ ਹੈ, ਉਹੀ ਉਹਦੀ ਘੁੱਟਣ ਨੂੰ ਜਾਣ ਸਕਦਾ ਹੈ, ਹੋਰ ਕੋਈ ਜਾਣੇਗਾ ਵੀ ਤਾਂ ਕਿਉਂ?

ਫਲੀਟ ਸਟਰੀਟ ਵਾਲੇ ਘਰ ਵਿਚ ਆਉਣ ਤੋਂ ਦੋ ਕੁ ਮਹੀਨੇ ਪਿੱਛੋਂ ਹੀ ਮੈਂ ਆਪਣੇ ਫੋਰਮੈਨ ਨੂੰ ਕਹਿ ਕੇ ਪੱਕੀਆਂ ਰਾਤਾਂ ਦੀ ਸ਼ਿਫਟ ‘ਤੇ ਕੰਮ ਕਰਨ ਲੱਗ ਪਿਆ। ਖਿਆਲ ਤਾਂ ਇਹ ਸੀ ਕਿ ਰਾਤ-ਸ਼ਿਫਟ ਦਾ ਬੋਨਸ ਪੈਣ ਨਾਲ ਆਮਦਨੀ ਵੱਧ ਜਾਵੇਗੀ। ਪਰ ਰਾਤ-ਸ਼ਿਫਟ ਸਿਰਫ ਚਾਰ ਰਾਤਾਂ ਦੀ ਸੀ। ਰਾਤਾਂ ਦੀ ਸ਼ਿਫਟ ਕਰਨ ਨਾਲ ਆਮਦਨੀ ਵਿਚ ਤਾਂ ਫਰਕ ਨਾ ਮਾਤਰ ਹੀ ਪਿਆ ਪਰ ਹਫਤੇ ਦੇ ਤਿੰਨ ਦਿਨ ਵਿਹਲੇ ਮਿਲਣ ਲੱਗ ਪਏ। ਸ਼ੁਕਰਵਾਰ ਸਵੇਰੇ ਕੰਮ ਖਤਮ ਕਰ ਕੇ ਸੋਮਵਾਰ ਰਾਤ ਨੂੰ ਕੰਮ ‘ਤੇ ਜਾਣਾ ਹੁੰਦਾ ਸੀ। ਇਹਦਾ ਤੱਤਫੱਟ ਇੱਕ ਲਾਭ ਜਰੂਰ ਹੋ ਗਿਆ ਸੀ ਕਿ ਮੈਂ ਆਪਣੇ ਬੱਚਿਆਂ ਦੀ ਪੜ੍ਹਾਈ ਵਲ ਵਧੇਰੇ ਧਿਆਨ ਦੇਣ ਲੱਗ ਪਿਆ। ਮੈਂ ਡਰਬੀ ਐਜੂਕੇਸ਼ਨ ਸੈਂਟਰ ਤੋਂ ਉਨ੍ਹਾਂ ਦੀਆਂ ਜਮਾਤਾਂ ਅਨੁਸਾਰ ਕਿਤਾਬਾਂ ਲੈ ਆਂਦੀਆਂ ਤੇ ਹਰ ਰੋਜ਼ ਸ਼ਾਮ ਨੂੰ ਦੋ ਘੰਟੇ ਉਨ੍ਹਾਂ ਨੂੰ ਪੜ੍ਹਾਉਣ ਲਈ ਲਾਉਣੇ ਸ਼ੁਰੂ ਕਰ ਦਿੱਤੇ। ਦੋਵੇਂ ਕੁੜੀਆਂ ਛੇਤੀ ਹੀ ਅੰਗਰੇਜ਼ੀ ਚੰਗੀ ਤਰ੍ਹਾਂ ਬੋਲਣ ਲੱਗ ਪਈਆਂ ਤੇ ਹੋਰ ਵਿਸ਼ਿਆਂ ਵਿਚ

ਵੀ ਚੋਖਾ ਤਿਖੀਆ ਹੋ ਗਈਆਂ। ਵਡੀ ਧੀ ਕਮਲ ਤਾਂ ਆਪਣੀ ਜਮਾਤ ਵਿਚੋਂ ਹਰ ਵਿਸ਼ੇ ਵਿਚ ਸਭ ਤੋਂ ਅੱਗੇ ਰਹਿਣ ਲੱਗ ਪਈ। ਸਕੂਲ ਦੀ ਪੜ੍ਹਾਈ ਪੂਰੀ ਕਰ ਲੈਣ ਤੱਕ ਉਹਨੇ ਆਪਣੇ ਬਣਾਏ ਇਸ ਸਟੈਂਡਰਡ ਨੂੰ ਕਾਇਮ ਰੱਖਿਆ।

ਬਹੁਤੀ ਵਿਹਲ ਆਮਦਨੀ ਦੀ ਘਾਟ ਨੂੰ ਤਾਂ ਪੂਰੀ ਕਰ ਨਹੀਂ ਸਕਦੀ ਸੀ। ਘਰ ਵਿਚ ਬਹੁਤਾ ਸਮਾਂ ਰਹਿਣ ਨਾਲ ਸੁਭਾਵਾਂ ਤੇ ਵਿਚਾਰਾਂ ਦੇ ਫਰਕ ਨੇ ਵੀ ਹੋਰ ਉਘੜ ਕੇ ਸਾਹਮਣੇ ਆਉਣਾ ਹੀ ਸੀ। ਜਦੋਂ ਤੁਸੀਂ ਮਨ ਦੀ ਸ਼ਾਂਤੀ ਵਿਚ ਹੁੰਦੇ ਹੋ ਤੇ ਥੁੜ ਕਿਸੇ ਚੀਜ਼ ਦੀ ਹੁੰਦੀ ਨਹੀਂ, ਉਸ ਸਮੇਂ ਸਭ ਕੁਝ ਲੁਕਿਆ ਰਹਿੰਦਾ ਹੈ। ਪਰ ਤੰਗੀ ਦੇ ਸਮੇਂ ਸੁਭਾਵਾਂ ਤੇ ਖਿਆਲਾਂ ਦੇ ਫਰਕ ਰੜਕਣ ਲੱਗ ਪੈਂਦੇ ਹਨ। ਇਹ ਸਭ ਕੁਝ ਕੁਦਰਤੀ ਹੁੰਦਾ ਹੈ। ਦੁਨੀਆ ਵਿਚ ਕਿਸੇ ਵੀ ਦੋ ਬੰਦਿਆਂ ਦਾ ਐਨ ਇੱਕ ਦੂਜੇ ਵਰਗਾ ਹੋਣਾ ਅਸੰਭਵ ਹੁੰਦਾ ਹੈ। ਸੁਭਾਵਾਂ ਤੇ ਖਿਆਲਾਂ ਦੇ ਫਰਕ ਤਾਂ ਸਕੇ ਭੈਣਾ ਭਰਾਵਾਂ ਵਿਚ ਵੀ ਹੁੰਦੇ ਹਨ। ਫੇਰ ਦੋ ਵਖੋ ਵਖਰੇ ਸਥਾਨਾਂ ਤੇ ਸਥਿਤੀਆਂ ਵਿਚ ਪਲੇ ਜੀਅ ਕਿਵੇਂ ਇੱਕ ਸੁਭਾ ਤੇ ਇੱਕ ਖਿਆਲ ਦੇ ਹੋ ਸਕਦੇ ਹਨ? ਆਪਣੇ ਨਾਲੋਂ ਵਖਰੇ ਖਿਆਲ ਤੇ ਸੁਭਾ ਲਈ ਸਹਿਨਸ਼ੀਲਤਾ ਸੁੱਖ ਸ਼ਾਂਤੀ ਵਿਚ ਤਾਂ ਚੱਲ ਜਾਂਦੀ ਹੈ ਪਰ ਤੰਗੀ ਵਿਚ ਨਹੀਂ ਚਲਦੀ। ਜੇਬ ਵਿਚ ਪੈਸੇ ਹੋਣ ਤਾਂ ਹੀ ਰਿਸ਼ਤੇ ਨਾਤੇ ਵੀ ਸਹਿਜ ਤੁਰਦੇ ਹਨ, ਨਹੀਂ ਤਾਂ ਟੁੱਟਣ ਨਾ ਤਾਂ ਤਿੜਕਣ ਤੱਕ ਜਰੂਰ ਪੁੱਜ ਜਾਂਦੇ ਹਨ। ਇਸ ਸਾਰੇ ਕੁਝ ਵਿਚ ਬੰਦਿਆਂ ਦੀ ਸੂਝ ਸਿਆਣਪ ਤੇ ਵਿੱਦਿਆ ਦਾ ਫਰਕ ਵੀ ਪ੍ਰਭਾਵ ਪਾਉਂਦਾ ਹੈ।

ਜਿੱਥੋਂ ਤੱਕ ਹੋ ਸਕਦਾ ਸੀ, ਮੈਂ ਆਪਣੀ ਪਤਨੀ ਦੇ ਵਖਰੇ ਖਿਆਲਾਂ ਤੇ ਮਾਨਤਾਵਾਂ ਨਾਲ ਟਕਰ ਤੋਂ ਬਚਣ ਦਾ ਪੂਰਾ ਯਤਨ ਕਰਦਾ ਸਾਂ। ਮੇਰੀ ਪਤਨੀ ਮਾਸ ਆਂਡੇ ਨਹੀਂ ਖਾਂਦੀ ਸੀ ਤੇ ਨਾ ਆਪਣੇ ਹੱਥੀਂ ਬਣਾਉਣੇ/ਪਕਾਉਣੇ ਚਾਹੁੰਦੀ ਸੀ। ਇਸ ਲਈ ਉਹਦੇ ਇੱਥੇ ਆਉਣ ਪਿਛੋਂ ਮੈਂ ਘਰ ਵਿਚ ਮਾਸ ਆਂਡਿਆਂ ਦਾ ਜ਼ਿਕਰ ਤੱਕ ਵੀ ਨਾ ਕੀਤਾ। ਪਰ ਉਹਨੇ ਕੁਝ ਮਹੀਨਿਆਂ ਪਿੱਛੋਂ ਆਪ ਹੀ ਮਾਸ

ਤੇ ਆਂਡੇ ਲਿਆਉਣੇ ਤੇ ਬਣਾਉਣੇ ਸ਼ੁਰੂ ਕਰ ਦਿੱਤੇ। ਮੈਂ ਕੁਝ ਹੈਰਾਨ ਵੀ ਹੋਇਆ ਤੇ ਖੁਸ਼ ਵੀ। ਪਤਾ ਲੱਗਾ, ਆਂਢਣਾਂ ਗੁਆਂਢਣਾਂ ਉਹਨੂੰ ਦਸਦੀਆਂ ਰਹਿੰਦੀਆਂ ਸਨ ਕਿ ਇਸ ਮੁਲਕ ਵਿਚ ਮਾਸ ਆਂਡੇ ਖਾਏ ਬਿਨਾਂ ਸਰ ਹੀ ਨਹੀਂ ਸਕਦਾ। ਜੇ ਨਾ ਖਾਵੋ ਤਾਂ ਸਿਹਤ ਬਹੁਤ ਛੇਤੀ ਵਿਗੜ ਜਾਂਦੀ ਹੈ। ਆਖਰ ਉਹ ਮੇਰੀ ਪਤਨੀ ਸੀ, ਉਹਨੂੰ ਆਪਣੀ ਨਹੀਂ ਤਾਂ ਮੇਰੀ ਸਿਹਤ ਦਾ ਤਾਂ ਫਿਕਰ ਲੱਗਣਾ ਹੀ ਸੀ। ਫੇਰ ਵੀ ਆਰਥਕ ਤੰਗੀ ਹੱਲ ਹੋਏ ਬਿਨਾ ਮਾਨਸਕ ਸ਼ਾਂਤੀ ਦੀ ਪ੍ਰਾਪਤੀ ਤਾਂ ਨਹੀਂ ਹੋ ਸਕਦੀ ਸੀ।

ਇੰਟਰਨੇਸ਼ਨਲ ਕੰਬਸਚਨ ਵਿਚ ਮੇਰਾ ਕੰਮ ਤਾਂ ਪੀਸ ਵਰਕ ਦਾ ਸੀ ਪਰ ਕੰਮ ਕੁਝ ਭਾਰਾ ਸੀ। ਮਸ਼ੀਨਾਂ ਨਾਲ ਤਾਂ ਘੁਲਣਾ ਪੈਂਦਾ ਹੀ ਸੀ ਪਰ ਆਰਾਮ ਲਈ ਵੀ ਸਮਾਂ ਮਿਲ ਜਾਂਦਾ ਸੀ। ਮੈਂ ਵਿਹਲੇ ਸਮੇਂ ਇਸ ਸੋਚ ਵਿਚ ਡੁੱਬਿਆ ਰਹਿੰਦਾ ਸਾਂ ਕਿ ਆਮਦਨ ਕਿਵੇਂ ਵਧਾਈ ਜਾਵੇ? ਮੇਰੇ ਵਾਲੇ ਸੈਕਸ਼ਨ ਵਿਚ ਅਵਤਾਰ ਸਿੰਘ ਸੰਧੂ ਨਾਉਂ ਦਾ ਬੰਦਾ ਕਰੇਨ ਡਰਾਈਵਰ ਸੀ। ਵਿਹਲ ਦੇ ਸਮੇਂ ਉਹ ਕਈ ਵੇਰ ਮੇਰੇ ਕੋਲ ਆ ਬਹਿੰਦਾ ਸੀ। ਸਾਡੇ ਪਿੰਡ ਉਹਦੇ ਨਾਨਕੇ ਸਨ, ਇਸ ਲਈ ਵੀ ਉਹਨੂੰ ਮੇਰੇ ਨਾਲ ਕੁਝ ਲਗਾਓ ਸੀ। ਇੱਕ ਦਿਨ ਉਹ ਮੇਰੇ ਕੋਲ ਬੈਠਾ ਚੋਖਾ ਚਿਰ ਗੱਲਾਂ ਕਰਦਾ ਰਿਹਾ। ਉਹਨੇ ਲਾਈਫ ਇਨਸ਼ਿਉਰੈਂਸ (ਜੀਵਨ ਬੀਮਾ) ਦੀ ਏਜੈਂਸੀ ਦਾ ਨਵਾਂ ਨਵਾਂ ਕੰਮ ਸ਼ੁਰੂ ਕੀਤਾ ਸੀ। ਸ਼ਾਇਦ ਉਹ ਮੈਨੂੰ ਵੀ ਆਪਣਾ ਗਾਹਕ ਬਣਾਉਣਾ ਚਾਹੁੰਦਾ ਸੀ। ਜੀਵਨ ਬੀਮੇ ਬਾਰੇ ਉਹਦੀ ਗੱਲਬਾਤ ਦੇ ਸਮੇਂ ਮੈਂ ਇਹੀ ਸੋਚਦਾ ਰਿਹਾ, ਜੇ ਇਹ ਬੀਮਾ ਏਜੈਂਟੀ ਦਾ ਕੰਮ ਕਰ ਸਕਦਾ ਹੈ ਤਾਂ ਮੈਂ ਕਿਉਂ ਨਹੀਂ ਕਰ ਸਕਦਾ? ਦੇਸ ਵਿਚ ਹੀ ਭਾਰਤੀ ਜੀਵਨ ਬੀਮਾ ਨਿਗਮ ਦੇ ਇੱਕ ਏਜੰਟ ਨੇ ਮੇਰਾ ਜੀਵਨ ਬੀਮਾ ਕੀਤਾ ਸੀ ਤੇ ਮੈਂ ਇਸ ਕੰਮ ਤੋਂ ਪਹਿਲਾਂ ਵੀ ਥੋੜਾ ਥੋੜਾ ਜਾਣੂ ਸਾਂ। ਅਵਤਾਰ ਦੀ ਗੱਲਬਾਤ ਵਿਚੋਂ ਮੈਂ ਅੰਦਾਜ਼ਾ ਬਣਾ ਲਿਆ ਕਿ ਏਜੰਟਾਂ ਨੂੰ ਚੋਖੀ ਰਕਮ

ਕੁਮਿਸ਼ਨ ਦੇ ਤੌਰ 'ਤੇ ਮਿਲਦੀ ਸੀ। ਉਸੇ ਰਾਤ ਹੀ ਮੈਂ ਆਪ ਵੀ ਇਹੀ ਕੰਮ ਕਰਨ ਦਾ ਪੱਕਾ ਇਰਾਦਾ ਬਣਾ ਲਿਆ।

ਲੰਡਨ ਦੇ ਮਿਡਲਸੈਕਸ ਜਿਲ੍ਹੇ ਦੇ ਵੈਮਲੀ ਕਸਬੇ ਵਿਚ ਭਾਰਤੀ ਜੀਵਨ ਬੀਮਾ ਨਿਗਮ ਦਾ ਯੂ. ਕੇ. ਲਈ ਦਫਤਰ ਸੀ। ਮੈਂ ਦੂਜੇ ਦਿਨ ਹੀ ਏਜੈਂਸੀ ਸੰਬੰਧੀ ਜਾਣਕਾਰੀ ਪ੍ਰਾਪਤ ਕਰਨ ਲਈ ਉਸ ਦਫਤਰ ਦੇ ਰੀਜਨਲ ਅਫਸਰ ਨੂੰ ਪੱਤਰ ਲਿਖ ਦਿੱਤਾ। ਹਫਤੇ ਦੇ ਅੰਦਰ ਅੰਦਰ ਹੀ ਉਹਦਾ ਉੱਤਰ ਵੀ ਆ ਗਿਆ ਤੇ ਨਾਲ ਹੀ ਏਜੈਂਸੀ ਲਈ ਬਿਨੈਪੱਤਰ ਭੇਜਣ ਲਈ ਫਾਰਮ ਵੀ ਆ ਗਏ। ਮੈਂ ਉਸੇ ਦਿਨ ਫਾਰਮ ਭਰ ਕੇ ਭੇਜ ਦਿੱਤੇ ਤੇ ਤੀਜੇ ਕੁ ਦਿਨ ਹੀ ਰੀਜਨਲ ਅਫਸਰ ਨੇ ਮੈਨੂੰ ਗੱਲਬਾਤ ਲਈ ਸੱਦ ਲਿਆ। ਮੈਂ ਸ਼ੁਕਰਵਾਰ ਸਵੇਰੇ ਵੈਮਲੀ ਜਾ ਪੁੱਜਾ। ਮੈਨੂੰ ਏਜੈਂਸੀ ਦਾ ਨਿਯੁਕਤੀ ਪੱਤਰ ਗੱਲਬਾਤ ਖਤਮ ਹੋਣ ਦੇ ਨਾਲ ਹੀ ਮਿਲ ਗਿਆ।

ਜੀਵਨ ਬੀਮੇ ਦਾ ਕੰਮ ਕਰਨ ਲਈ ਘਰ ਵਿਚ ਟੈਲੀਫੋਨ ਲੁਆਉਣਾ ਜ਼ਰੂਰੀ ਸੀ ਤੇ ਬੈਂਕ ਵਿਚ ਚਾਲੂ ਖਾਤਾ (current account) ਖੋਲ੍ਹਣਾ ਵੀ। ਮੈਂ ਦੋਵੇਂ ਕੰਮ ਦੂਜੇ ਹਫਤੇ ਦੇ ਅੰਦਰ ਅੰਦਰ ਹੀ ਕਰਵਾ ਲਏ। ਹੁਣ ਕੇਵਲ ਜੀਵਨ ਬੀਮੇ ਦੇ ਗਾਹਕ ਲਭਣ ਦਾ ਕੰਮ ਰਹਿ ਗਿਆ ਸੀ? ਉਹਦਾ ਹੱਲ ਇੱਕੋ ਸੀ ਕਿ ਲੋਕਾਂ ਨਾਲ ਮੇਲ ਜੋਲ ਵਧਾਇਆ ਜਾਂਦਾ। ਮੇਲ ਜੋਲ ਵਧਾਉਣ ਲਈ ਉਨ੍ਹਾਂ ਥਾਵਾਂ 'ਤੇ ਜਾਇਆ ਜਾਂਦਾ, ਜਿੱਥੇ ਲੋਕ ਆਮ ਤੌਰ ਤੇ ਇਕੱਠੇ ਉਠਦੇ ਬੈਠਦੇ ਹੋਣ। ਇਸ ਕੰਮ ਲਈ ਧਾਰਮਿਕ ਸਥਾਨਾਂ ਦੀ ਵਰਤੋਂ ਜਾਂ ਦੁਰਵਰਤੋਂ ਵੀ ਕੀਤੀ ਜਾ ਸਕਦੀ ਸੀ। ਉਸ ਵੇਲੇ ਡਰਬੀ ਵਿਚ ਨਾ ਕੋਈ ਮੰਦਰ ਸੀ ਨਾ ਗਰਦੁਆਰਾ, ਕੇਵਲ ਪਬਲਿਕ ਬਾਰ (ਸ਼ਰਾਬ ਖਾਨੇ) ਹੀ ਸਨ, ਜਿੱਥੇ ਲੋਕ ਇਕੱਠੇ ਹੁੰਦੇ ਸਨ। ਮੈਂ ਹਾਲੀਂ ਪੱਬਾਂ ਵਿਚ ਜਾਣ ਗਿੱਝਿਆ ਨਹੀਂ ਸਾਂ। ਪਰ ਕੰਮ ਹੀ ਅਜਿਹਾ ਫੜ ਲਿਆ ਸੀ ਕਿ ਪੱਬਾਂ ਵਿਚ ਜਾਣਾ ਹੀ ਪੈਣਾ ਸੀ। ਜੀਵਨ ਬੀਮੇ ਦੇ ਗਾਹਕ ਫਾਹ ਸੋਟਾ ਮਾਰ ਕੇ ਤਾਂ ਮਿਲ ਨਹੀਂ ਸਕਦੇ ਸਨ। ਕਿਸੇ ਨੂੰ ਜਾ ਕੇ ਸਿੱਧਾ ਕਹੋ

ਕਿ ਬਈ ਜੀਵਨ ਬੀਮਾ ਕਰਾਉਗੇ ਤਾਂ ਕੌਣ ਕਰਾਏਗਾ? ਸਗੋਂ ਅਗਲਾ ਅੱਖਾਂ ਮਿਲਾਉਣੋਂ ਵੀ ਹਟ ਜਾਵੇਗਾ। ਪਹਿਲਾ ਕੰਮ ਆਪਣੇ ਸੰਭਾਵੀ ਗਾਹਕਾਂ ਉੱਤੇ ਆਪਣੀ ਸਖਸ਼ੀਅਤ ਦਾ ਪ੍ਰਭਾਵ ਬਣਾਉਣਾ ਤੇ ਨਿੱਜੀ ਸੰਬੰਧਾਂ ਵਰਗੀ ਜਾਣ ਪਛਾਣ ਬਣਾਉਣੀ ਦਾ ਸੀ, ਫੇਰ ਹੀ ਕਿਸੇ ਨੂੰ ਜੀਵਨ ਬੀਮਾ ਕਰਵਾਉਣ ਲਈ ਬੇਨਤੀ ਕੀਤੀ ਜਾ ਸਕਦੀ ਸੀ। ਪੱਬਾਂ ਵਿਚ ਸੰਭਾਵੀ ਗਾਹਕਾਂ ਨਾਲ ਜਾਣ ਪਛਾਣ ਪੀਣ ਪਿਲਾਉਣ ਦੀ ਸਾਂਝ ਨਾਲ ਅਰੰਭ ਹੁੰਦੀ ਸੀ। ਇਸ ਕੰਮ ਲਈ ਪੱਬਾਂ ਵਿਚ ਜਾਣਾ ਪੈਂਦਾ ਸੀ। ਫੇਰ ਇਸਤਰ੍ਹਾਂ ਜਾਣੂ ਬਣੇ ਸੰਭਾਵੀ ਗਾਹਕਾਂ ਦੇ ਘਰੀਂ ਵੀ ਜਾਣਾ ਜ਼ਰੂਰੀ ਸੀ। ਖਰਚ ਕੀਤਾ ਤਾਂ ਸੂਦ ਸਮੇਤ ਮੁੜ ਆਉਂਦਾ ਸੀ, ਜੇ ਇੱਕ ਹਫਤੇ ਵਿਚ ਕੋਈ ਇੱਕ ਜੀਵਨ ਬੀਮਾ ਵੀ ਹੋ ਜਾਵੇ। ਫੇਰ ਦੂਰ ਨੇੜੇ ਦੇ ਸ਼ਹਿਰਾਂ ਵਿਚ ਜਿੱਥੇ ਕਿਤੇ ਵੀ ਆਪਣਾ ਕੋਈ ਜਾਣੂ ਰਹਿੰਦਾ ਸੀ, ਹਫਤੇ ਵਿਚ ਇੱਕ ਦੋ ਚੱਕਰ ਤਾਂ ਲੱਗ ਹੀ ਜਾਂਦੇ ਸਨ।

ਆਮਦਨੀ ਹੋਣ ਲੱਗ ਪਈ ਸੀ ਤੇ ਬੈਂਕ ਵਿਚ ਰਕਮ ਵੀ ਜਮ੍ਹਾਂ ਹੋ ਰਹੀ ਸੀ। ਸਾਲ ਕੁ ਵਿਚ ਹੀ ਮੈਂ ਲੋਕਾਂ ਤੋਂ ਫੜੀਆਂ ਰਕਮਾਂ ਵੀ ਮੋੜ ਦਿੱਤੀਆਂ ਤੇ ਮਕਾਨ ਦਾ ਸਾਰਾ ਕਰਜ਼ਾ ਵੀ ਲਾਹ ਦਿੱਤਾ। ਪਰ ਮੇਰੀ ਪਤਨੀ ਨੂੰ ਮੇਰਾ ਪੱਬਾਂ ਨੂੰ ਤੁਰੇ ਰਹਿਣਾ ਚੰਗਾ ਨਹੀਂ ਲਗਦਾ ਸੀ। ਸ਼ਰਾਬ ਦੇ ਵਿਰੁਧ ਉਹਦੇ ਪੱਕੇ ਸੰਸਕਾਰ ਬਣੇ ਹੋਏ ਸਨ। ਉਹਦੇ ਲਈ ਤਾਂ ਬੀਰ ਵੀ ਸ਼ਰਾਬ ਹੀ ਸੀ। ਫੇਰ ਲੋਕਾਂ ਦੇ ਘਰੀਂ ਫੇਰੇ ਮਾਰਨ ਨੂੰ ਉਹ ਹੋਰ ਵੀ ਮਾੜਾ ਸਮਝਦੀ ਸੀ। ਇੱਕ ਦਿਨ ਉਹਨੇ ਕਹਿ ਹੀ ਦਿੱਤਾ, "ਐਵੇਂ ਨਾ ਲੋਕਾਂ ਦੇ ਘਰੀਂ ਤੁਰੇ ਰਿਹਾ ਕਰੋ। ਮਗਰੋਂ ਲੋਕੀਂ ਗਾਲ੍ਹਾਂ ਕਢਦੇ ਹੁੰਦੇ ਆ"। ਮੈਂ ਉਹਨੂੰ ਕੀ ਕਹਿ ਸਕਦਾ ਸਾਂ? ਕਿੰਝ ਸਮਝਾ ਸਕਦਾ ਸਾਂ? ਉਹਦੇ ਖਿਆਲ ਤੇ ਸੁਭਾ ਪਹਿਲਾਂ ਹੀ ਬਣ ਚੁੱਕੇ ਸਨ। ਇਨਕਮ ਤਾਂ ਵੱਧ ਗਈ ਸੀ, ਪਰ ਮਨ ਦੀ ਸ਼ਾਂਤੀ ਨਹੀਂ ਮਿਲ ਰਹੀ ਸੀ। ਬੱਚਿਆਂ ਨੂੰ ਵੀ ਪੜ੍ਹਾਉਣ ਲਈ ਹੁਣ ਸਮਾਂ ਨਹੀਂ ਕੱਢ ਸਕਦਾ ਸਾਂ। ਕਰਦਾ ਤਾਂ ਕੀ ਕਰਦਾ?

## 11.

# ਆਪਣੇ ਵਰਗਿਆਂ ਦੀ ਭਾਲ਼ ਵਿਚ

ਜਦ ਬੰਦੇ ਦਾ ਮਨ ਚਿੰਤਾ ਵਿਚ ਗ੍ਰਸਤ ਤੇ ਉਦਾਸ ਰਹਿੰਦਾ ਹੋਵੇ ਹੋਵੇ ਤਾਂ ਬੰਦਾ ਆਪਣੀ ਉਦਾਸੀ ਦਾ ਭਾਰ ਹਲਕਾ ਕਰਨ ਲਈ ਆਪਣੇ ਵਰਗੇ ਬੰਦੇ ਲੱਭਣ ਦਾ ਯਤਨ ਕਰਦਾ ਹੈ, ਜਿਨ੍ਹਾਂ ਨਾਲ ਮਨ ਦੀਆਂ ਗੱਲਾਂ ਕਰ ਸਕੇ ਤੇ ਸੁਣ ਸਕੇ। ਡਰਬੀ ਵਿਚ ਅਜਿਹੇ ਬੰਦੇ ਮਿਲਣੇ ਅਸੰਭਵ ਜਿਹੀ ਗੱਲ ਲਗਦੀ ਸੀ। ਪਲੱਮਸਟੈਡ ਰਹਿੰਦੇ ਹੋਏ ਤਾਂ ਛੁੱਟੀ ਵਾਲੇ ਦਿਨ ਸਾਊਥਾਲ ਨੂੰ ਤੁਰ ਜਾਂਦਾ ਸਾਂ ਤੇ ਉੱਥੇ ਸਾਹਿਤਕ ਸ਼ੌਕ ਰੱਖਣ ਵਾਲੇ ਦੋਸਤਾਂ ਮਿੱਤਰਾਂ ਨਾਲ ਬੈਠ ਕੇ ਤੇ ਗੱਲਾਂ ਕਰ ਕੇ ਦਿਲ ਦਾ ਸਾਰਾ ਗੁਬਾਰ ਨਿਕਲ ਜਾਂਦਾ ਸੀ ਤੇ ਸਾਹਿਤਕ ਜਾਣਕਾਰੀ ਵੀ ਤਾਜ਼ਾ ਹੁੰਦੀ ਰਹਿੰਦੀ ਸੀ। ਪਰ ਡਰਬੀ ਵਿਚ ਸਾਹਿਤਕ ਸ਼ੌਕ ਰਖਣ ਵਾਲਾ ਬੰਦਾ ਲੱਭਣਾ ਮੁਸ਼ਕਿਲ ਜਿਹੀ ਗੱਲ ਲਗਦੀ ਸੀ।

ਅਚਾਨਕ ਇੱਕ ਦਿਨ ਸ਼ੰਕਰ ਜੋਸ਼ੀਲਾ ਨਾਉਂ ਦੇ ਬੰਦੇ ਨਾਲ ਮੇਰਾ ਮੇਲ ਹੋ ਗਿਆ। ਉਹ ਪਹਿਲੀ ਵੇਰ ਮੈਨੂੰ ਉਦੋਂ ਮਿਲਿਆ ਸੀ, ਜਦ ਮੈਂ ਹਾਲੀਂ ਸਾਊਥਾਲ ਵਿਚ ਹੀ ਰਹਿੰਦਾ ਸਾਂ। ਹੁਣ ਉਹ ਕੁਝ ਚਿਰ ਤੋਂ ਡਰਬੀ ਵਿਚ ਰਹਿ ਰਿਹਾ ਸੀ। ਉਹਨੇ ਦੱਸਿਆ ਕਿ ਡਰਬੀ ਵਿਚ ਕੇਸਰ ਰਾਮਪੁਰੀ ਨਾਉਂ ਦਾ ਇੱਕ ਹੋਰ ਬੰਦਾ ਵੀ ਕਵਿਤਾ ਲਿਖਦਾ ਹੈ। ਫੇਰ ਆਪ ਹੀ ਇੱਕ ਦਿਨ ਉਹ ਉਹਨੂੰ ਮੇਰੇ ਨਾਲ ਮਿਲਾਉਣ ਲੈ ਆਇਆ। ਰਾਮਪੁਰੀ ਮੈਨੂੰ ਮਿਲ ਕੇ ਕੁਝ ਵਧੇਰੇ ਹੀ ਉਤਸ਼ਾਹਤ ਹੋ ਗਿਆ। ਉਹ ਨੇ ਦੋ ਹੋਰ ਬੰਦਿਆਂ ਦੀ ਦਸ ਪਾਈ, ਜਿਹਨਾਂ ਨੂੰ ਕਵਿਤਾ ਲਿਖਣ ਪੜ੍ਹਨ ਦਾ ਸ਼ੌਕ ਸੀ। ਸ਼ੰਕਰ ਨੇ ਮੈਨੂੰ ਕਿਹਾ, “ਹਰਬਖਸ਼! ਕਿਉਂ ਨਾ ਇੱਥੇ ਸਾਹਿਤ ਸਭਾ ਬਣਾ ਲਈਏ?” ਮੈਂ ਕਿਹਾ, “ਉਹ ਵੀ ਦੇਖ ਲਵਾਂਗੇ ਪਰ ਪਹਿਲਾਂ ਇਕੱਠੇ ਬੈਠਣ ਤਾਂ ਲੱਗੀਏ”। ਮੈਂ ਸੋਚਿਆਂ, “ਹੋ ਸਕਦਾ ਹੈ, ਇੰਝ ਕੁਝ ਬੰਦੇ ਅਜਿਹੇ ਮਿਲ ਜਾਣ ਜਿਨ੍ਹਾਂ ਨਾਲ ਗੱਲਾਂ ਕਰ ਕੇ ਮਨ ਦੀ ਉਦਾਸੀ ਨੂੰ ਦੂਰ ਕੀਤਾ ਜਾ ਸਕੇ ਤੇ ਸਾਹਿਤਕ ਸ਼ੋਕ ਨੂੰ ਵੀ ਕੁਝ ਹੁਲਾਰਾ ਮਿਲ ਸਕੇ।

ਅਗਲੇ ਐਤਵਾਰ ਉਹ ਦੋਵੇਂ ਦੋ ਹੋਰ ਬੰਦਿਆਂ ਨੂੰ ਨਾਲ ਲੈ ਕੇ ਮੇਰੇ ਘਰ ਆ ਗਏ। ਉਨ੍ਹਾਂ ਵਿਚੋਂ ਇੱਕ ਤਾਂ ਸੀ ਮੁਹਿੰਦਰ ਸਿੰਘ ਚਮਕ ਤੇ ਦੂਜਾ ਸੀ ਕੋਈ ਮੈਦਾਨ ਨਾਉਂ ਦਾ ਬੰਦਾ। ਚਮਕ ਹਾਸ-ਰਸ ਵਾਲੀ ਤੁਕਬੰਦੀ ਕਰ ਲੈਂਦਾ ਸੀ। ਪਰ ਮੈਦਾਨ ਨੂੰ ਸਿਰਫ ਕਵਿਤਾ ਸੁਣਨ/ਸੁਣਾਉਣ ਦਾ ਸ਼ੌਕ ਸੀ। ਚਾਹ ਪਾਣੀ ਤੋਂ ਪਿੱਛੋਂ ਮੈਦਾਨ ਤਾਂ ਆਪਣੇ ਆਪ ਹੀ ਸ਼ੁਰੂ ਹੋ ਗਿਆ। ਆਪ ਤਾਂ ਉਹ ਲਿਖਦਾ ਨਹੀਂ ਸੀ, ਉਹਨੇ ਉਰਦੂ ਸ਼ਾਇਰਾਂ ਦੇ ਸ਼ੇਅਰਾਂ ਦੀ ਰੇਲ ਗੱਡੀ ਚਲਾ ਦਿੱਤੀ, ਰੁਕੇ ਹੀ ਨਾ। ਆਖਰ ਮੈਨੂੰ ਕਹਿਣਾ ਹੀ ਪਿਆ, “ਮੈਦਾਨ ਜੀ! ਤੁਹਾਡੇ ਸ਼ਿਅਰ ਰੱਜ ਕੇ ਸੁਣਾਂਗੇ ਪਰ ਪਹਿਲਾਂ ਆਪਾਂ ਸਾਰੇ ਇੱਕ ਦੂਜੇ ਦੇ ਵਾਕ਼ਫ ਤਾਂ ਹੋ ਲਈਏ”।

ਉਹਨੂੰ ਆਪਣੀ ਸਿਫਤ ਆਪ ਹੀ ਕਰਨ ਦਾ ਸ਼ੌਕ ਕੁਝ ਵਧੇਰੇ ਹੀ ਸੀ। ਮੇਰੀ ਗੱਲ ਸੁਣਦਿਆਂ ਹੀ ਉਹਨੇ ਅਪਣੇ ਬਾਰੇ ਵਿਸਥਾਰ ਨਾਲ ਦੱਸਣਾ ਸ਼ੁਰੂ ਕਰ ਦਿੱਤਾ, "ਮੈਂ ਮੈਦਾਨ ਆਂ, ਸ਼ਰਾਬ ਦੀ ਦੁਕਾਨ ਕਰਦਾਂ, ਪਠਾਣ ਹਾਂ ਤੇ ਸ਼ਿਅਰੋ ਸ਼ਾਇਰੀ ਦਾ ਸ਼ੌਕ ਹੈ....।"

ਉਹ ਅਜਿਹਾ ਸ਼ੁਰੂ ਹੋਇਆ, ਹਟੇ ਹੀ ਨਾ। ਮੈਂ ਉਹਦੀ ਗੱਲ ਦਾ ਅੰਤ ਉਡੀਕੇ ਬਿਨਾਂ ਹੀ ਰਾਮਪੁਰੀ ਨੂੰ ਕਿਹਾ, "ਤੁਸੀਂ ਜੀ!"

ਉਹ ਜਿਵੇਂ ਪਹਿਲਾਂ ਹੀ ਤਿਆਰ ਬੈਠਾ ਹੋਵੇ, ਝੱਟ ਸ਼ੁਰੂ ਹੋ ਗਿਆ, "ਮੈਂ ਕੇਸਰ ਸਿੰਘ ਲੱਲੀ ਆਂ। ਮੇਰਾ ਪਿੰਡ ਮਹੇੜੂ ਆ ਚਹੇੜੂ ਦੇ ਨੇੜੇ, ਰਾਮਪੁਰੀ ਮੇਰਾ ਉਪਨਾਮ ਹੈ....."।

ਮੈਂ ਮੈਦਾਨ ਦੀ ਲੰਮੀ ਜਾਣ ਪਛਾਣ ਤੋਂ ਹੀ ਅੱਕਿਆ ਹੋਇਆ ਸਾਂ। ਇਹ ਨਹੀਂ ਚਾਹੁੰਦਾ ਸਾਂ ਕਿ ਕੇਸਰ ਵੀ ਲੰਮੀ ਜਾਣ ਪਛਾਣ ਦੇਣ ਲੱਗ ਪਵੇ। ਮੈਂ ਵਿਚੋਂ ਹੀ ਸਵਾਲ ਕਰ ਦਿੱਤਾ, "ਕੇਸਰ ਸਿੰਘ ਜੀ! ਜੇ ਤੁਹਾਡਾ ਪਿੰਡ ਮਹੇੜੂ ਹੈ, ਫੇਰ ਮਹੇੜਵੀ ਉਪਨਾਮ ਲਿਖਣ ਦੀ ਥਾਂ ਰਾਮਪੁਰੀ ਕਿਉਂ ਲਿਖਦੇ ਹੋ?"

ਉਹਨੇ ਝੱਟ ਉੱਤਰ ਦਿੱਤਾ, "ਸਾਡੇ ਵੱਡੇ ਵਡੇਰੇ ਰਾਮਪੁਰ ਲੱਲੀਆਂ ਤੋਂ ਆ ਕੇ ਮਹੇੜੂ ਵਿਚ ਵਸੇ ਸੀ, ਇਸ ਲਈ ਮੈਂ ਰਾਮਪੁਰੀ ਲਿਖਦਾਂ"। ਮੈਂ ਮੁਸਕਰਾ ਕੇ ਕਿਹਾ, "ਅੱਛਾ! ਤਾਂ ਇਹ ਗੱਲ ਹੈ ਰਾਮਪੁਰੀ ਜੀ! ਉਂਝ ਜੇ ਤੁਸੀਂ ਆਪਣੇ ਨਾਉਂ ਨਾਲ ਆਪਣਾ ਗੋਤ ਲੱਲੀ ਲਿਖ ਲਿਆ ਕਰੋਂ ਤਾਂ ਵੀ ਮਾੜਾ ਨਹੀਂ"।

ਕੋਲੋਂ ਮਹਿੰਦਰ ਚਮਕ ਨੇ ਕਿਹਾ, "ਇਹ ਲੱਲੀ ਇਸ ਲਈ ਨਹੀਂ ਲਿਖਦਾ ਕਿ ਲੱਲੀ ਦਾ ਅੰਗਰੇਜ਼ੀ ਵਿਚ ਕੁਝ ਹੋਰ ਹੀ ਬਣ ਜਾਂਦਾ ਹੈ। ਉਹਦੀ ਗੱਲ ਸੁਣ ਕੇ ਸਾਰੇ ਹੱਸ ਹੱਸ ਦੂਹਰੇ ਹੋ ਗਏ।

ਇਸ ਤੋਂ ਪਿੱਛੋਂ ਸ਼ੰਕਰ ਨੇ ਕਿਹਾ, “ਮੈਂ ਸ਼ੰਕਰ ਆਂ। ਜੋਸ਼ੀਲਾ ਉੱਪਨਾਮ ਵਰਤਦਾ ਹਾਂ। ਪਿੰਡ ਮੇਰਾ ਪਠਲਾਵਾ ਹੈ”, ਫੇਰ ਨਾਲ ਹੀ ਇਹ ਵੀ ਦੱਸ ਦਿੱਤਾ, “ਮੈਂ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦਾ ਮੈਂਬਰ ਹਾਂ”।

ਆਪਣੀ ਜਾਣ ਪਛਾਣ ਕਰਾਉਣ ਲਈ ਮੈਂ ਇੰਨਾ ਹੀ ਕਿਹਾ, “ਮੇਰਾ ਨਾਉਂ ਹਰਬਖਸ਼ ਹੈ। ਕਵਿਤਾ ਕਿਤੇ ਕਿਤੇ ਲਿਖ ਲੈਂਦਾ ਹਾਂ। ਹੋਰ ਸਭ ਕੁੱਝ ਤੁਹਾਨੂੰ ਹੌਲੀ ਹੌਲੀ ਪਤਾ ਲੱਗ ਹੀ ਜਾਵੇਗਾ।"

ਮਹਿੰਦਰ ਸਿੰਘ ਨੇ ਆਪਣੇ ਬਾਰੇ ਦੱਸਿਆ, “ਮੈਂ ਚਮਕ ਉਪਨਾਮ ਵਰਤਦਾ ਹਾਂ, ਉਂਝ ਮੇਰਾ ਗੋਤ ਭੱਠਲ ਹੈ, ਹਾਸ-ਰਸ ਵਾਲੀ ਤੁੱਕਬੰਦੀ ਕਰ ਲੈਂਦਾ ਹਾਂ”।

ਮੈਂ ਹੱਸ ਕੇ ਕਿਹਾ, “ਤਾਂ ਫੇਰ ਤੇਰੇ ਵਿਚ ਦੋ ਕਮਿਊਨਿਸਟ ਲੀਡਰ ਇਕੱਠੇ ਹੋ ਗਏ ਹਨ, ਹਰਦਿੱਤ ਸਿੰਘ ਭੱਠਲ ਤੇ ਹਰਨਾਮ ਸਿੰਘ ਚਮਕ”।

ਆਖਰ ਵਿਚ ਸਾਹਿਤ ਸਭਾ ਬਣਾਉਣ ਬਾਰੇ ਵਿਚਾਰ ਵਟਾਂਦਰਾ ਹੋਇਆ। ਸਾਹਿਤ ਸਭਾਵਾਂ ਬਾਰੇ ਮੇਰਾ ਤਜਰਬਾ ਕੁਝ ਚੰਗਾ ਨਹੀਂ ਸੀ। ਮੈਂ ਕਹਿ ਦਿੱਤਾ, “ਸਾਹਿਤ ਸਭਾ ਤਾਂ ਬਣਾ ਲਵਾਂਗੇ ਪਰ ਸਾਹਿਤਕਾਰ ਕਿੱਥੋਂ ਲਿਆਵਾਂਗੇ? ਹਾਲ ਦੀ ਘੜੀ ਇੰਝ ਹੀ ਮਹੀਨੇ ਵਿਚ ਇੱਕ ਵਾਰ ਇੱਕਠੇ ਹੁੰਦੇ ਰਹੀਏ, ਫੇਰ ਦੇਖ ਲਵਾਂਗੇ ਕਿੰਨੇ ਕੁ ਸਾਹਿਤਕਾਰ ਮਿਲਦੇ ਹਨ? ਫੇਰ ਸਭਾ ਵੀ ਬਣਾ ਲਵਾਂਗੇ”। ਸਾਰੇ ਮੇਰੇ ਨਾਲ ਸਹਿਮਤ ਹੋ ਗਏ।

ਮੀਟਿੰਗਾਂ ਵੀ ਹੋਣ ਲੱਗ ਪਈਆਂ ਤੇ ਹੌਲੀ ਹੌਲੀ ਸਾਡੀਆਂ ਮੀਟੰਗਾਂ ਵਿਚ ਕੁਝ ਬੰਦੇ ਹੋਰ ਵੀ ਆਉਣ ਲੱਗ ਪਏ, ਇਨ੍ਹਾਂ ਵਿਚੋਂ ਇੱਕ ਸੀ ਸੋਹਣ ਪੁਰੇਵਾਲ ਤੇ ਦੂਜਾ ਸੀ ਉਹਦਾ ਛੋਟਾ ਭਰਾ ਭੁਪਿੰਦਰ ਪੁਰੇਵਾਲ। ਸੋਹਣ ਤਾਂ ਤੁਕਬੰਦੀ ਹੀ ਕਰਦਾ ਸੀ। ਉਹ ਕਵੀ ਨਾਲੋਂ ਕਮਿਊਨਿਸਟ ਹੋਣ ਵਿਚ ਵਧੇਰੇ ਫਖਰ ਮਹਿਸੂਸ ਕਰਦਾ ਸੀ। ਭੁਪਿੰਦਰ ਪੁਰੇਵਾਲ ਹਾਲੀਂ ਅਲੂਆਂ ਮੁੰਡਾ ਸੀ ਤੇ ਉਮਰ ਵਿਚ ਸਾਡੇ ਸਾਰਿਆਂ ਨਲੋਂ ਛੋਟਾ ਸੀ।

ਉਤਸਾਹਤ ਤਾਂ ਮੈਂ ਬਹੁਤਾ ਨਹੀਂ ਸਾਂ, ਪਰ ਇੱਕ ਦੋ ਬੰਦਿਆਂ ਦੇ ਜ਼ੋਰ ਦੇਣ 'ਤੇ ਥੋੜੇ ਚਿਰ ਪਿਛੋਂ ਹੀ ਪੰਜਾਬੀ ਸਾਹਿਤ ਸਭਾ ਡਰਬੀ ਦੀ ਸਥਾਪਨਾ ਕਰਨ ਲਈ ਸਹਿਮਤ ਹੋ ਗਿਆ। ਕਈ ਹੋਰ ਬੰਦੇ ਸਭਾ ਵਿਚ ਆਏ ਵੀ ਤੇ ਗਏ ਵੀ। ਜਿੰਨ੍ਹਾਂ ਨੂੰ ਇਹ ਖੁਸ਼ਫਹਿਮੀ ਸੀ ਕਿ ਉਹ ਸਭਾ ਵਿਚ ਆਪਣੀਆਂ ਬੇਤੁਕੀਆਂ ਸੁਣਾ ਕੇ ਸਿਰਮੌਰ ਕਵੀਆਂ ਵਿਚ ਗਿਣੇ ਜਾਣ ਲੱਗ ਪੈਣਗੇ, ਉਹ ਮੇਰੀ ਅਲੋਚਨਾ ਤੋਂ ਇੰਨੇ ਘਬਰਾਏ ਕਿ ਮੂੰਹ ਦਿਖਾਲਣੋ ਤੋਂ ਵੀ ਗਏ।

ਇੱਕ ਬੰਦਾ ਦੋ ਕੁ ਮੀਟਿੰਗਾਂ ਵਿਚ ਆਇਆ ਤੇ ਆਪਣੇ ਆਪ ਹੀ ਆਪਣੀਆਂ ਸਿਫਤਾਂ ਦੇ ਪੁਲ ਬੰਨ੍ਹਦਾ ਰਿਹਾ ਤੇ ਕਹਿੰਦਾ ਰਿਹਾ ਕਿ ਉਹ ਅੰਗਰੇਜ਼ੀ ਵਿਚ ਵੀ ਕਵਿਤਾ ਲਿਖਦਾ ਹੈ ਤੇ ਉਹਦੀਆਂ ਕਵਿਤਾਵਾਂ ਤਾਂ ਅੰਗਰੇਜ਼ੀ ਕਾਵਿ ਸੰਗ੍ਰਹਿਆਂ ਵਿਚ ਵੀ ਛਪ ਚੁੱਕੀਆਂ ਹਨ। ਜਦੋਂ ਉਹਨੂੰ ਕਵਿਤਾ ਸੁਣਾਉਣ ਲਈ ਕਿਹਾ, ਤਾਂ ਉਹਨੇ ਸਾਹਿਰ ਲੁਧਿਆਨਵੀ ਦੀ ਇੱਕ ਉਰਦੂ ਕਵਿਤਾ ਦਾ ਚਰਬਾ ਆਪਣੀ ਨਵੀਂ ਲਿਖੀ ਕਵਿਤਾ ਕਹਿ ਕੇ ਸੁਣਾ ਦਿੱਤਾ। ਜਦੋਂ ਉਹਦੀ ਕਵਿਤਾ ਬਾਰੇ ਕੁਝ ਕਹਿਣ ਦੀ ਮੇਰੀ ਵਾਰੀ ਆਈ ਤਾਂ ਮੈਂ ਕਿਹਾ, "ਕਵਿਤਾ ਬਹੁਤ ਸੁਹਣੀ ਹੈ, ਸਾਹਿਰ ਲੁਧਿਆਣਵੀ ਦੀ ਕਵਿਤਾ ਨੂੰ ਵੀ ਮਾਤ ਪਾਉਂਦੀ ਹੈ"। ਮੇਰਾ ਵਿਅੰਗ ਹੋਰਨਾਂ ਦੇ ਸਿਰਾਂ ਉੱਤੋਂ ਲੰਘ ਗਿਆ, ਪਰ ਉਹ ਜ਼ਰੂਰ ਸਮਝ ਗਿਆ। ਉਹ ਮੁੜ ਕੇ ਕਦੀਂ ਵੀ ਸਾਡੀ ਮੀਟਿੰਗ ਵਿਚ ਨਾ ਆਇਆ। ਇਹੋ ਜਿਹੇ ਦੋ ਬੰਦੇ ਹੋਰ ਵੀ ਆਏ ਸਨ ਜਿਨ੍ਹਾਂ ਨੇ ਮੁੜ ਕੇ ਕਦੀਂ ਮੂੰਹ ਦਿਖਾਉਣ ਦਾ ਯਤਨ ਵੀ ਨਾ ਕੀਤਾ।

ਸਾਹਿਤ ਸਭਾ ਬਣਾਉਣ ਲਈ ਮੈਂ ਇਸ ਕਰਕੇ ਵੀ ਸਹਿਮਤ ਹੋ ਗਿਆ ਸਾਂ ਕਿ ਇੱਕ ਤਾਂ ਇੰਝ ਕੁਝ ਸਾਹਿਤਕ ਸ਼ੌਕ ਰੱਖਣ ਵਾਲੇ ਬੰਦਿਆਂ ਨਾਲ ਬੈਠਣ ਉੱਠਣ ਹੋ ਜਾਵੇਗਾ ਤੇ ਦੂਜਾ ਜੇ ਕੋਈ ਸੱਚ ਮੁੱਚ ਸਾਹਿਤ ਸਿਰਜਣਾ ਦੀ ਪ੍ਰਤਿਭਾ ਰੱਖਣ ਵਾਲਾ ਬੰਦਾ ਮਿਲ ਗਿਆ ਤਾਂ ਉਹਦੀ ਸੰਗਤ ਨਾਲ ਮੈਨੂੰ ਵੀ ਲਿਖਣ ਲਈ ਕੁਝ ਹੁਲਾਰਾ ਮਿਲੇਗਾ ਤੇ ਉਹਨੂੰ ਵੀ। ਪਰ ਜਿਹੋ ਜਿਹੇ ਬੰਦੇ

ਸਭਾ ਵਿਚ ਆ ਰਹੇ ਸਨ, ਉਨ੍ਹਾਂ ਵਿਚੋਂ ਅਜਿਹੇ ਬੰਦੇ ਦੀ ਭਾਲ ਅਸੰਭਵ ਜਿਹੀ ਜਾਪਦੀ ਸੀ। ਇੱਕੋ ਇੱਕ ਭੁਪਿੰਦਰ ਪੁਰੇਵਾਲ ਹੀ ਅਜਿਹਾ ਲੱਗਿਆ ਜਿਸ ਵਿਚ ਮੈਨੂੰ ਕਾਵਿਕ ਪ੍ਰਤਿਭਾ ਦਿਸੀ।

ਇਹ ਸਭਾ ਬਹੁਤਾ ਚਿਰ ਚੱਲ ਨਾ ਸਕੀ। ਇਸ ਸਭਾ ਦਾ ਸਕੱਤਰ ਅਜਿਹੇ ਬੰਦੇ ਨੂੰ ਬਣਾਉਣ ਦੀ ਗਲਤੀ ਕਰ ਬੈਠੇ ਜਿਹੜਾ ਮੇਰੀ ਅਲੋਚਨਾ ਤੋਂ ਕੁਝ ਵਧੇਰੇ ਹੀ ਤ੍ਰਹਿੰਦਾ ਸੀ। ਉਹ ਜਦ ਵੀ ਮੀਟਿੰਗ ਰੱਖਦਾ ਤਾਂ ਮੈਨੂੰ ਇਤਲਾਹ ਵੀ ਨਾ ਦਿੰਦਾ। ਇੰਝ ਹੀ ਉਹ ਭੁਪਿੰਦਰ ਪੁਰੇਵਾਲ ਨੂੰ ਸੱਦਣੋਂ ਹਟ ਗਿਆ। ਜਦ ਉਹਨੂੰ ਪੁੱਛਿਆ ਤਾਂ ਉਹ ਘੇਸਲ ਹੀ ਵੱਟ ਗਿਆ ਤੇ ਸਾਲ ਭਰ ਉਹਨੇ ਕੋਈ ਮਿਟਿੰਗ ਹੀ ਨਾ ਸੱਦੀ। ਇੰਝ ਛੇਤੀ ਹੀ ਇਸ ਸਾਹਿਤ ਸਭਾ ਦਾ ਭੋਗ ਪੈ ਗਿਆ।

ਭੁਪਿੰਦਰ ਪੁਰੇਵਾਲ ਨਵਾਂ ਨਵਾਂ ਕਵਿਤਾ ਲਿਖਣ ਲੱਗਾ ਸੀ। ਉਹ ਆਪ ਕਮਿਊਨਿਸਟ ਪਰਵਾਰ ਵਿਚ ਜੰਮਿਆ ਪਲਿਆ ਸੀ। ਪਰ ਕਮਿਊਨਿਸਟ ਕਹਾਉਣ ਵਾਲੇ ਕਵੀਆਂ ਦੇ ਬੇਥਵੇ ਪਾਰਟੀ ਪਰਚਾਰ ਵਾਲੀਆਂ ਕਵਿਤਾਵਾਂ ਨੂੰ ਬਿਲਕੁਲ ਪਸੰਦ ਨਹੀਂ ਕਰਦਾ ਸੀ। ਉਹਦੀ ਪਹਿਲੀ ਲਿਖੀ ਕਵਿਤਾ ਸੁਣ ਕੇ ਹੀ ਮੈਨੂੰ ਉਹਦੀ ਪ੍ਰਤਿਭਾ ਦੀ ਪਛਾਣ ਹੋ ਗਈ। ਉਹ ਲੱਗ ਪਗ ਹਰ ਰੋਜ਼ ਮੈਨੂੰ ਮਿਲਣ ਆ ਜਾਂਦਾ ਤੇ ਆਪਣੀ ਨਵੀਂ ਕਵਿਤਾ ਸੁਣਾ ਕੇ ਸੋਧ ਸੁਧਾਈ ਲਈ ਸਲਾਹ ਵੀ ਲੈ ਲੈਂਦਾ।

ਉਹਦੇ ਜ਼ੋਰ ਦੇਣ 'ਤੇ ਹੀ ਮੈਂ ਨਵੀਂ ਸਾਹਿਤ ਸਭਾ ਬਣਾਉਣ ਲਈ ਸਹਿਮਤ ਹੋ ਗਿਆ। ਇਸ ਤਰ੍ਹਾਂ 'ਪ੍ਰਗਤੀਸ਼ੀਲ ਲੇਖਕ ਸਭਾ ਡਰਬੀ' 'ਹੋਂਦ ਵਿਚ ਆ ਗਈ। ਛੇਤੀ ਹੀ ਸ਼ੰਕਰ ਜੋਸ਼ੀਲਾ, ਓਮ ਪ੍ਰਕਾਸ਼ ਜੋਸ਼ ਤੇ ਮਹਿੰਦਰ ਸਿੰਘ ਚਮਕ ਵੀ ਇਸ ਨਵੀਂ ਬਣੀ ਸਭਾ ਦੇ ਮੈਂਬਰ ਬਣ ਗਏ। ਉਸ ਵੇਲੇ ਤੱਕ ਪ੍ਰਗਤੀਸ਼ੀਲ ਲੇਖਕ ਸਭਾ ਗ੍ਰੇਟ ਬ੍ਰਿਟਨ ਵੀ ਹੋਂਦ ਵਿਚ ਆ ਚੁੱਕੀ ਸੀ। ਸਾਡੀ

ਇਹ ਸਭਾ ਨਿਰੰਜਨ ਸਿੰਘ ਨੂਰ ਹੁਰਾਂ ਵਾਲੀ ਸਭਾ ਦੀ ਬ੍ਰਾਚ ਨਹੀਂ ਸੀ। ਅਸੀਂ ਆਪਣੀ ਸਭਾ ਦੇ ਨਾਉਂ ਨਾਲ 'ਪ੍ਰਗਤੀਸ਼ੀਲ' ਵਿਸ਼ੇਸ਼ਣ ਕੇਵਲ ਇਸ ਲਈ ਜੋੜਿਆ ਸੀ ਕਿ ਇੰਝ ਕਰ ਕੇ ਸ਼ਾਇਦ ਉਸ ਸਭਾ ਨਾਲ ਮੇਲ ਜੋਲ ਵਧਾਇਆ ਜਾ ਸਕੇ।

ਉਸ ਵੇਲੇ ਨੂਰ ਤੇ ਉਹਦੇ ਸਾਥੀ ਸਾਨੂੰ ਆਪਣੀ ਸਭਾ ਤੋਂ ਦੂਰ ਹੀ ਰੱਖਣਾ ਚਾਹੁੰਦੇ ਸਨ। ਪਿੱਛੋਂ ਜਾ ਕੇ ਕੁਝ ਸੁਹਿਰਦ ਬੰਦਿਆਂ ਦੇ ਯਤਨ ਨਾਲ ਉਨ੍ਹਾਂ ਨੇ ਸਾਨੂੰ ਬ੍ਰਾਂਚ ਦੇ ਤੌਰ ਤੇ ਸਵੀਕਾਰ ਤਾਂ ਕਰ ਲਿਆ ਪਰ ਕਾੜ੍ਹ ਨਾ ਮਿਲਣ ਕਰਕੇ ਅਸੀਂ ਛੇ ਕੁ ਮਹੀਨਿਆਂ ਪਿੱਛੋਂ ਹੀ ਆਜ਼ਾਦ ਹੋ ਗਏ । ਸਾਡੀ ਇਹ ਸਭਾ ੧੯੭੪ ਤੋਂ ਲੈ ਕੇ ਹੁਣ ਤੱਕ ਕਾਇਮ ਹੈ। ਸਭਾ ਨੇ ਅਨੇਕਾਂ ਵਾਰਸ਼ਕ ਸਮਾਗਮ ਕੀਤੇ। ਇਨ੍ਹਾਂ ਸਮਾਗਮਾਂ ਵਿਚ ਬਰਤਾਨੀਆ ਭਰ ਦੇ ਪੰਜਾਬੀ ਲੇਖਕ ਹਿੱਸਾ ਲੈਂਦੇ ਸਨ। ਇਸ ਸਭਾ ਸਮਾਗਮਾਂ ਵਿਚ ਭਾਰਤ ਤੋਂ ਆਏ ਅਨੇਕਾਂ ਲੇਖਕ ਤੇ ਵਿਦਵਾਨ ਵੀ ਸ਼ਾਮਿਲ ਹੁੰਦੇ ਰਹੇ ਤੇ ਬਹੁਤ ਹੀ ਸਾਰਥਕ ਮਸਲਿਆਂ ‘ਤੇ ਪਰਚੇ ਪੜ੍ਹੇ ਜਾਂਦੇ ਰਹੇ।

ਲੇਖਕਾਂ ਦੀ ਸਭਾ ਦਾ ਮੁੱਖ ਕੰਮ ਵਾਰਸ਼ਿਕ ਸਮਾਗਮ ਕਰਨਾ ਨਹੀਂ ਹੁੰਦਾ, ਸਗੋਂ ਸਾਹਿਤ ਸਿਰਜਣਾ ਵਿਚ ਸਹਾਈ ਹੋਣਾ ਹੁੰਦਾ ਹੈ। ਇਹ ਸਭਾ ਦੋ ਅਜਿਹੇ  ਪ੍ਰਿਤਭਾਸ਼ੀਲ ਕਵੀ ਪੈਦਾ ਕਰਨ ਵਿਚ ਸਹਾਈ ਤੇ ਸਫਲ ਹੋ ਗਈ, ਜਿਨ੍ਹਾਂ ਦੀ ਕਲਮ ਦੇ ਜ਼ੋਰ ਨੂੰ ਛੇਤੀ ਹੀ ਪੰਜਾਬ ਵਿਚ ਵੀ ਮੰਨਿਆ ਜਾਣ ਲੱਗ ਪਿਆ। ਭੁਪਿੰਦਰ ਪੁਰੇਵਾਲ ਨੇ ਤਾਂ ਪਹਿਲੀ ਕਵਿਤਾ ਲਿਖੀ ਹੀ ਮੇਰੇ ਨਾਲ ਸੰਪਰਕ ਵਿਚ ਆਉਣ ਤੋਂ ਪਿੱਛੋਂ ਹੀ ਸੀ। ਇਸ ਸਭਾ ਦਾ ਮੈਂਬਰ ਬਣਨ ਪਿੱਛੋਂ ਛੇਤੀ ਹੀ ਉਹ ਆਧੁਨਿਕ ਪ੍ਰਗਤੀਸ਼ੀਲ ਕਵੀ ਦੇ ਤੌਰ ‘ਤੇ ਪ੍ਰਸਿਧ ਹੋ ਗਿਆ। ਉਹਦੇ ਦੋ ਕਾਵਿ ਸੰਗ੍ਰਿਹ ‘ਮਿੱਟੀ ਦਾ ਰੰਗ’ ਤੇ ‘ਬੰਸਰੀ’ ਪ੍ਰਕਾਸ਼ਤ ਹੋ ਚੁੱਕੇ ਹਨ। ਪੰਜਾਬੀ ਸਾਹਿਤ ਅਤੇ ਭਾਸ਼ਾ ਦੀ ਬਦਕਿਸਮਤੀ ਹੀ ਸਮਝੋ ਕਿ ਇਹੋ ਜਿਹਾ ਪ੍ਰਿਤਭਾਸ਼ੀਲ ਕਵੀ ੨੦੦੯ ਦੇ ਅਪ੍ਰੈਲ ਮਹੀਨੇ ਵਿਚ ਇਸ ਸੰਸਾਰ ਨੂੰ ਸਦਾ

ਲਈ ਅਲਵਿਦਾ ਕਹਿ ਗਿਆ। ਜਸਵਿੰਦਰ ਮਾਨ ਇਸ ਸਭਾ ਦਾ ਸਭ ਤੋਂ ਛੋਟੀ ਉਮਰ ਦਾ ਮੈਂਬਰ ਹੈ ਪਰ ਉਹਨੇ ਛੇਤੀ ਹੀ 'ਤੁਪਕਾ ਤੁਪਕਾ ਸਾਗਰ' ਵਰਗੀ ਲੰਮੀ ਕਵਿਤਾ ਲਿਖ ਕੇ ਆਪਣੀ ਪ੍ਰਤਿਭਾ ਦਾ ਲੋਹਾ ਮੰਨਵਾ ਲਿਆ। ਉਹਦੇ ਦੋ ਕਾਵਿ ਸੰਗ੍ਰਹਿ 'ਤੁਪਕਾ ਤੁਪਕਾ ਸਾਗਰ" ਅਤੇ 'ਰੁੱਖ ਤੇ ਰਸਤਾ' ਪ੍ਰਕਾਸ਼ਤ ਹੋ ਚੁੱਕੇ ਹਨ।

ਇਹ ਸਤਰਾਂ ਲਿਖਦੇ ਸਮੇਂ ਇਸ ਸਭਾ ਨੂੰ ਹਰਮਿੰਦਰ ਬਣਵੈਤ ਵਰਗਾ ਸੁਹਿਰਦ ਮਿਠਬੋਲੜਾ ਸੂਝਵਾਨ ਕਵੀ ਪ੍ਰਧਾਨ ਦੇ ਤੌਰ 'ਤੇ ਅਤੇ ਜਸਵਿੰਦਰ ਮਾਨ ਜਨਰਲ ਸਕੱਤਰ ਤੌਰ 'ਤੇ ਕੁਸ਼ਲਤਾ ਤੇ ਸਿਆਣਪ ਨਾਲ ਚਲਾ ਰਹੇ ਹਨ।

ਮੈਂ ਮਨ ਦੀ ਉਦਾਸੀ ਦੂਰ ਕਰਨ ਲਈ ਇਸ ਪਾਸੇ ਵਲ ਤੁਰਿਆ ਸਾਂ ਆਪਣੇ ਵਰਗਿਆਂ ਦੀ ਭਾਲ ਵਿਚ। ਇੰਝ ਕੁਝ ਸਮੇਂ ਲਈ ਤਾਂ ਮਨ ਨੂੰ ਚੜ੍ਹਦੀ ਕਲਾ ਵਿਚ ਰੱਖਿਆ ਜਾ ਸਕਦਾ ਸੀ ਪਰ ਆਪਣੀ ਆਰਥਕ ਦਸ਼ਾ ਸੁਧਾਰਨ ਤੋਂ ਬਿਨਾ ਇਸ ਤੋਂ ਛੁਟਕਾਰਾ ਤਾਂ ਪ੍ਰਾਪਤ ਨਹੀਂ ਕੀਤਾ ਜਾ ਸਕਦਾ ਸੀ। ਇਸ ਲਈ ਜੋ ਕੁਝ ਕਰਨਾ ਪਿਆ ਉਹ ਵੀ ਦੱਸਾਂਗਾ ਪਰ ਇਸ ਤੋਂ ਪਹਿਲਾਂ ਕੁਝ ਹੋਰ ਗੱਲਾਂ ਵੀ ਤੁਹਾਡੇ ਨਾਲ ਸਾਂਝੀਆਂ ਕਰਨ ਵਾਲੀਆਂ ਹਨ। ਉਹ ਪਹਿਲਾਂ ਕਰ ਲਵਾਂ।

## *12.*

# *ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਡਰਬੀ ਫੇਰੀ*

ਚੜ੍ਹਦੀ ਜਵਾਨੀ ਦੇ ਸਾਲਾਂ ਵਿਚ ਮੇਰੇ ਉੱਤੇ ਸਰਦਾਰ ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਲਿਖਤ, ਉਨ੍ਹਾਂ ਦੀ ਪ੍ਰੀਤਲੜੀ ਤੇ ਪ੍ਰੀਤ ਫਲਸਫੇ ਦਾ ਚੋਖਾ ਪ੍ਰਭਾਵ ਰਿਹਾ ਸੀ। ਮੇਰੀ ਸਦਾ ਰੀਝ ਰਹੀ ਸੀ ਕਿ ਕਦੀਂ ਉਨ੍ਹਾਂ ਦੇ ਦਰਸ਼ਨ ਕਰ ਸਕਾਂ ਤੇ ਉਨ੍ਹਾਂ ਦੇ ਵਿਚਾਰ ਸੁਣ ਸਕਾਂ। ਪੰਜਾਬ ਰਹਿੰਦਿਆਂ ਮੈਂ ਕੇਵਲ ਦੋ ਵੇਰ ਹੀ ਉਨ੍ਹਾਂ ਨੂੰ ਦੂਰੋਂ ਦੇਖਣ ਦੀ ਖੁਸ਼ੀ ਪ੍ਰਾਪਤ ਕਰ ਸਕਿਆ ਸਾਂ। ਕੋਲ ਬੈਠ ਕੇ ਉਨ੍ਹਾਂ ਦੇ ਵਿਚਾਰ ਸੁਣਨ ਦਾ ਮੌਕਾ ਇੱਥੇ ਡਰਬੀ ਰਹਿੰਦਿਆਂ ਹੀ ਪ੍ਰਾਪਤ ਹੋ ਸਕਿਆ। ਇਹ ਗੱਲ ੧੯੬੮/੬੯ ਦੀ ਹੈ। ਗੁਰਬਖਸ਼ ਸਿਘ ਪ੍ਰੀਤਲੜੀ ਇੰਗਲੈਂਡ ਫੇਰੀ 'ਤੇ ਆਏ ਹੋਏ ਸਨ। ਉਨ੍ਹਾਂ ਦੇ ਕਿਸੇ ਸ਼ਰਧਾਲੂ ਦੇ ਮੁੰਡੇ ਦਾ ਵਿਆਹ ਸੀ। ਉਹਨੇ ਜੰਞ ਲੈ ਕੇ ਡਰਬੀ ਆਉਣਾ ਸੀ। ਸਰਦਾਰ ਗੁਰਬਖਸ਼ ਸਿੰਘ ਨੂੰ ਵੀ ਉਹਨੇ ਵਿਆਹ ਵਿਚ ਸ਼ਾਮਿਲ ਹੋਣ ਲਈ ਬੇਨਤੀ ਕੀਤੀ ਹੋਈ ਸੀ।

ਅਜੀਤ ਦੁਸਾਂਝ ਪ੍ਰੀਤ ਪਾਠਕ ਰਿਹਾ ਸੀ ਤੇ ਕਿਸੇ ਇੱਕ ਫੇਰੀ ਦੇ ਸਮੇਂ ਉਹ ਸਰਦਾਰ ਗੁਰਬਖਸ਼ ਸਿੰਘ ਦੇ ਪੁੱਤਰ ਹਿਰਦੇਪਾਲ ਸਿੰਘ ਦੀ ਆਪਣੇ ਘਰ ਵਿਚ ਪ੍ਰਾਹੁਣਚਾਰੀ ਵੀ ਕਰ ਚੁੱਕਾ ਸੀ। ਇਸ ਲਈ ਵਿਆਹ ਤੋਂ ਦੋ ਕੁ ਦਿਨ ਪਹਿਲਾਂ ਹੀ ਗੁਰਬਖਸ਼ ਸਿੰਘ ਜੀ ਉਹਦੇ ਕੋਲ ਆ ਗਏ। ਉਨ੍ਹਾਂ ਦੀ ਵਡੀ ਧੀ ਉਮਾ ਵੀ ਉਨ੍ਹਾਂ ਦੇ ਨਾਲ ਆਈ ਹੋਈ ਸੀ। ਅਜੀਤ ਦੁਸਾਂਝ ਨੇ ਅਪਣੇ ਕੁਝ ਜਾਣੂਆਂ ਨੂੰ ਗੁਰਬਖਸ਼ ਸਿੰਘ ਦੇ ਆਉਣ ਦੀ ਖਬਰ ਦੇ ਦਿਤੀ। ਦੋ ਕੁ ਬਹੁਤੇ ਹੀ ਉਤਸ਼ਾਹਤ ਬੰਦਿਆਂ ਨੇ ਗੁਰਬਖਸ਼ ਸਿੰਘ ਜੀ ਦੀ ਆਓ ਭਗਤ ਕਰਨ ਲਈ ਤੇ ਉਨ੍ਹਾਂ ਦੇ ਖਿਆਲ ਸੁਣਨ ਲਈ ਮੀਟਿੰਗ ਰੱਖਣ ਦਾ ਐਲਾਨ ਕਰ ਦਿੱਤਾ। ਅਜਿਹਾ ਕਰਦਿਆਂ ਨਾ ਤਾਂ ਉਨ੍ਹਾਂ ਨੇ ਸਰਦਾਰ ਗੁਰਬਖਸ਼ ਸਿੰਘ ਦੇ

ਸੁਭਾ ਦਾ ਖਿਆਲ ਰਖਿਆ ਨਾ ਇਹ ਸੋਚਿਆ ਕਿ ਉਹ ਕਿਹੋ ਜਿਹੀ ਥਾਂ ਤੇ ਜਾਣਾ ਪਸੰਦ ਕਰਦੇ ਹਨ ਜਾਂ ਨਹੀਂ ਕਰਦੇ।

ਉਨ੍ਹਾਂ ਨੇ ਮੀਟਿੰਗ ਰੱਖ ਲਈ ਇੱਕ ਪੱਬ ਵਿਚ, ਇਹ ਸੋਚਿਆ ਹੀ ਨਾ ਕਿ ਉਹ ਉੱਥੇ ਜਾ ਕੇ ਕੀ ਕਰਨਗੇ? ਉਹ ਨਾ ਪੀਂਦੇ ਸਨ ਨਾ ਪੱਬ ਦੇ ਰੌਲੇ ਰੱਪੇ ਵਾਲੇ ਮਾਹੌਲ ਨੂੰ ਪਸੰਦ ਕਰਦੇ ਸਨ। ਉਹਨਾਂ ਨੂੰ ਕਿਸੇ ਦੱਸਿਆ ਵੀ ਨਾ ਕਿ ਉਹ ਕਿਹੋ ਜਹੀ ਥਾਂ 'ਤੇ ਜਾ ਰਹੇ ਸਨ, ਬੱਸ ਉਨ੍ਹਾਂ ਨੂੰ ਕਾਰ ਵਿਚ ਬੈਠਾਇਆ ਤੇ ਲਿਆ ਉਤਾਰਿਆ ਡਰਬੀ ਦੇ ਗਰੇਂਜ ਪੱਬ ਦੇ ਸ਼ੋਰੀਲੇ ਤੇ ਧੂੰਆਧਾਰ ਮਾਹੌਲ ਵਿਚ। ਆ ਹੀ ਗਏ ਸਨ ਤਾਂ ਕੀ ਕਰਦੇ? ਪ੍ਰਾਹੁਣਚਾਰੀ ਕਰਨ ਵਾਲਿਆ ਦਾ ਦਿੱਲ ਤਾਂ ਨਹੀਂ ਦੁਖਾ ਸਕਦੇ ਸਨ, ਜਿੱਥੇ ਉਨ੍ਹਾਂ ਨੇ ਉਨ੍ਹਾਂ ਨੂੰ ਬੈਠਾਇਆ ਚੁੱਪ ਕਰ ਕੇ ਬਹਿ ਗਏ।

ਉਨ੍ਹਾਂ ਦੇ ਖਿਆਲ ਸੁਣਨ ਲਈ ਆਏ ਬਹੁਤੇ ਬੰਦੇ ਖੱਬੇ ਪੱਖੀ ਸੋਚ ਦੇ ਧਾਰਣੀ ਸਨ, ਜਿਨ੍ਹਾਂ ਨੇ ਇਹ ਸਿੱਖਿਆ ਹੀ ਨਹੀਂ ਸੀ ਕਿ ਉਨ੍ਹਾਂ ਦੀ ਆਪਣੀ ਸੋਚ ਨਾਲੋਂ ਵਖਰੀ ਕੋਈ ਹੋਰ ਸੋਚ ਵੀ ਠੀਕ ਹੋ ਸਕਦੀ ਹੈ ਜਾਂ ਆਪਣੇ ਨਾਲੋਂ ਵਖਰੇ ਵਿਚਾਰ ਵੀ ਸ਼ਾਂਤ ਰਹਿ ਕੇ ਸੁਣ ਲੈਣੇ ਚਾਹੀਦੇ ਹਨ। ਉਹ ਤਾਂ ਅਜਿਹੀ ਸਹਿਨਸ਼ੀਲਤਾ ਨੂੰ ਜਮਾਤੀ ਮਿਲਵਰਤਣ ਸਮਝਦੇ ਸਨ। ਉਸ ਵੇਲੇ ਤੱਕ ਸੰਸਾਰ ਕਮਿਊਨਿਸਟ ਲਹਿਰ ਦੋਫਾੜ ਹੋ ਚੁੱਕੀ ਸੀ। ਸੋਵੀਅਤ ਯੂਨੀਅਨ ਵਿਚ ਸਤਾਲਿਨ ਦੇ ਦੌਰ ਦੀ ਤਾਨਾਸ਼ਾਹੀ ਨੂੰ ਨਿੰਦਿਆ ਭੰਡਿਆ ਜਾ ਚੁੱਕਾ ਸੀ। ਸਰਦਾਰ ਗੁਰਬਖਸ਼ ਸਿੰਘ ਆਪਣੇ ਪਰਚੇ ਪ੍ਰੀਤ-ਲੜੀ ਵਿਚ ਸੰਸਾਰ ਵਿਚ ਵਾਪਰਦੀਆਂ ਘਟਨਾਵਾਂ ਬਾਰੇ ਆਪਣੇ ਦ੍ਰਿਸ਼ਟੀਕੋਣ ਅਨੁਸਾਰ ਲਿਖਦੇ ਰਹਿੰਦੇ ਸਨ। ਸੋਵੀਅਤ ਯੂਨੀਅਨ ਵਿਚ ਉਸ ਵੇਲੇ ਵਾਪਰ ਰਹੀਆਂ ਘਟਨਾਵਾਂ ਦੇ ਪ੍ਰਭਾਵ ਥੱਲੇ ਉਹ ਸਤਾਲਿਨ ਨੂੰ ਡਿਕਟੇਟਰ ਲਿਖ ਬੈਠੇ। ਸਰਦਾਰ ਗੁਰਬਖਸ਼ ਸਿੰਘ ਨਾ ਕਦੇ ਕਮਿਊਨਿਸਟ ਰਹੇ ਸਨ ਤੇ ਨਾ ਉਸ ਸਮੇਂ ਸਨ, ਪਰ ਸਾਡੇ ਇਨ੍ਹਾਂ ਖੱਬੇ ਪੱਖੀ ਸੋਚ ਵਾਲਿਆਂ ਦੀ ਨਜ਼ਰ ਵਿਚ ਉਹ ਵੀ ਸੋਧਵਾਦੀ ਹੀ ਸਨ।

ਇਸ ਲਈ ਉਹ ਇੱਕ ਸੋਧਵਾਦੀ ਦਾ ਰਗੜਾ ਕੱਸਣ ਦੇ ਇਸ ਮੌਕੇ ਨੂੰ ਖੁੰਝਣ ਨਹੀਂ ਦੇਣਾ ਚਾਹੁੰਦੇ ਸਨ।

ਬਹੁਤੇ ਸੱਜਣ ਬੀਰ ਦੇ ਗਲਾਸ ਫੜੀ ਬੈਠੇ ਸਨ ਤੇ ਇੱਕ ਦੋਂਹ ਨੇ ਸਿਗਰਟਾਂ ਵੀ ਸੁਲਗਾਈਆਂ ਹੋਈਆਂ ਸਨ। ਇੱਕ ਕਾਮਰੇਡ ਨੇ ਸਰਦਾਰ ਗੁਰਬਖਸ਼ ਸਿੰਘ ਨੂੰ ਬੀਰ ਦੇ ਗਲਾਸ ਦੀ ਸੁਲਾਹ ਵੀ ਮਾਰੀ। ਉਨ੍ਹਾਂ ਨੇ ਨਿਮਰਤਾ ਸਹਿਤ ਹੱਥ ਜੋੜ ਕੇ ਨਾਹ ਕਰ ਦਿਤੀ। ਇੱਕ ਸਿੱਧੜ ਜਿਹਾ ਬੰਦਾ ਜਿਹੜਾ ਆਪਣੇ ਆਪ ਨੂੰ ਲੇਖਕ ਕਹਿਣ/ਦੱਸਣ ਦਾ ਕੁਝ ਵਧੇਰੇ ਹੀ ਸ਼ੌਕੀਨ ਸੀ, ਸਰਦਾਰ ਗੁਬਖਸ਼ ਸਿੰਘ ਨਾਲ ਆਪਣੀ ਨੇੜਤਾ ਜ਼ਾਹਰ ਕਰਨ ਦੇ ਇਸ ਸੁਨਹਿਰੀ ਮੌਕੇ ਨੂੰ ਕਿਵੇਂ ਲੰਘ ਜਾਣ ਦਿੰਦਾ? ਉਹਨੇ ਆਪ ਹੀ ਉੱਠ ਕੇ ਸਰਦਾਰ ਗੁਰਬਖਸ਼ ਸਿੰਘ ਨੂੰ ਬੇਨਤੀ ਕਰ ਦਿੱਤੀ ਕਿ ਉਹ ਸਰੋਤਿਆਂ ਨਾਲ ਆਪਣੇ ਵਿਚਾਰ ਸਾਂਝੇ ਕਰਨ।

ਹਾਲੀਂ ਗੁਰਬਖਸ਼ ਸਿੰਘ ਜੀ ਨੇ ਕੁਝ ਸ਼ਬਦ ਹੀ ਬੋਲੇ ਸਨ ਕਿ ਇੱਕ ਕਾਮਰੇਡ ਨੇ ਬਿਨਾ ਸੋਚੇ ਸਮਝੇ ਉਠ ਕੇ ਸਵਾਲ ਕਰ ਦਿੱਤਾ, "ਤੁਸੀਂ ਕਿਸੇ ਸਮੇਂ ਸਟਾਲਿਨ ਨੂੰ ਅਮਨ ਦਾ ਦੇਵਤਾ ਲਿਖਦੇ ਹੁੰਦੇ ਸੀ, ਹੁਣ ਉਹਨੂੰ ਡਿਕਟੇਟਰ ਲਿਖਦੇ ਹੋ। ਇਹਨੂੰ ਅਸੀਂ ਕੀ ਸਮਝੀਏ"? ਇਸਤੋਂ ਪਹਿਲਾਂ ਕਿ ਗੁਰਬਖਸ਼ ਸਿੰਘ ਜੀ ਕੁਝ ਕਹਿੰਦੇ ਇੱਕ ਹੋਰ ਨੇ ਉਠ ਕੇ ਕਿਹਾ, "ਰੂਸ ਦੇ ਲੀਡਰ ਪਹਿਲਾਂ ਕਹਿੰਦੇ ਹੁੰਦੇ ਸੀ ਕਿ ਉਹ ਉੰਨਾ ਚਿਰ ਚੁੱਪ ਹੋ ਕੇ ਨਹੀਂ ਬੈਠਣਗੇ ਜਿੰਨਾ ਚਿਰ ਸਾਰੀ ਦੁਨੀਆ ਦੇ ਮੁਲਕਾਂ ਵਿਚ ਇਨਕਲਾਬ ਨਹੀਂ ਆ ਜਾਂਦਾ, ਹੁਣ ਕਿਉਂ ਉਹ ਜੁਗਾਲੀ ਪਏ ਹੋਏ ਆ?" ਤੇ ਨਾਲ ਹੀ ਇਹ ਵੀ ਕਹਿ ਗਿਆ, "ਜੇ ਤੁਹਾਨੂੰ ਨਹੀਂ ਪਤਾ ਤਾਂ ਮੈਂ ਦੱਸਾਂਗਾ"।

ਇਨ੍ਹਾਂ ਸਵਾਲਾਂ ਦੇ ਨਾਲ ਹੀ ਹੋਰ ਕਈ ਸੱਜਣ ਆਪੋ ਆਪਣੀਆਂ ਸੁਰਾਂ ਅਲਾਪਣ ਲੱਗ ਪਏ। ਇਸ ਮੱਛੀ ਬਜ਼ਾਰ ਵਿਚ ਸਰਦਾਰ ਗੁਰਬਖਸ਼ ਸਿੰਘ ਜੀ ਵਰਗੇ ਕੋਮਲ ਭਾਵੀ ਬੰਦੇ ਲਈ ਕੁਝ ਕਹਿਣ ਸੁਣਨ ਦੀ ਲੋੜ ਨਹੀਂ ਰਹਿ ਗਈ

ਸੀ। ਉਹ ਘਬਰਾ ਕੇ ਆਪਣੀ ਥਾਂ 'ਤੇ ਬੈਠ ਗਏ ਤੇ ਅਜੀਤ ਦੁਸਾਂਝ ਨੂੰ ਕਿਹਾ, "ਤੁਸੀਂ ਮੈਨੂੰ ਕਿਹੋ ਜਿਹੀ ਥਾਂ ਤੇ ਲੈ ਆਏ? ਹੁਣੇ ਉੱਠੋ ਤੇ ਮੈਨੂੰ ਘਰ ਛੱਡ ਆਵੋ।"

ਜੋ ਕੁਝ ਵਾਪਰ ਰਿਹਾ ਸੀ, ਉਹਨੂੰ ਦੇਖ ਕੇ ਅਜੀਤ ਦੁਸਾਂਝ ਆਪ ਵੀ ਕੁਝ ਮਾਯੂਸ ਹੋ ਗਿਆ ਸੀ। ਉਹ ਸ: ਗੁਰਬਖਸ਼ ਸਿੰਘ ਜੀ ਨੂੰ ਨਾਲ ਲੈ ਕੇ ਆਪਣੇ ਘਰ ਨੂੰ ਤੁਰ ਗਿਆ ਤੇ ਪਿੱਛੋਂ ਸਾਡੇ ਇਹ ਕਾਮਰੇਡ ਇੱਕ ਸੋਧਵਾਦੀ ਨੂੰ ਮੈਦਾਨੋਂ ਕੱਢ ਕੇ ਆਪਣੀ ਜਿਤ ਦੇ ਡੰਕੇ ਵਜਾਉਂਦੇ ਰਹੇ। ਮੈਂ ਆਪਣੀ ਥਾਵੇਂ ਰੋਣਹਾਕਾ ਹੋਇਆ ਬੈਠਾ ਸਾਂ ਕਿ ਮੇਰੀਆਂ ਅੱਖਾਂ ਸਾਹਮਣੇ ਇਨ੍ਹਾਂ ਨੇ ਉਸ ਮਹਾਨ ਵਿਅਕਤੀ ਦੀ ਹੇਠੀ ਕੀਤੀ ਸੀ ਜਿਸ ਲਈ ਮੇਰੇ ਦਿਲ ਵਿਚ ਅਥਾਹ ਸਤਿਕਾਰ ਸੀ। ਕੀ ਇਹ ਲੋਕ ਸਰਦਾਰ ਗੁਰਬਖਸ਼ ਸਿੰਘ ਨੂੰ ਪੂਰਾ ਸਤਿਕਾਰ ਦਿੰਦਿਆਂ ਹੋਇਆਂ ਵੀ ਉਨ੍ਹਾਂ ਨਾਲ ਖਿਆਲਾਂ ਦੇ ਵਰੋਧ ਨੂੰ ਜ਼ਾਹਰ ਨਹੀਂ ਕਰ ਸਕਦੇ ਸਨ? ਕੀ ਆਪਣੇ ਹੀ ਮਾਪਿਆਂ ਨਾਲ ਵੀ ਸਾਡੀ ਖਿਆਲਾਂ ਦੀ ਅਸਹਿਮਤੀ ਨਹੀਂ ਹੁੰਦੀ? ਇਹ ਦਾ ਮਤਲਬ ਇਹ ਤਾਂ ਨਹੀਂ ਹੁੰਦਾ ਕਿ ਅਸੀਂ ਬਾਜ਼ਾਰ ਵਿਚ ਖੜ੍ਹ ਕੇ ਉਨ੍ਹਾਂ ਦੇ ਮਾਣ ਅਤੇ ਸਤਿਕਾਰ ਦਾ ਖਿਆਲ ਕੀਤੇ ਬਿਨਾਂ ਹੀ ਉਨ੍ਹਾਂ ਨਾਲ ਬਦਕਲਾਮੀ ਕਰੀਏ? ਕਦੋਂ ਸਿੱਖਣਗੇ ਇਹ ਆਪਣੇ ਆਪ ਨੂੰ ਕਾਮਰੇਡ ਕਹਿਣ ਕਹਾਉਣ ਵਾਲੇ ਲੋਕ ਕਿ ਇਨ੍ਹਾਂ ਦਾ ਇਹ ਘਟੀਆ ਵਤੀਰਾ ਲੋਕਾਂ ਨੂੰ ਇਨ੍ਹਾਂ ਦੇ ਨੇੜੇ ਲਿਆਉਣ ਦੀ ਥਾਂ ਹੋਰ ਦੂਰ ਕਰਦਾ ਜਾ ਰਿਹਾ ਹੈ?

ਦੂਜੇ ਦਿਨ ਮੈਂ ਆਪ ਅਜੀਤ ਦੁਸਾਂਝ ਦੇ ਘਰ ਜਾ ਕੇ ਸਰਦਾਰ ਗੁਰਬਖਸ਼ ਸਿੰਘ ਜੀ ਤੋਂ ਇਨ੍ਹਾਂ ਕਾਮਰੇਡਾਂ ਦੇ ਵਤੀਰੇ ਲਈ ਮੁਆਫੀ ਮੰਗੀ ਤੇ ਕੁਝ ਚਿਰ ਉਨ੍ਹਾਂ ਕੋਲ ਬੈਠ ਕੇ ਉਨ੍ਹਾਂ ਦੇ ਵਿਚਾਰ ਸੁਣੇ। ਭਾਵੇਂ ਮੈਂ ਆਪ ਵੀ ਸਰਦਾਰ ਗੁਰਬਖਸ਼ ਸਿੰਘ ਦੀ ਸਮਾਜਵਾਦ ਵਲ ਰੁਮਾਂਟਿਕ ਤੇ ਆਦਰਸ਼ਵਾਦੀ ਪਹੁੰਚ ਨਾਲ ਅਸਿਹਮਤ ਸਾਂ ਫੇਰ ਵੀ ਇਹਦਾ ਮਤਲਬ ਇਹ ਨਹੀਂ ਸੀ ਕਿ ਮੈਂ ਉਨ੍ਹਾਂ ਦੀ ਸੁਹਿਰਦਤਾ ਤੇ ਪੰਜਾਬੀ ਜ਼ੁਬਾਨ ਅਤੇ ਸਾਹਿਤ ਦੀ ਉਸਾਰੀ ਵਿਚ

ਪਾਏ ਅਮੁੱਲ ਯੋਗਦਾਨ ਨੂੰ ਭੁੱਲ ਜਾਂਦਾ। ਮੇਰੇ ਦਿੱਲ ਅੰਦਰ ਸਰਦਾਰ ਗੁਰਬਖਸ਼ ਸਿੰਘ ਲਈ ਹੁਣ ਵੀ ਉੰਨਾ ਹੀ ਸਤਿਕਾਰ ਕਾਇਮ ਸੀ ਜਿੰਨਾ ਚੜ੍ਹਦੀ ਜਵਾਨੀ ਦੇ ਦਿਨਾਂ ਵਿਚ ਸੀ।

ਕਈ ਦਿਨ ਤੱਕ ਮੇਰੇ ਦਿਮਾਗ ਵਿਚ ਇਹ ਸੋਚ ਚਲਦੀ ਰਹੀ ਕਿ ਮਾਰਕਸਵਾਦ ਵਰਗੇ ਮਹਾਨ ਫਲਸਫੇ ਨਾਲ ਜੁੜੇ ਹੋਣ ਦੀ ਸੌਂਹ ਖਾਣ ਵਾਲੇ ਇਨ੍ਹਾ ਕਾਮਰੇਡਾਂ ਵਿਚ ਇਹ ਗਲਤ ਰੁਝਾਨ ਕਿਵੇਂ ਪੈਦਾ ਹੋ ਗਏ ਤੇ ਮੈਂ ਇਨ੍ਹਾਂ ਨੂੰ ਦੂਰ ਕਰਨ ਵਿਚ ਕਿਸਤਰ੍ਹਾਂ ਯੋਗਦਾਨ ਪਾ ਸਕਦਾ ਹਾਂ? ਮੈਂ ਤਾਂ ਹੀ ਕੁਝ ਕਰ ਸਕਦਾ ਸਾਂ ਜੇ ਮੈਂ ਆਪ ਇਨ੍ਹਾਂ ਕਾਮਰੇਡਾਂ ਵਿਚ ਵਿਚਰਦਾ ਤੇ ਇਨ੍ਹਾਂ ਨਾਲ ਮੇਲ ਜੋਲ ਪੈਦਾ ਕਰਦਾ। ਇਹ ਵੀ ਇਕ ਕਾਰਨ ਸੀ ਕਿ ਇਸ ਪਿੱਛੋਂ ਮੇਂ ਛੇਤੀ ਹੀ ਭਾਰਤੀ ਮਜ਼ਦੂਰ ਸਭਾ ਦਾ ਮੈਂਬਰ ਬਣ ਗਿਆ।

## *13.*
## *ਨੇੜਿਓਂ ਤੱਕਿਆ*
## *ਜਸਵੰਤ ਸਿੰਘ ਕੰਵਲ*

੧੮ ਕੁ ਸਾਲ ਦੀ ਉਮਰ ਵਿਚ ਨਾਨਕ ਸਿੰਘ ਦੇ ਨਾਵਲਾਂ ਅਤੇ ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਲੇਖਾਂ ਨੇ ਮੇਰੇ ਉੱਤੇ ਜਾਦੂ ਵਰਗਾ ਅਸਰ ਕੀਤਾ

ਸੀ ਤੇ ਮੇਰੇ ਅੰਦਰ ਹਰ ਤਰ੍ਹਾਂ ਦਾ ਸਾਹਿਤ ਪੜ੍ਹਨ ਦੀ ਅਥਾਹ ਭੁੱਖ ਪੈਦਾ ਕਰ ਦਿੱਤੀ ਸੀ। ਮੈਨੂੰ ਨਵੇਂ ਛਪੇ ਨਾਵਲਾਂ ਦੀ ਖਾਸ ਤੌਰ 'ਤੇ ਭਾਲ ਰਹਿੰਦੀ ਸੀ। ਇਸ ਭਾਲ ਵਿਚ ਹੀ ਮੈਨੂੰ ਜਸਵੰਤ ਸਿੰਘ ਕੰਵਲ ਦਾ ਲਿਖਿਆ ਨਾਵਲ **'ਰਾਤ ਬਾਕੀ ਹੈ'** ਪੜ੍ਹਨ ਦਾ ਮੌਕਾ ਮਿਲ ਗਿਆ। ਜਿਹੋ ਜਿਹਾ ਉਸ ਵੇਲ਼ੇ ਮੈਂ ਭਾਵਕ ਕਿਸਮ ਦਾ ਪਾਠਕ ਸਾਂ, ਮੇਰੇ ਲਈ ਕੰਵਲ ਜੀ ਦਾ ਪ੍ਰਸ਼ੰਸਕ ਬਣ ਜਾਣਾ ਅਨੋਖੀ ਗੱਲ ਨਹੀਂ ਸੀ। ਉਹ ਪੰਜਾਬੀ ਨੌਜਵਾਨ ਜਿਨ੍ਹਾਂ ਨੇ ਕਮਿਊਨਿਸਟ ਫਲਸਫੇ ਨੂੰ ਭਾਵਕ ਵਹਿਣ ਵਿਚ ਵਹਿ ਕੇ ਅਪਣਾਇਆ ਸੀ, ਉਨ੍ਹਾਂ ਲਈ ਤਾਂ 'ਰਾਤ ਬਾਕੀ ਹੈ' ਨਾਵਲ ਉਨਾ ਹੀ ਪਿਆਰਾ ਸੀ, ਜਿੰਨੀ ਈਸਾਈਆਂ ਲਈ ਬਾਈਬਲ। ਭਾਵਕਤਾ ਦੇ ਵਹਿਣ ਵਿਚ ਵਹਿ ਕੇ ਕਿਸੇ ਵੀ ਲਹਿਰ ਨਾਲ ਜੁੜੇ ਨੌਜਵਾਨ ਸਦਾ ਇੰਞ ਹੀ ਪ੍ਰਭਾਵਤ ਹੁੰਦੇ ਹਨ। ਨਕਸਲਵਾਦੀ ਲਹਿਰ ਤੋਂ ਪ੍ਰਭਾਵਤ ਨੌਜਵਾਨਾਂ ਨੇ ਵੀ ਕੰਵਲ ਜੀ ਦੇ ਨਾਵਲ **'ਲਹੂ ਦੀ ਲੋਅ'** ਨੂੰ ਇੰਞ ਹੀ ਅਪਣਾਇਆ ਸੀ ਤੇ ਪਿੱਛੋਂ ਜਾ ਕੇ ਉਨ੍ਹਾਂ ਦੀਆਂ ਕੁਝ ਲਿਖਤਾਂ ਨੂੰ ਭਾਵਤਾ ਵਿਚ 'ਰੁੜ੍ਹੇ ਖਾਲਸਤਾਨ ਦੇ ਹਾਮੀ ਨੌਜਵਾਨ ਵੀ ਇੰਞ ਹੀ ਛਾਤੀ ਨਾਲ ਲਾਈ ਫਿਰਦੇ ਸਨ।

'ਰਾਤ ਬਾਕੀ ਹੈ' ਪੜ੍ਹਨ ਪਿੱਛੋਂ ਮੈਂ ਕੰਵਲ ਜੀ ਦੇ ਨਾਵਲ ਲੱਭ ਲੱਭ ਕੇ ਪੜ੍ਹਦਾ ਰਿਹਾ। ਜਦੋਂ ਮੈਂ ਪੰਜਾਬੀ ਦੀ ਐਮ.ਏ. ਕਰਨ ਵੇਲੇ ਸਾਹਿਤ ਸਮੀਖਿਆ ਦੇ ਮਾਪਦੰਡਾਂ ਤੋਂ ਜਾਣੂ ਹੋ ਗਿਆ ਤੇ ਆਪ ਵੀ ਨਵੇਂ ਪੁਰਾਣੇ ਸਾਹਿਤ ਦੀ ਸਮੀਖਿਆ ਵਲ ਰੁੱਚਤ ਹੋ ਗਿਆ, ਉਸ ਵੇਲੇ ਹੀ ਮੈਨੂੰ ਕੰਵਲ ਜੀ ਦੇ ਸਾਹਿਤ ਨੂੰ ਨੀਝ ਨਾਲ ਜਾਣਨ/ਸਮਝਣ ਦਾ ਮੌਕਾ ਮਿਲਿਆ। ਕੱਚੀ ਉਮਰ ਵਿਚ ਜਿਹੜੇ ਨੁਕਸ ਮੈਂ ਕੰਵਲ ਜੀ ਦੇ ਨਾਵਲਾਂ ਵਿਚ ਕਦੀਂ ਨੋਟ ਹੀ ਨਹੀਂ ਕੀਤੇ ਸਨ, ਉਹ ਹੁਣ ਦਿਸਣ ਲੱਗ ਪਏ ਸਨ। ਫੇਰ ਵੀ ਮੈਂ ਕੁਝ ਹੋਰ ਕਾਰਣਾਂ ਕਰਕੇ ਕੰਵਲ ਜੀ ਤੋਂ ਬਹੁਤ ਪ੍ਰਭਾਵਤ ਰਿਹਾ। ਜਿਸ ਗੱਲ ਨੇ ਮੈਨੂੰ ਉਨ੍ਹਾਂ ਵਲ ਵਧੇਰੇ ਆਕਰਸ਼ਤ ਕੀਤਾ ਸੀ ਉਹ ਸੀ ਉਨ੍ਹਾਂ ਦਾ ਆਮ ਲੋਕਾਂ ਨਾਲ ਖੁਲ੍ਹ ਕੇ ਮਿਲਣਾ

ਜੁਲਣਾ ਤੇ ਉਨ੍ਹਾਂ ਵਰਗਾ ਬਣ ਕੇ ਉਨ੍ਹਾਂ ਵਿਚ ਵਿਚਰਨਾ। ਜਦ ਮੈਨੂੰ ਕੰਵਲ ਜੀ ਦੇ ਨਾਵਲਾਂ ਵਿਚ ਦਿਲਚਸਪੀ ਬਹੁਤ ਘਟ ਗਈ ਸੀ, ਉਸ ਵੇਲੇ ਵੀ ਮੈਂ ਉਨ੍ਹਾਂ ਦੇ ਇਨ੍ਹਾਂ ਗੁਣ ਦਾ ਪ੍ਰਸੰਸਕ ਰਿਹਾ।

੧੯੬੩ ਵਿਚ ਇੰਗਲੈਂਡ ਵਿਚ ਆ ਕੇ ਟਿਕ ਜਾਣ ਪਿੱਛੋਂ ਵੀ ਕੰਵਲ ਜੀ ਦੇ ਇਨ੍ਹਾਂ ਗੁਣਾਂ ਕਰ ਕੇ ਮੈਂ ਉਨ੍ਹਾਂ ਦਾ ਕਦਰਦਾਨ ਸਾਂ। ਉਨ੍ਹਾਂ ਦਾ ਖੁਲ੍ਹਾ ਡੁੱਲ੍ਹਾ ਜੱਟਕਾ ਸੁਭਾ, ਨਿਰਸੰਕੋਚ ਗੱਲਬਾਤ, ਪੇਂਡੂ ਮਲਵਈ ਮੁਹਾਵਰਾ ਤੇ ਬੋਅ ਸ਼ੋਅ ਤੋਂ ਰਹਿਤ ਵਤੀਰਾ, ਉਨ੍ਹਾਂ ਨਾਲ ਮੱਲੋਂ ਮੱਲੀਂ ਅਪਣੱਤ ਪੈਦਾ ਕਰ ਦਿੰਦਾ ਸੀ। ਉਹ ਯਾਰਾਂ ਦੋਸਤਾਂ ਨਾਲ ਪੇਂਡੂ ਮਲਵਈ ਯਾਰਾਂ ਦੋਸਤਾਂ ਵਾਂਗ ਹੀ ਬੋਲਦੇ ਕੂੰਦੇ ਸਨ। ਖੈਰ ਇਸ ਸ਼ੁੱਧ ਪੇਂਡੂ ਮਲਵਈ ਨਾਲ ਮੇਰੀ ਪਹਿਲੀ ਮੁਲਕਾਤ ਮੇਰੇ ਫਲੀਟ ਸਟਰੀਟ ਵਾਲੇ ਘਰ ਵਿਚ ੧੯੭੦/੭੧ ਵਿਚ ਹੋਈ। ਫੇਰ ਤਾਂ ਜਦ ਵੀ ਉਹ ਯੂ.ਕੇ. ਵਿਚ ਆਉਂਦੇ ਮੈਨੂੰ ਮਿਲਣ ਆ ਹੀ ਜਾਂਦੇ। ਸਾਡੇ ਵਿਚ ਨੋਕ ਝੋਕ ਵੀ ਚਲਦੀ ਰਹਿੰਦੀ ਸੀ। ਕੰਵਲ ਜੀ ਸਨ ਖਾਲਸ ਪੇਂਡੂ ਮਲਵਈ, ਜੋ ਗਲਤ ਜਾਂ ਠੀਕ ਕਹਿ ਦਿੰਦੇ ਉਹਦੇ ਉੱਤੇ ਹੀ ਡਟੇ ਰਹਿੰਦੇ, ਮੈਂ ਸਾਂ ਵਾਲ਼ ਦੀ ਖੱਲ ਲਾਹੁਣ ਵਾਲਾ ਯਥਾਰਥਵਾਦੀ ਅਲੋਚਕ। ਮੈਂ ਉਨ੍ਹਾਂ ਦੇ ਪੇਂਡੂ ਸੁਭਾ ਨੂੰ ਤਾਂ ਪਿਆਰ ਕਰਦਾ ਸਾਂ ਪਰ ਉਨ੍ਹਾਂ ਦੀ ਬੇਦਲੀਲੀ ਸੋਚ ਨੂੰ ਨਫਰਤ। ਉਨ੍ਹਾਂ ਨੂੰ ਮੇਰਾ ਤਰਕ ਨਹੀਂ ਭਾਉਂਦਾ ਸੀ ਤੇ ਮੈਨੂੰ ਉਨ੍ਹਾਂ ਦੀ ਬੇਥਵੀ ਭਾਵਕਤਾ, ਤਾਂ ਵੀ ਉਨ੍ਹਾਂ ਦੇ ਸੁਭਾ ਦੀ ਪੇਂਡੂਆਂ ਵਾਲੀ ਸਰਲਤਾ ਮੈਨੂੰ ਚੰਗੀ ਲਗਦੀ ਸੀ।

ਮੇਰੇ ਵਾਂਗ ਹੀ ਯੂ.ਕੇ. ਵਿਚ ਵਸਦੇ ਹੋਰ ਵੀ ਅਨੇਕਾਂ ਪ੍ਰਗਤੀਸ਼ੀਲ ਲੇਖਕ ਸਨ ਜਿਹੜੇ ਕੰਵਲ ਜੀ ਨੂੰ ਮਾਰਕਸਵਾਦੀ ਸਮਝਦੇ ਰਹੇ ਸਨ ਤੇ 'ਰਾਤ ਬਾਕੀ ਹੈ" ਦੇ ਦਿਨਾਂ ਤੋਂ ਹੀ ਉਨ੍ਹਾਂ ਦੇ ਸ਼ਰਧਾਲੂ ਚਲੇ ਆ ਰਹੇ ਸਨ। ਫੇਰ ਇੱਕ ਦਿਨ ਉਨ੍ਹਾਂ ਸ਼ਰਧਾਲੂਆਂ ਦੀ ਸ਼ਰਧਾ ਦੇ ਪੈਰ ਉਖੜ ਗਏ ਤੇ ਉਹ ਹੈਰਾਨ ਹੋਏ ਦੇਖਦੇ ਹੀ ਰਹਿ ਗਏ।

ਉਨ੍ਹੀ ਦਿਨੀ ਕੰਵਲ ਜੀ ਇੰਗਲੈਂਡ ਦਾ ਚਕਰ ਲਾਉਣ ਆਏ ਹੋਏ ਸਨ। ਲੰਡਨ ਤੋਂ ਨਿਕਲਦੇ ਇਕ ਹਫਤੇਵਾਰੀ ਪਰਚੇ 'ਸੰਦੇਸ਼' ਦੇ ੨੨ ਜੁਲਾਈ ੧੯੭੩ ਦੇ ਅੰਕ ਵਿਚ ਕੰਵਲ ਜੀ ਦਾ ਇਕ ਲੇਖ 'ਪੰਜਾਬ ਨਿੱਘਰ ਰਿਹਾ ਹੈ' ਦੇ ਸਿਰਲੇਖ ਹੇਠ ਛਪਿਆ। ਇਹ ਲੇਖ ਪੜ੍ਹ ਕੇ ਕੰਵਲ ਜੀ ਦੇ ਬਹੁਤੇ ਸ਼ਰਧਾਲੂ ਕਿਸਮ ਦੇ ਪ੍ਰਗਤੀਸ਼ੀਲ ਪਾਠਕ ਸੋਚਾਂ ਵਿਚ ਪੈ ਗਏ। ਉਨ੍ਹਾਂ ਦਾ ਪਿਆਰਾ ਨਾਵਲਕਾਰ ਕਿਸੇ ਵੀ ਗਿਣਤੀ ਮਿਣਦੀ ਅਨੁਸਾਰ ਪ੍ਰਗਤੀਸ਼ੀਲ ਚਿੰਤਕ ਨਹੀਂ ਲਗਦਾ ਸੀ, ਕਿਉਂਕਿ ਕੰਵਲ ਜੀ ਦਾ ਇਹ ਲੇਖ ਫਿਰਕਾਪ੍ਰਸਤੀ 'ਤੇ ਅਧਾਰਤ ਬੇਸਿਰ ਪੈਰ ਦਲੀਲਾਂ ਨਾਲ ਭਰਿਆ ਪਿਆ ਸੀ। ਇਹ ਲੇਖ ਪੜ੍ਹ ਕੇ ਕੰਵਲ ਜੀ ਦੇ ਸ਼ਰਧਾਲੂ ਪ੍ਰਸਿਧ ਹਾਸਰਸੀ ਲੇਖਕ ਸ਼ੇਰ ਜੰਗ ਜਾਂਗਲੀ ਨੇ ਕੰਵਲ ਜੀ ਨਾਲ ਗੱਲ ਕਰਦਿਆ ਕਿਹਾ, "ਕੰਵਲ ਜੀ ਤੁਹਾਡੇ ਵਰਗਾ ਪ੍ਰਗਤੀਸ਼ੀਲ ਲੇਖਕ ਜੇ ਇਸਤਰ੍ਹਾਂ ਸਿੱਖ ਫਿਰਕਾਪ੍ਰਸਤੀ ਦੇ ਹੱਕ ਵਿਚ ਦਲੀਲਾਂ ਦੇ ਰਿਹਾ ਹੈ ਤਾਂ ਮੇਰੇ ਵਰਗੇ ਹਿੰਦੂ ਘਰਾਂ ਵਿਚ ਜੰਮੇ ਪ੍ਰਗਤੀਸ਼ੀਲ ਲੇਖਕ ਕਿੱਧਰ ਨੂੰ ਜਾਣ? ਕੀ ਸਾਨੂੰ ਹੁਣ ਕਮਿਊਨਿਸਟ ਪਾਰਟੀ ਨਾਲੋਂ ਤੋੜ ਵਿਛੋੜਾ ਕਰ ਕੇ 'ਜਨ ਸੰਘ' ਦੀ ਗੱਡੀ ਚੜ੍ਹ ਜਾਣਾ ਚਾਹੀਦਾ ਹੈ?" ਕੰਵਲ ਜੀ ਦਾ ਸਪਾਟ ਉੱਤਰ ਸੀ, "ਤੁਸੀਂ ਉਹ ਕੁਝ ਕਰੋ, ਜੋ ਤੁਹਾਨੂੰ ਚੰਗਾ ਲਗਦਾ ਹੈ। ਮੈਂ ਜੋ ਕੁਝ ਵੀ ਲਿਖਿਆ ਹੈ, ਠੀਕ ਲਿਖਿਆ ਹੈ"।

ਫੇਰ ਸ਼ੇਰ ਜੰਗ ਤੇ ਉਸ ਵਰਗੇ ਹੋਰ ਮਿੱਤਰਾਂ ਨੇ ਬਹਿ ਕੇ ਫੈਸਲਾ ਕੀਤਾ ਕਿ ਕੰਵਲ ਜੀ ਦੇ ਇਸ ਲੇਖ ਦਾ ਜਵਾਬ ਅਵੱਸ਼ ਦੇਣਾ ਚਾਹੀਦਾ ਹੈ। ਪਰ ਜਵਾਬ ਦੇਵੇ ਕੌਣ? ਇਸ ਗੱਲ ਦਾ ਗੁਣਾ ਮੇਰੇ 'ਤੇ ਪੈ ਗਿਆ। ਮੈਂ ਕੰਵਲ ਜੀ ਦੇ ਉਸ ਲੇਖ ਨੂੰ ਧਿਆਨ ਨਾਲ ਪੜ੍ਹਿਆ ਤੇ ਉਹਦੇ ਉੱਤਰ ਵਿਚ ਇਕ ਲੇਖ ਲਿਖ ਕੇ ਉਸੇ ਹਫਤੇਵਾਰ ਪਰਚੇ ਵਿਚ ਛਪਵਾ ਦਿੱਤਾ। ਉਹ ਲੇਖ ਸੀ '**ਕੰਵਲ ਕਾਮਰੇਡ ਜਾਂ ਜਥੇਦਾਰ**'। ਇਸ ਲੇਖ ਦਾ ਸਾਰ ਹੇਠਾਂ ਦਿੱਤਾ ਜਾ ਰਿਹਾ ਹੈ:-

*"ਕੰਵਲ ਜੀ ਦੇ ਬਹੁ ਗਿਣਤੀ ਪ੍ਰਗਤੀਸ਼ੀਲ ਪਾਠਕ ਉਨ੍ਹਾਂ ਨੂੰ ਮਾਰਕਸਵਾਦੀ ਲੇਖਕ ਸਮਝਣ ਦੀ ਗਲਤੀ ਕਰਦੇ ਰਹੇ ਹਨ। ਉਨ੍ਹਾਂ ਦੀ ਇਸ ਸਮਝ ਦਾ ਕਾਰਣ ਮਾਰਕਸਵਾਦ ਦੇ ਗਿਆਨ ਨਾਲੋਂ ਕਿਤੇ ਵੱਧ ਉਨ੍ਹਾਂ ਦੀ ਭਾਵਕ ਸੋਚ ਸੀ, ਨਹੀਂ ਤਾਂ ਕੰਵਲ ਜੀ ਦੀਆਂ ਲਿਖਤਾਂ ਵਿਚੋਂ ਉਹ ਮਾਰਕਸੀ ਸੂਝ ਤੋਂ ਬਿਲਕੁਲ ਕੋਰੇ ਸਿੱਧ ਹੁੰਦੇ ਹਨ। ਜੇ ਕਿਤੇ ਉਹ ਇਸ ਫਲਸਫੇ ਦੀ ਗੱਲ ਕਰਦੇ ਵੀ ਹਨ ਤਾਂ ਨਿਰੀ ਭਾਵਕਤਾ ਦੇ ਵਹਿਣ ਵਿਚ ਵਹਿ ਕੇ। ਉਨ੍ਹਾਂ ਦੀ ਇਸ ਭਾਵਕ ਪਹੁੰਚ ਨੇ ਕਮਿਊਨਿਸਟ ਲਹਿਰ ਦਾ ਸਵਾਰਨਾ ਤਾਂ ਕੀ ਸੀ, ਉਲਟਾ ਭੁਲੇਖੇ ਪੈਦਾ ਕਰ ਕੇ ਵਿਗਾੜਿਆ ਜ਼ਰੂਰ ਬਹੁਤ ਕੁਝ ਹੈ। ਮਾਰਕਸਵਾਦ ਵਿਗਿਆਨਕ ਫਲਸਫਾ ਹੈ। ਇਸ ਨੂੰ ਸਮਝਣ ਲਈ ਜ਼ਰੂਰੀ ਹੁੰਦਾ ਹੈ ਕਿ ਦ੍ਰਿਸ਼ਟੀਕੋਨ ਵੀ ਵਿਗਿਆਨਕ ਹੋਵੇ। ਕੰਵਲ ਜੀ ਦਾ ਦ੍ਰਿਸ਼ਟੀਕੋਨ ਨਾ ਉਨ੍ਹਾਂ ਦੀਆਂ ਲਿਖਤਾਂ ਵਿਚ ਤੇ ਨਾ ਆਮ ਗੱਲ ਕੱਥ ਵਿਚ ਵਿਗਿਆਨਕ ਦਿਸਦਾ ਹੈ।*

*ਮੈਂ ਇਸ ਲੇਖ ਵਿਚ ਕੰਵਲ ਜੀ ਦੀਆਂ ਸਮੁਚੀਆਂ ਲਿਖਤਾਂ ਨੂੰ ਵਿਚਾਰ ਅਧੀਨ ਨਹੀਂ ਲਿਆ ਰਿਹਾ। ਭਾਵੇਂ ਉਨ੍ਹਾਂ ਦੀਆਂ ਸਮੁੱਚੀਆਂ ਲਿਖਤਾਂ ਵੀ ਉਨ੍ਹਾਂ ਨੂੰ ਮਾਰਕਸਵਾਦ ਦੇ ਨੇੜਿਉ ਲੰਘਿਆ ਹੋਇਆ ਵੀ ਨਹੀਂ ਦਰਸਾਉਂਦੀਆਂ ਪਰ ਆਪਣੇ ਲੇਖ 'ਪੰਜਾਬ ਨਿਘਰ ਰਿਹਾ ਹੈ' ਵਿਚ ਤਾਂ ਉਨ੍ਹਾਂ ਨੇ ਐਨ ਉਹੋ ਜਿਹੇ ਵਿਚਾਰ ਪ੍ਰਗਟ ਕੀਤੇ ਹਨ ਜਿਹੇ ਜਿਹੇ ਵਿਚਾਰਾਂ ਦਾ ਪ੍ਰਚਾਰ ਡਾਕਟਰ ਜਗਜੀਤ ਸਿੰਘ ਚੌਹਾਨ ਚਿਰਾ ਤੋਂ ਕਰਦਾ ਆ ਰਿਹਾ ਹੈ। ਕੰਵਲ ਜੀ ਵਾਂਗ ਉਹ ਵੀ ਕਿਸੇ ਵੇਲੇ ਆਪਣੇ ਆਪ ਨੂੰ ਮਾਕਸਵਾਦੀ ਕਹਿਣ/ ਕਹਾਉਣ ਵਿਚ ਫਖਰ ਮਹਿਸੂਸ ਕਰਦਾ ਰਿਹਾ ਸੀ।*

*ਕੰਵਲ ਜੀ ਦਾ ਸੂਬਾ ਪ੍ਰਸਤੀ ਦਾ ਇਹ ਰਾਹ ਫਿਰਕਾ ਪ੍ਰਸਤੀ ਵਿਚੋਂ ਲੰਘਦਾ ਹੋਇਆ ਜਾਤ ਪ੍ਰਸਤੀ ਤੱਕ ਜਾ ਪੁੱਜਦਾ ਹੈ। ਕੰਵਲ ਜੀ ਦੇ ਪੰਜਾਬੀ ਦਾ ਅਰਥ ਕੇਵਲ ਸਿੱਖ ਤੇ ਸਿੱਖ ਦਾ ਅਰਥ ਕੇਵਲ ਜੱਟ ਸਿੱਖ ਬਣ ਜਾਂਦਾ*

*ਹੈ। ਥੋੜ੍ਹਾ ਹੋਰ ਸੋਚਣ ਨਾਲ ਇਹ ਵੀ ਦਿਸ ਪੈਂਦਾ ਹੈ ਕਿ ਉਹਦਾ ਜੱਟ ਸਿੱਖ ਵੀ ਕੇਵਲ ਜ਼ਿਮੀਂਦਾਰ ਜੱਟ ਹੀ ਰਹਿ ਜਾਂਦਾ ਹੈ ਬੇਜ਼ਮੀਨਾ ਜੱਟ ਨਹੀਂ।*

*ਹੁਣ ਸਵਾਲ ਉੱਠਦਾ ਹੈ ਕਿ ਕੰਵਲ ਆਪਣੇ ਆਪ ਨੂੰ ਕਹਿੰਦਾ ਕਹਾਉਂਦਾ ਕਮਿਊਨਿਸਟ ਕਿਵੇਂ ਵੱਡੇ ਜ਼ਿਮੀਂਦਾਰਾਂ ਦਾ ਹਮਾਇਤੀ ਬਣ ਗਿਆ? ਕੰਵਲ ਅਤੇ ਇਨ੍ਹਾਂ ਵਰਗੇ ਹੋਰ ਜ਼ਿਮੀਂਦਾਰ ਜਦੋਂ ਹਾਲੀਂ ਪੈਦਾਵਾਰ ਦੇ ਨਵੇਂ ਸਾਧਨ ਵਿਕਸਤ ਨਹੀਂ ਹੋਏ ਸਨ, ਆਪਣੀ ਜ਼ਮੀਨ ਵਿਚੋਂ ਬਹੁਤ ਹੀ ਮੁਸ਼ਕਿਲ ਨਾਲ ਗੁਜ਼ਾਰਾ ਕਰਦੇ ਸਨ। ਉਦੋਂ ਉਨ੍ਹਾਂ ਦੀ ਹਮਦਰਦੀ ਕਮਿਊਨਿਸਟਾਂ ਨਾਲ ਸੀ। ਜਦ ਖੇਤੀ ਦੇ ਮਸ਼ੀਨੀਕਰਨ ਨਾਲ ਹਰਾ ਇਨਕਲਾਬ ਆ ਗਿਆ ਤਾਂ ਇਨ੍ਹਾਂ ਦੀ ਜ਼ਮੀਨ ਵਿਚੋਂ ਆ ਰਹੀ ਵਾਧੂ ਆਮਦਨ ਨੇ ਇਨ੍ਹਾਂ ਨੂੰ ਧਨੀ ਕਿਸਾਨਾਂ ਦੀ ਕਤਾਰ ਵਿਚ ਸ਼ਾਮਿਲ ਕਰ ਦਿੱਤਾ ਤੇ ਇਹ ਨਵੇਂ ਬਣੇ ਧਨੀ ਜ਼ਿਮੀਂਦਾਰਾਂ ਦੇ ਗੁਣ ਗਾਉਣ ਲੱਗ ਪਏ। ਸੋ ਕੰਵਲ ਹੁਰਾਂ ਦਾ ਅਤੇ ਡਾਕਟਰ ਜਗਜੀਤ ਸਿੰਘ ਹੁਰਾਂ ਦਾ ਕਮਿਊਨਿਸਟਾਂ ਨੂੰ ਛੱਡ ਕੇ ਧਨੀ ਜ਼ਿਮੀਂਦਾਰਾਂ ਦੀ ਪਾਰਟੀ ਅਕਾਲੀ ਦਲ ਨਾਲ ਜਾ ਖਲੋਣਾ ਤੇ ਫੇਰ ਅੰਨ੍ਹੀ ਫਿਰਕਾਪ੍ਰਸਤੀ ਦੀ ਦਲਦਲ ਵਿਚ ਫਸ ਜਾਣਾ ਕੋਈ ਅਨੋਖੀ ਗੱਲ ਨਹੀਂ।"*

ਮੇਰੇ ਉਪ੍ਰੋਕਤ ਲੇਖ ਦੇ ਜਵਾਬ ਵਿਚ ਕੰਵਲ ਜੀ ਨੇ ਇੱਕ ਲੇਖ '**ਸੱਚ ਅੱਖੀ ਦੇਖਿਆ ਜਾ ਸਕਦਾ ਹੈ**' ਹਫਤੇਵਾਰ ਦੇਸ ਪ੍ਰਦੇਸ ਵਿਚ ੯ ਸਤੰਬਰ ੧੯੭੩ ਨੂੰ ਛਪਵਾਇਆ ਸੀ। ਇਸ ਲੇਖ ਨੂੰ ਪੜ੍ਹ ਕੇ ਹੋਰ ਕੁਝ ਲਿਖਣ ਕਹਿਣ ਦੀ ਲੋੜ ਨਹੀਂ ਰਹਿ ਗਈ ਸੀ। ਇਸ ਲੇਖ ਵਿਚ ਕੰਵਲ ਦਾ ਫਿਰਕਾਪ੍ਰਸਤ ਜੱਥੇਦਾਰਾਂ ਵਾਲਾ ਰੂਪ ਹੋਰ ਵੀ ਉੱਘੜ ਕੇ ਸਾਹਮਣੇ ਆ ਗਿਆ ਸੀ। ਜੇ ਕੋਈ ਭੁਲੇਖਾ ਰਹਿ ਗਿਆ ਸੀ ਤਾਂ ਕੰਵਲ ਦੇ ਇਨ੍ਹਾਂ ਸ਼ਬਦਾਂ ਨੇ ਦੂਰ ਕਰ ਦਿੱਤਾ ਸੀ-

*"ਦੂਜੇ ਸੂਬਿਆਂ ਦੇ ਜਵਾਨ ਤਾਂ ਨਿਕਰਾਂ ਵੀ ਕਮਾਦਾਂ ਵਿਚ ਸੁੱਟ ਆਏ ਸਨ, ਰਾਈਫਲਾਂ ਵੱਟੇ ਕਿਸਾਨਾਂ ਤੋਂ ਸਿਵਲੀਅਨ ਕਪੜੇ ਲੈ ਕੇ ਨੱਠੇ ਸਨ"।*

ਉਹ ਦਿਨ ਗਿਆ ਤੇ ਇਹ ਦਿਨ ਆਇਆ। ਉਦੋਂ ਦਾ ਪਤਾ ਨਹੀਂ ਕਿੰਨਾ ਪਾਣੀ ਪੁਲਾਂ ਹੇਠੋਂ ਲੰਘ ਚੁੱਕਾ ਹੈ। ਫਿਰਕਾਪ੍ਰਸਤੀ ਵਲ ਕੰਵਲ ਜੀ ਦਾ ਝੁਕਾ ਦਿਨ ਪੁਰ ਦਿਨ ਵਧਦਾ ਹੀ ਗਿਆ। ਅਕਾਲੀ ਮੋਰਚਾ ਲੱਗਾ, ਪੰਜਾਬ ਵਿਚ ਭਿੰਡਰਾਂਵਾਲੇ ਦੀ ਚੜ੍ਹਤਲ ਦੇ ਦਿਨ ਆਏ, ਹਿੰਦੂ ਸਵਾਰੀਆਂ ਨੂੰ ਬੱਸਾਂ ਵਿਚੋਂ ਲਾਹ ਲਾਹ ਕੇ ਕ਼ਤਲ ਕੀਤਾ ਜਾਂਦਾ ਰਿਹਾ, ਫੇਰ ੧੯੮੪ ਦੀਆਂ ਮੰਦਭਾਗੀਆਂ ਘਟਨਾਵਾਂ ਵਾਪਰੀਆਂ ਤੇ ਪੰਜਾਬ ਵਿਚ ਅਤਿਵਾਦ ਤੇ ਵੱਖਵਾਦ ਦੀ ਅਨ੍ਹੇਰੀ ਚੱਲੀ। ਸਭ ਕੁਝ ਦੇਖਦੇ ਸੁਣਦੇ ਹੋਏ ਵੀ ਕੰਵਲ ਜੀ ਖਿਸਕਦੇ ਖਿਸਕਦੇ ਇਹ ਸਭ ਕੁਝ ਕਰਨ ਵਾਲਿਆਂ ਦੇ ਹਮਾਇਤੀ ਬਣਦੇ ਗਏ।

ਜੇ ਕੰਵਲ ਜੀ ਬਾਰੇ ਇਹ ਮਸ਼ਹੂਰ ਨਾ ਹੋ ਗਿਆ ਹੁੰਦਾ ਕਿ ਉਹ ਮਾਰਕਸਵਾਦੀ ਲੇਖਕ ਹਨ ਤਾਂ ਭਾਵੇਂ ਉਹ ਜੋ ਕੁਝ ਮਰਜ਼ੀ ਲਿਖਦੇ, ਮੈਂ ਉਨ੍ਹਾਂ ਬਾਰੇ ਕੁਝ ਵੀ ਨਹੀਂ ਲਿਖਣਾ ਸੀ। ਲੋੜ ਮਾਰਕਸਵਾਦ ਬਾਰੇ ਪਏ ਰੌਲ਼ ਘਚੋਲੇ ਨੂੰ ਸਾਫ ਕਰਨ ਦੀ ਸੀ, ਇਸ ਲਈ ਮੈਨੂੰ ਲਿਖਣਾ ਪਿਆ।

ਇਸ ਪਿੱਛੋਂ ਵੀ ਕੰਵਲ ਜੀ ਮੈਨੂੰ ਮਿਲਦੇ ਰਹੇ ਤੇ ਮੈਂ ਵੀ ਉਨ੍ਹਾਂ ਦਾ ਪਹਿਲਾਂ ਵਾਂਗ ਹੀ ਸਤਿਕਾਰ ਕਰਦਾ ਰਿਹਾ। ਜੇ ਉਹ ਮੇਰੇ ਨਾਲੋਂ ਵਖਰੇ ਖਿਆਲ ਹੋਣ 'ਤੇ ਵੀ ਮੈਨੂੰ ਮਿਲਣ ਆ ਸਕਦੇ ਸਨ ਤਾਂ ਮੈਂ ਕਿਉਂ ਉਨ੍ਹਾਂ ਨੂੰ ਮਿਲਣ ਤੋਂ ਸੰਕੋਚ ਕਰਦਾ? ਖਿਆਲਾਂ ਦੇ ਅਦਾਨ ਪ੍ਰਦਾਨ ਤੇ ਕਿੰਤੂ ਪ੍ਰੰਤੂ ਦੇ ਚਲਦੇ ਰਹਿਣ ਨਾਲ ਹੀ ਗੁੰਝਲਾਂ ਸੁਲਝਦੀਆਂ ਹਨ ਤੇ ਸੱਚ ਦਾ ਚਾਨਣ ਫੈਲਦਾ ਹੈ।

## *14.*

# ***ਭਾਰਤੀ ਮਜ਼ਦੂਰ ਸਭਾ** ਦੀ ਸਕੱਤਰੀ*

ਜਿਸ ਬੰਦੇ ਨੂੰ ਸਿਆਸਤ, ਖਾਸ ਤੌਰ ਖੱਬੇ ਪੱਖੀ ਸਿਆਸਤ ਦੀ ਲਾਗ ਲੱਗ ਗਈ ਹੋਵੇ, ਉਹ ਭਾਵੇਂ ਕਿੰਨਾ ਵੀ ਇਸ ਤੋਂ ਦੂਰ ਭੱਜਣ ਦਾ ਯਤਨ ਕਰੇ, ਇਹਦੇ ਨੇੜੇ ਆ ਹੀ ਜਾਂਦਾ ਹੈ ਤੇ ਇਸ ਵਿਚ ਆਪਣੇ ਢੰਗ ਨਾਲ ਹਿੱਸਾ ਲੈਣੋ ਵੀ ਰੁਕ ਨਹੀਂ ਸਕਦਾ। ਮੇਰਾ ਵੀ ਕੁਝ ਅਜਿਹਾ ਹੀ ਹਾਲ ਸੀ। ਸੰਨ 1965 ਵਿਚ ਜਦ ਮੈਂ ਡਰਬੀ ਨੂੰ ਪੱਕਾ ਟਿਕਾਣਾ ਬਣਾ ਲਿਆ ਸੀ, ਉਸ ਸਮੇਂ ਇੱਥੇ ਭਾਰਤੀ ਮਜ਼ਦੂਰ ਸਭਾ ਯੂ. ਕੇ. ਦੀ ਬ੍ਰਾਂਚ ਬਣੀ ਹੋਈ ਸੀ। ਇਸ ਬ੍ਰਾਚ ਦੇ ਚਾਲਕ ਭਾਰਤੀ ਕਮਿਊਨਿਸਟਾਂ ਦੀ ਐਸੋਸੀਏਸ਼ਨ ਦੇ ਮੈਂਬਰ ਸਨ। ਇਹ ਐਸੋਸੀਏਸ਼ਨ, ਭਾਰਤ ਦੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੀ ਬ੍ਰਾਂਚ ਵਾਂਗ ਕੰਮ ਕਰਦੀ ਸੀ। ਇਸ ਲਈ ਇਸ ਸਭਾ ਦੇ ਚਾਲਕ ਇਸਨੂੰ ਇਸੇ ਪਾਰਟੀ ਦੇ ਆਦੇਸ਼ਾਂ ਅਨੁਸਾਰ ਚਲਾਉਂਦੇ ਸਨ। ਮੈਂ ਵੀ ਭਾਰਤ ਵਿਚ ਰਹਿੰਦਾ ਹੋਇਆ ਕਮਿਊਨਿਸਟ ਲਹਿਰ ਵਿਚ ਦਿਲਚਸਪੀ ਰੱਖਦਾ ਰਿਹਾ ਸਾਂ, ਇਸ ਲਈ ਮੇਰੇ ਅੰਦਰ ਭਾਰਤੀ ਮਜ਼ਦੂਰ ਸਭਾ ਦੇ ਕੰਮਾਂ ਵਿਚ ਦਿਲਚਸਪੀ ਜਾਗ ਪੈਣੀ ਕੁਦਰਤੀ ਸੀ। ਭਾਰਤੀ ਮਜ਼ਦੂਰ ਸਭਾ ਦੀ ਇਹ ਬ੍ਰਾਂਚ ਉਸ ਸਮੇਂ ਭਾਰਤੀ ਮੂਲ ਦੇ ਲੋਕਾਂ ਦੀ ਸਹੂਲਤ ਲਈ ਇੱਥੇ ਹਫਤੇ ਵਿਚ ਦੋ ਦਿਨ ਭਾਰਤੀ ਫਿਲਮਾਂ ਦਿਖਾਉਣ ਦਾ ਪ੍ਰਬੰਧ ਵੀ ਕਰਦੀ ਸੀ ਤੇ ਭਾਰਤ ਵਿਚੋਂ ਆਏ ਕਮਿਊਨਿਸਟ ਲੀਡਰਾਂ ਦੀ ਆਓਭਗਤ ਕਰਨ ਤੇ ਉਨ੍ਹਾਂ ਦੇ ਖਿਆਲ ਸੁਣਨ ਲਈ ਪਬਲਿਕ ਮੀਟਿੰਗਾਂ ਵੀ ਕਰਦੀ ਸੀ।

ਇਨ੍ਹਾਂ ਮੀਟਿੰਗਾਂ ਲਈ ਸਟੇਜ ਤਾਂ ਭਾਰਤੀ ਮਜ਼ਦੂਰ ਸਭਾ ਦੀ ਵਰਤੀ ਜਾਂਦੀ ਸੀ ਪਰ ਪਰਚਾਰ ਕਮਿਊਨਿਸਟ ਪਾਰਟੀ ਮਾਰਕਸਵਾਦੀ ਦਾ ਕੀਤਾ ਜਾਂਦਾ ਸੀ। ਇਹ ਇੱਕ ਪਰਕਾਰ ਭਾਰਤੀ ਮਜ਼ਦੂਰਾਂ ਦੀ ਸਾਂਝੀ ਜਥੇਬੰਦੀ ਦੀ ਦੁਰਵਰਤੋਂ ਸੀ। ਮੇਰਾ ਖਿਆਲ ਸੀ ਕਿ ਜੇ ਇਨ੍ਹਾਂ ਕਾਮਰੇਡਾਂ ਕੋਲ ਪਾਰਟੀ ਪਰਚਾਰ ਲਈ ਵਖਰੀ ਜੱਥੇਬੰਦੀ ਭਾਰਤੀ ਕਮਿਊਨਿਸਟਾਂ ਦੀ ਐਸੋਸੀਏਸ਼ਨ ਹੈ ਤਾਂ ਇਨ੍ਹਾਂ ਨੂੰ ਭਾਰਤੀ ਮਜ਼ਦੂਰਾਂ ਦੀ ਸਾਂਝੀ ਜਥੇਬੰਦੀ ਦੀ ਵਰਤੋਂ ਨਹੀਂ ਕਰਨੀ ਚਾਹੀਦੀ, ਉਹਨਾਂ ਨੂੰ ਆਪਣੀ ਪਾਰਟੀ ਦਾ ਪਰਚਾਰ ਕਰਨ ਲਈ ਭਾਰਤੀ ਕਮਿਊਨਿਸਟਾਂ ਦੀ ਐਸੋਸੀਏਸ਼ਨ ਦੀ ਸਟੇਜ ਹੀ ਵਰਤਣੀ ਚਾਹੀਦੀ ਹੈ। ਇਸ ਤਰ੍ਹਾਂ ਭਾਰਤੀ ਮਜ਼ਦੂਰ ਸਭਾ ਦੀ ਗ਼ੈਰ ਰਾਜਨੀਤਕ ਸਾਂਝੀ ਦਿਖ ਨੂੰ ਵੀ ਕਾਇਮ ਰੱਖਿਆ ਜਾ ਸਕਦਾ ਸੀ ਤੇ ਉਨ੍ਹਾਂ ਦੀ ਪਾਰਟੀ ਦਾ ਪਰਚਾਰ ਵੀ ਬਾਖੂਬੀ ਹੋ ਸਕਦਾ ਸੀ।

ਇਨ੍ਹਾਂ ਕਾਮਰੇਡਾਂ ਕੋਲ ਭਾਰਤ ਵਿਚਲੀ ਕਮਿਊਨਿਸਟ ਲਹਿਰ ਦੀਆਂ ਲੋਕ-ਜਥੇਬੰਦਿਆਂ ਦੇ ਤਜਰਬੇ ਦਾ ਨਮੂਨਾ ਸੀ। ਭਾਰਤ ਵਿਚ ਅੰਗਰੇਜ਼ੀ ਰਾਜ ਦੇ ਦਿਨਾਂ ਵਿਚ ਕਮਿਊਨਿਸਟ ਪਾਰਟੀ ਬਹੁਤਾ ਸਮਾਂ ਗ਼ੈਰ ਕ਼ਾਨੂੰਨੀ ਰਹੀ ਸੀ ਤੇ ਆਪਣੇ ਨਾਉਂ ਹੇਠ ਆਪਣੇ ਖਿਆਲਾਂ ਦਾ ਪਰਚਾਰ ਤੇ ਪਰਸਾਰ ਕਰ ਨਹੀਂ ਸਕਦੀ ਸੀ। ਇਸ ਲਈ ਉਹ ਨੇ ਲੋਕ ਜਥੇਬੰਦੀਆਂ ਨੂੰ ਇਸ ਕੰਮ ਲਈ ਆਪਣੀਆਂ ਫਰੰਟ ਜਥੇਬੰਦੀਆਂ ਦੇ ਤੌਰ 'ਤੇ ਜਥੇਬੰਦ ਕਰਨਾ ਤੇ ਵਰਤਣਾ ਅਰੰਭ ਕੀਤਾ ਸੀ। ਉਸ ਸਮੇਂ ਭਾਰਤ ਦੇ ਕਮਿਊਨਿਸਟਾਂ ਦੀ ਇਹ ਮਜਬੂਰੀ ਸੀ। ਉਹ ਪਾਰਟੀ ਜਿਹੜੀ ਐਲਾਨੀਆ ਹਥਿਆਰਬੰਦ ਇਨਕਲਾਬ ਵਿਚ ਯਕੀਨ ਰਖਦੀ ਹੋਵੇ, ਆਪਣੇ ਕੇਡਰ ਨੂੰ ਇਸ ਮਕਸਦ ਲਈ ਤਿਆਰ ਕਰ ਰਹੀ ਹੋਵੇ ਤੇ ਜਿਸਨੇ ਆਪਣੀਆਂ ਗਤੀਵਿਧੀਆਂ ਵੀ ਗੁਪਤ ਰਖਣੀਆਂ ਹੋਣ, ਉਸ ਲਈ ਅਜਿਹਾ ਕਰਨਾ ਅਵੱਸ਼ਕ ਸੀ?

ਭਾਰਤ ਦੀ ਸੁਤੰਤਰਤਾ ਪ੍ਰਾਪਤੀ ਤੋਂ ਪਿੱਛੋਂ ਜਦੋਂ ਨਵਾਂ ਵਿਧਾਨ ਹੋਂਦ ਵਿਚ ਆਇਆ ਤੇ ਛੇਤੀ ਹੀ ਲਾਗੂ ਵੀ ਹੋ ਗਿਆ, ਉਸ ਵੇਲੇ ਕਮਿਊਨਿਸਟ ਪਾਰਟੀ ਵੀ ਗ਼ੈਰਕ਼ਾਨੂੰਨੀ ਨਹੀਂ ਰਹੀ ਸੀ। ਉਹ ਆਪਣੇ ਖਿਆਲਾਂ ਦਾ ਪਰਚਾਰ ਹੋਰ ਪਾਰਟੀਆਂ ਵਾਂਗ ਖੁਲ੍ਹੇ ਤੌਰ ਤੇ ਕਰ ਸਕਦੀ ਸੀ ਤੇ ਚੁਣੇ ਜਾਣ ਤੇ ਚੁਣਨ ਦਾ ਹੱਕ ਵੀ ਵਰਤ ਸਕਦੀ ਸੀ। ਪਰ ਕਮਿਊਨਿਸਟਾਂ ਨੇ ਤਾਂ ਉਸ ਸਮੇਂ ਤੱਕ ਮੰਨਿਆ ਹੀ ਨਹੀਂ ਸੀ ਕਿ ਭਾਰਤ ਸੁਤੰਤਰ ਹੋ ਚੁੱਕਾ ਹੈ। ਉਨ੍ਹਾਂ ਦਾ ਪਰੋਗਰਾਮ ਤਾਂ ਹੱਥਿਆਰਬੰਦ ਅੰਦੋਲਨ ਰਾਹੀਂ ਨਵੇਂ ਬਣੇ ਰਾਜ ਨੂੰ ਭੰਨ ਕੇ ਲੋਕਾਂ ਦਾ ਰਾਜ ਕਾਇਮ ਕਰਨਾ ਸੀ। ਆਪਣੇ ਅਸਲੀ ਏਜੰਡੇ ਨੂੰ ਗੁਪਤ ਰੱਖਣਾ ਉਨ੍ਹਾਂ ਦੀ ਮਜਬੂਰੀ ਸੀ, ਇਸ ਲਈ ਉਹ ਆਪਣੇ ਪਰਚਾਰ ਤੇ ਪਰਸਾਰ ਲਈ ਉਸ ਵੇਲੇ ਵੀ ਲੋਕ ਜਥੇਬੰਦੀਆਂ ਨੂੰ ਵਰਤਦੇ ਤੇ ਕੰਟਰੋਲ ਕਰਦੇ ਰਹੇ।

ਇੱਥੇ ਬਰਤਾਨੀਆ ਵਿਚ ਆ ਕੇ ਰਹਿ ਰਹੇ ਭਾਰਤੀ ਕਮਿਊਨਿਸਟਾਂ 'ਤੇ ਆਪਣੇ ਖਿਆਲਾਂ ਦਾ ਪਰਚਾਰ ਤੇ ਪਰਸਾਰ ਕਰਨ 'ਤੇ ਕੋਈ ਪਾਬੰਦੀ ਨਹੀਂ ਸੀ। ਫੇਰ ਉਹ ਇਸ ਸਮਾਂ ਵਿਹਾ ਚੁੱਕੀ ਰੀਤ ਨਾਲ ਕਿਉਂ ਚਿੰਬੜੇ ਹੋਏ ਸਨ? ਇਹ ਕਾਮਰੇਡ ਭਾਰਤੀ ਮਜ਼ਦੂਰ ਸਭਾ ਦੀ ਜਨਰਲ ਮੈਂਬਰਸ਼ਿਪ ਕਰਦੇ ਸਮੇਂ ਬਹੁਤੀ ਵੇਰ ਇਹ ਖਿਆਲ ਰਖਦੇ ਸਨ ਕਿ ਕੋਈ ਅਜਿਹਾ ਬੰਦਾ ਸਭਾ ਦਾ ਮੈਂਬਰ ਨਾ ਬਣ ਜਾਵੇ ਜਿਹੜਾ ਸਰਗਰਮ ਤੌਰ ਤੇ ਕਿਸੇ ਹੋਰ ਪਾਰਟੀ ਕਾਂਗਰਸ, ਅਕਾਲੀ, ਇੱਥੋਂ ਤੱਕ ਕਿ ਭਾਰਤ ਦੀ ਕਮਿਊਨਿਸਟ ਪਾਰਟੀ ਦਾ ਹਮਦਰਦ ਹੋਵੇ। ਫੇਰ ਵੀ ਅਜਿਹੇ ਬੰਦੇ ਸਭਾ ਵਿਚ ਆ ਹੀ ਜਾਂਦੇ ਸਨ ਜਿਹੜੇ ਭਾਰਤੀ ਮਜ਼ਦੂਰ ਸਭਾ ਦੇ ਭਾਰਤੀ ਮੂਲ ਦੇ ਲੋਕਾਂ ਦੀਆਂ ਸਮੱਸਿਆਵਾ ਦੇ ਨਿਪਟਾਰੇ ਲਈ ਸੰਘਰਸ਼ ਨਾਲ ਸਹਿਮਤ ਹੁੰਦੇ ਸਨ ਤੇ ਕਾਮਰੇਡ ਅਜਿਹੇ ਬੰਦਿਆਂ ਵਿਚੋਂ ਕਿਸੇ ਨੂੰ ਸਭਾ ਦੀ ਪ੍ਰਧਾਨਗੀ ਵੀ ਪੇਸ਼ ਕਰ ਦਿੰਦੇ ਸਨ ਪਰ ਜਨਰਲ ਸਕੱਤਰ ਸਦਾ ਆਪਣੇ ਹੀ ਕਿਸੇ ਕਹਿੰਦੇ ਕਹਾਉਂਦੇ ਕਾਮਰੇਡ ਨੂੰ ਹੀ ਬਣਾਉਂਦੇ ਸਨ। ਉਸ ਕਾਮਰੇਡ ਰਾਹੀਂ ਉਹ ਸਭਾ ਦੀਆਂ ਗਤੀ ਵਿਧੀਆਂ ਨੂੰ

ਆਪਣੀ ਪਾਰਟੀ ਦੀ ਪਾਲਿਸੀ ਅਨੁਸਾਰ ਹੀ ਚਲਾਉਂਦੇ ਸਨ। ਪਰ ਜਦੋਂ ਸਭਾ ਦੀਆਂ ਆਮ ਮੀਟਿੰਗਾਂ ਵਿਚ ਕਮਿਊਨਿਸਟ ਪਾਰਟੀ ਮਾਰਕਸਵਾਦੀ ਦੇ ਹੱਕ ਵਿਚ ਤੇ ਭਾਰਤ ਦੀਆਂ ਹੋਰ ਪਾਰਟੀਆਂ ਦੇ ਵਿਰੁਧ ਪਰਚਾਰ ਕੀਤਾ ਜਾਂਦਾ ਤਾਂ ਕਈ ਵੇਰ ਅਜਿਹੇ ਬੰਦਿਆ ਦੀ ਨਾਰਾਜ਼ਗੀ ਸਾਫ ਪਰਗਟ ਹੋਣ ਲੱਗ ਪੈਂਦੀ ਸੀ।

ਅਜਿਹੇ ਬੰਦਿਆਂ ਦੇ ਦੁਖੀ ਹੋ ਜਾਣ ਦਾ ਇੱਕ ਹੋਰ  ਕਾਰਣ ਵੀ ਹੁੰਦਾ ਸੀ। ਭਾਰਤੀ ਮਜ਼ਦੂਰ ਸਭਾ ਦੀਆਂ ਗਤੀਵਿਧੀਆਂ ਬਾਰੇ ਫੈਸਲੇ ਭਾਰਤੀ ਕਮਿਊਨਿਸਟਾਂ ਦੀ ਐਸੋਸੀਏਸ਼ਨ ਵਿਚ ਪਹਿਲਾਂ ਹੀ ਲੈ ਲਏ ਜਾਂਦੇ ਸਨ ਤੇ ਫੇਰ ਇਨ੍ਹਾਂ ਨੂੰ ਭਾਰਤੀ ਮਜ਼ਦੂਰ ਸਭਾ ਦੀ ਪ੍ਰਬੰਧਕ ਕਮੇਟੀ ਵਿਚ ਪੇਸ਼ ਕੀਤਾ ਜਾਂਦਾ ਸੀ। ਪ੍ਰਬੰਧਕ ਕਮੇਟੀ ਦੀ ਭਾਰੂ ਬਹੁਸਮਤੀ ਕਾਮਰੇਡਾਂ ਦੀ ਆਪਣੀ ਹੀ ਹੁੰਦੀ ਸੀ। ਉਹ ਦਿਖਾਵੇ ਲਈ ਵੀ ਬਹਿਸ ਨਹੀਂ ਕਰਦੇ ਸਨ ਤੇ ਚੁੱਪ ਕੀਤੇ ਹੀ ਮਨਜ਼ੂਰੀ ਦੀ ਮੋਹਰ ਲਾ ਦਿੰਦੇ ਸਨ। ਬੇਪਾਰਟੀ ਕਾਰਜਕਰਨੀ ਮੈਂਬਰ ਮੂੰਹ ਦੇਖਦੇ ਰਹਿ ਜਾਂਦੇ ਸਨ। ਉਨ੍ਹਾਂ ਦੇ ਤਜਰਬੇ ਤੋਂ ਉਨ੍ਹਾਂ ਨੂੰ ਪਤਾ ਹੀ ਹੁੰਦਾ ਸੀ ਕਿ ਫੈਸਲੇ ਤਾਂ ਪਹਿਲਾਂ ਹੀ ਕਾਮਰੇਡਾਂ ਦੀ ਬ੍ਰਾਂਚ ਵਿਚ ਹੋ ਚੁੱਕੇ ਹੁੰਦੇ ਸਨ।

ਮੇਰਾ ਖਿਆਲ ਸੀ ਕਿ ਮੈਂਬਰਸ਼ਿਪ ਭਾਰਤੀ ਮੂਲ ਦੇ ਸਾਰੇ ਲੋਕਾਂ ਲਈ ਖੁਲ੍ਹੀ ਹੋਣੀ ਚਾਹੀਦੀ ਸੀ, ਭਾਵੇਂ ਉਹ ਕਿਸੇ ਵੀ ਸਿਆਸੀ ਪਾਰਟੀ ਦੇ ਸਰਗਰਮ ਹਮਾਇਤੀ ਵੀ ਕਿਉਂ ਨਾ ਹੋਣ। ਆਖਰ ਯੂ. ਕੇ. ਵਿਚ ਆ ਕੇ ਵਸੇ ਭਾਰਤੀ ਮੂਲ ਦੇ ਸਾਰੇ ਲੋਕਾਂ ਦੇ ਮਸਲੇ ਸਾਂਝੇ ਸਨ ਤੇ ਉਨ੍ਹਾਂ ਲਈ ਸਾਂਝੀ ਜਦੋਜਿਹਦ ਹੀ ਲਾਭਦਾਇਕ ਹੋ ਸਕਦੀ ਸੀ। ਜਿਸਤਰ੍ਹਾਂ ਸਾਡੇ ਇਹ ਕਾਮਰੇਡ ਭਾਰਤੀ ਮਜ਼ਦੂਰ ਸਭਾ ਦੀਆ ਇਕੱਤਰਤਾਵਾਂ ਵਿਚ ਕਾਂਗਰਸ, ਅਕਾਲੀ ਦੱਲ ਅਤੇ ਆਪਣੇ ਤੋਂ ਵਖਰੇ ਖਿਆਲ ਰੱਖਣ ਵਾਲੇ ਕਮਿਊਨਿਸਟਾਂ ਦੇ ਵਿਰੁਧ ਪਰਚਾਰ ਕਰਦੇ ਸਨ, ਉਸ ਨਾਲ ਇਨ੍ਹਾਂ ਤੋਂ ਵਖਰੇ ਖਿਆਲ ਰਖਣ ਵਾਲੇ ਭਾਰਤੀਆਂ ਦੇ ਇਸ ਸਭਾ ਦੇ ਮੈਂਬਰ ਬਣਨ ਲਈ ਕੋਈ ਰਾਹ ਨਹੀਂ ਰਹਿ ਜਾਂਦਾ ਸੀ।

ਭਾਰਤੀ ਮੂਲ ਦੇ ਲੋਕਾਂ ਨੂੰ ਬ੍ਰਤਾਨੀਆ ਵਿਚ ਰਹਿੰਦਿਆਂ ਘੋਰ ਕਿਸਮ ਦੇ ਨਸਲਵਾਦ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਕੰਮਾਂ ਅਤੇ ਸਮਾਜਕ ਸੇਵਾਵਾਂ ਵਿਚ ਬਰਾਬਰੀ ਪ੍ਰਾਪਤ ਕਰਨ ਲਈ ਸਖਤ ਜਦੋਜਿਹਦ ਦੀ ਲੋੜ ਸੀ। ਭਾਰਤੀ ਮਜ਼ਦੂਰ ਸਭਾ ਜਦੋਜਿਹਦ ਕਰ ਵੀ ਰਹੀ ਸੀ, ਪਰ ਉਹ ਭਾਰਤੀ ਮੂਲ ਦੇ ਬਹੁਤੇ ਲੋਕਾਂ ਨੂੰ ਆਪਣੇ ਪਿੱਛੇ ਲਾਮਬੰਦ ਕਰਨ ਵਿਚ ਸਫਲ ਨਹੀਂ ਹੋ ਰਹੀ ਸੀ। ਉਹਦਾ ਬਹੁਤਾ ਜ਼ੋਰ ਭਾਰਤ ਤੋਂ ਆਏ ਕਾਂਗਰਸੀ ਲੀਡਰਾਂ ਤੇ ਵਜ਼ੀਰਾਂ  ਵਿਰੁਧ ਮੁਜ਼ਾਹਰੇ ਕਰਨ ਵਿਚ ਲਗ ਜਾਂਦਾ ਸੀ। ਉਂਝ ਵੀ ਇਸ ਸਭਾ **ਦੇ** ਜਲਸਿਆਂ ਵਿਚ ਬਹੁਤਾ ਸਮਾਂ ਭਾਰਤੀ ਮੂਲ ਦੇ ਲੋਕਾਂ ਦੇ ਮਸਲੇ ਵਿਚਾਰਨ ਦੀ ਥਾਂ ਭਾਰਤ ਦੀ ਕਾਂਗਰਸੀ ਗੌਰਮਿੰਟ ਵਿਰੁਧ ਤੇ ਕਮਿਊਨਿਸਟ ਪਾਰਟੀ ਮਾਰਕਸਵਾਦੀ ਦੇ ਹੱਕ ਵਿਚ ਪਰਚਾਰ ਕਰਨ ਵਿਚ ਲੱਗ ਜਾਂਦਾ ਸੀ। ਇਹੀ ਕਾਰਣ ਸੀ ਕਿ ਕਾਂਗਰਸੀ ਤੇ ਹੋਰ ਦੂਜੀਆਂ ਪਾਰਟੀਆ ਦੇ ਹਮਾਇਤੀਆਂ ਨੇ ਭਾਰਤੀ ਮਜ਼ਦੂਰ ਸਭਾ ਦੇ ਵਿਰੁਧ ਮੁਕਾਬਲੇ ਦੀਆਂ ਜਥੇਬੰਦੀਆਂ ਖੜ੍ਹੀਆਂ ਕੀਤੀਆਂ ਹੋਈਆਂ ਸਨ। ਇਹ ਜਥੇਬੰਦੀਆਂ ਪ੍ਰਭਾਵਕ ਰੋਲ ਤਾਂ ਅਦਾ ਕਰ ਨਹੀਂ ਸਕਦੀਆਂ ਸਨ, ਭਾਰਤੀ ਮਜ਼ਦੂਰ ਸਭਾ ਦੇ ਰਸਤੇ ਵਿਚ ਕੰਡੇ ਜ਼ਰੂਰ ਖਿਲਾਰ ਸਕਦੀਆਂ ਸਨ।

ਮੈਂ ਸੋਚਦਾ ਸਾਂ ਕਿ ਹਰ ਤਰ੍ਹਾਂ ਦੇ ਸਿਆਸੀ ਵਿਚਾਰਾਂ ਦੇ ਭਾਰਤੀ ਮੂਲ ਦੇ ਲੋਕਾਂ ਨੂੰ ਭਾਰਤੀ ਮਜ਼ਦੂਰ ਸਭਾ ਦੇ ਝੰਡੇ ਹੇਠ ਇਕੱਠੇ ਕਰਨ ਦੀ ਤਿੱਖੀ ਲੋੜ **ਹੈ** ਤੇ ਇਹ ਲੋੜ ਤਾਂ ਹੀ ਪੂਰੀ ਹੋ ਸਕਦੀ ਹੈ ਜੇ ਭਾਰਤੀ ਮਜ਼ਦੂਰ ਸਭਾ ਦੀ ਦਿਖ ਨੂੰ ਭਾਰਤੀ ਮੂਲ ਦੇ ਲੋਕਾਂ ਦੀ ਸਰਬ ਸਾਂਝੀ ਜਥੇਬੰਦੀ ਦੀ ਦਿੱਖ ਪ੍ਰਦਾਨ ਕੀਤੀ ਜਾਂਦੀ।  ਕਾਮਰੇਡ ਆਪ ਅਜਿਹਾ ਕਰਦੇ ਨਹੀਂ ਸਨ ਤੇ ਉਹ ਕਿਸੇ ਵੀ ਹੋਰ ਸੂਝਵਾਨ ਬੰਦੇ ਦੀ ਗੱਲ  ਸੁਣਨ ਲਈ ਤਿਆਰ ਨਹੀਂ ਸਨ।

ਮੈਂ ਰੰਗ ਨਸਲ ਦੇ ਭੇਦ ਭਾਵ ਦੇ ਆਮ ਵਰਤਾਰੇ ਨੂੰ ਦਿਲੋਂ ਮਹਿਸੂਸ ਕਰਦਾ ਸਾਂ ਤੇ ਚਾਹੁੰਦਾ ਸਾਂ, ਭਾਰਤੀ ਮੂਲ ਦੇ ਸਾਰੇ ਲੋਕਾਂ ਨੂੰ ਇੱਕ ਸਭਾ ਵਿਚ

ਇਕੱਠੇ ਕੀਤਾ ਜਾਵੇ ਤੇ ਫੇਰ ਇਸ ਸਭਾ ਦਾ ਤਾਲਮੇਲ ਹੋਰ ਨਸਲਵਾਦ ਵਿਰੋਧੀ ਜਥੇਬੰਦੀਆਂ ਨਾਲ ਕੀਤਾ ਜਾਵੇ। ਇਸਤਰ੍ਹਾਂ ਹੀ ਅਸਰਦਾਰ ਢੰਗ ਨਾਲ ਨਸਲਵਾਦ ਦੇ ਦੈਂਤ ਵਿਰੁਧ ਲੜਿਆ ਜਾ ਸਕਦਾ ਸੀ।

ਮੈਂ ਡਰਬੀ ਆਉਣ ਦੇ ਛੇਤੀ ਹੀ ਪਿੱਛੋਂ ਭਾਰਤੀ ਮਜ਼ਦੂਰ ਸਭਾ ਦਾ ਮੈਂਬਰ ਬਣ ਗਿਆ ਪਰ ਥੋੜ੍ਹੇ ਚਿਰ ਪਿੱਛੋਂ ਹੀ ਮੈਂ ਮਹਿਸੂਸ ਕਰਨ ਲੱਗ ਪਿਆ ਸਾਂ ਕਿ ਨਸਲਵਾਦ ਵਿਰੁਧ ਜਦੋਜਿਹਦ ਵਿਚ ਤਾਂ ਹੀ ਅਸਰਦਾਰ ਢੰਗ ਨਾਲ ਹਿੱਸਾ ਪਾ ਸਕਦਾ ਸਾਂ ਜੇ ਮੈਂ ਆਪ ਭਾਰਤੀ ਕਮਿਊਨਿਸਟਾਂ ਦੀ ਐਸਸੋਸੀਏਸ਼ਨ ਦਾ ਵੀ ਮੈਂਬਰ ਹੋਵਾਂ। ਪਰ ਕਮਿਊਨਿਸਟ ਪਾਰਟੀ ਮਾਰਕਸਵਾਦੀ ਦੀਆਂ ਕੁਝ ਪਾਲਿਸੀਆਂ ਨਾਲ ਮੇਰੇ ਮਤਭੇਦ ਸਨ। ਇਸ ਹਾਲਤ ਵਿਚ ਮੈਨੂੰ ਭਾਰਤੀ ਕਮਿਊਨਿਸਟਾਂ ਦੀ ਐਸੋਸੀਏਸ਼ਨ ਦਾ ਮੈਂਬਰ ਬਣਨਾ ਚਾਹੀਦਾ ਸੀ ਜਾਂ ਨਹੀਂ, ਇਸ ਬਾਰੇ ਮੈਂ ਕੁਝ ਦੁਚਿੱਤੀ ਵਿਚ ਸਾਂ। ਇਸ ਐਸੋਸੀਏਸ਼ਨ ਦੇ ਇਕ ਕਹਿੰਦੇ ਕਹਾਉਂਦੇ ਲੀਡਰ ਨਾਲ ਮੈਂ ਗੱਲ ਕੀਤੀ ਤਾਂ ਉਹ ਨੇ ਮੈਨੂੰ ਕਿਹਾ ਕਿ ਜੇ ਕੁਝ ਮਤਭੇਦ ਹਨ ਤਾਂ ਵੀ ਤੈਨੂੰ ਮੈਂਬਰ ਬਣ ਜਾਣਾ ਚਾਹੀਦਾ ਹੈ। ਉਹਦੀ ਦਲੀਲ ਸੀ, ਇੱਕ ਪਾਰਟੀ ਦੇ ਮੈਂਬਰਾਂ ਵਿਚ ਵੀ ਤਾਂ ਮਤਭੇਦ ਸਦਾ ਰਹਿੰਦੇ ਹੀ ਹਨ। ਅਸੂਲ ਇਹ ਅਪਣਾਇਆ ਜਾਂਦਾ ਹੈ ਕਿ ਘੱਟ ਗਿਣਤੀ ਵੱਖਰੇ ਖਿਆਲ ਵਾਲੇ ਮੈਂਬਰ ਬਹੁਗਿਣਤੀ ਦੇ ਫੈਸਲੇ ਅਨੁਸਾਰ ਚੱਲਣ। ਮੈਂ ਬਹੁਸਮਤੀ ਦੇ ਫੈਸਲਿਆਂ ਅਨੁਸਾਰ ਚਲਦਾ ਹੋਇਆ ਵੀ ਆਪਣੇ ਖਿਆਲਾਂ ਨਾਲ ਬਾਕੀ ਮੈਂਬਰਾਂ ਨੂੰ ਸਹਿਮਤ ਕਰਨ ਲਈ ਜਦੋਜਿਹਦ ਕਰ ਸਕਦਾ ਸਾਂ। ਉਹਦੇ ਕਹਿਣ 'ਤੇ ਮੈਂ ਭਾਰਤੀ ਕਮਿਊਨਿਸਟਾਂ ਦੀ ਐਸੋਸੀਏਸ਼ਨ ਦਾ ਮੈਂਬਰ ਬਣ ਗਿਆ।

ਜਦ ਭਾਰਤੀ ਮਜ਼ਦੂਰ ਸਭਾ ਦੀ ਨਵੀਂ ਭਰਤੀ ਸ਼ੁਰੂ ਕੀਤੀ ਗਈ ਤਾਂ ਇਹਨੂੰ ਕੰਟਰੋਲ ਕਰਨ ਵਾਲੇ ਲੀਡਰਾਂ ਨੇ ਇਹ ਫੈਸਲਾ ਕੀਤਾ ਕਿ ਭਾਰਤੀ ਮਜ਼ਦੂਰ ਸਭਾ ਦੇ ਉਨ੍ਹਾਂ ਕਾਮਰੇਡਾਂ ਨੂੰ ਹੀ ਪ੍ਰਧਾਨ ਜਾਂ ਸਕੱਤਰ ਬਣਾਇਆ ਜਾਵੇਗਾ ਜਿਹੜੇ ਵੱਧ ਤੋਂ ਵੱਧ ਮੈਂਬਰ ਭਰਤੀ ਕਰਨਗੇ। ਜਦ ਮੈਂਬਰਸ਼ਿਪ ਬੰਦ

ਕੀਤੀ ਗਈ ਤਾਂ ਮੇਰੇ ਬਣਾਏ ਮੈਂਬਰ ਸਭ ਤੋਂ ਵੱਧ ਸਨ। ਗੱਲ ਇੰਝ ਹੋ ਗਈ ਕਿ ਉਸੇ ਕਹਿੰਦੇ ਕਹਾਉਂਦੇ ਲੀਡਰ ਨੇ ਹੀ ਮੇਰਾ ਨਾਉਂ ਜਨਰਲ ਸਕੱਤਰ ਦੇ ਅਹੁਦੇ ਲਈ ਪੇਸ਼ ਕਰ ਦਿੱਤਾ। ਪਰ ਕੁਝ ਪੁਰਾਣੇ ਕਾਮਰੇਡਾਂ ਨੇ ਇਹ ਬਹਾਨਾ ਬਣਾ ਕੇ ਵਿਰੋਧਤਾ ਸ਼ੁਰੂ ਕਰ ਦਿੱਤੀ ਕਿ ਮੈਂ ਐਸੋਸੀਏਸ਼ਨ ਦਾ ਨਵਾਂ ਮੈਂਬਰ ਹਾਂ, ਇਸ ਲਈ ਮੈਨੂੰ ਇਹੋ ਜਿਹਾ ਜਿੰਮੇਵਾਰੀ ਦਾ ਅਹੁਦਾ ਨਹੀਂ ਦੇਣਾ ਚਾਹੀਦਾ। ਉਹ ਲੀਡਰ ਮੇਰੇ ਹੱਕ ਵਿਚ ਇਹ ਦਲੀਲ ਦੇ ਕੇ ਡੱਟਿਆ ਰਿਹਾ ਕਿ ਐਸੋਸੀਏਸ਼ਨ ਦਾ ਨਵਾਂ ਮੈਂਬਰ ਹੋਵੇ ਜਾਂ ਪੁਰਾਣਾ, ਦੋਹਾਂ ਦੇ ਹੱਕ ਇਕੋ ਜਿਹੇ ਹੁੰਦੇ ਹਨ। ਇਸ ਲਈ ਆਖਰ ਮੈਨੂੰ ਸੈਕਟਰੀ ਦੇ ਅਹੁਦੇ ਲਈ ਨਾਮਜ਼ਦ ਕਰ ਦਿੱਤਾ ਗਿਆ।

ਕੁਝ ਦਿਨਾਂ ਪਿੱਛੋ ਭਾਰਤੀ ਮਜ਼ਦੂਰ ਸਭਾ ਦੀ ਡਰਬੀ ਬਰਾਂਚ ਦੇ ਅਹੁਦੇਦਾਰਾਂ ਦੀ ਚੋਣ ਕੀਤੀ ਜਾਣੀ ਸੀ। ਕਾਮਰੇਡਾਂ ਵਲੋਂ ਮੈਨੂੰ ਚੋਣ ਤੋਂ ਪਹਿਲਾਂ ਹੀ ਸੈਕਟਰੀ ਦੇ ਕੰਮ ਦੀ ਜ਼ਿਮੇਵਾਰੀ ਸਾਂਭਣ ਦਾ ਹੁਕਮ ਹੋ ਗਿਆ। ਮੇਰੇ ਮਨ ਵਿਚ ਲੋਕਾਂ ਨਾਲ ਸਿੱਧਾ ਸੰਪਰਕ ਬਣਾਉਣ ਲਈ ਇੱਕ ਕਲਪਨਾ ਪਹਿਲਾਂ ਹੀ ਬਣੀ ਹੋਈ ਸੀ। ਉਹਦੇ ਅਨੁਸਾਰ ਮੈਂ ਸਭਾ ਦੇ ਕੰਮ ਨੂੰ ਫੈਲਾਉਣ ਅਤੇ ਅਸਰਦਾਰ ਢੰਗ ਨਾਲ ਚਲਾਉਣ ਲਈ ਤਜ਼ਵੀਜ ਰੱਖ ਦਿੱਤੀ ਕਿ ਸਭਾ ਦੇ ਕੁਝ ਹੋਰ ਸਕੱਤਰ ਨਾਮਜ਼ਦ ਕੀਤੇ ਜਾਣ, ਜਿਵੇਂ ਕਿ ਸਭਿਆਚਾਰਕ ਸਕੱਤਰ, ਸਪੋਰਟ ਸਕੱਤਰ ਆਦਿ। ਮੇਰੀ ਤਜਵੀਜ਼ ਮੰਨ ਲਈ ਗਈ।

ਸਭਾ ਦੇ ਅਹੁਦੇਦਾਰਾਂ ਦੀ ਚੋਣ ਲਈ ਤਾਂ ਪਹਿਲਾਂ ਹੀ ਦਿਨ ਨਿਯਤ ਕੀਤਾ ਹੋਇਆ ਸੀ। ਸਭਾ ਦਾ ਕੌਮੀ ਪ੍ਰਧਾਨ ਚੋਣ ਕਰਵਾਉਣ ਲਈ ਸਮੇਂ ਸਿਰ ਪੁੱਜ ਗਿਆ। ਲੱਗ ਪੱਗ ਸਾਰੇ ਨਵੇਂ ਮੈਂਬਰ ਹਾਜ਼ਰ ਸਨ। ਕੌਮੀ ਪ੍ਰਧਾਨ ਨੇ ਨਵੀਂ ਕਮੇਟੀ ਲਈ ਇੱਕ ਲਿਸਟ ਪੇਸ਼ ਕਰ ਦਿੱਤੀ। ਇਸ ਲਿਸਟ ਨੂੰ ਬਹੁਸੰਮਤੀ ਨਾਲ ਜਾਂ ਪਾਸ ਕੀਤਾ ਜਾ ਸਕਦਾ ਸੀ ਜਾਂ ਰੱਦ। ਦੋ ਬੰਦਿਆਂ ਨੇ ਪ੍ਰਧਾਨ ਅਤੇ ਸੈਕਟਰੀ ਦੇ ਅਹੁਦਿਆਂ ਲਈ ਆਪਣੇ ਨਾਂ ਦਿੱਤੇ। ਪਰ ਉਨ੍ਹਾਂ ਦੀ ਗੱਲ ਚਲ ਨਹੀਂ ਸਕਦੀ ਸੀ। ਉਹਨਾਂ ਨੂੰ ਕਿਹਾ ਗਿਆ ਕਿ ਲਿਸਟ ਨੂੰ ਪਾਸ ਕਰਨ ਜਾਂ

ਰੱਦ ਕਰਨ ਦਾ ਉਨ੍ਹਾਂ ਨੂੰ ਅਧਿਕਾਰ ਹੈ। ਉਹ ਤੇ ਉਨ੍ਹਾਂ ਦੇ ਹਮਾਇਤੀ ਲਿਸਟ ਦੇ ਮੁਕਾਬਲੇ ਵਿਚ ਨਵੀਂ ਲਿਸਟ ਪੇਸ਼ ਕਰ ਸਕਦੇ ਸਨ। ਕਰਦੇ ਤਾਂ ਉਹ ਤਾਂ ਹੀ ਜੇ ਉਨ੍ਹਾਂ ਨੂੰ ਆਪਣੀ ਲਿਸਟ ਦੇ ਹੱਕ ਵਿਚ ਬਹੁ ਸੰਮਤੀ ਜੁਟਾ ਸਕਣ ਦੀ ਆਸ ਹੁੰਦੀ। ਇਸ ਲਈ ਕੌਮੀ ਪ੍ਰਧਾਨ ਦੀ ਪੇਸ਼ ਕੀਤੀ ਲਿਸਟ ਸਰਬ ਸੰਮਤੀ ਨਾਲ ਪਾਸ ਹੋ ਗਈ। ਮੈਂ ਦੋ ਸਾਲ ਲਈ ਜਨਰਲ ਸਕੱਤਰ ਤੇ ਪ੍ਰਧਾਨ ਅਜੀਤ ਦੁਸਾਂਝ ਬਣ ਗਿਆ।

ਭਾਰਤੀ ਮਜ਼ਦੂਰ ਸਭਾ ਡਰਬੀ ਬ੍ਰਾਂਚ ਦਾ ਜਨਰਲ ਸਕੱਤਰ ਬਣਨ ਪਿੱਛੋਂ ਸਭ ਤੋਂ ਪਹਿਲਾ ਕੰਮ ਮੈਂ ਇਹ ਕੀਤਾ ਕਿ ਭਾਰਤੀ ਮਜ਼ਦੂਰ ਸਭਾ ਦੀ ਛਤਰ ਛਾਇਆ ਹੇਠ ਭਾਰਤੀ ਨੌਜਵਾਨ ਸਭਾ ਅਤੇ ਭਾਰਤੀ ਇਸਤਰੀ ਸਭਾ ਬਣਾਉਣ ਦਾ ਮਤਾ ਪਾਸ ਕਰਵਾ ਲਿਆ। ਛੇਤੀ ਹੀ ਇਹ ਦੋਵੇਂ ਜਥੇਬੰਦੀਆਂ ਕੰਮ ਕਰਨ ਲੱਗ ਪਈਆਂ। ਭਾਰਤੀ ਮਜ਼ਦੂਰ ਸਭਾ ਨੂੰ ਇਸਦਾ ਲਾਭ ਵੀ ਛੇਤੀ ਹੀ ਮਿਲਣ ਲੱਗ ਪਿਆ।

ਮੇਰੇ ਜਨਰਲ ਸਕੱਤਰ ਬਣਨ ਪਿੱਛੋਂ ਜਦ ਭਾਰਤ ਦਾ ਸੁਤੰਤਰਤਾ ਦਿਵਸ ਆਇਆ ਤਾਂ ਮੈਂ ਉਸ ਵਿਚ ਸ਼ਾਮਲ ਹੋਣ ਲਈ ਬ੍ਰਤਾਨੀਆ ਭਰ ਦੇ ਪੰਜਾਬੀ ਲੇਖਕਾਂ ਨੂੰ ਸੱਦਾ-ਪੱਤਰ ਭੇਜ ਦਿੱਤੇ। ਮੇਰੇ ਸੱਦੇ 'ਤੇ ਆ ਵੀ ਸਾਰੇ ਲੇਖਕ ਗਏ। ਡਰਬੀ ਦੇ ਕਿੰਗਜ਼ ਹਾਲ ਵਿਚ ਪਹਿਲੀ ਵੇਰ ਇੰਨਾ ਵਡਾ ਸਮਾਗਮ ਹੋਇਆ ਕਿ ਹਾਲ ਤਾਂ ਸਾਰਾ ਭਰ ਹੀ ਗਿਆ ਸੀ, ਗੈਲਰੀਆਂ ਵਿਚ ਵੀ ਤਿਲ ਧਰਨ ਨੂੰ ਥਾਂ ਨਹੀਂ ਸੀ। ਇਸਤਰ੍ਹਾਂ ਮੈਂ ਡਰਬੀ ਦੀ ਭਾਰਤੀ ਮਜ਼ਦੂਰ ਸਭਾ ਨੂੰ ਕੁਝ ਹੱਦ ਤੱਕ ਸਮੁੱਚੇ ਭਾਰਤੀ ਭਾਈਚਾਰੇ ਦੀ ਸਾਂਝੀ ਜਥੇਬੰਦੀ ਦੀ ਦਿੱਖ ਪ੍ਰਦਾਨ ਕਰਨ ਵਿਚ ਸਫ਼ਲ ਹੋ ਗਿਆ।

## *ਗੁਰਦੁਆਰੇ ਦੀਆਂ ਚੋਣਾਂ ਵਿਚ ਸੁਯੋਗ ਅਗਵਾਈ*

ਡਰਬੀ ਦੇ ਸਮੁੱਚੇ ਪੰਜਾਬੀ ਅਵਾਸੀਆਂ ਨੇ ਚਾਰ ਕੁ ਸਾਲ ਪਹਿਲਾਂ ਇਕ ਬਿਲਡਿੰਗ ਖਰੀਦ ਕੇ ਗੁਰਪੁਰਬ ਅਤੇ ਸੰਗਰਾਦਾਂ ਮਨਾਉਣ ਅਤੇ ਵਿਆਹ ਸ਼ਾਦੀਆਂ ਦੀਆਂ ਰਸਮਾਂ ਦੀ ਸਹੂਲਤ ਲਈ ਗੁਰਦੁਆਰਾ ਬਣਾਉਣ ਦਾ ਉਦਮ ਕਰ ਲਿਆ ਸੀ ਤੇ ਇਸ ਗੁਰਦਵਾਰੇ ਦੀ ਪਹਿਲੀ ਕਮੇਟੀ ਵੀ ਕਿਸੇ ਤਰ੍ਹਾਂ ਦੇ ਭਿੰਨ ਭੇਦ ਤੋ ਬਿਨਾਂ ਉਨ੍ਹਾਂ ਕੁਝ ਬੰਦਿਆਂ 'ਤੇ ਅਧਾਰਤ ਬਣਾ ਲਈ ਸੀ, ਜਿਨ੍ਹਾਂ ਨੇ ਇਸ ਕੰਮ ਵਿਚ ਵਧ ਚੜ੍ਹ ਕੇ ਹਿੱਸਾ ਪਾਇਆ ਸੀ। ਇਸ ਕਮੇਟੀ ਦਾ ਪ੍ਰਧਾਨ ਦਰਸ਼ਨ ਸਿੰਘ ਢੱਡਾ ਤੇ ਸਕੱਤਰ ਮਹਿੰਦਰ ਸਿੰਘ ਢੰਡਾ ਸੀ। ਉਹ ਦੋਵੇਂ ਮੋਨੇ ਸਨ ਤੇ ਹੋਰ ਮੈਂਬਰ ਵੀ ਉਨ੍ਹਾਂ ਵਰਗੇ ਹੀ ਸਨ। ਮੁੜ ਕੇਸਾਧਾਰੀ ਬਣਨ ਦਾ ਉਸ ਵੇਲੇ ਤੱਕ ਰਿਵਾਜ ਹੀ ਨਹੀਂ ਪਿਆ ਸੀ। ਚਾਰ ਸਾਲ ਲੰਘਣ ਪਿੱਛੋਂ ਕੁਝ ਬੰਦਿਆ ਨੇ ਕੇਸ ਰੱਖ ਲਏ ਤੇ ਡਰਬੀ ਵਿਚ ਅਕਾਲੀ ਦਲ ਵੀ ਹੋਂਦ ਵਿਚ ਆ ਗਿਆ, ਤਾਂ ਪੁਰਾਣੀ ਕਮੇਟੀ ਦੇ ਕੰਮਾਂ 'ਤੇ ਕਿੰਤੂ ਪ੍ਰੰਤੂ ਕਰਨ ਵਾਲੇ ਵੀ ਪੈਦਾ ਹੋ ਗਏ। ਅਜਿਹੇ ਹੀ ਕੁਝ ਬੰਦਿਆਂ ਵਲੋਂ ਨਵੀਂ ਕਮੇਟੀ ਬਣਾਉਣ ਲਈ ਜ਼ੋਰ ਪਾਇਆ ਜਾਣ ਲੱਗ ਪਿਆ। ਪਹਿਲੀ ਕਮੇਟੀ ਦੇ ਮੈਂਬਰ ਤਾਂ ਨਿਰਸਵਾਰਥ ਸੇਵਾਦਾਰ ਸਨ ਤੇ ਇਸੇ ਕਾਰਣ ਉਨ੍ਹਾਂ ਨੂੰ ਸੰਗਤ ਨੇ ਸਰਬਸੰਮਤੀ ਨਾਲ ਇਹ ਸੇਵਾ ਸੰਭਾਲੀ ਸੀ। ਉਹ ਸਾਰੇ ਬਿਨਾ ਕਿਸੇ ਸੰਕੋਚ ਦੇ ਨਵੀਂ ਕਮੇਟੀ ਦੀ ਚੋਣ ਲਈ ਸਹਿਮਤ ਹੋ ਗਏ। ਪਰ ਚੋਣ ਕਿਵੇਂ ਕਰਵਾਈ ਜਾਂਦੀ? ਗੁਰਦੁਆਰਾ ਕਮੇਟੀ ਦਾ ਕੋਈ ਵਿਧਾਨ ਤਾਂ ਹੈ ਨਹੀਂ ਸੀ। ਇਸ ਲਈ ਪਹਿਲਾ ਕੰਮ ਵਿਧਾਨ ਬਣਾਉਣ ਦਾ ਸੀ।

ਮੈਂ ਭਾਰਤੀ ਮਜ਼ਦੂਰ ਸਭਾ ਦੀ ਕਾਰਸਾਧਕ ਕਮੇਟੀ ਦੀ ਮੀਟਿੰਗ ਵਿਚ ਇਹ ਮਤਾ ਪਾਸ ਕਰਵਾ ਲਿਆ ਕਿ ਸਾਨੂੰ ਵਿਧਾਨ ਬਣਾਉਣ ਅਤੇ ਨਵੀਂ ਕਮੇਟੀ ਬਣਾਉਣ ਵਿਚ ਆਪਣੇ ਪੰਜਾਬੀ ਭਾਈਚਾਰੇ ਨੂੰ ਸਹੀ ਅਗਵਾਈ ਦੇਣ

ਦਾ ਯਤਨ ਕਰਨਾ ਚਾਹੀਦਾ ਹੈ, ਇਸਤਰ੍ਹਾਂ ਹੀ ਅਸੀਂ ਡਰਬੀ ਦੇ ਸਮੁੱਚੇ ਪੰਜਾਬੀਆਂ ਵਿਚ ਏਕਾ ਰੱਖਣ ਅਤੇ ਗੁਰਦੁਆਰੇ ਨੂੰ ਫੁੱਟ ਪਾਊ ਅਨਸਰਾਂ ਦੇ ਹੱਥਾਂ ਵਿਚ ਜਾਣ ਤੋਂ ਬਚਾ ਸਕਦੇ ਹਾਂ। ਸਾਡੇ ਕੁਝ ਸਾਥੀ ਇਸ ਤਜਵੀਜ਼ ਦੇ ਵਿਰੁਧ ਸਨ ਪਰ ਬਹੁਸਮਤੀ ਮੇਰੀਆਂ ਦਲੀਲਾਂ ਨਾਲ ਸਹਿਮਤ ਹੋ ਗਈ।

ਗੁਰਦੁਆਰਾ ਕਮੇਟੀ ਦੇ ਸੱਦੇ 'ਤੇ ਮੇਰੇ ਸਣੇ ਕੁਝ ਸਾਥੀ ਗੁਰਦੁਆਰੇ ਜਾਣ ਲੱਗ ਪਏ। ਮੈਨੂੰ ਗੁਰਬਾਣੀ ਤੇ ਸਿਖ ਇਤਿਹਾਸ ਦੀ ਚੋਖੀ ਜਾਣਕਾਰੀ ਸੀ, ਇਸ ਲਈ ਗੁਰਦੁਆਰਾ ਕਮੇਟੀ ਸਣੇ, ਬਹੁਤੇ ਲੋਕਾਂ ਨੂੰ ਮੈਂ ਪ੍ਰਭਾਵਤ ਕਰਨ ਵਿਚ ਸਫਲ ਹੋ ਗਿਆ। ਨਵਾਂ ਵਿਧਾਨ ਬਣਾਉਣ ਲਈ ਅਤੇ ਨਵੀਂ ਗੁਰਦੁਆਰਾ ਕਮੇਟੀ ਦੀ ਚੋਣ ਕਰਵਾਉਣ ਦੀ ਮੇਰੀ ਅਤੇ ਮੇਰੇ ਸਾਥੀਆਂ ਦੀ ਡਿਊਟੀ ਲੱਗ ਗਈ। ਕੁਝ ਦਿਨਾਂ ਵਿਚ ਹੀ ਅਸੀਂ ਅਜਿਹਾ ਵਿਧਾਨ ਬਣਾਉਣ ਵਿਚ ਸਫਲ ਹੋ ਗਏ, ਜਿਸ ਅਨੁਸਾਰ ਕੋਈ ਵੀ ਸਿਆਸੀ ਪਾਰਟੀ ਜਾਂ ਸਿਆਸੀ ਜਥੇਬੰਦੀ ਦਾ ਅਹੁਦੇਦਾਰ ਗੁਰਦੁਆਰਾ ਕਮੇਟੀ ਦੀ ਚੋਣ ਵਿਚ ਹਿੱਸਾ ਨਹੀਂ ਲੈ ਸਕਦਾ ਸੀ। ਸਾਡਾ ਪੇਸ਼ ਕੀਤਾ ਵਿਧਾਨ ਸੰਗਤ ਨੇ ਸਰਬ ਸੰਮਤੀ ਨਾਲ ਪਾਸ ਕਰ ਦਿੱਤਾ।

ਚੋਣ ਕਰਵਾਉਣ ਲਈ ਵੀ ਸਾਡੀ ਹੀ ਡਿਊਟੀ ਲੱਗ ਗਈ, ਕਿਉਂਕਿ ਸਾਰੀ ਸੰਗਤ ਦਾ ਇਹ ਹੀ ਫੈਸਲਾ ਸੀ ਕਿ ਅਸੀਂ ਹੀ ਸਾਰੀ ਸੰਗਤ ਨੂੰ ਮਨਜ਼ੂਰ ਚੋਣ ਕਰਵਾ ਸਕਦੇ ਹਾਂ। ਆਪਣੇ ਸਾਥੀਆਂ ਨੂੰ ਮੈਂ ਸਹਿਮਤ ਕਰਨ ਵਿਚ ਵਿਚ ਸਫਲ ਹੋ ਗਿਆ ਕਿ ਗੁਰਦੁਆਰਾ ਕਮੇਟੀ ਦੀ ਚੋਣ ਸਰਬਸਮਤੀ ਨਾਲ ਹੀ ਹੋਣੀ ਚਾਹੀਦੀ ਹੈ।

ਅਸੀਂ ਗੁਰੂ ਨਾਨਕ ਦੇਵ ਜੀ ਦੇ 'ਸੱਭੈ ਸਾਂਝੀਵਾਲ ਸਦਾਇਨ' ਦੇ ਸੰਦੇਸ਼ ਨੂੰ ਅਗੇ ਰੱਖ ਕੇ ਯਤਨ ਹੀ ਅਜੇਹੇ ਕੀਤੇ ਕਿ ਨਵੀਂ ਗੁਰਦੁਆਰਾ ਕਮੇਟੀ ਵੀ ਸਰਬ-ਸਮਤੀ ਨਾਲ ਬਣ ਗਈ ਅਤੇ ਉਸ ਵਿਚ ਕੋਈ ਤੰਗ ਨਜ਼ਰ ਫਿਰਕਾ ਪ੍ਰਸਤ ਵੀ ਨਾ ਆ ਸਕਿਆ।

## *ਨਸਲਵਾਦੀ ਭੇਦ ਭਾਵ ਵਿਰੁਧ ਘੋਲ*

*ਇਨ੍ਹਾਂ* ਦਿਨਾਂ ਵਿਚ ਨਸਲ ਰੰਗ ਦਾ ਭੇਦ-ਭਾਵ ਆਪਣੇ ਸਿਖਰਾਂ ਉੱਤੇ ਸੀ। ਭਾਰਤੀ ਮਜ਼ਦੂਰ ਸਭਾ ਬ੍ਰਤਾਨੀਆਂ ਭਰ ਵਿਚ ਇਹਦੇ ਵਿਰੁਧ ਜਦੋਜਿਹਦ ਵਿਚ ਪੂਰਾ ਯੋਗਦਾਨ ਪਾ ਰਹੀ ਸੀ। ਡਰਬੀ ਅਤੇ ਆਲੇ ਦੁਆਲੇ ਦੇ ਖੇਤਰਾਂ ਵਿਚ ਵੀ ਰੰਗ ਨਸਲ ਦੇ ਭੇਦ-ਭਾਵ ਦੀਆਂ ਖਬਰਾਂ ਮਿਲਦੀਆਂ ਰਹਿੰਦੀਆਂ ਸਨ। ਕੰਮ ਲੱਭਣ ਵਿਚ ਅਤੇ ਨੌਕਰੀਆਂ ਵਿਚ ਵੀ ਇਸ ਕਿਸਮ ਦਾ ਭੇਦ-ਭਾਵ ਚਲਦਾ ਸੀ। ਭਾਰਤੀ ਮਜ਼ਦੂਰ ਸਭਾ ਦੀ ਡਰਬੀ ਬ੍ਰਾਂਚ ਨੇ ਇਸ ਵਿਰੁਧ ਜਦੋਜਿਹਦ ਵਿਚ ਆਪਣਾ ਪੂਰਾ ਯੋਗਦਾਨ ਪਾਇਆ।

ਪੱਬਾਂ ਕਲੱਬਾਂ ਵਿਚ ਵੀ ਇਹ ਭੇਦ-ਭਾਵ ਚਲਦਾ ਸੀ। ਡਰਬੀ ਦੇ ਇੱਕ ਪੱਬ ਦੇ ਇਹੋ ਜਿਹੇ ਭੇਦ-ਭਾਵ ਵਿਰੁਧ ਭਾਰਤੀ ਮਜ਼ਦੂਰ ਸਭਾ ਡਰਬੀ ਬਰਾਂਚ ਨੇ ਜਦੋਜਿਹਦ ਹੀ ਨਹੀਂ ਕੀਤੀ ਬਲਕਿ ਜਿੱਤ ਵੀ ਪ੍ਰਾਪਤ ਕੀਤੀ। ਇਸ ਪੱਬ ਦੇ ਲਾਉਂਜ ਵਿਚ ਕੇਵਲ ਗੋਰੀ ਨਸਲ ਦੇ ਲੋਕਾਂ ਨੂੰ ਬੈਠਣ ਖੜ੍ਹਣ ਦਿੱਤਾ ਜਾਂਦਾ ਸੀ। ਜੇ ਕੋਈ ਭਾਰਤੀ ਜਾਂ ਅਫਰੀਕਨ ਮੂਲ ਦਾ ਬੰਦਾ ਉਸ ਲਾਉਂਜ ਵਿਚ ਚਲਾ ਜਾਂਦਾ ਤਾਂ ਉਹਨੂੰ ਦੂਜੇ ਕਮਰੇ ਵਿਚ ਭੇਜ ਦਿੱਤਾ ਜਾਂਦਾ।

ਮੈਂ ਤੇ ਮੇਰੇ ਦੋ ਹੋਰ ਸਾਥੀ ਗੁਰਦਵਾਰੇ ਦੀ ਇੱਕ ਮੀਟਿੰਗ ਵਿਚ ਭਾਗ ਲੈਣ ਪਿੱਛੋਂ ਉਸ ਪੱਬ ਵਿਚ ਬੀਰ ਪੀਣ ਗਏ ਤਾਂ ਸਾਨੂੰ ਵੀ ਲਾਉਂਜ ਦੀ ਥਾਂ ਦੂਜੇ ਕਮਰੇ ਵਿਚ ਜਾਣ ਦਾ ਹੁਕਮ ਹੋ ਗਿਆ। ਅਸੀਂ ਲਾਉਂਜ ਛੱਡ ਕੇ ਦੂਜੇ ਕਮਰੇ ਵਿਚ ਜਾਣ ਤੋਂ ਇਨਕਾਰ ਕਰ ਦਿੱਤਾ ਤੇ ਕਿਹਾ, “ਇਹ ਤਾਂ ਸਾਫ ਤੌਰ ‘ਤੇ ਨਸਲਵਾਦੀ ਭੇਦ-ਭਾਵ ਹੈ। ਅਸੀਂ ਇਹਦੇ ਵਿਰੁਧ ਪ੍ਰੋਟੈਸਟ ਕਰਦੇ ਹਾਂ”। ਇਹ ਐਲਾਨ ਕਰ ਕੇ ਅਸੀਂ ਬਾਹਰ ਆ ਗਏ ਤੇ ਉਸੇ ਵੇਲੇ ਪੱਬ ਦੇ ਬਾਹਰ ਪਿਕਟਿੰਗ ਕਰਨ ਦਾ ਫੈਸਲਾ ਕਰ ਲਿਆ। ਅਸੀਂ ਫੋਨ ਕਰ ਕੇ ਕੁਝ ਹੋਰ

ਬੰਦਿਆਂ ਨੂੰ ਵੀ ਸੱਦ ਲਿਆ ਤੇ ਪਿਕਟਿੰਗ ਸ਼ੁਰੂ ਹੋ ਗਈ। ਅਸੀਂ ਪੱਬ ਵਿਚ ਆਉਣ ਵਾਲੇ ਹਰ ਬੰਦੇ ਨੂੰ ਬਾਹਰ ਹੀ ਰੋਕ ਲੈਂਦੇ ਤੇ ਸਮਝਾਉਂਦੇ ਕਿ ਪੱਬ ਮਾਲਕਾਂ ਦਾ ਇਹ ਵਤੀਰਾ ਨਿੰਦਣਯੋਗ ਹੈ ਤੇ ਸਾਰੇ ਲੋਕਾਂ ਨੂੰ ਇਹਦਾ ਬਾਈਕਾਟ ਕਰਨ ਚਾਹੀਦਾ ਹੈ। ਸਾਡੀ ਅਪੀਲ ਦਾ ਚੋਖਾ ਅਸਰ ਹੋਇਆ। ਸਾਡੀ ਪਿਕਟਿੰਗ ਹਫਤਾ ਭਰ ਚਲਦੀ ਰਹੀ। ਭਾਰਤੀ ਮੂਲ ਦੇ ਲੋਕਾਂ ਨੇ ਤਾਂ ਸਾਡਾ ਕਹਿਣਾ ਮੰਨਣਾ ਹੀ ਸੀ, ਗੋਰਿਆਂ ਨੇ ਵੀ ਸਾਡੀ ਪਿਕਟਿੰਗ ਦੀ ਉਲੰਘਣਾ ਨਾ ਕੀਤੀ। ਆਖਰ ਪੱਬ ਦੇ ਮਾਲਕਾਂ ਨੂੰ ਝੁਕਣਾ ਪਿਆ ਤੇ ਉਨ੍ਹਾਂ ਨੇ ਆਪਣੀ ਨਸਲਵਾਦੀ ਪਾਲਿਸੀ ਦਾ ਤਿਆਗ ਕਰ ਕੇ ਭੇਦਭਾਵ ਨੂੰ ਖਤਮ ਕਰਨ ਦਾ ਐਲਾਨ ਕਰ ਦਿੱਤਾ। ਭਾਰਤੀ ਮੂਲ ਦੇ ਲੋਕਾਂ 'ਤੇ ਸਾਡੀ ਇਸ ਜਿਤ ਦਾ ਚੋਖਾ ਚੰਗਾ ਪ੍ਰਭਾਵ ਪਿਆ ਤੇ ਸਾਡੇ ਕੰਮਾਂ ਦੀ ਸ਼ਲਾਘਾ ਵੀ ਹੋਣ ਲੱਗ ਪਈ।

## *ਪੰਜਾਬੀ ਲੇਖਕਾਂ ਵਿਚ ਫੁੱਟ ਪਾਉਣ ਦੇ ਯਤਨਾਂ ਦਾ ਵਿਰੋਧ*

ਇਸ ਦੇਸ ਵਿਚ ਆਉਣ ਦੇ ਪਹਿਲੇ ਦਿਨਾਂ ਵਿਚ ਜਦ ਮੈਂ ਸਾਊਥਾਲ ਵਿਚ ਰਹਿੰਦਾ ਸਾਂ, ਉਸ ਵੇਲੇ ਉੱਥੇ ਪੰਜਾਬੀ ਸਾਹਿਤ ਸਭਾ ਬਣ ਹੋਈ ਸੀ। ਇਹਦੇ ਮੈਂਬਰ ਕੇਵਲ ਸਾਊਥਾਲ ਵਿਚ ਰਹਿੰਦੇ ਪੰਜਾਬੀ ਲੇਖਕ ਹੀ ਨਹੀਂ ਸਨ, ਸਗੋਂ ਲੰਡਨ ਭਰ ਦੇ ਅਤੇ ਹੋਰ ਸ਼ਹਿਰਾਂ ਵਿਚ ਰਹਿੰਦੇ ਪੰਜਾਬੀ ਲੇਖਕ ਵੀ ਸਨ। ਵਾਸਤਵ ਵਿਚ ਦੂਜੇ ਸ਼ਹਿਰਾਂ ਵਿਚ ਰਹਿੰਦੇ ਬਹੁਤੇ ਪੰਜਾਬੀ ਲੇਖਕ ਸਾਊਥਾਲ ਵਿਚੋਂ ਹੀ ਗਏ ਸਨ। ਇਸ ਸਭਾ ਦੇ ਸਮਾਗਮਾਂ ਵਿਚ ਆਉਂਦੇ ਵੀ ਸਾਰੇ ਲੇਖਕ ਸਨ। ਆਖਰ ਲੇਖਕ ਵੀ ਕਿੰਨੇ ਕੁ ਸਨ? ਇਸ ਲਈ ਇਹ ਸਭਾ ਬਰਤਾਨੀਆਂ ਭਰ ਦੇ ਸਾਰੇ ਪੰਜਾਬੀ ਲੇਖਕਾਂ ਦੀ ਸਾਂਝੀ ਜਥੇਬੰਦੀ ਸੀ।

ਇਸ ਸਭਾ ਦਾ ਪਹਿਲਾ ਪ੍ਰਧਾਨ ਈਸ਼ਵਰ ਚਿਤਰਕਾਰ ਤੇ ਜਨਰਲ ਸਕੱਤਰ ਸੰਤੋਖ ਸਿੰਘ ਸੰਤੋਖ ਸੀ। ਸਵਰਨ ਚੰਦਨ ਵੀ ਇਸ ਸਭਾ ਦੇ ਮੈਂਬਰਾਂ

ਵਿਚੋਂ ਇੱਕ ਸੀ। ਇਸ ਸਭਾ ਦੇ ਔਹਦੇਦਾਰਾਂ ਦੀ ਚੋਣ ਹੋਣੀ ਸੀ। ਸਵਰਨ ਚੰਦਨ ਨੇ ਜਨਰਲ ਸਕੱਤਰ ਦੇ ਅਹੁਦੇ ਲਈ ਆਪਣਾ ਨਾਉਂ ਪੇਸ਼ ਕੀਤਾ ਪਰ ਜਨਰਲ ਸਕੱਤਰ ਕਿਸੇ ਹੋਰ ਲੇਖਕ ਨੂੰ ਚੁਣ ਲਿਆ ਗਿਆ। ਛੇਤੀ ਹੀ ਚੰਦਨ ਇਸ ਸਭਾ ਤੋਂ ਦੂਰ ਦੂਰ ਰਹਿਣ ਲੱਗ ਪਿਆ ਤੇ ਨਾਲ ਹੀ ਉਹਨੇ ਪ੍ਰਗਤੀਸ਼ੀਲ ਲੇਖਕ ਸਭਾ ਬਣਾਉਣ ਲਈ ਯਤਨ ਅਰੰਭ ਕਰ ਦਿੱਤੇ। ਉਹ ਭਾਰਤੀ ਕਮਿਊਨਿਸਟਾਂ ਦੀ ਐਸੋਸੀਏਸ਼ਨ ਦਾ ਵੀ ਮੈਂਬਰ ਸੀ ਤੇ ਭਾਰਤੀ ਮਜ਼ਦੂਰ ਸਭਾ ਦਾ ਵੀ। ਇਸ ਲਈ ਉਹਦਾ ਖਿਆਲ ਸੀ ਕਿ ਉਹ ਇਹ ਸਭਾ ਬਣਾਉਣ ਵਿਚ ਕਾਮਯਾਬ ਹੋ ਜਾਵੇਗਾ।

ਮੈਂ ਪ੍ਰਗਤੀਸ਼ੀਲ ਲੇਖਕਾਂ ਦੀ ਵਖਰੀ ਸਭਾ ਬਣਾਉਣ ਦੇ ਹੱਕ ਵਿਚ ਨਹੀਂ ਸਾਂ। ਮੇਰਾ ਖਿਆਲ ਸੀ ਕਿ ਇੱਥੇ ਗਿਣਤੀ ਦੇ ਥੋੜ੍ਹੇ ਜਿਹੇ ਤਾਂ ਪੰਜਾਬੀ ਲੇਖਕ ਹਨ, ਉਨ੍ਹਾਂ ਨੂੰ ਪ੍ਰਗਤੀਵਾਦੀ ਤੇ ਨਾ-ਪ੍ਰਗਤੀਵਾਦੀਆ ਵਿਚ ਵੰਡਣਾ ਨਾ ਤਾਂ ਲੇਖਕਾਂ ਲਈ ਲਾਭਦਾਇਕ ਹੈ ਤੇ ਨਾ ਪ੍ਰਗਤੀ ਦੇ ਪਾਂਧੀਆਂ ਲਈ। ੧੯੬੮ ਵਿਚ ਜਦ ਸਵਰਨ ਚੰਦਨ ਨੇ ਭਾਰਤੀ ਕਮਿਊਨਿਸਟਾਂ ਦੀ ਐਸੋਸੀਏਸ਼ਨ ਵਿਚ ਇਹ ਗੱਲ ਤੋਰੀ, ਉਸ ਵੇਲੇ ਮੈਂ ਆਪ ਵੀ ਭਾਰਤੀ ਕਮਿਊਨਿਸਟਾਂ ਦੀ ਐਸੋਸੀਸ਼ਨ ਦਾ ਮੈਂਬਰ ਬਣ ਚੁੱਕਾ ਸਾਂ। ਮੈਂ ਉਸ ਸਮੇਂ ਦੇ ਇਸ ਐਸੋਸੀਏਸ਼ਨ ਦੇ ਸਕੱਤਰ ਕਾਮਰੇਡ ਗੁਰਦੇਵ ਧਾਮੀ ਨਾਲ ਸਿੱਧਾ ਸੰਪਰਕ ਕਰ ਕੇ ਉਹਦੀ ਰਾਏ ਪੁੱਛੀ ਤਾਂ ਉਹਨੇ ਸਾਫ ਸ਼ਬਦਾਂ ਵਿਚ ਪ੍ਰਗਤੀਸ਼ੀਲ ਲਿਖਾਰੀ ਸਭਾ ਬਣਾਉਣ ਦੇ ਖਿਆਲ ਨੂੰ ਰੱਦ ਕਰ ਦਿੱਤਾ। ਕੇਵਲ ਨੂਰ ਤੇ ਢੰਡ ਵਰਗੇ ਇੱਕ ਦੋ ਬੰਦੇ ਸਨ ਜਿਹੜੇ ਪ੍ਰਗਤੀਸ਼ੀਲ ਲੇਖਕ ਸਭਾ ਬਣਾਉਣ ਦੇ ਹਕ ਵਿਚ ਸਨ।

ਅਗਸਤ ੧੯੬੯ ਵਿਚ ਜਦ ਮੇਰੇ ਸੱਦੇ 'ਤੇ ਭਾਰਤੀ ਮਜ਼ਦੂਰ ਸਭਾ ਦੇ ਸੁਤੰਤਰਤਾ ਦਿਵਸ ਸਮਾਗਮ ਵਿਚ ਬ੍ਰਤਾਨੀਆ ਭਰ ਦੇ ਬਹੁਤੇ ਲੇਖਕ ਆਏ, ਤਾਂ ਸਮਾਗਮ ਦੇ ਅੰਤ 'ਤੇ ਬਾਕੀ ਸਾਰੇ ਤਾਂ ਵਾਪਸ ਚਲੇ ਗਏ ਪਰ ਸਵਰਨ ਚੰਦਨ, ਰਘੁਬੀਰ ਢੰਡ ਅਤੇ ਨਿਰੰਜਨ ਸਿੰਘ ਨੂਰ ਦੇ ਕਹਿਣ ਤੇ ਭਾਰਤੀ

ਕਮਿਊਨਿਸਟ ਐਸਸੀਏਸ਼ਨ ਨਾਲ ਸੰਬੰਧਤ ਕੁਝ ਲੇਖਕ ਅਤੇ ਲੀਡਰ ਰੁਕ ਗਏ। ਦਸਿਆ ਇਹੀ ਗਿਆ ਸੀ ਕਿ ਸਾਹਿਤਕ ਮਸਲਿਆਂ ਉਤੇ ਕੁਝ ਵਿਚਾਰ ਵਟਾਂਦਰਾ ਕਰਨਾ ਹੈ। ਰਾਤ ਨੂੰ ਮੀਟਿੰਗ ਖੁਸ਼ਦੇਵ ਸਿੰਘ ਜੌਹਲ ਦੇ ਘਰ ਹੋਈ। ਇਸ ਮੀਟਿੰਗ ਵਿਚ ਡਰਬੀ ਦੇ ਲੇਖਕਾਂ ਅਤੇ ਕਾਮਰੇਡਾਂ ਤੋਂ ਬਿਨਾ ਰੁੜਕਾ ਕਲਾਂ ਵਾਲਾ ਅਜੀਤ ਅਣਖੀ, ਨਰਿੰਦਰ ਦੁਸਾਂਝ ਤੇ ਅਵਤਾਰ ਸਾਦਿਕ ਵੀ ਸ਼ਾਮਿਲ ਸਨ।

ਮੀਟਿੰਗ ਵਿਚ ਸਵਰਨ ਚੰਦਨ ਨੇ ਪਰਚਾ ਪੜ੍ਹਿਆ "**ਪੰਜਾਬੀ ਸਾਹਿਤ ਨੂੰ ਸੋਧਵਾਦ ਤੋਂ ਖਤਰਾ**"। ਇਸ ਦਾ ਨਿਚੋੜ ਇਹ ਨਿਕਲਦਾ ਸੀ ਕਿ ਪੰਜਾਬੀ ਸਾਹਿਤ ਨੂੰ ਸੋਧਵਾਦ ਤੋਂ ਬਚਾਉਣ ਲਈ ਪ੍ਰਗਤੀਸ਼ੀਲ ਲੇਖਕ ਸਭਾ ਬਣਾਉਣ ਦੀ ਫੌਰੀ ਲੋੜ ਹੈ। ਮੈਂ ਪਰਚੇ ਉਤੇ ਬੋਲਦਿਆਂ ਕਿਹਾ, "ਇਹ ਪਹਿਲੀ ਵਾਰ ਸੁਣਨ ਵਿਚ ਆਇਆ ਹੈ ਕਿ ਪੰਜਾਬੀ ਸਾਹਿਤ ਨੂੰ ਸੋਧਵਾਦ ਦੇ ਖਤਰੇ ਤੋਂ ਬਚਾਉਣ ਲਈ ਨਵੀਂ ਸਭਾ ਬਣਾਉਣ ਦੀ ਲੋੜ ਹੈ। ਕੀ ਚੰਦਨ ਹੁਰੀਂ ਇਹ ਚਾਹੁੰਦੇ ਹਨ ਕਿ ਇਨ੍ਹਾਂ ਦੀ ਪ੍ਰਸਤਾਵਤ ਸਭਾ ਦੇ ਮੈਂਬਰ ਕੇਵਲ ਕਮਿਊਨਿਸਟ ਪਾਰਟੀ ਮਾਰਕਸਵਾਦੀ ਦੇ ਮੈਂਬਰ ਅਤੇ ਹਮਦਰਦ ਹੀ ਬਣਨ? ਕੀ ਦੋ ਹੱਥਾਂ ਦੀਆਂ ਉਂਗਲਾਂ ਉੱਤੇ ਗਿਣੇ ਜਾ ਸਕਦੇ ਬ੍ਰਤਾਨਵੀ ਪੰਜਾਬੀ ਲੇਖਕਾਂ ਵਿਚ ਫੁੱਟ ਪਾ ਕੇ ਢਾਈ ਇੱਟ ਦੀ ਵਖਰੀ ਮਸੀਤ ਬਣਾਉਣੀ ਅਕਲਮੰਦੀ ਹੈ ਜਾਂ ਸਾਰੇ ਲੇਖਕ ਭਾਈਚਾਰੇ ਨੂੰ ਇੱਕ ਮੁੱਠ ਰੱਖ ਕੇ ਉਨ੍ਹਾਂ ਵਿਚ ਪਾਰਟੀ ਦਾ ਪ੍ਰਭਾਵ ਵਧਾਉਣਾ। ਮੈਥੋਂ ਪਿੱਛੋਂ ਜਿੰਨੇ ਵੀ ਬੰਦੇ ਬੋਲੇ ਸਾਰਿਆਂ ਨੇ ਪ੍ਰਗਤੀਸ਼ੀਲ ਲੇਖਕ ਸਭਾ ਬਣਾਉਣ ਦੀ ਵਿਰੋਧਤਾ ਕੀਤੀ। ਕੇਵਲ ਨੂਰ ਅਤੇ ਢੰਡ ਹੀ ਹੱਕ ਵਿਚ ਬੋਲੇ। ਚੰਦਨ ਦਾ ਇਹ ਮਤਾ ਭਾਰੀ ਬਹੁ-ਸਮਤੀ ਨੇ ਰੱਦ ਕਰ ਦਿੱਤਾ।

ਉਸ ਸਮੇਂ ਤਾਂ ਰਘੁਬੀਰ ਢੰਡ ਅਤੇ ਨੂਰ ਚੁੱਪ ਹੋ ਗਏ ਪਰ ਦੋ ਕੁ ਸਾਲ ਪਿੱਛੋਂ ਉਨ੍ਹਾਂ ਨੇ ਆਪਣੇ ਵਰਗੇ ਕੁਝ ਹੋਰ ਬੰਦੇ ਨਾਲ ਜੋੜ ਕੇ ਪ੍ਰਗਤੀਸ਼ੀਲ ਲੇਖਕ ਸਭਾ ਗ੍ਰੇਟ ਬ੍ਰਿਟੇਨ ਦੇ ਨਾਉਂ ਹੇਠ ਮੀਟਿੰਗਾਂ ਕਰਨੀਆ ਸ਼ੁਰੂ ਕਰ

ਦਿੱਤੀਆਂ। ਸਵਰਨ ਚੰਦਨ ਨੂੰ ਸੱਦਣ ਦੀ ਉਨ੍ਹਾਂ ਨੇ ਲੋੜ ਹੀ ਨਾ ਸਮਝੀ। ਮੈਨੂੰ ਤਾਂ ਉਨ੍ਹਾਂ ਨੇ ਪਹਿਲਾਂ ਹੀ ਕਾਲੀ ਸੂਚੀ ਵਿਚ ਕੀਤਾ ਹੋਇਆ ਸੀ। ਪਰ ਹੈਰਾਨੀ ਤਾਂ ਇਸ ਗੱਲ ਦਾ ਪਤਾ ਲੱਗਣ 'ਤੇ ਹੋਈ ਕਿ ਨੂਰ ਤੇ ਢੰਡ ਦੀ ਜੋੜੀ ਆਪਣੀ ਸਭਾ ਨੂੰ ਅਗਸਤ ੧੯੬੯ ਵਿਚ ਡਰਬੀ ਵਿਚ ਸਥਾਪਤ ਹੋਈ ਕਹਿੰਦੀ ਤੇ ਲਿਖਦੀ ਸੀ, ਜਦ ਕਿ ਸਾਰੇ ਜਾਣਦੇ ਸਨ ਕਿ ਉਸ ਮੀਟਿੰਗ ਵਿਚ ਉਨ੍ਹਾਂ ਦਾ ਮਤਾ ਰੱਦ ਹੋ ਗਿਆ ਸੀ। ਅਜਿਹਾ ਕਰਦੇ ਸਮੇਂ ਨਾ ਉਨ੍ਹਾਂ ਨੇ ਭਾਰਤੀ ਮਜ਼ਦੂਰ ਸਭਾ (ਸਰਬ ਬ੍ਰਤਾਨੀਆ) ਦੀ ਲੀਡਰਸ਼ਿਪ ਦੀ ਪਰਵਾਹ ਕੀਤੀ ਤੇ ਨਾ ਭਾਰਤੀ ਕਮਊਨਿਸਟਾਂ ਦੀ ਐਸੋਸੀਏਸ਼ਨ ਦੀ। ਪਤਾ ਨਹੀ ਕਿਉਂ ਇਨ੍ਹਾਂ ਦੋਹਾਂ ਸਭਾਵਾਂ ਦੇ ਕੁਝ ਬੰਦੇ ਫੇਰ ਵੀ ਢੰਡ-ਨੂਰ ਜੋੜੀ ਨਾਲ ਜੁੜ ਗਏ।

ਮੇਰਾ ਨਾ ਤਾਂ ਨੂਰ ਤੇ ਢੰਡ ਨਾਲ ਕੋਈ ਜਾਤੀ ਵਿਰੋਧ ਸੀ ਨਾ ਸਵਰਨ ਚੰਦਨ ਨਾਲ। ਇਨ੍ਹਾਂ ਤਿੰਨਾਂ ਨਾਲ ਮੇਰੇ ਮਿਤਰਾਨਾ ਸੰਬੰਧ ਸਨ ਤੇ ਮੈਂ ਇਨ੍ਹਾਂ ਦੇ ਚੰਗੇ ਗੁਣਾਂ ਦਾ ਕਦਰਦਾਨ ਵੀ ਸਾਂ, ਫੇਰ ਵੀ ਜੇ ਮੈਨੂੰ ਇਨ੍ਹਾਂ ਦੀ ਵਿਰੋਧਤਾ ਕਰਨੀ ਪਈ ਤਾਂ ਉਹ ਕੇਵਲ ਇਸ ਕਰਕੇ ਕਿ ਉਹ ਇੱਕ ਗ਼ਲਤ ਰੁਝਾਨ ਦੀ ਵਕਾਲਤ ਕਰ ਰਹੇ ਸਨ, ਜਿਸਦਾ ਸਿੱਟਾ ਬ੍ਰਤਾਨੀਆ ਵਿਚ ਵਸਦੇ ਪੰਜਾਬੀ ਲੇਖਕਾਂ ਦੀ ਫੁਟ ਵਿਚ ਨਿਕਲਣਾ ਸੀ। ਇਸ ਗ਼ਲਤ ਰੁਝਾਨ ਨੇ ਨਾ ਤਾਂ ਪੰਜਾਬੀ ਭਾਸ਼ਾ ਤੇ ਸਾਹਿਤ ਦਾ ਕੁਝ ਸਵਾਰਨਾ ਸੀ, ਨਾ ਪ੍ਰਗਤੀਸ਼ਲੀਤਾ ਤੇ ਮਾਰਕਸਵਾਦ ਦਾ, ਸਗੋਂ ਹਰ ਹਾਲਤ ਵਿਚ ਵਿਗਾੜਨਾ ਬਹੁਤ ਕੁੱਝ ਸੀ।

ਪਿੱਛੋਂ ਜਾ ਕੇ ਨੂਰ ਤੇ ਢੰਡ ਦੋਹਾਂ ਦੇ ਭਾਰਤੀ ਕਮਿਊਨਿਸਟਾਂ ਦੀ ਐਸੋਸੀਏਸ਼ਨ ਨਾਲ ਮਤਭੇਦ ਪੈਦਾ ਹੋ ਗਏ ਤੇ ਦੋਹਾਂ ਨੂੰ ਇਸ ਐਸੋਸੀਏਸ਼ਨ ਵਿਚੋਂ ਕੱਢ ਦਿੱਤਾ ਗਿਆ। ਇਹ ਸਤਰਾਂ ਲਿਖਦੇ ਸਮੇਂ ਚਾਲੀ ਸਾਲ ਲੰਘ ਚੁੱਕੇ ਹਨ ਬ੍ਰਤਾਨਵੀ ਪੰਜਾਬੀ ਲੇਖਕਾਂ ਵਿਚ ਫੁੱਟ ਦੇ ਬੀਜ ਬੀਜਿਆ ਨੂੰ। ਪਤਾ ਨਹੀਂ ਕਿੰਨਾ ਕੁ ਪਾਣੀ ਪੁਲਾਂ ਹੇਠੋਂ ਲੰਘ ਗਿਆ ਹੈ। ਚਿਰ ਹੋਇਆ ਢੰਡ ਤੇ ਨੂਰ ਦੋਵੇਂ ਹੀ ਨਾਮੁਰਾਦ ਰੋਗਾਂ ਦਾ ਸ਼ਿਕਾਰ ਹੋ ਕੇ ਇਹ ਦੁਨੀਆਂ ਛੱਡ ਗਏ ਹਨ। ਪਰ

ਬ੍ਰਤਾਨਵੀ ਪੰਜਾਬੀ ਲੇਖਕ ਮੁੜ ਕੇ ਇਕ ਪਲੇਟਫਾਰਮ ‘ਤੇ ਇਕੱਠੇ ਨਹੀਂ ਹੋ ਸਕੇ।

****

ਮੇਰੇ ਸਾਥੀ ਕਾਮਰੇਡਾਂ ਦੀ ਸੋਚ ਬਦਲੀ ਨਹੀਂ ਸੀ। ਉਹ ਭਾਰਤੀ ਮਜਦੂਰ ਸਭਾ ਨੂੰ ਆਪਣੀ ਸੋਚ ਅਨੁਸਾਰ ਹੀ ਚਲਾਉਣਾ ਚਾਹੁੰਦੇ ਸਨ। ਮੇਰਾ ਮਨ ਛੇਤੀ ਹੀ ਉਚਾਟ ਹੋ ਗਿਆ। ਮੈਨੂੰ ਪਤਾ ਸੀ ਕਿ ਮੇਰੇ ਖਿਆਲਾਂ ਨੂੰ ਸਭਾ ਦੇ ਲੀਡਰਾਂ ਨੇ ਬਹੁਤਾ ਚਿਰ ਬਰਦਾਸ਼ਤ ਨਹੀਂ ਕਰਨਾ ਸੀ। ਮੈਂ ਵੀ ਬਦਲਿਆ ਨਹੀਂ ਸਾਂ, ਭਾਰਤ ਦੀ ਕਮਿਉਨਿਸਟ ਪਾਰਟੀ ਮਾਰਕਸਵਾਦੀ ਦੇ ਨਿਰਣਿਆਂ ਨਾਲ ਪਹਿਲਾਂ ਵਾਂਗ ਹੀ ਮੇਰੇ ਮਤਭੇਦ ਕਾਇਮ ਸਨ। ਇਸ ਲਈ ਮੈਂ ਡੇਢ ਕੁ ਸਾਲ ਮੈਂਬਰ ਰਹਿਣ ਪਿੱਛੋਂ ਭਾਰਤੀ ਕਮਊਨਿਸਟਾਂ ਦੀ ਐਸੋਸੀਏਸ਼ਨ ਦੀ ਮੈਂਬਰੀ ਤੋਂ ਤਿਆਗ ਪੱਤਰ ਦੇ ਦਿੱਤਾ।

ਭਾਰਤੀ ਮਜ਼ਦੂਰ ਸਭਾ ਡਰਬੀ ਬਰਾਂਚ ਦੀ ਜਨਰਲ ਸਕੱਤਰੀ ਮੈਂ ਹਾਲੀਂ ਛੱਡੀ ਨਹੀਂ ਸੀ, ਫੇਰ ਵੀ ਕਾਮਰੇਡਾਂ ਨੇ ਮੈਥੋਂ ਬਿਨਾ ਹੀ ਇਸ ਸਭਾ ਨੂੰ ਆਪਣੇ ਢੰਗ ਨਾਲ ਚਲਾਉਣਾ ਸ਼ੁਰੂ ਕਰ ਦਿੱਤਾ। ਉਹ ਮੈਨੂੰ ਇਤਲਾਹ ਦਿੱਤੇ ਬਿਨਾਂ ਆਪ ਹੀ ਮੀਟਿੰਗਾਂ ਕਰਦੇ ਰਹੇ। ਸਭਾ ਦੀ ਨਵੀਂ ਮੈਂਬਰਸ਼ਿਪ ਕਰਨ ਵੇਲੇ ਉਨ੍ਹਾਂ ਨੇ ਮੈਨੂੰ ਪੁੱਛਿਆ ਵੀ ਨਾ। ਉਹ ਖੁਸ਼ ਸਨ ਕਿ ਉਨ੍ਹਾਂ ਦਾ ਇੱਕ ਸੋਧਵਾਦੀ ਤੋਂ ਛੁਟਕਾਰਾ ਹੋ ਗਿਆ, ਮੈਂ ਖੁਸ਼ ਸਾਂ ਕਿ ਆਪਣੇ ਖਿਆਲਾਂ ਨੂੰ ਦਬਾ ਕੇ ਰੱਖਣ ਦੀ ਘੁਟਣ ਤੋਂ ਆਜ਼ਾਦ ਹੋ ਗਿਆ ਸਾਂ। ਪਰ ਦਿਲ ਅੰਦਰ ਇੱਕ ਚੁੱਭਣ ਜਿਹੀ ਮਹਿਸੂਸ ਹੁੰਦੀ ਰਹੀ ਕਿ ਭਾਰਤੀ ਮਜ਼ਦੂਰ ਸਭਾ ਨੂੰ ਸਾਰੇ ਅਵਾਸੀ ਭਾਰਤੀਆਂ ਦੀ ਸਾਂਝੀ ਜਥੇਬੰਦੀ ਬਣਾਉਣ ਦਾ ਮੇਰਾ ਸੁਪਨਾ ਅਧੂਰਾ ਹੀ ਰਹਿ ਗਿਆ। ਫੇਰ ਵੀ ਮੈਂ ਇਨ੍ਹਾਂ ਕਾਮਰੇਡਾਂ ਨਾਲ ਆਪਣੇ ਸੰਬੰਧ ਸੁਖਾਵੇਂ ਹੀ ਰੱਖੇ, ਕਿਉਂਕਿ ਮਤਭੇਦ ਹੋਣ ਤੇ ਵੀ ਉਹੀ ਸਨ ਜਿਨ੍ਹਾਂ ਨਾਲ ਬਹੁਤੇ ਸਿਆਸੀ ਤੇ ਸਮਾਜੀ ਮਸਲਿਆਂ ‘ਤੇ ਮੇਰੀ ਸੁਰ ਮਿਲ ਸਕਦੀ ਸੀ।

## 15

# ਡਾਕਖਾਨੇ ਦੀ ਨੌਕਰੀ

੧੯੬੬ ਈ: ਵਿਚ ਮੇਰੇ ਤਾਏ ਜਥੇਦਾਰ ਵਰਿਆਮ ਸਿੰਘ ਦਾ ਦੇਹਾਂਤ ਹੋ ਗਿਆ ਸੀ। ਉਸ ਵੇਲੇ ਮੈਂ ਇੰਝ ਮਹਿਸੂਸ ਕਰ ਰਿਹਾ ਸਾਂ ਜਿਵੇਂ ਕਿ ਮੇਰੇ ਸਾਰੇ ਸੁਪਨੇ ਚੂਰ ਚੂਰ ਹੋ ਗਏ ਹੋਣ। ਆਪਣੇ ਆਪ ਨੂੰ ਧਿਰਕਾਰਦਾ ਸਾਂ ਕਿ ਮੈਂ ਉਸ ਇਨਸਾਨ ਦੀ ਉਹਦੇ ਅੰਤਮ ਸਮੇਂ ਸੇਵਾ ਵੀ ਨਾ ਕਰ ਸਕਿਆ, ਜਿਹਨੇ ਮੈਨੂੰ ਮਾਂ ਵਾਂਗ ਪਾਲ਼ਿਆ ਸੀ ਤੇ ਬਾਪ ਵਾਂਗ ਮੇਰੇ ਸਿਰ ਤੇ ਛਾਂ ਬਣਿਆ ਰਿਹਾ ਸੀ। ਸੋਚਦਾ ਸਾਂ ਕਿ ਮੇਰੇ ਵਰਗਾ ਅਕ੍ਰਿਤਘਣ ਵੀ ਕੋਈ ਹੋਰ ਹੋਵੇਗਾ? ਕੀ ਮਤਲਬ ਰਹਿ ਗਿਆ ਸੀ ਪ੍ਰਦੇਸਾਂ ਵਿਚ ਭਟਕਣ ਦਾ? ਪਰ ਸਮਾਂ ਬੜਾ ਬਲਵਾਨ ਵੀ ਹੁੰਦਾ ਹੈ ਤੇ ਡਾਕਟਰ ਵੀ। ਸਮਾਂ ਪਾ ਕੇ ਜ਼ਖਮ ਵੀ ਭਰ ਜਾਂਦੇ ਹਨ ਤੇ ਦਰਦ ਵੀ ਮਰ ਜਾਂਦੇ ਹਨ। ਪਰ ਕਈ ਦਹਾਕੇ ਲੰਘ ਜਾਣ ਪਿੱਛੋਂ ਹੁਣ ਵੀ ਕਈ ਵੇਰ ਅਚਾਨਕ ਕਰਕ ਕਲੇਜੇ ਨੂੰ ਚੀਰ ਕੇ ਲੰਘ ਜਾਂਦੀ ਹੈ ਤੇ ਆਪਣਾ ਆਪ ਡਿਗੂੰ ਡਿਗੂੰ ਕਰਨ ਲੱਗ ਪੈਂਦਾ ਹੈ। ਲੰਮੀ ਉਦਾਸੀ ਦੇ ਉਨ੍ਹਾਂ ਦਿਨਾਂ ਵਿਚ ਮੈਂ ਆਪਣੇ ਆਪ ਨੂੰ ਸਿਆਸੀ ਤੇ ਸਾਹਿਤਕ ਸਰਗਰਮੀਆਂ ਵਿਚ ਵਿਅਸਥ ਰੱਖਣ ਦਾ ਯਤਨ ਕਰਦਾ ਰਿਹਾ ਪਰ ਇਨ੍ਹਾਂ ਸਰਗਰਮੀਆਂ ਨਾਲ ਨਿੱਜੀ ਤੰਗੀ ਤੁਰਸ਼ੀ ਦੇ ਮਸਲੇ ਦਾ ਹੱਲ ਤਾਂ ਨਹੀਂ ਹੋ ਸਕਦੇ ਸਨ।

ਉਸ ਵੇਲੇ ਮੇਰੀ ਕੁਝ ਅਜਿਹੀ ਹੀ ਮਨੋਅਵਸੱਥਾ ਸੀ ਜਦ ੧੯੬੯ ਦੇ ਜੂਨ ਮਹੀਨੇ ਦੀ ਚੌਦਾਂ ਤਰੀਕ ਨੂੰ ਮੇਰੀ ਪਤਨੀ ਨੇ ਇੱਕ ਹੋਰ ਪੁੱਤਰ ਨੂੰ ਜਨਮ ਦਿੱਤਾ। ਮਰਨਾ ਜੰਮਣਾ ਜੀਵਨ ਦਾ ਦਸਤੂਰ ਹੈ। ਕੁਦਰਤ ਵਿਚ ਤਾਂ ਕੋਈ ਘਾਟ

ਵਾਧ ਹੁੰਦੀ ਨਹੀਂ। ਇੱਕ ਪਾਸੇ ਕੋਈ ਮਰਦਾ ਹੈ ਤਾਂ ਦੂਜੇ ਪਾਸੇ ਕੋਈ ਜਨਮ ਲੈ ਲੈਂਦਾ ਹੈ। ਜੀਵਨ ਵਿਚ ਜੇ ਗ਼ਮ ਆਉਂਦੇ ਹਨ ਤਾਂ ਖ਼ੁਸ਼ੀ ਵੀ ਆ ਹੀ ਜਾਂਦੀ ਹੈ। ਮੈਂ ਖ਼ੁਸ਼ ਸਾਂ ਕਿ ਕੁਦਰਤ ਨੇ ਮੇਰੇ ਤਾਏ ਨੂੰ ਮੈਥੋਂ ਖੋਹ ਕੇ ਉਹਦੇ ਇਵਜ਼ ਵਿਚ ਮੈਨੂੰ ਇੱਕ ਪੁੱਤਰ ਦੇ ਦਿੱਤਾ ਸੀ। ਇਹੀ ਕਾਰਨ ਸੀ ਕਿ ਇਹ ਪੁੱਤਰ ਜਿਹਦਾ ਨਾਉਂ ਮੈਂ ਸੁਕੀਰਤ ਰੱਖਿਆ ਸੀ ਮੈਨੂੰ ਬਹੁਤ ਪਿਆਰਾ ਲਗਦਾ ਸੀ ਤੇ ਮੈਂ ਉਹਨੂੰ ਆਪਣੀ ਜ਼ਿੰਦਗੀ ਦਾ ਸਭ ਤੋਂ ਕੀਮਤੀ ਤੁਹਫਾ ਸਮਝਦਾ ਸਾਂ।

ਐਨ ਇਨ੍ਹਾਂ ਦਿਨਾਂ ਵਿਚ ਡਰਬੀ ਦੇ ਜਨਰਲ ਪੋਸਟ ਔਫਸ ਨੇ ਅਖਬਾਰ ਵਿਚ ਪੋਸਟਮੈਨਾਂ ਦੀ ਲੋੜ ਦਾ ਇਸ਼ਤਿਹਾਰ ਕਢਿਆ। ਪਤਾ ਲੱਗਾ ਸੀ ਕਿ ਪੋਸਟ ਫਸ ਵਿਚ ਓਵਰਟਾਈਮ ਚੋਖਾ ਮਿਲ ਜਾਂਦਾ ਸੀ। ਮੈਂ ਦਰਖਾਸਤ ਭੇਜ ਦਿੱਤੀ ਤੇ ਕੁਝ ਦਿਨਾਂ ਵਿਚ ਹੀ ਇੰਟਰਵੀਊ ਲਈ ਸੱਦਾ ਆ ਗਿਆ। ਜਿਹੋ ਜਿਹੇ ਤੇ ਜਿੰਨੇ ਕੁ ਆਮ ਗਿਆਨ ਵਾਲੇ ਬੰਦੇ ਨੂੰ ਪੋਸਟਮੈਨ ਰੱਖਿਆ ਜਾਂਦਾ ਸੀ, ਮੇਰੇ ਵਿਚ ਅਜਿਹੇ ਗਿਆਨ ਦੀ ਘਾਟ ਨਹੀਂ ਸੀ। ਇਸ ਲਈ ਇਸ ਇੰਟਰਵੀਊ ਵਿਚੋਂ ਮੈਂ ਸਹਿਜੇ ਹੀ ਪਾਰ ਲਗ ਗਿਆ ਤੇ ਪੋਸਟਮੈਨ ਦੀ ਅਸਾਮੀ 'ਤੇ ਰੱਖ ਲਿਆ ਗਿਆ।

ਪੋਸਟ ਔਫਸ ਵਿਚ ਵੀ ਸ਼ਿਫਟਾਂ ਦਾ ਕੰਮ ਸੀ। ਦਿਨਾਂ ਦੀ ਸ਼ਿਫਟ 'ਤੇ ਡਾਕ ਵੰਡਣ ਜਾਣਾ ਪੈਂਦਾ ਸੀ ਤੇ ਲੌਢੇ ਵੇਲ਼ੇ ਜਾਂ ਰਾਤ ਦੀ ਸ਼ਿਫਟ 'ਤੇ ਚਿੱਠੀਆਂ ਛਾਂਟਣ ਦਾ ਕੰਮ ਕਰਨਾ ਹੁੰਦਾ ਸੀ। ਰਾਤ ਦੀ ਸ਼ਿਫਟ ਸਵੇਰੇ ਪੰਜ ਕੁ ਵਜੇ ਖਤਮ ਹੁੰਦੀ ਸੀ ਤੇ ਇਸ ਸ਼ਿਫਟ ਵਾਲੇ ਪੋਸਟਮੈਨਾਂ ਨੂੰ ਛੁਟੀ 'ਤੇ ਗਏ ਹੋਏ ਪੋਸਟਮੈਨਾਂ ਦੀ ਥਾਂ ਸਵੇਰ ਦੀ ਡਾਕ ਵੰਡਣ ਲਈ ਪੰਜ ਕੁ ਘੰਟੇ ਦਾ ਓਵਰਟਾਈਮ ਮਿਲ ਜਾਂਦਾ ਸੀ। ਪਰ ਲੋਢੇ ਵੇਲ਼ੇ ਦੀ ਸ਼ਿਫਟ ਅੱਧੀ ਰਾਤ ਨੂੰ ਖਤਮ ਹੁੰਦੀ ਸੀ। ਉਨ੍ਹੀ ਦਿਨੀਂ ਪੋਸਟ ਔਫਸ ਦਾ ਛਾਂਟੀ ਦਫਤਰ ਡਰਬੀ ਦੇ ਐੱਸਕੋਰਟ ਡਰਾਈਵ 'ਤੇ ਸੀ। ਜੇ ਓਵਰਟਾਈਮ ਨਾ ਮਿਲੇ ਤਾਂ ਅੱਧੀ ਰਾਤ ਨੂੰ ਠੰਢ ਵਿਚ ਠੁਰਕਦਿਆਂ, ਸੁੰਨਸਾਨ ਰਾਹੀਂ ਮੀਲ ਭਰ ਤੁਰ ਕੇ ਘਰ ਨੂੰ ਆਉਣਾ

ਪੈਂਦਾ ਸੀ। ਕਈ ਵੇਰ ਪੱਬਾਂ ਕਲੱਬਾਂ ਵਿਚੋਂ ਰੱਜ ਕੇ ਨਿਕਲੇ ਸ਼ਰਾਬੀਆਂ ਨਾਲ ਸਾਹਮਣਾ ਹੋ ਜਾਂਦਾ ਤੇ ਉਹਨਾਂ ਦੇ ਭੈੜੀਆਂ ਗਾਲ਼ਾਂ ਵਰਗੇ ਲਲਕਾਰੇ ਸੁਣਨੇ ਪੈਂਦੇ। ਇਹ ਵੀ ਡਰ ਰਹਿੰਦਾ ਸੀ ਕਿ ਕੋਈ ਸ਼ਰਾਬੀ ਆ ਕੇ ਗਲ਼ੋਂ ਹੀ ਨਾ ਫੜ ਲਵੇ।

ਓਵਰਟਾਈਮ ਪ੍ਰਾਪਤ ਕਰਨ ਲਈ ਇੰਸਪੈਕਟਰਾਂ ਦੇ ਮਿੰਨਤ ਤਰਲੇ ਵੀ ਕਰਨੇ ਪੈਂਦੇ ਸਨ। ਜਿਹੜੇ ਇਹ ਕੰਮ ਚੰਗੀ ਤਰ੍ਹਾਂ ਕਰ ਸਕਦੇ ਸਨ ਉਹ ਹੀ ਆਮ ਤੌਰ ਤੇ ਓਵਰਟਾਈਮ ਲੈ ਜਾਂਦੇ ਸਨ। ਮੈਂ ਇਸ ਕੰਮ ਵਿਚ ਅਯੋਗ ਹੀ ਸਾਂ। ਫੇਰ ਵੀ ਤਨਖਾਹ ੨੫ ਕੁ ਪੌਂਡ ਹਫਤੇ ਦੀ ਹੋ ਜਾਂਦੀ ਸੀ। ਤਨਖਾਹ ਇੱਥੇ ਕੈਸ਼ ਨਹੀਂ ਮਿਲਦੀ ਸੀ। ਸਿੱਧੀ ਆਪਣੇ ਬੈਂਕ ਅਕਾਊਂਟ ਵਿਚ ਆ ਜਾਂਦੀ ਸੀ। ਪੋਸਟ ਔਫਸ ਦੇ ਆਦੇਸ ਅਨੁਸਾਰ ਮੈਂ ਜਾਇਰੋ ਬੈਂਕ ਵਿਚ ਆਪਣੀ ਪਤਨੀ ਨਾਲ ਸਾਂਝਾ ਅਕਾਊਂਟ ਖੋਲ੍ਹ ਲਿਆ। ਇਹ ਬੈਂਕ ਪੋਸਟ ਆਫਸਾਂ ਰਾਹੀਂ ਹੀ ਕੰਮ ਕਰਦਾ ਸੀ। ਆਪਣੇ ਘਰ ਤੋਂ ਨੇੜਲੇ ਪੋਸਟ ਔਫਸ ਵਿਚ ਜਾ ਕੇ ਸਾਡੇ ਦੋਹਾਂ ਵਿਚੋਂ ਕੋਈ ਵੀ ਇੱਕ ਦਿਨ ਵਿਚ ਵੀਹ ਪੌਂਡ ਕਢਵਾ ਸਕਦਾ ਸੀ।

ਮੇਰੀ ਪਤਨੀ ਨੇ ਕਦੀਂ ਵੀ ਇਸ ਬੈਂਕ ਨੂੰ ਵਰਤਣ ਦਾ ਯਤਨ ਨਾ ਕੀਤਾ, ਭਾਵੇਂ ਜਾਇਰੋ ਚੈੱਕ ਸਦਾ ਉਹਦੇ ਕੋਲ ਪਏ ਰਹਿੰਦੇ ਸਨ ਤੇ ਪੋਸਟ ਔਫਸ ਵੀ ਘਰ ਤੋਂ ਨੇੜੇ ਹੀ ਸੀ। ਮੈਂ ਹੀ ਪੈਸੇ ਕਢਾ ਕੇ ਲਿਆ ਦਿੰਦਾ ਸਾਂ। ਉਸ ਵੇਲੇ ਤੱਕ ਮੇਰੀ ਪਤਨੀ ਆਪ ਦੁਕਾਨਾਂ ਤੋਂ ਕੁਝ ਖਰੀਦਣ ਵੀ ਘੱਟ ਹੀ ਜਾਂਦੀ ਸੀ। ਭਾਵੇਂ ਮੈਂ ਬਹੁਤ ਵੇਰ ਉਹਨੂੰ ਕਹਿ ਚੁੱਕਾ ਸਾਂ, ਪਰ ਉਹ ਆਪਣੇ ਹੱਥੀ ਖਰਚ ਕਰਨਾ ਹੀ ਨਹੀਂ ਚਾਹੁੰਦੀ ਸੀ। ਮੈਂ ਸੋਚਦਾ ਸਾਂ, ਸ਼ਾਇਦ ਉਹ ਹਿਸਾਬ ਰੱਖਣ ਦੇ ਝਮੇਲੇ ਤੋਂ ਬਚਦੀ ਸੀ, ਪਰ ਮੈਂ ਬਹੁਤਾ ਜ਼ੋਰ ਇਸ ਲਈ ਨਹੀਂ ਦਿੰਦਾ ਸਾਂ ਕਿ ਉਹਨੂੰ ਬੱਚੇ ਵੀ ਸਾਂਭਣੇ ਹੁੰਦੇ ਸਨ। ਮੈਂ ਆਪ ਹੀ ਹਰ ਵਸਤ ਖਰੀਦ ਕੇ ਲਿਆ ਦਿੰਦਾ ਸਾਂ। ਬਹੁਤੀ ਵੇਰ ਆਪ ਵੀ ਕੁਝ ਖਰੀਦਣ ਨਹੀਂ ਜਾਂਦਾ ਸਾਂ। ਰਾਸ਼ਣ ਦਾ ਸਾਰਾ ਸਾਮਾਨ ਆਪਣੀ ਪਤਨੀ ਦੇ ਕਹਿਣ ਅਨੁਸਾਰ ਕਰਿਆਨੇ

ਦੀ ਦੁਕਾਨ ‘ਤੇ ਟੈਲੀਫੋਨ ‘ਤੇ ਹੀ ਲਿਖਵਾ ਦਿੰਦਾ ਸਾਂ ਤੇ ਦੁਕਾਨਦਾਰ ਆਪ ਹੀ ਸਾਰਾ ਸਾਮਾਨ ਘਰ ਦੇ ਜਾਂਦਾ ਸੀ।

ਪੈਸੇ ਤਾਂ ਅੱਗੇ ਨਾਲੋਂ ਵੱਧ ਆਉਣ ਲੱਗ ਪਏ ਸਨ ਪਰ ਮਨ ਦੀ ਸ਼ਾਂਤੀ ਦੂਰ ਹੁੰਦੀ ਜਾ ਰਹੀ ਸੀ। ਦਿਨਾਂ ਦੀ ਸ਼ਿਫਟ ਵਿਚ ਤਾਂ ਕੋਈ ਤਕਲੀਫ ਨਹੀਂ ਹੁੰਦੀ ਸੀ ਪਰ ਰਾਤਾਂ ਦੀ ਸ਼ਿਫਟ ‘ਤੇ ਦਿਨ ਨੂੰ ਸੌਣਾ ਵੀ ਜ਼ਰੂਰੀ ਸੀ। ਨੀਂਦ ਤਾਂ ਦਿਨ ਨੂੰ ਉਂਝ ਹੀ ਘੱਟ ਆਉਂਦੀ ਸੀ, ਉਪਰੋਂ ਸਾਡੀਆਂ ਦੋ ਗੁਆਂਢਣਾਂ ਦੇ ਆਦਮੀ ਵੀ ਰਾਤ ਦੀ ਸ਼ਿਫਟ ਤੇ ਕੰਮ ਕਰਦੇ ਸਨ। ਉਹ ਦੋਵੇਂ ਆਪਣੇ ਆਦਮੀਆਂ ਨੂੰ ਖਾਣਾ ਖਲਾਉਣ ਤੇ ਸੁਆਉਣ ਪਿੱਛੋਂ ਗੱਪ ਸ਼ੱਪ ਦਾ ਝੱਸ ਪੂਰਾ ਕਰਨ ਲਈ ਸਾਡੇ ਘਰ ਮੇਰੀ ਪਤਨੀ ਕੋਲ ਆ ਬੈਠਦੀਆਂ। ਉਨ੍ਹਾਂ ਦੀ ਦਾਦਰ-ਕੰਠੀ ਹਿੜ ਹਿੜ ਮੇਰੀ ਮਾੜੀ ਮੋਟੀ ਨੀਂਦ ਨੂੰ ਵੀ ਉਡਾ ਦਿੰਦੀ। ਉਨ੍ਹਾਂ ਦੀ ਹਿੜ ਹਿੜ ਉਂਨਾ ਚਿਰ ਚਲਦੀ ਰਹਿੰਦੀ, ਜਿੰਨਾ ਚਿਰ ਤੱਕ ਮੇਰੀ ਨੀਂਦ ਖੰਭ ਲਾ ਕੇ ਉਡ ਨਾ ਜਾਂਦੀ। ਫੇਰ ਐਵੇਂ ਉੱਸਲ ਵੱਟੇ ਲੈਂਦਿਆਂ ਲੈਂਦਿਆਂ ਮੇਰੇ ਕੰਮ ‘ਤੇ ਜਾਣ ਦਾ ਸਮਾਂ ਹੋ ਜਾਂਦਾ।

੧੯੭੨ ਦੇ ਅਰੰਭ ਵਿਚ ਮੇਰੀ ਮਾਂ ਦਾ ਦੇਹਾਂਤ ਹੋ ਗਿਆ। ਆਪਣੀ ਬਦਨਸੀਬੀ ‘ਤੇ ਝੂਰਨ ਤੋਂ ਬਿਨਾ ਹੋਰ ਕਰ ਵੀ ਕੀ ਸਕਦਾ ਸਾਂ? ਮਾਂ ਦਾ ਦੁੱਖਾਂ ਭਰਿਆ ਸਾਰਾ ਜੀਵਨ ਮੇਰੀਆਂ ਅੱਖਾਂ ਅਗਿਓਂ ਲੰਘ ਰਿਹਾ ਸੀ। ਮੈਂ ਮਾਂ ਨੂੰ ਕਦੀਂ ਕੁਝ ਵੀ ਭੇਜ ਨਾ ਸਕਿਆ ਤੇ ਅੰਤਮ ਸਮੇਂ ਉਹਦੇ ਦਰਸ਼ਨ ਵੀ ਨਾ ਕਰ ਸਕਿਆ। ਨਿਰਾਸ਼ਾ ਦੇ ਬੱਦਲ ਹੋਰ ਗੂੜ੍ਹੇ ਹੁੰਦੇ ਜਾ ਰਹੇ ਸਨ। ਕੁਝ ਸੁਝ ਨਹੀਂ ਰਿਹਾ ਸੀ ਕਿ ਕੀ ਕਰਾਂ? ਸੋਚਦਾ ਸਾਂ, “ਇੰਝ ਹੀ ਕਿਸੇ ਦਿਨ ਮੇਰੇ ਪਿਤਾ ਜੀ ਅਤੇ ਮੇਰੇ ਚਾਚੇ ਦੇ ਦੇਹਾਂਤ ਦੀ ਖਬਰ ਵੀ ਆ ਜਾਣੀ ਹੈ ਤੇ ਮੈਂ ਉਨ੍ਹਾਂ ਦੇ ਮੂੰਹ ਦੇਖਣ ਵੀ ਜਾ ਨਹੀਂ ਸਕਣਾ”।

ਇਸੇ ਸਾਲ ਅਪ੍ਰੈਲ ਦੇ ਮਹੀਨੇ ਵਿਚ ਸਾਡੇ ਘਰ ਇੱਕ ਹੋਰ ਪੁੱਤਰ ਨੇ ਜਨਮ ਲੈ ਲਿਆ। ਹੁਣ ਘਰ ਦੇ ਜੀਅ ਮੇਰੇ ਸਣੇ ਸੱਤ ਹੋ ਗਏ ਸਨ। ਮੇਰੀ ਕਮਾਈ ਨਾਲ ਮਸਾਂ ਘਰ ਦਾ ਗੁਜ਼ਾਰਾ ਹੀ ਚਲਦਾ ਸੀ। ਪੈਸੇ ਜੋੜਨੇ ਹੁਣ ਦੂਰ ਦੀ ਗੱਲ ਬਣ ਗਈ ਸੀ। ਜਿਉਂ ਜਿਉਂ ਬੱਚਿਆਂ ਨੇ ਵੱਡੇ ਹੋਣਾ ਸੀ ਉਨ੍ਹਾਂ ਦੇ ਖਰਚ ਵੀ ਤਾਂ ਵਧਣੇ ਸਨ। ਅਜਿਹੀ ਅਵੱਸਥਾ ਦਾ ਘਰ ਦੇ ਜੀਆਂ ਦੇ ਸੁਭਾ 'ਤੇ ਅਸਰ ਅਵੱਸ਼ ਹੁੰਦਾ ਹੈ। ਘਰ ਵਿਚ ਵੀ ਤੇ ਬਾਹਰ ਵੀ ਇੱਕ ਕਿਸਮ ਦੀ ਘੁਟਣ ਜਿਹੀ ਮਹਿਸੂਸ ਹੁੰਦੀ ਰਹਿੰਦੀ।

ਇੱਕ ਦਿਨ ਡਾਕ ਵੰਡਦੇ ਸਮੇਂ ਕਿਸੇ ਘਰ ਦੀਆਂ ਚਿੱਠੀਆਂ ਅੰਦਰ ਸੁਟ ਕੇ ਘਰ ਦੇ ਅੱਗੇ ਬਣੇ ਪੌੜੇ ਉੱਤਰ ਰਿਹਾ ਸਾਂ ਕਿ ਪੈਰ ਗਲਤ ਰੱਖਿਆ ਗਿਆ। ਸਰੀਰ ਅਤੇ ਡਾਕ ਦੇ ਥੈਲੇ ਦਾ ਸਾਰਾ ਭਾਰ ਮਚਕੋੜੇ ਹੋਏ ਪੈਰ 'ਤੇ ਪੈ ਗਿਆ। ਉਸ ਵੇਲੇ ਤਾਂ ਤੱਤੇ ਘਾਅ ਤੁਰਦਾ ਰਿਹਾ ਪਰ ਜਦ ਘਰ ਆ ਕੇ ਬੂਟ ਲਾਹੁਣ ਲੱਗਾ ਤਾਂ ਬੂਟ ਪੈਰ ਵਿਚੋਂ ਮਸਾਂ ਲਾਹ ਸਕਿਆ। ਰਾਤ ਨੂੰ ਲੂਣ ਵਾਲੇ ਗਰਮ ਪਾਣੀ ਨਾਲ ਪੈਰ ਧੋ ਕੇ ਸੌਂ ਗਿਆ।

ਸਵੇਰੇ ਉਠ ਕੇ ਕੰਮ ਤੇ ਚਲਾ ਗਿਆ। ਮਸਾਂ ਮਸਾਂ ਕੰਮ ਤੇ ਪਹੁੰਚ ਤਾਂ ਗਿਆ ਪਰ ਪੈਰ ਵਿਚੋਂ ਚੀਸਾਂ ਉੱਠਣ ਲੱਗ ਪਈਆਂ ਤੇ ਤੁਰਨਾ ਵੀ ਅਸੰਭਵ ਲੱਗਣ ਲੱਗ ਪਿਆ। ਅਜਿਹੀ ਹਾਲਤ ਵਿਚ ਡਾਕ ਵੰਡਣ ਜਾਣਾ ਅਸੰਭਵ ਸੀ. ਇਸ ਲਈ ਇੰਸਪੈਕਟਰ ਨੂੰ ਆਪਣੀ ਹਾਲਤ ਦੱਸ ਕੇ ਛੁਟੀ ਲੈ ਕੇ ਘਰ ਨੂੰ ਆ ਗਿਆ। ਸੋਚਦਾ ਸਾਂ, ਦੋ ਕੁ ਦਿਨ ਆਰਾਮ ਕਰਨ ਨਾਲ ਪੈਰ ਦੁਖਣੋ ਹਟ ਜਾਵੇਗਾ ਪਰ ਪੈਰ ਦਾ ਸੋਜਾ ਵੀ ਵਧਦਾ ਗਿਆ ਤੇ ਦਰਦ ਵੀ।

ਅਗਲੇ ਦਿਨ ਆਪਣੇ ਡਾਕਟਰ ਨੂੰ ਸੱਦਿਆ। ਉਹਨੇ ਜਾਂਚ ਪੜਤਾਲ ਲਈ ਮੈਨੂੰ ਹਸਪਤਾਲ ਭੇਜ ਦਿੱਤਾ। ਹਸਪਤਾਲ ਵਿਚ ਐਕਸਰੇ ਕਰਨ ਨਾਲ ਪਤਾ ਲੱਗਾ, ਹੱਡੀ ਟੁੱਟੀ ਤਾਂ ਨਹੀਂ ਪਰ ਪੈਰ ਵਧੇਰੇ ਮਚਕੋੜਿਆ ਜਾਣ ਨਾਲ

ਹੱਡੀ ਦੇ ਦੁਆਲੇ ਦੇ ਮਾਸ ਨੂੰ ਨੁਕਸਾਨ ਪੁੱਜਾ ਹੈ। ਪੈਰਾਂ ਦੇ ਸਪੈਸ਼ਲਿਸਟ (ਵਿਸ਼ੇਸ਼ਗ) ਨੇ ਪੈਰ ਉਪਰ ਇੱਕ ਜਰਾਬ ਜਿਹੀ ਚਾੜ੍ਹ ਦਿੱਤੀ ਤੇ ਪੈਰ ਨੂੰ ਹਰ ਰੋਜ਼ ਗਰਮ ਪਾਣੀ ਨਾਲ ਧੋਣ ਦੀ ਹਦਾਇਤ ਕੀਤੀ ਤੇ ਇਹ ਕਹਿ ਕੇ ਘਰ ਨੂੰ ਤੋਰ ਦਿੱਤਾ ਕਿ ਹੌਲੀ ਹੌਲੀ ਠੀਕ ਹੋ ਜਾਵੇਗਾ। ਇੰਨੀ ਕੁ ਗੱਲ ਦੇ ਕਾਰਣ ਮੈਨੂੰ ਪੂਰਾ ਇੱਕ ਮਹੀਨਾ ਘਰ ਬੈਠਣਾ ਪਿਆ।

ਪੋਸਟ ਔਫਸ ਵਿਚ ਕਿਸੇ ਦੇ ਵੀ ਬੀਮਾਰ ਰਹਿਣ ਸਮੇਂ ਪੂਰੀ ਤਨਖਾਹ ਦਿੱਤੀ ਜਾਂਦੀ ਸੀ। ਮੈਨੂੰ ਕੰਮ 'ਤੇ ਨਾ ਜਾਣ ਦਾ ਬਹੁਤਾ ਮਾਲੀ ਨੁਕਸਾਨ ਤਾਂ ਨਾ ਹੋਇਆ ਪਰ ਪੋਸਟ ਔਫਸ ਦੇ ਉਪਰਲਿਆਂ ਨੂੰ ਸ਼ਕ ਹੋ ਜਾਣਾ ਕੁਦਰਤੀ ਸੀ। ਉਹ ਸਮਝਦੇ ਸਨ, ਸ਼ਾਇਦ ਮੈਂ ਵੀ ਬੀਮਾਰਾਂ ਨੂੰ ਪੂਰੀ ਤਨਖਾਹ ਮਿਲਣ ਦੇ ਰੂਲ ਦੀ ਦੁਰਵਰਤੋਂ ਕਰ ਰਿਹਾ ਸਾਂ।

ਹਾਲੀਂ ਮੁੜ ਕੇ ਕੰਮ 'ਤੇ ਜਾਣ ਲੱਗੇ ਨੂੰ ਥੋੜੇ ਹੀ ਦਿਨ ਹੋਏ ਸਨ ਕਿ ਮੇਰੇ ਪੇਟ ਦੇ ਥੱਲੇ ਦੇ ਹਿੱਸੇ ਵਿਚ ਦਰਦ ਹੋਣ ਲੱਗ ਪਿਆ। ਪਹਿਲਾਂ ਤਾਂ ਇਹ ਦਰਦ ਹਫਤੇ ਵਿਚ ਇੱਕ ਵਾਰ ਹੀ ਹੁੰਦਾ ਸੀ, ਫੇਰ ਦੋ ਵਾਰ ਤੇ ਫੇਰ ਤਿੰਨ ਵਾਰ ਤੇ ਇਸ ਤੋਂ ਪਿੱਛੋਂ ਹਰ ਰੋਜ਼ ਹੋਣ ਲੱਗ ਪਿਆ। ਹਸਪਤਾਲ ਵਿਚ ਐਕਸਰੇ ਵੀ ਹੋਏ ਪਰ ਉਹ ਅਸਲ ਬੀਮਾਰੀ ਲੱਭ ਨਾ ਸਕੇ, ਬਸ ਦਰਦ ਨੂੰ ਮਾਰਨ ਦੀਆ ਗੋਲੀਆਂ ਦਿੰਦੇ ਰਹੇ। ਪਰ ਦਰਦ ਦਿਨ ਵਿਚ ਕਈ ਵੇਰ ਹੋਣ ਲੱਗ ਪਿਆ ਤੇ ਡਾਕ ਵੰਡਦੇ ਸਮੇਂ ਵੀ ਮੁਸ਼ਕਲ ਆਉਣ ਲੱਗ ਪਈ। ਦਰਦ ਨੂੰ ਤਾਂ ਔਖਾ ਸੁਖਾਲਾ ਸਹਿ ਲੈਂਦਾ ਸਾਂ ਪਰ ਪਿਸ਼ਾਬ ਦਿਨ ਵਿਚ ਕਈ ਵਾਰ ਤੋਂ ਵਧਦਾ ਵਧਦਾ ਘੰਟੇ ਵਿਚ ਦੋ ਤਿੰਨ ਵਾਰ ਆਉਣ ਲੱਗ ਪਿਆ।

ਇਸ ਹਾਲਤ ਵਿਚ ਕੰਮ ਤੋਂ ਨਾਗੇ ਤਾਂ ਹੋਣੇ ਹੀ ਸਨ। ਬੀਮਾਰੀ ਦੀ ਛੁੱਟੀ 'ਤੇ ਇੱਕ ਮਹੀਨਾ ਘਰ ਹੀ ਬੈਠਾ ਰਿਹਾ। ਫੇਰ ਜਾ ਕੇ ਕਿਤੇ ਹਸਪਤਾਲ ਵਿਚ ਸਪੈਸ਼ਲ ਐਕਸਰੇਅ ਹੋਇਆ ਤਾਂ ਪਤਾ ਲੱਗਾ ਕਿ ਮਸਾਨੇ ਵਿਚ ਪੱਥਰੀ

ਹੈ। ਮੈਨੂੰ ਓਪ੍ਰੇਸ਼ਨ ਲਈ ਹਸਪਤਾਲ ਵਿਚ ਦਾਖਲ ਕਰ ਲਿਆ। ਪੱਥਰੀ ਤਾਂ ਨਿਕਲ ਗਈ, ਪਰ ਦੋ ਕੁ ਹਫਤੇ ਠੀਕ ਹੁੰਦਿਆਂ ਲੰਘ ਗਏ।

ਅੰਦਾਜ਼ਾ ਬਣ ਗਿਆ ਸੀ ਕਿ ਹੁਣ ਮੈਨੂੰ ਪੋਸਟ ਔਫਸ ਨੇ ਬਹੁਤਾ ਚਿਰ ਬਰਦਾਸ਼ਤ ਨਹੀਂ ਕਰਨਾ ਸੀ। ਮਨ ਵਿਚ ਇਹ ਵੀ ਖਿਆਲ ਸੀ ਕਿ ਜੇ ਚੰਗਾ ਜੀਵਨ ਜੀਣਾ ਹੈ ਤੇ ਗ੍ਰਹਿਸਥੀ ਜੀਵਨ ਨੂੰ ਕਾਮਯਾਬੀ ਨਾਲ ਚਲਾਉਣਾ/ਲੰਘਾਉਣਾ ਹੈ ਤਾਂ ਆਮਦਨੀ ਵਿਚ ਚੋਖੇ ਵਾਧੇ ਦੀ ਲੋੜ ਹੈ। ਫੇਰ ਵਾਪਸ ਆਪਣੇ ਦੇਸ ਜਾਣ ਦਾ ਸੁਪਨਾ ਪੂਰਾ ਕਰਨ ਲਈ ਵੀ ਚੋਖੀ ਬੱਚਤ ਦੀ ਲੋੜ ਸੀ। ਹਾਲ ਇਹ ਸੀ ਕਿ ਘਰ ਦਾ ਗੁਜ਼ਾਰਾ ਵੀ ਮਸਾਂ ਚਲਦਾ ਸੀ।

੧੯੭੨ ਦੇ ਸਾਲ ਦਾ ਅੰਤ ਵੀ ਨੇੜੇ ਆ ਰਿਹਾ ਸੀ। ਬੜੀ ਧੀ ਸੋਲਾਂ ਸਾਲ ਦੀ ਤੇ ਛੋਟੀ ਤੇਰਾਂ ਸਾਲ ਦੀ ਹੋ ਗਈ ਸੀ। ਵੱਡਾ ਮੁੰਡਾ ਵੀ ੧੦ ਸਾਲ ਦਾ ਹੋ ਗਿਆ ਸੀ। ਸਾਰੇ ਪੜ੍ਹਨ ਜਾਂਦੇ ਸਨ। ਜਿਉਂ ਜਿਉਂ ਬੱਚੇ ਵੜੇ ਹੋ ਰਹੇ ਸਨ, ਉਨ੍ਹਾਂ ਦੀਆਂ ਲੋੜਾ ਵੀ ਵੱਧ ਰਹੀਆਂ ਸਨ ਤੇ ਨਾਲ ਹੀ ਘਰੇਲੂ ਜੀਵਨ ਵਿਚ ਤੰਗੀਆਂ ਦੇ ਨਾਲ ਨਾਲ ਤੁਰਸ਼ੀਆਂ ਵੀ ਵਧ ਰਹੀਆਂ ਸਨ। ਚੜ੍ਹਦੀ ਜਵਾਨੀ ਦੇ ਸਮੇਂ ਜਿਹੋ ਜਿਹੇ ਸੁਪਨਿਆਂ ਦਾ ਸੰਸਾਰ ਸਿਰਜਿਆ ਸੀ, ਉਹ ਚੂਰ ਚੂਰ ਹੁੰਦਾ ਜਾਪਦਾ ਸੀ।

ਨੌਕਰੀ ਜੇ ਪੋਸਟ ਔਫਸ ਦੀ ਛੱਡਦਾ ਤਾਂ ਉਹੋ ਜਿਹੀ ਜਾਂ ਉਹਦੇ ਨਾਲੋਂ ਘਟੀਆ ਨੌਕਰੀ ਹੀ ਮਿਲਣੀ ਸੀ। ਗ੍ਰਹਿਸਥੀ ਜੀਵਨ ਦੀਆਂ ਸਮੱਸਿਆਵਾਂ ਤਾਂ ਜਿਉਂ ਦੀਆਂ ਤਿਉਂ ਰਹਿਣੀਆਂ ਸਨ। ਇਨ੍ਹਾ ਦਿਨਾਂ ਵਿਚ ਸਾਡੇ ਕਈ ਦੇਸੀ ਭਾਈਵੰਦਾਂ ਨੇ ਨਿਜੀ ਕਾਰੋਬਾਰਾਂ ਵਲ ਰੁਖ ਕਰ ਲਿਆ ਸੀ। ਛੋਟੀਆਂ ਛੋਟੀਆਂ ਕੌਰਨਰ ਸ਼ੌਪਾਂ (ਕੋਨੇ ਵਾਲੀਆਂ ਦੁਕਾਨਾਂ) ਵਿਚ ਗਰੌਸਰੀ (ਕਰਿਆਨੇ) ਦੇ ਕਾਰੋਬਾਰ ਨਾਲ ਹੀ ਖ਼ੁਸ਼ਹਾਲ ਜੀਵਨ ਵੀ ਜੀ ਰਹੇ ਸਨ ਤੇ ਨਾਲ ਦੀ ਨਾਲ ਹੀ ਆਪਣੇ ਦੇਸ ਵਿਚ ਵੀ ਜ਼ਮੀਨਾਂ ਖਰੀਦੀ ਜਾ ਰਹੇ ਸਨ।

ਇੱਧਰ ਮੇਰਾ ਇਹ ਹਾਲ ਸੀ ਕਿ ਦੇਸ ਵਿਚ ਤਾਂ ਕੀ ਬਣਾਉਣਾ ਸੀ, ਇੱਥੇ ਵੀ ਕੁਝ ਨਹੀਂ ਬਣ ਰਿਹਾ ਸੀ। ਮੈਨੂੰ ਆਪਣਾ ਦੇਸ ਛੱਡਿਆਂ ੯ ਸਾਲ ਹੋ ਗਏ ਸਨ। ਹਾਲੀਂ ਤੱਕ ਮੇਰੇ ਕੋਲ ਕੇਵਲ ਇਹ ਦੋ ਬੈੱਡ ਰੂਮ ਦਾ ਘਰ ਸੀ, ਉਹ ਵੀ ਸੌ ਕੁ ਸਾਲ ਪੁਰਾਣਾ। ਇਹੀ ਸੋਚ ਭਾਰੂ ਸੀ ਕਿ ਜੇ ਇਹੋ ਜਿਹਾ ਜੀਵਨ ਹੀ ਜੀਣਾ ਸੀ ਤਾਂ ਦੇਸ ਛੱਡ ਕੇ ਪਰਦੇਸ ਕਾਹਦੇ ਲਈ ਆਉਣਾ ਸੀ।

ਮੇਰੀ ਮਾਂ ਕਹਿੰਦੀ ਹੁੰਦੀ ਸੀ, "ਸਾਡੇ ਘਰ ਸਾੜ੍ਹਸਤੀ ਪਈ ਹੋਈ ਆ। ਇਹ ਸਾੜ੍ਹਸਤੀ ਸਾਢੇ ਸੱਤ ਸਾਲ, ਸਾਢੇ ਸਤਾਰਾਂ ਸਾਲ ਜਾਂ ਫੇਰ ਸਾਢੇ ਸੱਤਰ ਸਾਲ ਤੱਕ ਵੀ ਚਲਦੀ ਰਹਿ ਸਕਦੀ ਆ।" ਉਹ ਇਹ ਵੀ ਕਹਿੰਦੀ ਹੁੰਦੀ ਸੀ, "ਸਾਡੇ ਘਰ ਨੂੰ ਕੋਈ ਸਰਾਪ ਹੈ। ਜਿਹੜਾ ਵੀ ਪਰਦੇਸ ਜਾਂਦਾ, ਉਹ ਮੁੜ ਕੇ ਨਹੀਂ ਆਉਂਦਾ"। ਇਸ ਸਰਾਪ ਨੂੰ ਤਾਂ ਮੈਂ ਆਪਣੇ ਪਿਤਾ ਜੀ ਨੂੰ ਦੇਸ ਵਾਪਸ ਭੇਜ ਕੇ ਤੋੜ ਦਿੱਤਾ ਸੀ। ਪਰ ਹੁਣ ਇਸਤਰ੍ਹਾਂ ਲੱਗ ਰਿਹਾ ਸੀ ਕਿ ਸ਼ਾਇਦ ਮੈਂ ਕਦੀਂ ਵਾਪਸ ਨਾ ਜਾ ਸਕਾ। ਲੋਕ ਇਸ ਆਸ ਨਾਲ ਹੀ ਪਰਦੇਸਾਂ ਵਿਚ ਜੀਵਨ ਗੁਜ਼ਾਰ ਦਿੰਦੇ ਹਨ ਕਿ ਬਸ ਕੁਝ ਚਿਰ ਦੀ ਤਾਂ ਗੱਲ ਹੈ, ਥੋੜ੍ਹਾ ਆਪਣੇ ਘਰ ਦਾ ਹੋਰ ਸੁਧਾਰ ਕਰ ਲਈਏ, ਫੇਰ ਜ਼ਰੂਰ ਚਲੇ ਜਾਵਾਂਗੇ। ਮੇਰੇ ਹੱਥੋਂ ਤਾਂ ਇਸ ਆਸ ਦੀ ਡੋਰ ਵੀ ਖਿਸਕਦੀ ਲੱਗਦੀ ਸੀ। ਸੋਚਦਾ ਸਾਂ, "ਜੇ ਬੱਚੇ ਇਸੇ ਮੁਲਕ ਵਿਚ ਜਵਾਨ ਹੋ ਗਏ ਤੇ ਟਿੱਕ ਗਏ, ਫੇਰ ਇਨ੍ਹਾਂ ਨੇ ਤਾਂ ਜਾਣਾ ਨਹੀਂ, ਫੇਰ ਆਪਣੇ ਜੀਵਨ ਦਾ ਅੰਤਮ ਪੜਾ ਲੰਘਾਉਣ ਲਈ ਜਾਵਾਂਗਾ ਵੀ ਤਾਂ ਕਿਹਦੇ ਕੋਲ?"

ਪੋਸਟ ਔਫਿਸ ਵਿਚ ਕੰਮ ਕਰਦਿਆਂ ਭਾਂਤ ਭਾਂਤ ਦੇ ਬੰਦਿਆਂ ਨਾਲ ਵਾਹ ਪੈਂਦਾ ਰਿਹਾ। ਉੱਥੇ ਦੋ ਭਾਂਤ ਦੇ ਪੋਸਟਮੈਨ ਹੁੰਦੇ ਸਨ। ਇੱਕ ਤਾਂ ਆਮ ਪੋਸਟਮੈਨ ਸਨ, ਜਿਹੜੇ ਡਾਕ ਵੰਡਣ ਤੇ ਚਿਠੀਆਂ ਛਾਂਟਣ ਦਾ ਕੰਮ ਕਰਦੇ ਸਨ ਤੇ ਦੂਜੇ ਸਨ ਪੋਸਟਮੈਨ ਹਾਇਰ ਗਰੇਡ, ਇਨ੍ਹਾਂ ਦਾ ਕੰਮ ਆਮ

ਪੋਸਟਮੈਨਾਂ ਤੋਂ ਕੁਝ ਉਪਰ ਦਾ ਹੁੰਦਾ ਸੀ। ਉਹ ਪੋਸਟ ਔਫਸ ਦੇ ਅੰਦਰ ਹੀ ਡਿਊਟੀ ਕਰਦੇ ਸਨ, ਬਾਹਰ ਨਹੀਂ ਜਾਂਦੇ ਸਨ। ਇਨ੍ਹਾਂ ਵਿਚੋਂ ਹੀ ਤਰੱਕੀ ਕਰ ਕੇ ਇੰਸਪੈਕਟਰ ਬਣਦੇ ਸਨ। ਇਸ ਪੋਸਟ ਔਫਸ ਵਿਚ ਪੰਦਰਾਂ ਕੁ ਪੰਜਾਬੀ ਕੰਮ ਕਰਦੇ ਸਨ। ਉਨ੍ਹਾਂ ਵਿਚੋਂ ਬਹੁਤਿਆਂ ਦੀ ਰਾਏ ਮੇਰੇ ਬਾਰੇ ਚੰਗੀ ਨਹੀਂ ਸੀ। ਉਹ ਮੈਨੂੰ ਸਿੱਧੜ ਜਿਹਾ ਬੰਦਾ ਹੀ ਸਮਝੀ ਜਾਂਦੇ ਸਨ। ਮੇਰਾ ਸੁਭਾ ਹੀ ਅਜਿਹਾ ਸੀ ਕਿ ਮੈਂ ਥੋੜੇ ਕੀਤੇ ਕਿਸੇ ਨਾਲ ਵੀ ਜਾਣ ਪਛਾਣ ਬਣਾਉਣ ਦਾ ਆਦੀ ਨਹੀਂ ਸਾਂ। ਉਹ ਜਿਹੜੇ ਮੇਰੇ ਵਾਂਗ ਪੋਸਟਮੈਨ ਹੀ ਸਨ, ਉਹ ਬਹੁਤੇ ਆਪਣੇ ਕੰਮਾਂ ਵਿਚ ਮਸਤ ਰਹਿੰਦੇ ਸਨ। ਪੋਸਟਮੈਨ ਹਾਇਰ ਗਰੇਡ ਆਪਣੇ ਆਪ ਨੂੰ ਕੁਝ ਵਧੇਰੇ ਹੀ ਚੁਸਤ ਦਰੁਸਤ ਸਮਝਦੇ ਸਨ।

ਨਜ਼ਰ ਕਮਜ਼ੋਰ ਹੋਣ ਕਰਕੇ ਮੈਂ ਚਿੱਠੀਆਂ ਤੇਜ਼ੀ ਨਾਲ ਛਾਂਟਣ ਤੋਂ ਅਸਮਰਥ ਸਾਂ ਤੇ ਡਾਕ ਵੰਡਣ ਲਈ ਵੀ ਮੈਨੂੰ ਕੋਈ ਪੱਕੀ ਵਾਕ (ਇੱਕ ਪੋਸਟਮੈਨ ਦਾ ਡਾਕ ਵੰਡਣ ਦਾ ਨਿਸਚਤ ਖੇਤਰ) ਨਹੀਂ ਮਿਲੀ ਸੀ ਤੇ ਹਰ ਦੂਜੇ ਹਫਤੇ ਨਵੀਂ ਵਾਕ ਮਿਲ ਜਾਂਦੀ ਸੀ। ਜਦ ਤੱਕ ਮੈਂ ਉਸ ਵਾਕ ਦਾ ਵਾਕਫ ਹੁੰਦਾ ਸਾਂ, ਉਸ ਵੇਲੇ ਤੱਕ ਹੋਰ ਵਾਕ ਮਿਲ ਜਾਂਦੀ ਸੀ। ਇਸ ਕਰਕੇ ਕਈ ਵੇਰ ਮੈਂ ਸਵੇਰ ਦੀ ਡਾਕ ਵੰਡਦਾ ਲੇਟ ਹੋ ਜਾਂਦਾ ਸਾਂ।

ਕੁਝ ਚੁੱਪ ਰਹਿਣਾ ਸੁਭਾ ਹੋਣ ਕਰਕੇ ਮੈਂ ਬਹੁਤੇ ਬੰਦਿਆਂ ਨਾਲ ਘੁਲ ਮਿਲ ਨਹੀਂ ਸਕਿਆ ਸਾਂ। ਤਾਂ ਵੀ ਦੋ ਬੰਦਿਆਂ ਨਾਲ ਮੇਰੀ ਚੋਖੀ ਬਣਦੀ ਸੀ। ਉਨ੍ਹਾਂ ਵਿਚੋਂ ਇੱਕ ਤਾਂ ਸੀ ਓਮ ਪ੍ਰਕਾਸ਼ ਜੋਸ਼ ਤੇ ਦੂਜਾ ਸੀ ਹਰਮਿੰਦਰ ਬਣਵੈਤ। ਦੋਵੇਂ ਹੀ ਕੁਝ ਕੁਝ ਸਾਹਿਤਕ ਸ਼ੌਕ ਰਖਦੇ ਸਨ। ਜੋਸ਼ ਨੂੰ ਤਾਂ ਪਹਿਲਾਂ ਹੀ ਮੇਰਾ ਜਾਣੂ ਸੀ ਪਰ ਹਰਮਿੰਦਰ ਪੋਸਟ ਔਫਸ ਵਿਚ ਹੀ ਜਾਣੂ ਹੋਇਆ ਸੀ। ਉਹ ਕਵਿਤਾ ਲਿਖਦਾ ਰਿਹਾ ਸੀ ਤੇ ਸੀ ਵੀ ਮੁਖਹਾਸਰੀ, ਕੋਈ ਨਾ ਕੋਈ ਛੁਰਲੀ ਛੱਡੀ ਰਖਦਾ ਸੀ। ਉਹਨੂੰ ਮੇਰੇ ਹਾਸ ਵਿਅੰਗ ਵਾਲੇ ਗੁਣ ਦਾ ਛੇਤੀ ਹੀ ਪਤਾ ਲੱਗ ਗਿਆ ਸੀ। ਜੋਸ਼ ਉਸ ਸਮੇਂ ਤਾਂ ਕੁਝ ਲਿਖਦਾ ਨਹੀਂ ਸੀ ਪਰ ਪੁਰਾਣੀਆਂ

ਮਾਰਾਂ ਦੀਆਂ ਗੱਲਾਂ ਕੁਝ ਵਧੇਰੇ ਹੀ ਕਰਦਾ ਸੀ। ਕਿਸੇ ਵੇਲੇ ਦੇਸ ਰਹਿੰਦਿਆਂ ਉਹ ਦਿੱਲੀ ਵਿਚ ਗਿਆਨੀ ਕਾਲਜ ਚਲਾਉਂਦਾ ਰਿਹਾ ਸੀ। ਇਸ ਲਈ ਉਹ ਬਾਵਾ ਬਲਵੰਤ, ਤਾਰਾ ਸਿੰਘ ਕਾਮਲ, ਜੋਗਾ ਸਿੰਘ ਜਗਿਆਸੂ ਅਤੇ ਮਨਮੋਹਨ ਬਾਵਾ ਦੀਆ ਗੱਲਾਂ ਵਧੇਰੇ ਕਰਿਆ ਕਰਦਾ ਸੀ। ਕਿਉਂਕਿ ਹੁਣ ਕੁਝ ਵੀ ਲਿਖ ਨਹੀਂ ਰਿਹਾ ਸੀ ਇਸ ਲਈ ਬੁੱਢੇ ਭਲਵਾਨਾਂ ਵਾਂਗ ਵਾਰ ਵਾਰ ਉਹੀ ਗੱਲਾਂ ਦੁਹਰਾਉਂਦਾ ਰਹਿੰਦਾ ਸੀ। ਇਸ ਲਈ ਉਹਦੇ ਗੱਲ ਸ਼ੁਰੂ ਕਰਨ ਤੋਂ ਵੀ ਪਹਿਲਾਂ ਪਤਾ ਲੱਗ ਜਾਂਦਾ ਸੀ ਕਿ ਉਹ ਕਿਹੜੀ ਗੱਲ ਕਰਨ ਲੱਗਾ ਹੈ। ਕਵਿਤਾ ਉਹਦੀ ਇੱਕੋ ਹੀ ਬਹੁਤੀ ਜਾਣੀ ਜਾਂਦੀ ਸੀ। ਜਦ ਉਹਨੂੰ ਕਵਿਤਾ ਸੁਣਾਉਣ ਲਈ ਕਹਿਣਾ ਤਾਂ ਉਹਨੇ ਝੱਟ ਸ਼ੁਰੂ ਹੋ ਜਾਣਾ-"ਕਾਲੀ ਚੁੰਨੀ ਵਾਲੀਏ ਕੁੜੀਏ ਲੈ ਜਾ ਮੈਨੂੰ ਆਪਣੇ ਨਾਲ"। ਕਾਲੀ ਚੁੰਨੀ ਵਾਲੀ ਕੁੜੀ ਸੀ ਕਿ ਉਹਨੂੰ ਲਿਜਾਂਦੀ ਹੀ ਨਹੀਂ ਸੀ ਤੇ ਉਹ ਇਹ ਕਵਿਤਾ ਸੁਣਾਉਣੋ ਹਟਦਾ ਨਹੀਂ ਸੀ। ਜਦ ਕਦੀਂ ਵਧੇਰੇ ਹੀ ਜੋਸ਼ ਵਿਚ ਆ ਜਾਂਦਾ ਸੀ ਤਾਂ ਮੱਲੋਂ ਮੱਲੀਂ ਇਹ ਸ਼ਿਅਰ ਕਹਿ ਉਠਦਾ ਸੀ:- 'ਜਦ ਹੰਢੀ ਵਰਤੀ ਵੇਖੀ ਨਾ ਤਾਂ ਮਾਣ ਕੀ ਓਸ ਜਵਾਨੀ ਦਾ"। ਪਤਾ ਨਹੀਂ ਉਹ ਕਿਸਤਰ੍ਹਾਂ ਦੀ ਜਵਾਨੀ ਦੀ ਗੱਲ ਕਰਦਾ ਸੀ? ਆਪ ਨਾ ਤਾਂ ਉਹ ਸ਼ਰਾਬ ਪੀਂਦਾ ਸੀ, ਨਾ ਸਿਗਰਟ ਦੇ ਨੇੜੇ ਜਾਂਦਾ ਸੀ, ਤੇ ਨਾ ਆਂਡੇ ਮਾਸ ਛਕਦਾ ਸੀ। ਹੋਰ ਕੋਈ ਜਵਾਨਾਂ ਵਾਲਾ ਵੈਲ ਉਸ ਵਿਚ ਦਿਸਦਾ ਨਹੀਂ ਸੀ।

ਹਰਮਿੰਦਰ ਵੀ ਕਿਸੇ ਸਮੇਂ ਦਿੱਲੀ ਵਿਚ ਨੌਕਰੀ ਕਰਦਾ ਰਿਹਾ ਸੀ। ਉਹ ਲੱਗ ਪੱਗ ਉਨ੍ਹਾਂ ਸਾਰੇ ਬੰਦਿਆਂ ਦਾ ਵਾਕਫ ਸੀ ਜਿਨ੍ਹਾਂ ਦੀਆਂ ਗੱਲਾਂ ਜੋਸ਼ ਕਰਦਾ ਹੁੰਦਾ ਸੀ। ਹਰਮਿੰਦਰ ਚੰਗਾ ਕਵੀ ਸੀ ਤੇ ਕਵੀ ਦਰਬਾਰਾਂ ਵਿਚ ਵੀ ਭਾਗ ਲੈ ਲੈਂਦਾ ਸੀ ਤੇ ਕਦੀਂ ਕਦੀਂ ਇਨਾਮ ਵੀ ਪ੍ਰਾਪਤ ਕਰ ਲੈਂਦਾ ਸੀ। ਇੰਗਲੈਂਡ ਵਿਚ ਆ ਕੇ ਉਹਨੇ ਲਿਖਣ ਪੜ੍ਹਨ ਦੇ ਸ਼ੌਕ ਨੂੰ ਤਿਆਗਿਆ ਤਾਂ ਨਾ ਪਰ ਸ੍ਵੈਕੇਂਦਰਤ ਹੋ ਕੇ ਬਹੁਤਾ ਚਿਰ ਪਬਲਕ ਤੋਂ ਦੂਰ ਹੀ ਰਿਹਾ। ਜੋਸ਼ ਜਦ ਤੱਕ ਜੀਉਂਦਾ ਰਿਹਾ ਮੇਰੇ ਨਾਲ ਚੰਗੇ ਮਿੱਤਰਾਂ ਵਾਲੇ ਸੰਬੰਧ ਪਾਲਦਾ ਰਿਹਾ ਤੇ

ਹਰਮਿੰਦਰ ਜਦ ਵੀ ਮਿਲਦਾ, ਖੁਸ਼ ਹੋ ਕੇ ਮਿਲਦਾ ਤੇ ਹੁਣ ਵੀ ਉਹ ਮੇਰੇ ਚੰਗੇ ਮਿੱਤਰਾਂ ਵਿਚੋਂ ਇੱਕ ਹੈ।

ਸਾਡੇ ਦੇਸੀ ਭਾਈਬੰਦਾਂ ਵਿਚ ਆਮ ਤੌਰ 'ਤੇ ਇਹ ਕਮਜ਼ੋਰੀ ਜਮਾਂਦਰੂ ਹੁੰਦੀ ਹੈ ਕਿ ਉਹ ਸਰਕਾਰ ਜਾਂ ਕੰਮ ਤੋਂ ਮਿਲੀ ਕਿਸੇ ਵੀ ਸਹੂਲਤ ਦਾ ਨਾਜਾਇਜ਼ ਲਾਭ ਪ੍ਰਾਪਤ ਕਰਨ ਦਾ ਯਤਨ ਜ਼ਰੂਰ ਕਰਦੇ ਹਨ। ਪੌਸਟ ਔਫਸ ਵਿਚ ਕੰਮ ਕਰਦੇ ਬੰਦਿਆਂ ਨੂੰ ਇਹ ਸਹੂਲਤ ਮਿਲੀ ਹੋਈ ਸੀ ਕਿ ਉਹ ਡਿਊਟੀ 'ਤੇ ਜਾਣ ਲਈ ਜਾਂ ਡਿਊਟੀ ਤੋਂ ਵਾਪਸ ਆਉਣ ਲਈ ਬਿਨਾ ਕਰਾਏ ਕਿਸੇ ਵੀ ਬੱਸ ਸਟੌਪ ਤੋਂ ਬੱਸ ਫੜ ਸਕਦੇ ਸਨ, ਜੇ ਉਨ੍ਹਾਂ ਕੋਲ ਚਿੱਠੀਆਂ ਵਾਲਾ ਖਾਲੀ ਜਾਂ ਭਰਿਆ ਬੈਗ ਹੋਵੇ। ਇਸ ਗੱਲ ਵਿਚ ਇੱਕ ਬੰਦਾ ਤਾਂ ਵਧੇਰੇ ਹੀ ਮਾਹਰ ਸੀ। ਉਹ ਛੁੱਟੀ ਵਾਲੇ ਦਿਨ ਵੀ ਆਪਣਾ ਬੈਗ ਨਾਲ ਚੁੱਕੀ ਰਖਦਾ ਸੀ ਤੇ ਇਸ ਸਹੂਲਤ ਦੀ ਦੁਰਵਰਤੋਂ ਕਰਨ ਵਿਚ ਕੋਈ ਹਰਜ਼ ਨਹੀਂ ਸਮਝਦਾ ਸੀ। ਉਂਝ ਸੀ ਉਹ ਕੇਸਾਧਾਰੀ ਗੁਰਸਿੱਖ ਤੇ ਦੋ ਵੇਲੇ ਆਪਣੇ ਬੈਗ ਸਣੇ ਗੁਰਦੁਆਰੇ ਮੱਥਾ ਟੇਕਣ ਜ਼ਰੂਰ ਜਾਂਦਾ ਸੀ। ਉਹਨੂੰ ਆਪਣੀ ਵਿੱਦਿਅਕ ਯੋਗਤਾ ਤੇ ਸ਼ੌਕ ਦਿਖਾਵਾ ਕਰਨ ਦਾ ਸ਼ੌਕ ਵੀ ਅਥਾਹ ਸੀ। ਕਦੀਂ ਉਹਨੇ ਹੱਥ ਵਿਚ ਕੋਈ ਮੋਟੀ ਪੁਸਤਕ ਫੜੀ ਹੋਣੀ ਤੇ ਉਹਦਾ ਟਾਈਟਲ ਇਸਤਰ੍ਹਾਂ ਅੱਗੇ ਨੂੰ ਕਰੀ ਲੰਘਣਾ ਕਿ ਪੁਸਤਕ ਦਾ ਨਾਉਂ ਸਾਰਿਆਂ ਨੂੰ ਦਿਸ ਪਵੇ। ਆਪਣੀਆਂ ਅਜਿਹੀਆਂ ਹਰਕਤਾਂ ਕਰਕੇ ਉਹ ਗੋਰੇ ਪੋਸਟਮੈਨਾਂ ਵਿਚ ਵੀ ਮਖੌਲ ਦਾ ਵਿਸ਼ਾ ਬਣਿਆ ਹੋਇਆ ਸੀ।

ਇੱਕ ਦਿਨ ਇੱਕ ਗੋਰੇ ਨੇ ਦੂਜੇ ਨੂੰ ਉਸ ਬੰਦੇ ਵਲ ਇਸ਼ਾਰਾ ਕਰ ਕੇ ਕਿਹਾ, "ਇਹ ਬੰਦਾ ਸਦਾ ਪੱਗ ਨਾਲ ਕੰਨ ਕਿਉ ਢਕ ਕੇ ਰਖਦਾ ਹੈ?" ਦੂਜੇ ਗੋਰੇ ਨੇ ਜਵਾਬ ਦਿੱਤਾ, "ਵਿਚਾਰਾ ਡਰਦਾ ਹੈ, ਕਿਤੇ ਕੋਈ ਅਕਲ ਦੀ ਗੱਲ ਦਿਮਾਗ ਵਿਚ ਨਾ ਆ ਵੜੇ"। ਹਰਮਿੰਦਰ ਨੇ ਕੋਲੋਂ ਕਿਹਾ, " ਨਹੀਂ ਇਹ ਗੱਲ

ਨਹੀਂ। ਡਰਦਾ ਹੈ ਕਿ ਜਿਹੜੀ ਮਾੜੀ ਮੋਟੀ ਅਕਲ ਹੈ, ਉਹ ਵੀ ਕੰਨਾਂ ਰਾਹੀਂ ਖਿਸਕ ਨਾ ਜਾਵੇ"।

ਗੋਰੇ ਪੱਗ ਦਾਹੜੀ ਦੇਖ ਕੇ ਉਹਨੂੰ ਸਿੱਖਾਂ ਦਾ ਪ੍ਰੀਅਸਟ (ਪੁਜਾਰੀ) ਹੀ ਸਮਝੀ ਜਾਂਦੇ ਸਨ। ਇੱਕ ਦਿਨ ਉਹਨੂੰ ਕਿਸੇ ਗੋਰੇ ਪੋਸਟਮੈਨ ਨੇ ਸਣੇ ਡਾਕ ਵਾਲੇ ਭਰੇ ਬੈਗ ਦੇ ਇੱਕ ਪਾਰਕ ਵਿਚ ਬੈਠਾ ਦੇਖ ਲਿਆ। ਉਹਨੇ ਆ ਕੇ ਹਰਮਿੰਦਰ ਨੂੰ ਕਿਹਾ, "ਹੈਰੀ! ਤੁਹਾਡਾ ਪ੍ਰੀਅਸਟ ਪਾਰਕ ਵਿਚ ਹੀ ਬੈਗ ਨਾਲ ਢਾਸਣਾ ਲਾਈ ਪਰੇਅਰ ਕਰ ਰਿਹਾ ਸੀ" ਇਹੋ ਜਿਹੇ ਬੰਦੇ ਆਪ ਤਾਂ ਬਦਨਾਮ ਹੁੰਦੇ ਹੀ ਹਨ ਪਰ ਸਿੱਖੀ ਸਰੂਪ ਨੂੰ ਵੀ ਬਦਨਾਮ ਕਰਨ ਦਾ ਕਾਰਣ ਬਣਦੇ ਹਨ।

## *16.*

## *ਔਝੜ ਰਾਹੀਂ*

ਉਨ੍ਹਾਂ ਦਿਨਾਂ ਵਿਚ ਮੈਂ ਅਜਿਹੀ ਸਥਿਤੀ ਵਿਚ ਫਸਿਆ ਹੋਇਆ ਸਾਂ, ਜਿਹੋ ਜਿਹੀ ਸਥਿਤੀ ਵਿਚ ਫਸਿਆ ਹਰ ਬੰਦਾ ਛੁਟਕਾਰੇ ਲਈ ਅੱਕੀਂ ਪਲਾਹੀਂ ਹੱਥ ਮਾਰਦਾ ਹੈ। ਕੋਈ ਦੁਕਾਨ ਖਰੀਦ ਕੇ ਆਪਣਾ ਕਾਰੋਬਾਰ ਚਲਾਉਣ ਦਾ ਤਾਂ ਹਾਲੀਂ ਸੁਪਨਾ ਵੀ ਨਹੀਂ ਲਿਆ ਜਾ ਸਕਦਾ ਸੀ। ਮੌਰਗੇਜ 'ਤੇ ਦੁਕਾਨ ਖਰੀਦਣ ਲਈ ਵੀ ਕੀਮਤ ਦਾ ਤੀਜਾ ਹਿੱਸਾ ਪੇਸ਼ਗੀ ਦੇਣਾ ਪੈਣਾ ਸੀ। ਮੇਰੇ ਕੋਲ

ਉਸ ਵੇਲੇ ਹੈ ਵੀ ਕੀ ਸੀ? ਫੇਰ ਖਾਲੀ ਦੁਕਾਨ ਤਾਂ ਚਲਣੀ ਨਹੀਂ ਸੀ, ਉਹਦੇ ਵਿਚ ਮਾਲ ਵੀ ਭਰਨਾ ਪੈਣਾ ਸੀ। ਇਸ ਸਭ ਕੁਝ ਲਈ ਪੈਸੇ ਕਿੱਥੋਂ ਆਉਂਦੇ?

ਆਮਦਨ ਵਧਾਉਣ ਲਈ ਮੁੜ ਕੇ ਲਾਈਫ ਇਨਸ਼ੁਰੈਂਸ ਦਾ ਖਿਆਲ ਆਇਆ। ਭਾਰਤੀ ਬੀਮਾ ਨਿਗਮ ਦੀ ਏਜੈਂਸੀ ਤਾਂ ਮੈਂ ਆਪ ਹੀ ਛੱਡ ਚੁੱਕਾ ਸਾਂ। ਉਂਝ ਵੀ ਜੇ ਕਾਰੋਬਾਰ ਚਲਾਉਣਾ/ਵਧਾਉਣਾ ਸੀ ਤਾਂ ਗੋਰਿਆਂ ਵਿਚੋਂ ਵੀ ਗਾਹਕ ਲੱਭਣੇ ਜਰੂਰੀ ਸਨ। ਇਸ ਲਈ ਮੈਂ ਕੁਝ ਅੰਗਰੇਜ਼ੀ ਬੀਮਾ ਕੰਪਨੀਆਂ ਨਾਲ ਲਿਖਾ ਪੜ੍ਹੀ ਕੀਤੀ ਤਾਂ ਦੋ ਕੰਪਨੀਆਂ ਨੇ ਮੈਨੂੰ ਆਪਣਾ ਏਜੈਂਟ ਬਣਾ ਲਿਆ। ਇਹ ਦੋਵੇਂ ਕੰਪਨੀਆਂ ਸਨ 'ਸੰਨ ਅਲਾਇੰਸ' ਤੇ 'ਗਾਰਡੀਅਨ ਰੁਆਇਲ ਐਕਸਚੇਂਜ'। ਇਹ ਕੰਪਨੀਆਂ ਕੇਵਲ ਜੀਵਨ ਬੀਮਾ ਹੀ ਨਹੀਂ ਕਰਦੀਆਂ ਸਨ, ਆਮ ਬੀਮਾ ਅਰਥਾਤ ਘਰਾਂ, ਕਾਰਾਂ ਦੁਕਾਨਾਂ ਆਦਿ ਦਾ ਬੀਮਾ ਵੀ ਕਰਦੀਆਂ ਸਨ। ਜੀਵਨ ਬੀਮੇ ਦਾ ਕੰਮ ਤਾਂ ਘਰੋਂ ਵੀ ਹੋ ਸਕਦਾ ਸੀ ਪਰ ਆਮ ਬੀਮੇ ਲਈ ਦਫਤਰ ਦੀ ਲੋੜ ਸੀ। ਡੁੱਬੀ ਤਾਂ ਜੇ ਸਾਹ ਨਾ ਆਇਆ, ਦਫਤਰ ਕਿਵੇਂ ਖਰੀਦ ਲੈਂਦਾ?

ਇਨ੍ਹਾਂ ਦਿਨਾਂ ਵਿਚ ਹੀ ਇੱਕ ਫਾਨੈਨਸ਼ੈਲ ਏਜੈਂਟ ਤੁਰਦਾ ਫਿਰਦਾ ਮੈਨੂੰ ਮਿਲ ਪਿਆ। ਉਹਨੇ ਮੈਨੂੰ ਕਿਹਾ, "ਜੇ ਤੂੰ ਗਾਹਕ ਟਕਰਾ ਦਿਆ ਕਰੇਂ ਤਾਂ ਮੈਂ ਤੈਨੂੰ ਅੱਧਾ ਕੁਮਿਸ਼ਨ ਦੇ ਦਿਆ ਕਰਾਂਗਾ"। ਜਿੰਨਾ ਕੁਮਿਸ਼ਨ ਉਹ ਮੈਨੂੰ ਦੇਣ ਲਈ ਤਿਆਰ ਸੀ, ਉਸ ਤੋਂ ਜਾਪਦਾ ਸੀ ਕਿ ਉਹਨੂੰ ਚੋਖਾ ਕੁਮਿਸ਼ਨ ਮਿਲਦਾ ਸੀ। ਮੇਰੇ ਦਿਮਾਗ ਵਿਚ ਸੋਚ ਸ਼ੁਰੂ ਹੋ ਗਈ ਕਿ ਜੇ ਉਹ ਇਹ ਕੰਮ ਕਰ ਕੇ ਕਮਾਈ ਕਰ ਸਕਦਾ ਸੀ ਤਾਂ ਮੈਂ ਕਿਉਂ ਨਹੀਂ ਕਰ ਸਕਦਾ? ਮੈਂ ਅਜਿਹੀ ਕਿਸੇ ਕੰਪਨੀ ਦੀ ਭਾਲ ਸ਼ੁਰੂ ਕਰ ਦਿੱਤੀ, ਜਿਹਨੂੰ ਏਜੈਂਟ ਦੀ ਲੋੜ ਹੋਵੇ।

ਨੌਜਵਾਨ ਕਵੀ ਭੁਪਿੰਦਰ ਪੁਰੇਵਾਲ ਨੂੰ ਹਾਲੀਂ ਇਸ ਦੇਸ ਵਿਚ ਆਇਆ ਚਾਰ ਕੁ ਸਾਲ ਹੀ ਹੋਏ ਸਨ। ਉਹਦਾ ਨਵਾਂ ਨਵਾਂ ਵਿਆਹ ਹੋਇਆ ਸੀ। ਸਾਹਿਤਕ ਸ਼ੌਕ ਹੋਣ ਕਰਕੇ ਉਹ ਮੈਨੂੰ ਨਿਤ ਮਿਲਦਾ ਰਹਿੰਦਾ ਸੀ। ਉਸ

ਵੇਲੇ ਉਹ ਟਾਇਰ ਬਣਾਉਣ ਵਾਲੀ ਇੱਕ ਫੈਕਟਰੀ ਵਿਚ ਕੰਮ ਕਰਦਾ ਸੀ। ਉਹ ਉਸ ਕੰਮ ਤੋਂ ਬਹੁਤਾ ਸੰਤੁਸ਼ਟ ਨਹੀਂ ਸੀ। ਉਹ ਵੀ ਚਾਹੁੰਦਾ ਸੀ ਕਿ ਕੋਈ ਆਪਣਾ ਕਾਰੋਬਾਰ ਸ਼ੁਰੂ ਕੀਤਾ ਜਾਵੇ। ਰੋਜ਼ ਮਿਲਦਾ ਰਹਿਣ ਕਰਕੇ ਉਹ ਮੇਰੀਆਂ ਮੁਸ਼ਕਲਾਂ ਤੋਂ ਵੀ ਜਾਣੂ ਸੀ। ਇੱਕ ਦਿਨ ਉਹਨੇ ਆਪ ਹੀ ਮੈਨੂੰ ਕਿਹਾ. "ਕਿਉਂ ਨਾ ਰਲ਼ ਕੇ ਅਸੀਂ ਇਨਸ਼ੋਰੈਂਸ ਤੇ ਫਾਇਨੈਂਸ ਦਾ ਕੰਮ ਸ਼ੁਰੂ ਕਰ ਲਈਏ?" ਮੈਂ ਤਾਂ ਪਹਿਲਾਂ ਹੀ ਇਹ ਕੰਮ ਸ਼ੁਰੂ ਕਰ ਚੁੱਕਾ ਸਾਂ, ਕਾਰੋਬਾਰ ਨੂੰ ਪੈਰਾਂ 'ਤੇ ਖੜਾ ਕਰਨ ਲਈ ਮੈਂ ਉਹਦੇ ਸੁਝਾਉ ਨਾਲ ਸਹਿਮਤ ਹੋ ਗਿਆ।

ਅਸੀਂ ਵਿਕਣ ਲਈ ਲੱਗੀਆਂ ਦੁਕਾਨਾਂ ਦੇਖਣ ਲੱਗ ਪਏ। ਕੁਝ ਦਿਨਾਂ ਵਿਚ ਹੀ ਅਸੀਂ ਡਰਬੀ ਦੀ ਸੇਂਟ ਥੌਮਸ ਰੋਡ 'ਤੇ ਇੱਕ ਦੁਕਾਨ ਲੱਭ ਲਈ। ਬਿਲਡਿੰਗ ਸੁਸਾਇਟੀਆਂ ਤਾਂ ਦੁਕਾਨਾਂ ਦੀ ਗਿਰਵੀ 'ਤੇ ਕਰਜ਼ਾ ਦਿੰਦੀਆਂ ਨਹੀਂ ਸਨ। ਅਸੀਂ ਦੋਵੇਂ ਰਲ਼ ਕੇ ਹਜ਼ਾਰ ਪੌਂਡ ਤਾਂ ਡਿਪਾਜ਼ਿਟ (ਪੇਸ਼ਗੀ) ਰੱਖ ਸਕਦੇ ਸਾਂ। ਦੁਕਾਨ ਦੀ ਕੀਮਤ ੭ ਹਜ਼ਾਰ ਪੌਂਡ ਸੀ। ਬਾਕੀ ਰਕਮ ਕਿੱਥੋਂ ਆਉਂਦੀ?

ਡਰਬੀ ਵਿਚ ਘਰਾਂ ਵਿਚ ਮੁਫਤ ਸੁਟਿਆ ਜਾਣ ਵਾਲਾ ਇੱਕ ਅਖਬਾਰ 'ਡਰਬੀ ਟਰੇਡਰ' ਨਿਕਲਦਾ ਸੀ। ਉਹਦੇ ਵਿਚ ਸਿਰਫ ਕਾਰੋਬਾਰਾਂ ਦੇ ਇਸ਼ਤਿਹਾਰ ਹੀ ਹੁੰਦੇ ਸੀ। ਇੱਕ ਦਿਨ ਮੇਰੀ ਨਿਗਾਹ ਉਹਦੇ 'ਗਿਰਵੀ ਉੱਤੇ ਕਰਜ਼ੇ' ਵਾਲੇ ਸਫੇ ਦੇ ਇਸ਼ਤਿਹਾਰਾਂ ਤੇ ਚਲੀ ਗਈ। ਉੱਥੇ ਕਿਸੇ ਫਾਇਨੈਨਸ਼ਲ ਏਜੈਂਟ ਦਾ ਇਸ਼ਤਿਹਾਰ ਸੀ। ਮੈਂ ਸ਼ਹਿਰ ਦੇ ਕੇਂਦਰ ਵਿਚ ਉਹਦੇ ਦਫਤਰ ਵਿਚ ਜਾ ਪੁੱਜਾ। ਉਹਦੇ ਨਾਲ ਆਪਣੀ ਸਮੱਸਿਆ ਬਾਰੇ ਗੱਲ ਕੀਤੀ ਤਾਂ ਉਹਨੇ ਕਿਹਾ ਕਿ ਉਹ ੬ ਹਜ਼ਾਰ ਪੌਂਡ ਦੁਕਾਨ ਦੀ ਗਿਰਵੀ 'ਤੇ ਕਰਜ਼ਾ ਦੁਆ ਦੇਵੇਗਾ।

ਦੂਜੇ ਦਿਨ ਮੈਂ ਤੇ ਭੁਪਿੰਦਰ ਦੋਵੇਂ ਜਾ ਕੇ ਫਾਰਮ ਭਰ ਆਏ। ਹਫਤੇ ਦੇ ਅੰਦਰ ਅੰਦਰ ਜੂਲੀਅਨ ਹੌਜ ਨਾਉਂ ਦੀ ਫਾਇਨੈਨਸ ਕੰਪਨੀ ਦਾ ਪੱਤਰ ਆ ਗਿਆ। ਉਹ ਨੇ ਮੌਰਗੇਜ ਲਈ ਸਾਡੀ ਅਰਜ਼ੀ ਮਨਜ਼ੂਰ ਕਰ ਲਈ ਸੀ। ਮਹੀਨੇ

ਦੇ ਅੰਦਰ ਅੰਦਰ ਸਾਰਾ ਕਾਗਜ਼ੀ ਕੰਮ ਪੂਰਾ ਹੋ ਗਿਆ ਤੇ ਅਸੀਂ ੧੩੩ ਸੇਂਟ ਥਾਮਸ ਰੋਡ ਡਰਬੀ ਵਾਲੀ ਦੁਕਾਨ ਦੇ ਮਾਲਕ ਬਣ ਗਏ।

ਉਸ ਵੇਲੇ ਉਸ ਦੁਕਾਨ ਵਿਚ ਸਵੀਟਾਂ ਤੇ ਸਟੇਸ਼ਨਰੀ ਦਾ ਛੋਟਾ ਜਿਹਾ ਕਾਰੋਬਾਰ ਚਲਦਾ ਸੀ। ਅਸੀਂ ਦੁਕਾਨ ਲਈ ਸੀ ਦਫਤਰ ਬਣਾਉਣ ਲਈ। ਪਰ ਜਿੰਨਾ ਚਿਰ ਕੰਮ ਰਿੜ੍ਹ ਨਹੀਂ ਪੈਂਦਾ ਸੀ, ਸਾਨੂੰ ਚਲਦਾ ਕੰਮ ਬੰਦ ਕਰਨਾ ਘਾਟੇਬੰਦਾ  ਲਗਦਾ ਸੀ। ਪਰ ਜੇ ਇਹ ਚਲਦਾ ਕੰਮ ਬੰਦ ਨਹੀਂ ਕਰਨਾ ਸੀ ਤਾਂ ਸਵੇਰ ਤੋਂ ਸ਼ਾਮ ਤੱਕ ਦੁਕਾਨ 'ਤੇ ਕੰਮ ਕਰਨ ਲਈ ਵੀ ਕੋਈ ਬੰਦਾ ਚਾਹੀਦਾ ਸੀ। ਮੇਰੀ ਪਤਨੀ ਨੂੰ ਬੱਚਿਆਂ ਦਾ ਝੰਮੇਲਾ ਸੀ। ਮੇਰੀਆਂ ਧੀਆਂ ਸਕੂਲੋਂ ਆ ਕੇ ਤਾਂ ਕੁਝ ਮਦਦ ਕਰ ਸਕਦੀਆਂ ਸਨ ਪਰ ਮੈਂ ਉਨ੍ਹਾਂ ਦੀ ਪੜ੍ਹਾਈ ‘ਤੇ ਅਸਰ ਨਹੀਂ ਪੈਣ ਦੇਣਾ ਚਾਹੁੰਦਾ ਸਾਂ। ਫੇਰ ਪੂਰਾ ਸਮਾਂ ਕੰਮ ਕਰਨ ਲਈ ਵੀ ਤਾਂ ਕਿਸੇ ਦੀ ਲੋੜ ਸੀ। ਭੁਪਿੰਦਰ ਨੇ ਆਪ ਹੀ ਕਹਿ ਦਿੱਤਾ ਕਿ ਉਹਦੀ ਪਤਨੀ ਅਮਰਜੀਤ ਦੁਕਾਨ ਚਲਾਏਗੀ। ਮੈਂ ਉਹਦੀ ਤਜਵੀਜ਼ ਨਾਲ ਸਹਿਮਤ ਹੋ ਗਿਆ। ਅਮਰਜੀਤ ਨੂੰ ਦੁਕਾਨ 'ਤੇ ਕੰਮ ਕਰਨ ਲਈ ਦਸ ਪੌਂਡ ਹਫਤੇ ਦੇ ਦੇਣੇ ਪੱਕੇ ਕਰ ਲਏ।

ਅਸੀਂ ਸਵੀਟਾਂ ਤੇ ਸਟੇਸ਼ਨਰੀ ਦੇ ਨਾਲ ਕੁਝ ਹੋਰ ਸਾਮਾਨ, ਹਿੰਦੁਸਤਾਨੀ ਫਿਲਮਾਂ ਦੇ ਰਿਕਾਰਡ ਤੇ ਕੈਸਟਾਂ ਵੀ ਦੁਕਾਨ ਵਿਚ ਰੱਖਣ ਲੱਗ ਪਏ ਤੇ  ਟਰਾਂਸਿਸਟਰ ਰੇਡੀਓ ਆਦਿ ਵੀ। ਵਿਕਰੀ ਕੋਈ ਬਹੁਤੀ ਤਾਂ ਹੁੰਦੀ ਨਹੀਂ ਸੀ, ਮੌਰਗੇਜ ਦੀਆਂ ਕਿਸ਼ਤਾਂ ਤੇ ਅਮਰਜੀਤ ਦੀ ਤਨਖਾਹ ਚੱਲੀ ਜਾਂਦੀ ਸੀ। ਮੈਂ ਉਪਰਲੇ ਵੱਡੇ ਕਮਰੇ ਵਿਚ ਆਪਣਾ ਦਫਤਰ ਬਣਾ ਲਿਆ। ਦੋ ਇਨਸ਼ਿਉਰੈਂਸ ਕੰਪਨੀਆਂ ਦੀਆਂ ਏਜੈਂਸੀਆਂ ਤਾਂ ਪਹਿਲਾਂ ਹੀ ਸਨ, ਮੈਂ ਜੂਲੀਅਨ ਹੌਜ ਫਾਇਨੈਨਸ ਕੰਪਨੀ ਦੀ ਏਜੈਂਸੀ ਵੀ ਲੈ ਲਈ ਤੇ ਡਰਬੀ ਟਰੇਡਰ ਵਿਚ ਛੋਟਾ ਜਿਹਾ ਇਸ਼ਤਿਹਾਰ ਵੀ ਦੇਣ ਲੱਗ ਪਿਆ।

ਮੈਂ ਇੱਕ ਵਜੇ ਪੋਸਟ ਆਫਸ ਤੋਂ ਆ ਕੇ ਦਫਤਰ ਵਿਚ ਆ ਬੈਠਦਾ ਸਾਂ। ਬਾਕੀ ਸਾਰਾ ਦਿਨ ਕੰਮ ਕਰਨ ਪਿੱਛੋਂ ਵੀ ਕੁਝ ਹੱਥ ਪੱਲੇ ਨਹੀਂ ਪੈਂਦਾ ਸੀ। ਦੋ ਕੁ ਮਹੀਨੇ ਪਿੱਛੋਂ ਹੀ ਲੱਗਣ ਲੱਗ ਪਿਆ ਕਿ ਕੁਝ ਲਾਭ ਨਹੀਂ ਹੋ ਰਿਹਾ ਸੀ। ਜੇ ਇਨਸ਼ੁਰੈਂਸ ਦਾ ਤੇ ਕਰਜ਼ੇ ਦੁਆਉਣ ਦਾ ਕੰਮ ਕਰਨਾ ਸੀ ਤਾਂ ਸਾਰਾ ਸਮਾਂ ਦਫਤਰ ਵਿਚ ਲਾਉਣਾ ਜ਼ਰੂਰੀ ਸੀ। ਉੱਧਰ ਪੋਸਟ ਔਫਸ ਵਾਲੇ ਮੈਥੋਂ ਚੋਖੇ ਦੁਖੀ ਹੋ ਚੁੱਕੇ ਸਨ। ਬਹੁਤਾ ਸਮਾਂ ਕੰਮ ਤੋਂ ਗ਼ੈਰ ਹਾਜ਼ਰ ਰਹਿਣ ਕਰ ਕੇ ਮੇਰੀ ਜਵਾਬ ਤਲਬੀ ਹੋ ਗਈ ਸੀ। ਮੈਨੂੰ ਪਤਾ ਲੱਗ ਚੁੱਕਾ ਸੀ ਕਿ ਹੁਣ ਪੋਸਟ ਔਫਸ ਦੀ ਨੌਕਰੀ ਤਿਆਗਣੀ ਹੀ ਪੈਣੀ ਹੈ। ਇਸ ਲਈ ਪੋਸਟ ਆਫਸ ਵਲੋਂ ਕੱਢੇ ਜਾਣ ਤੋਂ ਪਹਿਲਾਂ ਹੀ ਚਾਰ ਸਾਲ ਇਹ ਨੌਕਰੀ ਕਰਨ ਪਿੱਛੋਂ ਮੈਂ ਆਪ ਹੀ ਤਿਆਗ ਪੱਤਰ ਦੇ ਦਿੱਤਾ।

ਮੈਂ ਪੋਸਟ ਔਫਸ ਵਿਚੋਂ ਕੰਮ ਛੱਡਣ ਪਿੱਛੋਂ ਸਾਰਾ ਦਿਨ ਦਫਤਰ ਖੋਲ੍ਹਣ ਲੱਗ ਪਿਆ, ਫੇਰ ਵੀ ਆਮਦਨੀ ਵਿਚ ਕੋਈ ਵਾਧਾ ਨਾ ਹੋਇਆ। ਸਿਰ ਉੱਤੇ ਪਈ ਫਿਕਰਾਂ ਦੀ ਪੰਡ ਹੋਰ ਵੀ ਭਾਰੀ ਹੋ ਗਈ। ਭੁਪਿੰਦਰ ਤਾਂ ਆਪਣੀ ਪੱਕੀ ਨੌਕਰੀ ਉਸੇ ਤਰ੍ਹਾਂ ਕਰੀ ਜਾ ਰਿਹਾ ਸੀ ਤੇ ਉਹਦੀ ਪਤਨੀ ਨੂੰ ਦੁਕਾਨ ਚਲਾਉਣ ਲਈ 10 ਪੌਂਡ ਹਫਤੇ ਦੇ ਮਿਲੀ ਜਾਂਦੇ ਸਨ। ਉਹ ਕੁਝ ਗਵਾ ਨਹੀਂ ਰਿਹਾ ਸੀ। ਹਾਲਤ ਤਾਂ ਮੇਰੀ ਹੀ ਮਾੜੀ ਸੀ। ਮੈਂ ਪੋਸਟ ਆਫਸ ਵਾਲੀ ਨੌਕਰੀ ਵੀ ਗਵਾ ਚੁੱਕਾ ਸਾਂ ਤੇ ਹੋਰ ਕੋਈ ਆਮਦਨੀ ਵੀ ਨਹੀਂ ਸੀ। ਪਤਨੀ ਤੇ ਪੰਜ ਬੱਚਿਆਂ ਦੇ ਪਰਵਾਰ ਦਾ ਖਰਚ ਕਿੱਥੋਂ ਆਉਂਦਾ? ਇਸ ਚਿੰਤਾ ਦੀ ਚਿਖਾ ਤੋਂ ਕਿਸੇ ਤਰ੍ਹਾਂ ਛੁਟਕਾਰਾ ਮਿਲ ਜਾਵੇ ਇਸੇ ਸੋਚ ਵਿਚ ਡੁੱਬਿਆ ਰਹਿੰਦਾ ਸਾਂ।

ਬੰਦਾ ਬਹੁਤੀ ਵਾਰ ਗ਼ਲਤ ਫੈਸਲੇ ਉਦੋਂ ਹੀ ਕਰਦਾ ਹੈ ਜਦ ਉਹ ਕਿਸੇ ਉਲਝਣ ਵਿਚ ਫਸਿਆ ਹੋਇਆ ਹੋਵੇ ਤੇ ਇਸ ਤੋਂ ਛੁਟਕਾਰਾ ਪ੍ਰਾਪਤ ਕਰਨ ਲਈ ਰਾਹ ਲੱਭ ਰਿਹਾ ਹੋਵੇ। ਅਜਿਹੀ ਹਾਲਤ ਵਿਚ ਨਜ਼ਰ ਧੁੰਦਲਾ ਜਾਣ ਦੀ ਸੰਭਾਵਨਾ ਵਧੇਰੇ ਹੁੰਦੀ ਹੈ। ਕਈ ਵੇਰ ਬੰਦਾ ਇੱਕ ਮੁਸੀਬਤ ਤੋਂ

ਛੁਟਕਾਰਾ ਪ੍ਰਾਪਤ ਕਰਨ ਦੇ ਯਤਨ ਵਿਚ ਕਿਸੇ ਹੋਰ ਮੁਸੀਬਤ ਵਿਚ ਫਸ ਜਾਂਦਾ ਹੈ। ਸਾਡੇ ਨਾਲ ਐਨ ਇਸੇਤਰ੍ਹਾ ਹੋਇਆ। ਪ੍ਰਾਪਤ ਸਥਿਤੀ ਤੋਂ ਛੁਟਕਾਰਾ ਪ੍ਰਾਪਤ ਕਰਨ ਦੇ ਯਤਨਾਂ ਵਿਚ ਅਸੀਂ ਇੱਕ ਬਹੁਤ ਹੀ ਚਲਾਕ ਬੰਦੇ ਦੇ ਝਾਂਸੇ ਵਿਚ ਆ ਕੇ ਅਜਿਹਾ ਕੰਮ ਅਰੰਭ ਕਰ ਬੈਠੇ ਜਿਸਦੀ ਨਾ ਸਾਨੂੰ ਕੋਈ ਸਮਝ ਸੀ ਤੇ ਨਾ ਕੋਈ ਤਜਰਬਾ। ਜਿੰਨਾ ਅਸੀਂ ਉਹਦੇ ਚਲਾਏ ਚੱਕਰ ਵਿਚੋਂ ਨਿਕਲਣ ਲਈ ਜ਼ੋਰ ਲਾ ਰਹੇ ਸਾਂ ਉਂਨਾ ਹੋਰ ਫਸੀ ਜਾ ਰਹੇ ਸਾਂ। ਉਦੋਂ ਹੀ ਪਤਾ ਲਗਾ ਜਦ ਪਾਣੀ ਸਿਰ ਉੱਤੋਂ ਦੀ ਲੰਘ ਗਿਆ ਤੇ ਉਹ ਬੰਦਾ ਸਾਨੂੰ ਚੌਦਾਂ ਹਜ਼ਾਰ ਪੌਂਡ ਦੇ ਕਰਜ਼ੇ ਹੇਠ ਕਰ ਗਿਆ। ਭੁਪਿੰਦਰ ਨੂੰ ਤਾਂ ਬਹੁਤਾ ਫਰਕ ਨਹੀਂ ਪਿਆ ਸੀ, ਉਹ ਨੇ ਹਾਲੀਂ ਆਪਣੀ ਪੱਕੀ ਨੌਕਰੀ ਨਹੀਂ ਛੱਡੀ ਸੀ। ਮੇਰੀ ਹਾਲਤ ਹੀ ਦਿਨ ਪੁਰ ਦਿਨ ਨਿਘਰਦੀ ਜਾ ਰਹੀ ਸੀ, ਕਿਉਂਕਿ ਕਾਰੋਬਾਰ ਦਾ ਮੁੱਖ ਜ਼ਿੰਮੇਵਾਰ ਤਾਂ ਮੈਂ ਹੀ ਸਾਂ ਤੇ ਲਹਿਣੇਦਾਰਾਂ ਦਾ ਸਾਹਮਣਾ ਵੀ ਮੈਨੂੰ ਹੀ ਕਰਨਾ ਪੈ ਰਿਹਾ ਸੀ।

ਮੈਂ ਘਰ ਬੈਠਾ ਉਪਰੋਂ ਪਹਿਲਾਂ ਵਾਂਗ ਹੀ ਹੱਸਣ ਦਾ ਯਤਨ ਕਰਦਾ ਸਾਂ ਪਰ ਅੰਦਰੋਂ ਰੋ ਰਿਹਾ ਹੁੰਦਾ ਸਾਂ। ਜਦ ਰੋਟੀ ਖਾਣ ਬੈਠਦਾ ਤਾਂ ਗਰਾਹੀ ਅੰਦਰ ਨੂੰ ਧੱਕਦਾ ਸਾਂ ਤਾਂ ਆਉਂਦੀ ਬਾਹਰ ਨੂੰ ਸੀ। ਇਕਾਂਤ ਵਿਚ ਬੈਠਾ ਸੋਚਦਾ ਰਹਿੰਦਾ ਸਾਂ। ਕੀ ਕਰਾਂਗਾ? ਕੀ ਬਣੇਗਾ? ਆਪਣੇ ਸਿੱਧੜਪੁਣੇ ਦਾ ਅਫਸੋਸ ਤੇ ਪਛਤਾਵਾ ਪਿੱਛਾ ਨਹੀਂ ਛੱਡ ਰਿਹਾ ਸੀ। ਉਸ ਵੇਲੇ ਇਹ ਕਵਿਤਾ ਮੱਲੋਂ ਮੱਲੀਂ ਲਿਖੀ ਗਈ:-

ਆਪਣਾ ਰਾਹ ਛੱਡ ਔਝੜ ਤੁਰਿਆ
ਖਾ ਠੇਡੇ ਪਛਤਾਵਾਂ
ਜੰਗਲ ਬੀਆਬਾਨ ਚੁਫੇਰੇ
ਕਿਸ ਪਾਸੇ ਵਲ ਜਾਵਾ?
ਆਪਣਾ ਰਾਹ ਸੀ ਸਿੱਧ ਸਾਦਾ

ਮਿਹਨਤ ਦੇ ਪਰਸੀਨੇ ਵਰਗਾ
ਜੋ ਨਿਤ ਕਰਨਾ ਉਹੀਓ ਖਾਣਾ
ਜੋ ਨਿੱਤ ਬੁਣਨਾ ਉਹੀਓ ਪਾਣਾ
ਹੁਣ ਉਹ ਸੱਚਾ ਸੁੱਚਾ ਜੀਵਨ
ਕਿੱਥੋਂ ਮੋੜ ਲਿਆਵਾਂ?

ਔਝੜ ਰਾਹੀਂ ਲੱਖ ਛਲੇਡੇ
ਹੋਰ ਵੀ ਲੱਖ ਬਲਾਵਾਂ
ਸੋਨ ਮਿਰਗ ਦੇ ਪੈਣ ਭੁਲਾਵੇ
ਜਿੱਧਰ ਕਦਮ ਵਧਾਵਾਂ।
ਔਝੜ ਰਾਹੀਂ ਆਦਮ ਖਾਣੇ
ਮੂੰਹ ਫਰਿਸ਼ਤਿਆਂ ਵਰਗੇ,
ਗੱਲ ਕੱਟਣੇ ਹੈ ਧਰਮ ਜਿਨ੍ਹਾਂ ਦਾ
ਲਹੂ ਵੀਟਣਾ ਕਰਮ ਜਿਨ੍ਹਾਂ ਦਾ।
ਇਸ ਰਾਹ ਦਾ ਦਸਤੂਰ ਅਨੋਖਾ
ਖਾਜਾ ਬਣੋ ਜਾਂ ਖਾਓ
ਲਾਹ ਖੱਲਾਂ ਗਲ਼ ਪਾਓ।

ਮੈਂ ਇਸ ਰਾਹ ਦੀ ਸਾਰ ਨਾ ਜਾਣਾ
ਅੰਧੇ ਦਾ ਕੀ ਧੰਦਾ?
ਖੱਜਲ ਖਵਾਰੀ ਤੇ ਲਾਚਾਰੀ
ਬਣ ਗਈ ਗਲ ਦਾ ਫੰਦਾ।
ਆਪਣਾ ਰਾਹ ਮੈਂ ਆਪ ਗੁਆਇਆ

ਇਹ ਰਾਹ ਰਾਸ ਨਾ ਆਇਆ
ਵਿਚ ਅਨ੍ਹੇਰੇ ਨਿਸ ਦਿਨ ਭਟਕਾਂ
ਖਾ ਠੇਡੇ ਪਛਤਾਵਾਂ
ਜੰਗਲ ਬੀਆਬਾਨ ਚੁਫੇਰੇ
ਕਿਸ ਪਾਸੇ ਵਲੋ ਜਾਵਾਂ?

ਇਹ ਕਵਿਤਾ ਲਿਖਣ ਪਿੱਛੋਂ ਮਨ ਦਾ ਭਾਰ ਕੁਝ ਹਲਕਾ ਹੋਇਆ ਤਾਂ ਮੂੰਹ ਵਿਚੋਂ ਇਹ ਸ਼ਬਦ ਨਿਕਲੇ, "ਆਖਰ ਕੋਈ ਨਹੀਂ ਆ ਗਈ। ਮੈਂ ਜੀਉਂਦਾ ਹਾਂ ਮਰਿਆ ਨਹੀਂ। ਮੈਂ ਲਹਿਣੇਦਾਰਾਂ ਦੀ ਪੈਨੀ ਪੈਨੀ ਮੋੜਾਂਗਾ। ਮੁਸੀਬਤ ਹੀ ਤਾਂ ਬੰਦੇ ਦਾ ਇਮਤਿਹਾਨ ਹੁੰਦੀ ਹੈ। ਪਰ ਇਹ ਕਰ ਤਾਂ ਹੀ ਸਕਾਂਗਾ, ਜੇ ਚੜ੍ਹਦੀ ਕਲਾ ਵਿਚ ਰਹਾਂਗਾ"।

ਕੰਮ ਤਾਂ ਠੱਪ ਹੋ ਗਿਆ ਸੀ। ਕੁਝ ਕਾਹਲੇ ਲਹਿਣੇਦਾਰਾਂ ਦੇ ਪੈਸੇ ਵੀ ਛੇਤੀ ਮੋੜਨੇ ਪੈਣੇ ਸਨ। ਇਸ ਲਈ ਦੁਕਾਨ ਵੇਚ ਕੇ ਮੈਂ ਮੁੜ ਇੰਟਰਨੇਸ਼ਨਲ ਕੰਬਸਚਨ ਵਿਚ ਉਸੇ ਕੰਮ ਤੇ ਜਾ ਲੱਗਾ, ਜਿਹੜਾ ਮੈਂ ਉੱਥੇ ਪਹਿਲਾਂ ਕਰਦਾ ਸਾਂ। ਦੁਕਾਨ ਦਾ ਕਰਜ਼ਾ ਲਾਹ ਕੇ ਜੋ ਕੁਝ ਮੇਰੇ ਹਿੱਸੇ ਦਾ ਬਚਿਆ ਤੇ ਜੋ ਕੁਝ ਮੇਰੇ ਕੋਲ ਸੀ ਉਸ ਨਾਲ ਤਾਂ ਊਠ ਤੋਂ ਸੂਈ ਲਾਹੁਣ ਵਾਲੀ ਗੱਲ ਸੀ। ਉਸ ਵੇਲੇ ਇਟਰਨੈਸ਼ਨਲ ਕੰਬਸਚਨ ਵਿਚ ਮੈਨੂੰ ਹਫਤੇ ਦੇ ਕੁਲ ਚਾਲੀ ਪੌਂਡ ਮਿਲਦੇ ਸਨ। ਇੰਨੀ ਤਨਖਾਹ ਨਾਲ ਤਾਂ ਮੇਰੇ ਸਣੇ ਸੱਤਾਂ ਜੀਆਂ ਦਾ ਗੁਜ਼ਾਰਾ ਹੋਣਾ ਵੀ ਮੁਸ਼ਕਿਲ ਸੀ, ਫੇਰ ਇੰਨੀ ਵੱਡੀ ਰਕਮ ਦਾ ਭਾਰ ਵੀ ਸਿਰ 'ਤੇ ਪਿਆ ਹੋਇਆ ਸੀ। ਚਿੰਤਾ ਦੀ ਚਿਖਾ ਵਿਚ ਦਿਨ ਰਾਤ ਭੁੱਜ ਰਿਹਾ ਸਾਂ। ਕੋਈ ਅਜਿਹਾ ਰਾਹ ਲੱਭਣ ਦੇ ਯਤਨ ਵਿਚ ਸਾਂ, ਜਿਹਦੇ ਨਾਲ ਸਾਹ ਕੁਝ ਸੁਖਾਲਾ ਹੋ ਸਕੇ।

ਉਸ ਵੇਲੇ ਤੱਕ ਮੈਂ ਆਪਣੀ ਪਤਨੀ ਨੂੰ ਕਦੀਂ ਵੀ ਕੰਮ 'ਤੇ ਲੱਗਣ ਲਈ ਨਹੀਂ ਕਿਹਾ ਸੀ। ਮੇਰਾ ਖਿਆਲ ਸੀ ਕਿ ਬੱਚੇ ਜੰਮਣੇ ਤੇ ਪਾਲਣੇ ਅਤੇ ਰੋਟੀ

ਟ੍ਰਕ ਤੇ ਘਰ ਦੀ ਸਾਂਭ ਸੰਭਾਲ ਆਪਣੇ ਆਪ ਵਿਚ ਕੋਈ ਛੋਟਾ ਕੰਮ ਨਹੀਂ ਸੀ ਕਿ ਪਤਨੀ ਨੂੰ ਹੋਰ ਵਾਧੂ ਕੰਮ ਕਰਨ ਲਈ ਕਿਹਾ ਜਾਂਦਾ। ਮੈਂ ਇਸ ਗੱਲ ਲਈ ਤਾਂ ਦਿਰੜ੍ਹ ਸਾਂ ਕਿ ਆਪਣੇ ਸਾਰੇ ਬੱਚਿਆਂ ਨੂੰ ਉੱਚ ਵਿੱਦਿਆ ਦੁਆਉਣੀ ਹੈ, ਇਸ ਲਈ ਉਨ੍ਹਾਂ ਦੇ ਕੰਮ ਤੇ ਲੱਗਣ ਦਾ ਤਾਂ ਸਵਾਲ ਹੀ ਪੈਦਾ ਨਹੀ ਹੁੰਦਾ ਸੀ। ਦੋਵੇਂ ਧੀਆਂ ਸਕੂਲੋਂ ਆ ਕੇ ਘਰ ਦੇ ਕੰਮ ਵਿਚ ਮਾਂ ਦਾ ਹੱਥ ਵਟਾਉਣ ਦੇ ਯੋਗ ਸਨ, ਇਸ ਲਈ ਮੇਰੀ ਪਤਨੀ ਹੁਣ ਕੁਝ ਸੁਖਾਲੀ ਹੋ ਗਈ ਸੀ। ਇਕ ਪੁੱਤ ਸਕੂਲ ਜਾਂਦਾ ਸੀ ਤੇ ਉਹਤੋਂ ਛੋਟਾ ਵੀ ਕੁਝ ਘੰਟੇ ਨਿੱਕੇ ਬੱਚਿਆਂ ਦੇ ਸਕੂਲ ਵਿਚ ਲੰਘਾ ਆਉਂਦਾ ਸੀ। ਪਰ ਸਾਰਿਆਂ ਤੋਂ ਛੋਟਾ ਕੇਵਲ ਤਿੰਨ ਕੁ ਸਾਲ ਦਾ ਸੀ, ਉਸ ਦੀ ਸਾਂਭ ਸੰਭਾਲ ਦਾ ਫਿਕਰ ਸੀ। ਮੈਂ ਸੋਚਦਾ ਸਾਂ, ਜੇ ਮੇਰੀ ਪਤਨੀ ਕੰਮ 'ਤੇ ਲੱਗ ਵੀ ਜਾਵੇ ਤਾਂ ਵੀ ਉਹਦੀ ਸਾਂਭ ਸੰਭਾਲ ਦੀ ਸਮੱਸਿਆ ਨਹੀਂ ਖੜ੍ਹਨੀ, ਕਿਉਂਕਿ ਮੈਂ ਰਾਤਾਂ ਦੀ ਪੱਕੀ ਸ਼ਿਫਟ 'ਤੇ ਕੰਮ ਕਰਦਾ ਸਾਂ ਤੇ ਦਿਨਾਂ ਨੂੰ ਔਖਾ ਸੁਖਾਲਾ ਮੁੰਡੇ ਦੀ ਸਾਂਭ ਸੰਭਾਲ ਕਰ ਸਕਦਾ ਸਾਂ, ਫੇਰ ਕੁੜੀਆਂ ਵੀ ਦੋਵੇਂ ਸਕੂਲੋਂ ਆ ਕੇ ਕੁਝ ਮਦਦ ਕਰ ਸਕਦੀਆਂ ਸਨ। ਇਸ ਹਾਲਤ ਵਿਚ ਮੈਂ ਨਾ ਚਾਹੁੰਦੇ ਹੋਇਆਂ ਵੀ ਆਪਣੀ ਪਤਨੀ ਨੂੰ ਆਖ ਹੀ ਦਿੱਤਾ ਕਿ ਜੇ ਉਹ ਵੀ ਕੰਮ ਲੱਭ ਲਵੇ ਤਾਂ ਕੁਝ ਸੁਖਾਲੇ ਹੋ ਜਾਵਾਂਗੇ। ਉਸ ਵੇਲ਼ੇ ਮੈਂ ਸੋਚ ਨਹੀਂ ਸਕਿਆ ਸਾਂ ਜਾਂ ਮੇਰੀਆਂ ਮਜਬੂਰੀਆਂ ਨੇ ਮੈਨੂੰ ਸੋਚਣ ਤੋਂ ਅਸਮਰੱਥ ਕਰ ਦਿੱਤਾ ਸੀ ਕਿ ਇਸਤਰ੍ਹਾਂ ਪਤਨੀ ਦੇ ਕੰਮ 'ਤੇ ਲੱਗ ਜਾਣ ਨਾਲ ਵਖਰੀ ਭਾਂਤ ਦੀਆਂ ਸਮੱਸਿਆਵਾਂ ਵੀ ਪੈਦਾ ਹੋਣ ਲੱਗ ਪੈਂਦੀਆਂ ਹਨ। ਕੰਮ ਲੱਭਣ ਵਿਚ ਮੇਰੀ ਪਤਨੀ ਨੂੰ ਕੋਈ ਮੁਸ਼ਕਲ ਪੇਸ਼ ਨਾ ਆਈ। ਉਹ ੧੯੭੫ ਦੇ ਅਰੰਭ ਵਿਚ ਡਰਬੀ ਕਰਾਊਨ ਚਾਇਨਾ ਵਿਚ ਕੰਮ 'ਤੇ ਲਗ ਗਈ। ਇਹ ਫੈਕਟਰੀ ਸਾਡੇ ਘਰ ਤੋਂ ਨੇੜੇ ਹੀ ਸੀ। ਇਸਤਰ੍ਹਾਂ ਕੁਝ ਆਮਦਨੀ ਤਾਂ ਵਧ ਗਈ ਪਰ ਨਾਲ ਹੀ ਕੁਝ ਨਵੀਆਂ ਸਮੱਸਿਆਵਾਂ ਵੀ ਪੈਦਾ ਹੋਣ ਲੱਗ ਪਈਆਂ।

ਮੇਰੇ ਸਾਹਮਣੇ ਮੁੱਖ ਸਮੱਸਿਆ ਤਾਂ ਇਹ ਸੀ ਕਿ ਸਿਰ ਚੜ੍ਹੇ ਸਾਰੇ ਪੈਸੈ ਕਿਵੇਂ ਲਾਹੇ ਜਾਣਗੇ? ਇਹ ਸੋਚ ਬਣਦੀ ਸੀ ਕਿ ਜੇ ਫਲੀਟ ਸਟਰੀਟ ਵਾਲਾ ਘਰ ਵੇਚ ਦਿੱਤਾ ਜਾਵੇ ਤੇ ਹੋਰ ਘਰ ਮੌਰਗੇਜ 'ਤੇ ਲੈ ਲਿਆ ਜਾਵੇ ਤਾਂ ਇਸ ਘਰ ਦੀ ਵਿਕਰੀ ਨਾਲ ਆਏ ਪੈਸੇ ਕੁਝ ਤਾਂ ਭਾਰ ਹਲਕਾ ਕਰ ਹੀ ਦੇਣਗੇ। ਇਸੇ ਸੋਚ ਅਧੀਨ ਬਥੁਲੀ ਰੋਡ 'ਤੇ **85** ਨੰਬਰ ਘਰ ਮੌਰਗੇਜ 'ਤੇ ਲੈ ਲਿਆ। ਪਰ ਇਸਤਰ੍ਹਾਂ ਮੌਰਗੇਜ ਦੀਆਂ ਕਿਸ਼ਤਾਂ ਅਦਾ ਕਰਨ ਦਾ ਭਾਰ ਹੋਰ ਪੈ ਗਿਆ ਤੇ ਫਲੀਟ ਸਟਰੀਟ ਵਾਲਾ ਘਰ ਵੀ ਛੇਤੀ ਵਿਕ ਨਾ ਸਕਿਆ। ਮੁੱਖ ਸਮੱਸਿਆ ਜਿਉਂ ਦੀ ਤਿਉਂ ਦੈਂਤ ਵਾਂਗ ਮੂੰਹ ਖੋਲ੍ਹੀ ਮੇਰੇ ਸਾਹਮਣੇ ਖੜ੍ਹੀ ਸੀ। ਇਸ ਤੋਂ ਛੁਟਕਾਰਾ ਕਿਵੇਂ ਪ੍ਰਾਪਤ ਕੀਤਾ? ਇਹ ਇੱਕ ਵਖਰੀ ਕਹਾਣੀ ਹੈ।

## *17.*

## *ਚਾਹ ਵਿਚੋਂ ਰਾਹ*

ਜੇ ਬੰਦਾ ਮੁਸੀਬਤ ਵਿਚ ਢੇਰੀ ਢਾਹ ਕੇ ਨਾ ਬੈਠ ਜਾਵੇ ਤੇ ਚੜ੍ਹਦੀ ਕਲਾ ਵਿਚ ਰਹੇ ਤਾਂ ਛੁਟਕਾਰੇ ਦਾ ਕੋਈ ਨਾ ਕੋਈ ਰਾਹ ਲੱਭ ਹੀ ਪੈਂਦਾ ਹੈ। ਹਰ ਪਾਸੇ ਨਿਰਾਸ਼ਾ ਦੇ ਬਦਲ ਛਾਏ ਹੋਏ ਦਿਸਦੇ ਸਨ ਤੇ ਆਸ ਦੀ ਕਿਰਨ ਕਿਤੇ

ਵੀ ਨਜ਼ਰ ਨਹੀਂ ਆ ਰਹੀ ਸੀ, ਤਾਂ ਵੀ ਮੈਂ ਢੇਰੀ ਢਾਅ ਕੇ ਨਹੀਂ ਬੈਠ ਗਿਆ ਸਾਂ। ਉਸ ਵੇਲੇ ਮੈਨੂੰ ਰਾਤਾਂ ਦੇ ਕੰਮ ਦੇ ੫੦ ਕੁ ਪੌਂਡ ਹਫਤੇ ਦੇ ਮਿਲਦੇ ਸਨ। ਘਰ ਦੇ ਖਰਚ ਵੀ ਇੰਨੀ ਤਨਖਾਹ ਨਾਲ ਮਸਾਂ ਚਲਦੇ ਸਨ। ਇਸ ਲਈ ਹਮੇਸ਼ਾ ਇਹੀ ਸੋਚ ਰਹਿੰਦੀ ਸੀ ਕਿ ਕੋਈ ਅਜਿਹਾ ਰਾਹ ਨਿਕਲ ਆਵੇ ਜਿਸ 'ਤੇ ਚੱਲ ਕੇ ਆਮਦਨੀ ਵਧਾਈ ਜਾ ਸਕੇ ਤਾਂ ਜੋ ਇਸ ਮੁਸੀਬਤ ਵਿਚੋਂ ਨਿਕਲਿਆ ਜਾ ਸਕੇ।

ਸਿਆਣੇ ਕਹਿੰਦੇ ਹਨ, "ਜਿੱਥੇ ਚਾਹ ਉੱਥੇ ਰਾਹ"। ਜੇ ਇੱਛਾ ਸ਼ਕਤੀ ਮਜ਼ਬੂਤ ਹੋਵੇ ਤਾਂ ਚਾਹ ਵਿਚੋਂ ਰਾਹ ਆਪੇ ਹੀ ਨਿਕਲ ਆਉਂਦਾ ਹੈ ਤੇ ਨਿਕਲ ਵੀ ਆਇਆ। ਇਹ ੧੯੭੮ ਦੀ ਗੱਲ ਹੈ। ਡਰਬੀ ਵਿਚ ਇੱਕ ਅਖਬਾਰ ਨਿਕਲਦਾ ਸੀ ਈਵਨਿੰਗ ਟੈਲੀਗਰਾਫ। ਮੈਂ ਉਹਦੇ ਵੇਕੈਨਸੀਜ਼ (ਖਾਲੀ ਅਸਾਮੀਆਂ) ਦੇ ਕਾਲਮ ਦੇਖਦਾ ਰਹਿੰਦਾ ਸਾਂ। ਇਹ ਮੌਕਾ-ਮੇਲ ਹੀ ਸਮਝੋ ਕਿ ਮੇਰੀ ਨਿਗਾਹ ਇੱਕ ਨਿੱਕੇ ਜਿਹੇ ਇਸ਼ਤਿਹਾਰ ਤੇ ਆ ਕੇ ਅਟਕ ਗਈ। ਉਸ ਇਸ਼ਤਿਹਾਰ ਦਾ ਹੈਡਿੰਗ ਸੀ '**ਵਿਹਲੇ ਸਮੇਂ ਵਿਚ ਆਪਣੀ ਆਮਦਨੀ ਵਧਾਓ**'। ਮੈਂ ਉਸ ਇਸ਼ਤਿਹਾਰ ਵਿਚ ਦਿੱਤਾ ਫੋਨ ਨੰਬਰ ਨੋਟ ਕਰ ਲਿਆ ਤੇ ਦੂਜੇ ਦਿਨ ਫੋਨ ਕੀਤਾ ਤਾਂ ਉਨ੍ਹਾਂ ਨੇ ਜਾਣਕਾਰੀ ਭੇਜਣ ਲਈ ਮੇਰਾ ਪਤਾ ਨੋਟ ਕਰ ਲਿਆ। ਤੀਜੇ ਦਿਨ ਹੀ ਉਨ੍ਹਾਂ ਦੇ ਪੱਤਰ ਦੇ ਨਾਲ ਸਾਰੀ ਜਾਣਕਾਰੀ ਮਿਲ ਗਈ-***'ਕਰਜ਼ੇ ਦੇਣ ਵਾਲੀਆਂ ਕੰਪਨੀਆ ਦਾ ਏਜੈਂਟ ਕਿਸਤਰ੍ਹਾਂ ਬਣਿਆ ਜਾਵੇ'*** । ਉਨ੍ਹਾਂ ਨੇ ਲਿਖਿਆ ਸੀ ਕਿ ਜਾਣਕਾਰੀ ਦੇ ਸਾਰੇ ਪੁਲੰਦੇ ਦੀ ਕੀਮਤ ੧੨੦ ਪੌਂਡ ਹੈ। ਜੇ ਮੈਂ ੬੦ ਪੌਂਡ ਭੇਜ ਦੇਵਾਂ ਤਾਂ ਉਹ ਮੈਨੂੰ ਪੁਲੰਦਾ ਭੇਜ ਦੇਣਗੇ ਤੇ ਬਾਕੀ ੬੦ ਪੌਂਡ ਮੈਂ ਉਸ ਵੇਲੇ ਅਦਾ ਕਰ ਸਕਦਾ ਸਾਂ ਜਦ ਚੋਖੀ ਆਮਦਨੀ ਹੋਣ ਲਗ ਪਵੇ।

ਮੈਂ ਉਸੇ ਵੇਲੇ ਉਨ੍ਹਾਂ ਦਾ ਫਾਰਮ ਭਰ ਕੇ ਨਾਲ ੬੦ ਪੌਂਡ ਦਾ ਚੈੱਕ ਲਾ ਕੇ ਭੇਜ ਦਿੱਤਾ। ਹਫਤੇ ਦੇ ਅੰਦਰ ਅੰਦਰ ਉਨ੍ਹਾਂ ਦਾ ਜਾਣਕਾਰੀ ਦਾ ਪੁਲੰਦਾ ਆ

ਗਿਆ। ਪੁਲੰਦੇ ਵਿਚ ਇੱਕ ਮੈਨੁਅਲ(ਕਿਤਾਬਚਾ) ਸੀ ਤੇ ਨਾਲ ਕਈ ਫਾਰਮ। ਮੈਨੁਅਲ ਸੀ '**ਕਰੈਡਿਟ ਬਰੋਕਰ ਕਿਵੇਂ ਬਣਿਆ ਜਾ ਸਕਦਾ ਹੈ** ?' ਇਸ ਮੈਨੁਅਲ ਵਿਚ ਫੇਅਰ ਟਰੇਡਿੰਗ (ਨਿਆਇਕ ਕਾਰੋਬਾਰ) ਦੇ ਦਫਤਰ ਦੇ ਪਤੇ ਦੇ ਨਾਲ ਹੀ ਕਰੈਡਿਟ ਬਰੋਕਰ ਦਾ ਲਾਇਸੈਂਸ ਪ੍ਰਾਪਤ ਕਰਨ ਦੇ ਢੰਗ ਦਾ ਵੇਰਵਾ ਦਿੱਤਾ ਹੋਇਆ ਸੀ। ਇਸ ਮੰਤਵ ਲਈ ਵਖਰਾ ਬਿਨੈ ਫਾਰਮ ਵੀ ਜੋੜਿਆ ਹੋਇਆ ਸੀ। ਨਾਲ ਹੀ ਕੁਝ ਅਜਿਹੀਆ ਕੰਪਨੀਆਂ ਦੇ ਪਤੇ ਤੇ ਫਾਰਮ ਦਿੱਤੇ ਹੋਏ ਸਨ ਜਿਹੜੀਆ ਕਰੈਡਿਟ ਬਰੋਕਰਾਂ ਰਾਹੀਂ ਕਰਜ਼ੇ ਦੇਣ ਦਾ ਕੰਮ ਕਰਦੀਆਂ ਸਨ। ਮੈਂ ਫੇਅਰ ਟਰੇਡਿੰਗ ਔਫਸ ਦਾ ਬਿਨੈਪਤੱਰ ਫਾਰਮ ਭਰ ਕੇ ਉਹਦੇ ਨਾਲ ਦੱਸੀ ਗਈ ਫੀਸ ਦਾ ਚੈੱਕ ਲਾ ਕੇ ਭੇਜ ਦਿੱਤਾ।

ਕੁਝ ਦਿਨਾਂ ਵਿਚ ਹੀ ਮੇਰਾ ਲਾਇਸੈਂਸ ਬਣ ਕੇ ਆ ਗਿਆ। ਮੈਂ ਕਿਤਾਬਚੇ ਵਿਚ ਦਿੱਤੀਆਂ ਕੁਝ ਕੰਪਨੀਆਂ ਨੂੰ ਏਜੈਂਸੀਆਂ ਪ੍ਰਾਪਤ ਕਰਨ ਲਈ ਫਾਰਮ ਭਰ ਕੇ ਭੇਜ ਦਿੱਤੇ। ਦੋ ਕੰਪਨੀਆਂ ਦੀਆਂ ਏਜੈਂਸੀਆਂ ਮੈਨੂੰ ਮਿਲ ਗਈਆਂ। ਉਨ੍ਹਾਂ ਵਿਚੋਂ ਇੱਕ ਕੰਪਨੀ ਦੀ ਬਰਾਂਚ ਡਰਬੀ ਵਿਚ ਵੀ ਸੀ, ਜਿਸਦਾ ਨਾਉਂ ਸੀ ਐਵਕੋ ਟਰੱਸਟ। ਇਹ ਕੰਪਨੀ ਬਿਨਾ ਕਿਸੇ ਧ੍ਰੋਹਰ ਦੇ ਕੇਵਲ ਕਰਜ਼ਾ ਮੋੜਨ ਦੀ ਯੋਗਤਾ ਨੂੰ ਦੇਖ ਕੇ ਹੀ ਕਰਜ਼ਾ ਦੇ ਦਿੰਦੀ ਸੀ। ਉਹ ਉਨ੍ਹਾਂ ਬਿਨੈਪੱਤਰ ਦੇਣ ਵਾਲਿਆਂ ਨੂੰ ਵੀ ਕਰਜ਼ਾ ਦੇ ਦਿੰਦੀ ਸੀ ਜਿਹੜੇ ਘਰ ਦੇ ਮਾਲਕ ਭਾਵੇਂ ਨਾ ਹੋਣ ਪਰ ਉਨ੍ਹਾਂ ਨੂੰ ਇੱਕ ਹੀ ਫਰਮ ਵਿਚ ਕੰਮ ਕਰਦਿਆਂ ਨੂੰ ਚੋਖਾ ਸਮਾਂ ਹੋ ਗਿਆ ਹੋਵੇ ਤੇ ਉਹ ਇੱਕੋ ਐਂਡਰੈਸ ਉੱਤੇ ਘੱਟੋ ਘੱਟ ਪੰਜ ਸਾਲ ਤੋਂ ਰਹਿ ਰਹੇ ਹੋਣ। ਮੈਂ 'ਡਰਬੀ ਟਰੇਡਰ' ਵਿਚ ਇਹ ਛੋਟਾ ਜਿਹਾ ਇਸ਼ਤਿਹਾਰ ਆਪਣੇ ਫੋਨ ਨੰਬਰ ਸਮੇਤ ਦੇ ਦਿੱਤਾ:-

***' ਪੈਸੇ ਦੀ ਕੋਈ ਸਮੱਸਿਆ ਨਹੀਂ।***
***ਹਫਤੇ ਦੇ ਅੰਦਰ ਅੰਦਰ ਲੋੜੀਂਦੀ***

***ਰਕਮ ਪ੍ਰਾਪਤ ਕਰੋ। '***

ਲੋੜਵੰਦਾਂ ਦੇ ਫੋਨ ਆਉਣ ਲੱਗ ਪਏ। ਮੈਂ ਰਾਤਾਂ ਦੀ ਸ਼ਿਫਟ 'ਤੇ ਕੰਮ ਕਰਦਾ ਸਾਂ। ਇਸ ਲਈ ਸਵੇਰੇ ਕੰਮ ਤੋਂ ਆ ਕੇ ਕੁਝ ਸਮਾਂ ਸੌਣਾ ਵੀ ਹੁੰਦਾ ਸੀ। ਮੈਂ ਟੈਲੀਫੋਨ ਆਪਣੇ ਬਿਸਤਰੇ ਦੇ ਕੋਲ ਰੱਖ ਲਿਆ। ਜਿਹਦਾ ਵੀ ਫੋਨ ਆਉਂਦਾ ਉਹਨੂੰ ਮੈਂ ੪ ਵਜੇ ਤੋਂ ਪਿੱਛੋਂ ਦਾ ਮੁਲਾਕਾਤ ਦਾ ਸਮਾਂ ਦੇ ਦਿੰਦਾ ਤੇ ਦੂਜੇ ਦਿਨ ਕਰਜ਼ੇ ਲਈ ਭਰੇ ਸਾਰੇ ਫਾਰਮ ਕੰਪਨੀ ਦੇ ਦਫਤਰ ਵਿਚ ਦੇ ਆਉਂਦਾ। ਇਸਤਰ੍ਹਾਂ ਕੰਮ ਕਰਨਾ ਸੌਖਾ ਨਹੀਂ ਸੀ। ਸਾਰੀ ਰਾਤ ਮਸ਼ੀਨਾਂ ਨਾਲ ਘੁਲਣ ਪਿੱਛੋਂ ਜਦ ਘਰ ਆ ਕੇ ਆਰਾਮ ਲਈ ਬਿਸਤਰੇ ਵਿਚ ਵੜਦਾ ਸਾਂ ਤਾਂ ਉਸੇ ਵੇਲੇ ਟੈਲੀਫੋਨ ਆਉਣੇ ਸ਼ੁਰੂ ਹੋ ਜਾਂਦੇ ਸਨ। ਸੁੱਤ-ਉਣੀਂਦੇ ਵਿਚ ਹੀ ਮੁਲਾਕਾਤਾਂ ਲਈ ਸਮਾਂ ਦੇਈਂ ਜਾਂਦਾ ਸਾਂ। ਜੇ ਆਪ ਹੀ ਉਖਲੀ ਵਿਚ ਸਿਰ ਦਿੱਤਾ ਸੀ ਤਾਂ ਮੋਹਲਿਆਂ ਦੀਆਂ ਸੱਟਾਂ ਤਾਂ ਸਹਾਰਨੀਆਂ ਹੀ ਪੈਣੀਆਂ ਸਨ, ਸੋ ਵੱਧ ਕੀ ਤੇ ਘੱਟ ਕੀ, ਸਹਾਰੀ ਜਾ ਰਿਹਾ ਸਾਂ।

ਕੰਮ ਚੱਲ ਪਿਆ। ਮੈਨੂੰ ਲੱਗ ਪੱਗ ਚਾਰ ਸੌ ਪੌਂਡ ਮਹੀਨੇ ਦੀ ਵਾਧੂ ਆਮਦਨੀ ਹੋਣ ਲੱਗ ਪਈ। ਔਝੜ ਰਾਹੀਂ ਪੈਣ ਤੋਂ ਕੋਈ ੧੦ ਸਾਲ ਪਿੱਛੋਂ ਮੈਂ ਲਹਿਣੇਦਾਰਾਂ ਦੀ ਪੈਨੀ ਪੈਨੀ ਮੋੜ ਕੇ ਸੁਰਖਰੂ ਹੋ ਗਿਆ ਤੇ ਇਸਦੇ ਨਾਲ ਹੀ ਆਰਥਕ ਤੌਰ 'ਤੇ ਵੀ ਹੁਣ ਮੇਰੀ ਹਾਲਤ ਚੋਖੀ ਸੁਧਰ ਗਈ ਸੀ। ਕਿਉਂਕਿ ਮੇਰਾ ਕਰਜ਼ੇ ਦੁਆਉਣ ਵਾਲਾ ਕੰਮ ਹੋਰ ਵੀ ਵਧ ਗਿਆ ਸੀ। ਹੁਣ ਮੈਂ ਘਰਾਂ ਉੱਤੇ ਸੁਰੱਖਿਅਤ ਕਰਜ਼ੇ ਦੁਆਉਣ ਦਾ ਵੀ ਕੰਮ ਕਰਦਾ ਸਾਂ ਤੇ ਮੈਨੂੰ ਕੰਮ ਤੋਂ ਵੀ ਹੁਣ ਸੌ ਕੁ ਪੌਂਡ ਹਫਤੇ ਦੇ ਮਿਲਣ ਲੱਗ ਪਏ ਸਨ ਤੇ ਮੈਂ ਉਸੇਤਰ੍ਹਾਂ ਰਾਤਾਂ ਦੀ ਸ਼ਿਫਟ 'ਤੇ ਕੰਮ ਵੀ ਕਰੀ ਜਾਂਦਾ ਸਾਂ। ਰਾਤਾਂ ਦੇ ਕੰਮ ਦਾ ਮੇਰੇ ਕਰਜ਼ੇ ਦੁਆਉਣ ਦੇ ਕੰਮ ਤੇ ਕੋਈ ਅਸਰ ਨਹੀਂ ਸੀ। ਕਿਉਂਕਿ ਹਫਤੇ ਦੇ ਚਾਰ ਦਿਨ

ਤਾਂ ਮੈਂ ਵਿਹਲਾ ਹੀ ਹੁੰਦਾ ਸਾਂ। ਇਸ ਗੱਲ ਵਿਚ ਮੇਰਾ ਵਿਸ਼ਵਾਸ਼ ਹੋਰ ਵੀ ਅਟੱਲ ਹੋ ਗਿਆ ਕਿ ਕਾਲੇ ਤੋਂ ਕਾਲੇ ਬੱਦਲਾਂ ਵਿਚੋਂ ਵੀ ਕੋਈ ਨਾ ਕੋਈ ਆਸ ਦੀ ਕਿਰਨ ਲੱਭ ਹੀ ਪੈਂਦੀ ਹੈ। ਹਰ ਮੁਸੀਬਤ ਕੁਝ ਕਰਨ, ਕੁਝ ਬਣਨ ਦਾ ਸੁਨੇਹਾ ਲੈ ਕੇ ਆਉਂਦੀ ਹੈ ਤੇ ਜਿੱਤ ਅੰਤ ਵਿਚ ਸਦਾ ਸੱਚ ਦੀ ਹੀ ਹੁੰਦੀ ਹੈ।

## *18.*

## *ਰਾਤਾਂ ਦੇ ਕੰਮ ਤੋਂ ਛੁਟਕਾਰਾ*

ਮੈਂ ਆਪਣਾ ਦੇਸ ਛੱਡ ਕੇ ਪਰਦੇਸੀ ਬਣਨ ਤੋਂ ਲੈ ਕੇ ੧੯੮੩ ਦੇ ਅਗਸਤ ਮਹੀਨੇ ਤੱਕ ਕੇਵਲ ਕੁਝ ਮਹੀਨੇ ਹੀ ਦਿਨਾਂ ਦੀ ਸ਼ਿਫਟ 'ਤੇ ਕੰਮ ਕੀਤਾ ਸੀ। ਡਾਕਖਾਨੇ ਦੀ ਨੌਕਰੀ ਵਿਚ ਵੀ ਦਿਨਾਂ ਦੀ ਪੱਕੀ ਸ਼ਿਫਟ ਨਹੀਂ ਸੀ।

ਬਾਕੀ ਦਾ ਸਾਰਾ ਸਮਾਂ ਰਾਤਾਂ ਦੀਆਂ ਪੱਕੀਆਂ ਸ਼ਿਫਟਾਂ 'ਤੇ ਹੀ ਕੰਮ ਕਰਦਾ ਰਿਹਾ ਸਾਂ। ਆਖਰ ਉੱਲੂਆਂ ਵਾਂਗ ਰਾਤਾਂ ਨੂੰ ਜਾਗਣ ਤੇ ਦਿਨਾਂ ਨੂੰ ਸੌਣ ਤੋਂ ਛੁਟਕਾਰ ਪ੍ਰਾਪਤ ਕਰਨ ਦਾ ਢੋਅ ਬਣ ਹੀ ਗਿਆ। ਇਨ੍ਹਾਂ ਦਿਨਾਂ ਵਿਚ ਉਸੇ ਕੰਪਨੀ ਦਾ ਮੈਨੂੰ ਪੱਤਰ ਮਿਲਿਆ, ਜਿਸ ਨੇ ਮੈਨੂੰ ਕਰਜ਼ਾ ਦੇਣ ਵਾਲੀਆਂ ਕੰਪਨੀਆਂ ਦਾ ਏਜੈਂਟ ਬਣਨ ਦੇ ਰਾਹੇ ਪਾਇਆ ਸੀ। ਉਨ੍ਹਾ ਨੇ ਆਪਣੇ ਨਵੇਂ ਕਿਤਾਬਚੇ ***'ਬਿਲਡਿੰਗ ਸੁਸਾਇਟੀ ਦਾ ਏਜੈਂਟ ਕਿਵੇਂ ਬਣਿਆ ਜਾਵੇ'*** ਬਾਰੇ ਜਾਣਕਾਰੀ ਦਿਤੀ ਸੀ। ਮੈਂ ਉਨ੍ਹਾਂ ਦੀ ਦੱਸੀ ੬੦ ਪੌਂਡ ਕੀਮਤ ਭੇਜ ਕੇ ਉਨ੍ਹਾਂ ਦਾ ਜਾਣਕਾਰੀ ਦਾ ਪੁਲੰਦਾ ਮੰਗਵਾ ਲਿਆ। ਉਨ੍ਹਾਂ ਨੇ ਇਸ ਕਿਤਾਬਚੇ ਦੇ ਨਾਲ ਬਿਨੈ ਫਾਰਮ ਵੀ ਭੇਜ ਦਿੱਤੇ ਸਨ। ਮੈਂ ਬਰਤਾਨੀਆ ਦੀ ਉਸ ਵੇਲੇ ਦੀ ਦੂਜੀ ਵੱਡੀ ਬਿਲਡਿੰਗ ਸੋਸਾਇਟੀ ਐਬੀ ਨੈਸ਼ਨਲ ਦੀ ਏਜੈਂਸੀ ਲਈ ਬਿਨੈ ਪੱਤਰ ਭੇਜ ਦਿੱਤਾ।

ਕੁਝ ਦਿਨਾਂ ਵਿਚ ਹੀ ਐਬੀ ਨੈਸ਼ਨਲ ਨੇ ਮੇਰਾ ਬਿਨੈ ਪੱਤਰ ਮਨਜ਼ੂਰ ਕਰ ਲਿਆ ਤੇ ਮੈਨੂੰ ਆਪਣਾ ਏਜੈਂਟ ਨਿਯੁਕਤ ਕਰ ਦਿੱਤਾ। ਸੋਸਾਇਟੀ ਦੀ ਡਰਬੀ ਬ੍ਰਾਂਚ ਦਾ ਮੈਨੇਜਰ ਘਰ ਆ ਕੇ ਹੀ ਮੈਨੂੰ ਸਾਰੀ ਜਾਣਕਾਰੀ ਦੇ ਨਾਲ ਸੰਬੰਧਤ ਫਾਰਮ ਵੀ ਦੇ ਗਿਆ ਤੇ ਨਾਲ ਹੀ ਸਾਰੀ ਕਾਰਜ ਪ੍ਰਕਿਰਿਆ ਵੀ ਸਮਝਾ ਗਿਆ। ਮੈਂ ਘਰ ਦੇ ਫਰੰਟ ਰੂਮ ਵਿਚ ਬਣਾਏ ਦਫਤਰ ਵਿਚੋਂ ਲੋਕਾਂ ਨੂੰ ਮਿਲ ਕੇ ਸੁਸਾਇਟੀ ਵਿਚ ਰਕਮਾਂ ਤਾਂ ਜਮ੍ਹਾਂ ਕਰਵਾ ਸਕਦਾ ਸਾਂ ਪਰ ਉਨ੍ਹਾਂ ਦੇ ਆਪਣੀਆਂ ਰਕਮਾਂ ਕਢਵਾਉਣ ਲਈ ਸਹੂਲਤ ਨਹੀਂ ਪ੍ਰਦਾਨ ਕਰ ਸਕਦਾ ਸਾਂ । ਬਿਲਡਿੰਗ ਸੁਸਾਇਟੀ ਦਾ ਪੂਰਾ ਕੰਮ ਕੰਮ ਕਰਨ ਲਈ ਮੇਰਾ ਆਪਣਾ ਦਫਤਰ ਸ਼ਹਿਰ ਦੀ ਮੇਨ ਰੋਡ ਉੱਤੇ ਹੋਣਾ ਜ਼ਰੂਰੀ ਸੀ।

ਛੇਤੀ ਹੀ ਬਿਲਿਡੰਗ ਸੋਸਾਇਟੀ ਮੇਰੇ ਤੇ ਜ਼ੋਰ ਪਾਉਣ ਲੱਗ ਪਈ ਕਿ ਮੈਂ ਆਪਣਾ ਦਫਤਰ ਕਿਸੇ ਮੇਨ ਰੋਡ ਉੱਤੇ ਖੋਲ੍ਹਣ ਲਈ ਕੋਈ ਥਾਂ ਦੇਖਾਂ। ਇਹ ਤਾਂ ਮੈਂ ਚਿਰਾਂ ਤੋਂ ਮਹਿਸੂਸ ਕਰ ਰਿਹਾ ਸਾਂ ਕਿ ਇਨਸ਼ੋਰੈਂਸ ਤੇ ਕਰਜ਼ਾ ਏਜੈਂਸੀ

ਦਾ ਕੰਮ ਵੀ ਚੰਗੀ ਤਰ੍ਹਾਂ ਚਲਾਉਣ ਲਈ ਦਫਤਰ ਦੀ ਲੋੜ ਸੀ, ਕਿਉਂਕਿ ਇਹ ਕੰਮ ਘਰ ਤੋਂ ਚੰਗੀ ਤਰ੍ਹਾਂ ਨਹੀਂ ਚਲਾਇਆ ਜਾ ਸਕਦਾ ਸੀ। ਪਰ ਮੈਂ ਹਾਲੀਂ ਆਪਣਾ ਰਾਤਾਂ ਦਾ ਪੂਰੇ ਸਮੇਂ ਦਾ ਪੱਕਾ ਕੰਮ ਛੱਡਣ ਤੋਂ ਝਿਜਕਦਾ ਸਾਂ।

ਜਿਨ੍ਹਾਂ ਦਿਨਾਂ ਵਿਚ ਮੈਂ ਬਿਲਡਿੰਗ ਸੁਸਾਇਟੀ ਲਈ ਪੂਰਾ ਸਮਾਂ ਕੰਮ ਕਰਨ ਲਈ ਤਿਆਰ ਹੋਣ ਤੋਂ ਦੁਚਿੱਤੀ ਵਿਚ ਸਾਂ, ਐਨ ਉਨ੍ਹਾਂ ਦਿਨਾਂ ਵਿਚ ਹੀ ਇੰਟਰਨੈਸ਼ਨਲ ਕੰਬਸਚਨ ਵਿਚ ਮੈਂ ਜਿਹੜਾ ਕੰਮ ਕਰਦਾ ਸਾਂ ਉਹ ਖਤਮ ਹੋ ਗਿਆ। ਸਾਡੇ ਮੈਨੇਜਰ ਨੇ ਮੈਨੂੰ ਆਪਣੇ ਦਫਤਰ ਵਿਚ ਸੱਦ ਕੇ ਕਿਹਾ, "ਅਸੀਂ ਤੈਨੂੰ ਪਹਿਲੇ ਕੰਮ ਵਰਗਾ ਹੋਰ ਕੰਮ ਨਹੀਂ ਦੇ ਸਕਦੇ। ਤੈਨੂੰ ਸਫਾਈ ਮਜ਼ਦੂਰ ਦਾ ਕੰਮ ਕਰਨਾ ਪੈਣਾ"।

ਮੈਂ ਕਿਹਾ, "ਮੈਂ ਕੋਈ ਵੀ ਕੰਮ ਕਰਨ ਲਈ ਤਿਆਰ ਹਾਂ, ਜੇ ਮੈਨੂੰ ਮੇਰੇ ਪਹਿਲੇ ਕੰਮ ਵਾਲਾ ਗਰੇਡ ਮਿਲਦਾ ਹੈ ਤਾਂ"। ਉਹਦਾ ਉੱਤਰ ਸੀ, "ਅਸੀਂ ਤੈਨੂੰ ਉਹ ਗਰੇਡ ਕਿਵੇਂ ਦੇ ਸਕਦੇ ਹਾਂ? ਗਰੇਡ ਤਾਂ ਤੈਨੂੰ ਸਫਾਈ ਮਜ਼ਦੂਰ ਵਾਲਾ ਹੀ ਮਿਲ ਸਕਦਾ"।

ਮੈਂ ਕਿਹਾ, "ਮੈਨੂੰ ਜਿਸ ਗ੍ਰੇਡ 'ਤੇ ਰਖਿਆ ਗਿਆ ਸੀ, ਜੇ ਤਾਂ ਉਹੀ ਗ੍ਰੇਡ ਮਿਲਦਾ ਹੈ ਤਾਂ ਮੈਂ ਕੋਈ ਵੀ ਕੰਮ ਕਰਨ ਲਈ ਤਿਆਰ ਹਾਂ। ਜੇ ਇਹ ਸੰਭਵ ਨਹੀਂ ਤਾਂ ਮੈਨੂੰ ਰੀਡੰਨਡੈਂਟ (ਵਾਧੂ) ਕਰ ਦੇਵੋ"।

ਇਸ ਦਾ ਮਤਲਬ ਸੀ ਕਿ ਜੇ ਉਹ ਮੈਨੂੰ ਹੋਰ ਕੰਮ ਨਹੀਂ ਦੇ ਸਕਦੇ ਤਾਂ ਮੈਨੂੰ ਵਾਧੂ ਹੋਣ ਕਰਕੇ ਬਰਖਾਸਤ ਕਰ ਦੇਣ। ਇਸ ਕਾਰਣ ਉਹ ਮੈਨੂੰ ਤੱਤ ਫੱਟ ਬਰਖਾਸਤ ਤਾਂ ਹੀ ਕਰ ਸਕਦੇ ਸਨ ਜੇ ਉਹ ਮੈਨੂੰ ਤਿੰਨ ਮਹੀਨਿਆਂ ਦਾ ਨੋਟਸ ਦੇਣ ਦੀ ਥਾਂ ਤਿੰਨ ਮਹੀਨਿਆਂ ਦੀ ਤਨਖਾਹ ਦੇਣ ਤੇ ਇਸ ਦੇ ਨਾਲ ਹੀ ਮੈਨੂੰ ਕ਼ਾਨੂੰਨ ਦੀ ਮੰਗ ਅਨੁਸਾਰ ਮੁਆਵਜ਼ਾ ਦੇਣ ਲਈ ਵੀ ਤਿਆਰ ਹੋਣ। ਉਹ ਮੇਰੇ ਨਾਲ ਸਹਿਮਤ ਹੋ ਗਏ ਤੇ ਮੈਨੂੰ ਕੁੱਲ ਚਾਰ ਹਜ਼ਾਰ ਪੌਂਡ ਦੇ ਕੇ ਨੌਕਰੀ ਤੋਂ ਬਰਖਾਸਤ ਕਰ ਦਿੱਤਾ। ਜੋ ਕੁਝ ਮੈਂ ਚਾਹੁੰਦਾ ਸਾਂ, ਉਹੀ ਹੋ ਗਿਆ।

*ਇਟਰਨੈਸ਼ਲ ਕੰਬਸਚਨ ਦੀਆਂ ਕੁਝ ਯਾਦਾਂ*

੧) ੬੦ ਕੁ ਸਾਲ ਦੀ ਉਮਰ ਦਾ ਦਮੇ ਦਾ ਰੋਗੀ ਇੱਕ ਅੰਗਰੇਜ਼ ਮੇਰੇ ਨਾਲ ਦੀ ਮਸ਼ੀਨ 'ਤੇ ਕੰਮ ਕਰਦਾ ਸੀ। ਉਹਦੇ ਨਾਲ ਵਿਹਲੇ ਸਮੇਂ ਗੱਲਬਾਤ ਚੱਲ ਪੈਂਦੀ ਸੀ। ਮੈਂ ਉਹਦੇ ਉੱਤੇ ਆਪਣੀ ਸੂਝ ਬੂਝ ਦਾ ਤਾਂ ਪ੍ਰਭਾਵ ਛੇਤੀ ਹੀ ਪਾ ਲਿਆ ਸੀ ਪਰ ਭਾਰਤ ਦੇ ਲੋਕਾਂ ਬਾਰੇ ਉਹਦੇ ਬਣੇ ਹੋਏ ਸੰਸਕਾਰ ਤਾਂ ਥੋੜੇ ਕੀਤੇ ਜਾ ਨਹੀਂ ਸਕਦੇ ਸਨ। ਇੱਕ ਦਿਨ ਉਹ ਕਹਿਣ ਲੱਗਾ, "ਇੰਡੀਅਨ ਲੋਕ ਕਾਮੇ ਤਾਂ ਤਕੜੇ ਹਨ ਪਰ ਦਿਮਾਗ ਦੀ ਵਰਤੋਂ ਵਾਲਾ ਕੰਮ ਨਹੀਂ ਕਰ ਸਕਦੇ"।

ਮੈਂ ਉਹਨੂੰ ਅਨੇਕਾਂ ਉਦਾਹਰਣਾਂ ਦਿੱਤੀਆ ਇਤਿਹਾਸ ਵਿਚੋਂ ਵੀ ਤੇ ਵਰਤਮਾਨ ਸਮੇਂ ਵਿਚੋਂ ਵੀ, ਇਹ ਸਿੱਧ ਕਰਨ ਲਈ ਕਿ ਭਾਰਤੀਆਂ ਦਾ ਦਿਮਾਗ ਕਿਸੇ ਹੋਰ ਕੌਮ ਦੇ ਲੋਕਾਂ ਨਾਲੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ। ਉਹ ਮੇਰੀ ਗੱਲ ਸੁਣੇ ਹੀ ਨਾ, ਆਪਣੀਆਂ ਹੀ ਵਾਹੀ ਜਾਵੇ।

ਕੁਝ ਦਿਨਾਂ ਪਿੱਛੋਂ ਇਕ ਦਿਨ ਇਹ ਖਬਰ ਸਾਰੇ ਅਖਬਾਰਾਂ ਵਿਚ ਵੱਡੀ ਸੁਰਖੀ ਬਣੀ ਹੋਈ ਸੀ ਕਿ ਭਾਰਤ ਨੇ ਕਾਮਯਾਬੀ ਨਾਲ ਐਟਮ ਬੰਬ ਬਣਾਉਣ ਦਾ ਤਜਰਬਾ ਕਰ ਲਿਆ ਹੈ। ਦੂਜੇ ਦਿਨ ਉਸ ਅੰਗਰੇਜ਼ ਵਿਚ ਮੇਰੇ ਨਾਲ ਬੋਲਣ ਸਮੇਂ ਹਲੀਮੀ ਵੀ ਆ ਗਈ ਤੇ ਉਹ ਮੇਰੀ ਕਹੀ ਗੱਲ ਨੂੰ ਧਿਆਨ ਨਾਲ ਸੁਣਨ ਵੀ ਲੱਗ ਪਿਆ। ਮੈਂ ਭਾਸ਼ਣ ਦੇਣ ਵਾਲੇ ਬੰਦੇ ਕਈ ਵੇਰ ਮੇਜ਼ ਉਤੇ ਮੁੱਕਾ ਮਾਰ ਕੇ ਗੱਲ ਕਰਦੇ ਦੇਖੇ ਸਨ। ਮੈਨੂੰ ਸਮਝ ਨਹੀਂ ਆਉਂਦੀ ਸੀ ਕਿ ਉਹ ਗੱਲ ਕਰਦੇ ਸਮੇਂ ਮੇਜ਼ 'ਤੇ ਮੁੱਕਾ ਕਿਉਂ ਮਾਰਦੇ ਹਨ। ਭਾਰਤ ਦੇ ਕਾਮਯਾਬ ਐਟਮੀ ਤਜਰਬੇ ਪਿੱਛੋਂ ਮੇਰੇ ਨਾਲ ਗੱਲ ਕਰਦੇ ਸਮੇਂ ਇਸ ਅੰਗਰੇਜ਼ ਵਿਚ ਆ ਗਈ ਹਲੀਮੀ ਨਾਲ ਮੈਨੂੰ ਮੁੱਕੇ ਦੇ ਪ੍ਰਭਾਵ ਦੀ ਗੱਲ ਸਹਿਜੇ ਹੀ ਸਮਝ ਆ ਗਈ।

**੨)** ਪੂਰਬੀ ਪਾਕਿਸਤਾਨ (ਹੁਣ ਬੰਗਲਾਦੇਸ) ਦੇ ਮਸਲੇ 'ਤੇ ਭਾਰਤ ਤੇ ਪਾਕਿਸਤਾਨ ਵਿਚਾਲੇ ਜੰਗ ਅਰੰਭ ਹੋ ਜਾਣ 'ਤੇ ਇੱਕ ਅੰਗਰੇਜ਼ ਮੈਨੂੰ ਮੱਲੋਂ ਮੱਲੀਂ ਇਹ ਦੱਸੀ ਜਾਵੇ ਕਿ ਭਾਰਤ ਦੇ ਸਿਪਾਹੀ ਲੜਨ ਵਿਚ ਤਾਂ ਮਾੜੇ ਨਹੀਂ ਪਰ ਅਫਸਰ ਜੇ ਅੰਗਰੇਜ਼ ਹੁੰਦੇ ਤਾਂ ਭਾਰਤ ਦੀ ਜਿਤ ਯਕੀਨੀ ਸੀ। ਮੈਂ ਉਹਨੂੰ ਵਾਰ ਵਾਰ ਸਮਝਾਵਾਂ ਕਿ ਹੁਣ ਭਾਰਤੀ ਫੌਜ ਦੇ ਅਫਸਰ ਵੀ ਕਿਸੇ ਨਾਲੋਂ ਘੱਟ ਨਹੀਂ। ਉਹ ਮੇਰੀ ਗੱਲ ਸੁਣੇ ਹੀ ਨਾ। ਕੁਝ ਦਿਨਾਂ ਪਿੱਛੋਂ ਜਦ ਭਾਰਤ ਦੀ ਫੌਜ ਦੇ ਕਮਾਂਡਰ ਲੈਫਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ ਦੇ ਸਾਹਮਣੇ ਨੱਵੇ ਹਜ਼ਾਰ ਪਾਕਿਸਤਾਨੀ ਫੋਜੀਆਂ ਨੇ ਹੱਥਿਆਰ ਸੁਟ ਦਿੱਤੇ ਤਾਂ ਦੂਜੇ ਦਿਨ ਉਹੀ ਬੰਦਾ ਮੇਰੇ ਨਾਲ ਅੱਖਾਂ ਮਿਲਾਉਣ ਤੋਂ ਸ਼ਰਮਿੰਦਗੀ ਮਹਿਸੂਸ ਕਰਦਾ ਹੋਇਆ ਮੇਰੇ ਕੋਲੋਂ ਅੱਖਾਂ ਮੀਟ ਕੇ ਲੰਘ ਗਿਆ।

ਵਿਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਨੂੰ ਅਜਿਹੀਆਂ ਗੱਲਾਂ ਦਾ ਬਹੁਤ ਸਹਾਰਾ ਹੁੰਦਾ ਹੈ। ਆਪਣੇ ਦੇਸ ਵਿਚ ਵਾਪਰੀ ਕਿਸੇ ਵੀ ਅਜਿਹੀ ਘਟਨਾ ਨਾਲ ਉਨ੍ਹਾਂ ਦੀ ਇੱਜ਼ਤ ਵੀ ਵੱਧਦੀ ਹੈ ਤੇ ਹੌਸਲਾ ਵੀ। ੧੯੬੫ ਦੇ ਨੇੜੇ ਤੇੜੇ ਅੰਗਰੇਜ਼ ਸਾਨੂੰ ਮਿਹਣਾ ਮਾਰਦੇ ਸਨ ਕਿ ਇੰਡੀਅਨ ਸਿਰਫ ਫੌਂਡਰੀਆਂ ਵਿਚ ਕੰਮ ਕਰਨ ਦੇ ਹੀ ਯੋਗ ਹਨ। ਇਹ ਤਾਂ ਪਸੂਆਂ ਵਾਂਗ ਇੱਕ ਇੱਕ ਘਰ ਵਿਚ ਪੰਦਰਾਂ ਪੰਦਰਾਂ ਇਕੱਠੇ ਰਹਿੰਦੇ ਹਨ। ਉਨ੍ਹਾਂ ਨੂੰ ਨਹੀਂ ਪਤਾ ਸੀ ਕਿ ਅਗਲੇ ਵੀਹਾਂ ਕੁ ਸਾਲਾਂ ਵਿਚ ਇਨ੍ਹਾਂ ਵਿਚੋਂ ਅਨੇਕਾਂ ਨੇ ਪੰਦਰਾਂ ਪੰਦਰਾਂ ਘਰਾਂ ਦੇ ਮਾਲਕ ਵੀ ਬਣ ਜਾਣਾ ਹੈ ਤੇ ਛੋਟੀਆਂ ਛੋਟੀਆਂ ਕੋਰਨਰ ਸ਼ਾਪਾਂ ਤੋਂ ਉੱਠ ਕੇ ਵਡੇ ਵਡੇ ਸਟੋਰਾਂ ਦੇ ਮਾਲਕ ਵੀ। ਕਿੱਥੇ ਤਾ ਇਨ੍ਹਾਂ ਨੂੰ ਕੰਮਾਂ ਤੇ ਰੱਖਣ ਸਮੇਂ ਅੰਗਰੇਜ਼ ਮੱਥੇ ਤੀਉੜੀਆਂ ਪਾ ਲੈਂਦੇ ਸਨ, ਕਿੱਥੇ ਹੁਣ ਅੰਗਰੇਜ਼ ਇਨ੍ਹਾਂ ਦੇ ਕਾਰੋਬਾਰਾਂ ਵਿਚ ਨੌਕਰੀਆਂ ਕਰਦੇ ਹਨ। ਵਿਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਦੀ ਤਰੱਕੀ ਵਿਚ ਦੇਸੋਂ ਆਈਆਂ ਅਜਿਹੀਆਂ ਚੰਗੀਆਂ ਖਬਰਾਂ ਦਾ ਵੀ ਚੋਖਾ ਹੱਥ ਹੁੰਦਾ ਹੈ।

੩) ਸਾਰੇ ਬੰਦਿਆਂ ਦੇ ਸੁਭਾ ਇਕੋ ਜਿਹੇ ਨਹੀਂ ਹੁੰਦੇ ਨਾ ਹੋ ਸਕਦੇ ਹਨ। ਕਈ ਬੰਦੇ ਤੁਹਾਡੇ ਨਾਲ ਬੱਸ ਵਿਚ ਸਫਰ ਕਰਿਦਆਂ ਕੁਝ ਮਿੰਟਾਂ ਵਿਚ ਹੀ ਤੁਹਾਡੇ ਨਾਲ ਘੁਲ ਮਿਲ ਕੇ ਗੱਲੀਂ ਜੁੱਟ ਜਾਂਦੇ ਹਨ ਤੇ ਬਿਨਾ ਪੁੱਛੇ ਤੋਂ ਹੀ ਤੁਹਾਨੂੰ ਆਪਣਾ ਅੱਗਾ ਪਿੱਛਾ ਦਸਣ ਲੱਗ ਪੈਂਦੇ ਹਨ ਤੇ ਕੁਝ ਅਜਿਹੇ ਵੀ ਹੁੰਦੇ ਹਨ, ਜਿਹੜੇ ਤੁਹਾਡੇ ਨਾਲ ਮਹੀਨਿਆਂ ਬੱਧੀ ਇੱਕੋ ਥਾਂ ਕੰਮ ਕਰਦੇ ਵੀ ਆਪਣ ਬਾਰੇ ਕੁਝ ਵੀ ਕਹਿਣ / ਦੱਸਣ ਤੋਂ ਝਿਜਕਦੇ ਰਹਿੰਦੇ ਹਨ। ਮੇਰਾ ਸੁਭਾ ਇਨ੍ਹਾਂ ਦੂਜੀ ਤਰ੍ਹਾਂ ਦੇ ਬੰਦਿਆਂ ਵਰਗਾ ਰਿਹਾ ਹੈ। ਮੈਂ ਥੋੜੇ ਕੀਤੇ ਕਦੀਂ ਕਿਸੇ ਨੂੰ ਆਪਣੇ ਬਾਰੇ ਕੁਝ ਵੀ ਦੱਸਣ ਤੋਂ ਝਿਜਕਦਾ ਰਹਿੰਦਾ ਹਾਂ। ਮੇਰਾ ਸਦਾ ਇਹ ਖਿਆਲ ਰਿਹਾ ਹੈ ਕਿ ਜੇ ਕਿਸੇ ਬੰਦੇ ਵਿਚ ਕੋਈ ਗੁਣ ਹੈ ਤਾਂ ਉਹਦਾ ਢੰਡੋਰਾ ਪਿੱਟਣ ਦੀ ਲੋੜ ਨਹੀਂ ਹੁੰਦੀ, ਉਹਦੇ ਸੁਭਾ ਤੇ  ਵਰਤਾਉ 'ਤੋਂ ਉਹਦੀ ਮਹਿਮਾ ਆਪਣੇ ਆਪ ਹੀ ਫੈਲ ਜਾਂਦੀ ਹੈ।

ਇੰਟਰਨੈਸ਼ਨਲ ਕੰਬਸਚਨ ਵਿਚ ਕੰਮ ਕਰਦੇ ਸਮੇਂ ਖਾਣ ਪੀਣ ਦੀ ਛੁੱਟੀ ਵੇਲੇ ਕੁਝ ਪੰਜਾਬੀ ਕਾਮੇ ਮੇਰੇ ਵਾਲੇ ਪਾਰਟ ਵਿਚ ਇੱਕ ਥਾਂ ਇੱਕਠੇ ਬੈਠ ਕੇ ਗੱਪਾਂ ਮਾਰਨ ਦਾ ਸ਼ੌਕ ਪੂਰਾ ਕਰਦੇ ਹੁੰਦੇ ਸਨ। ਮੈਂ ਵੀ ਕਿਤੇ ਕਿਤੇ ਉਨ੍ਹਾਂ ਕੋਲ ਜਾ ਬੈਠਦਾ ਸਾਂ। ਉਨ੍ਹਾਂ ਦੀ ਗੱਪ ਸ਼ਪ ਤੇ ਲਤੀਫੇਬਾਜ਼ੀ ਵਿਚ ਤਾਂ ਸ਼ਾਮਿਲ ਹੋ ਜਾਂਦਾ ਸਾਂ ਪਰ ਆਪਣੇ ਬਾਰੇ ਘਟ ਹੀ ਦਸਣ ਦਾ ਯਤਨ ਕਰਦਾ ਸਾਂ। ਉਹ ਮੈਨੂੰ ਮਿਸਟਰ ਬੈਂਸ ਮਸ਼ੀਨ ਔਪਰੇਟਰ ਦੇ ਤੌਰ ਤੇ ਹੀ ਜਾਣਦੇ ਸਨ। ਮੇਰੀ ਵਿੱਦਿਅਕ ਯੋਗਤਾ ਅਤੇ ਸਾਹਿਤਕ ਸ਼ੌਕਾਂ ਬਾਰੇ ਕਿਸੇ ਨੂੰ ਕੋਈ ਪਤਾ ਨਹੀਂ ਸੀ।

ਲੱਗ ਪੱਗ ਇੱਕ ਮਹੀਨੇ ਤੋਂ ਮੇਰੇ ਨੇੜੇ ਵਾਲੀ ਇੱਕ ਮਸ਼ੀਨ 'ਤੇ ਇੱਕ ਪੰਜਾਬੀ ਭਾਈਬੰਦ ਕੰਮ ਕਰਦਾ ਸੀ। ਸਾਡੇ ਦੋਹਾਂ ਵਿਚ ਜਾਣ ਪਛਾਣ 'ਹੈਲੋ ਹੈਲੋ' ਤੋਂ ਅੱਗੇ ਨਹੀਂ ਵਧੀ ਸੀ। ਉਹ ਵੀ ਬਹੁਤਾ ਆਪਣੇ ਕੰਮ ਵਿਚ ਹੀ ਰੁੱਝਾ ਰਹਿੰਦਾ ਸੀ। ਨਾਉਂ ਉਹਦਾ ਹੁਕਮ ਸਿੰਘ ਸੀ, ਆਇਆ ਸਾਊਥਾਲ ਤੋਂ ਸੀ। ਉਹ ਵੀ ਇਸ ਢਾਣੀ ਵਿਚ ਕਿਤੇ ਕਿਤੇ ਆ ਬੈਠਦਾ ਸੀ। ਉਹਨੇ ਇੱਕ ਦਿਨ ਮੈਨੂੰ

ਪੁੱਛਿਆ, "ਯਾਰ ਇੱਥੇ ਡਰਬੀ ਵਿਚ ਇੱਕ ਮਕਸੂਦਪੁਰੀ ਨਾਉਂ ਦਾ ਬੰਦਾ ਰਹਿੰਦਾ ਹੈ। ਮੈਂ ਉਹਨੂੰ ਮਿਲਣਾ ਚਾਹੁੰਦਾ ਹਾਂ। ਮੈਂ ਕਈਆਂ ਬੰਦਿਆਂ ਤੋਂ ਪੁੱਛ ਚੁੱਕਾਂ, ਕਿਸੇ ਤੋਂ ਉਹਦਾ ਪਤਾ ਨਹੀਂ ਮਿਲਿਆ। ਮੈਂ ਕਿਹਾ ਅੱਜ ਤੁਹਾਡੇ ਨਾਲ ਗੱਲ ਕਰ ਕੇ ਦੇਖਦਾਂ, ਸ਼ਾਇਦ ਤੁਹਾਨੂੰ ਉਹਦਾ ਪਤਾ ਹੋਵੇ"।

ਮੈਂ ਕਿਹਾ, "ਫਿਕਰ ਨਾ ਕਰੋ, ਮੈਂ ਤੁਹਾਨੂੰ ਮਕਸੂਦਪੁਰੀ ਨੂੰ ਮਿਲਾ ਦਿਆਂਗਾ। ਪਹਿਲਾਂ ਇਹ ਦੱਸੋ ਤੁਹਾਨੂੰ ਉਹਦੇ ਬਾਰੇ ਕਿਹਨੇ ਦੱਸਿਆ"?

ਉਹ ਕਹਿਣ ਲੱਗਾ, "ਸਾਊਥਾਲ ਵਿਚ ਇੱਕ ਮਹਾਵੀਰ ਸਿੰਘ ਨਾਉਂ ਦਾ ਬੰਦਾ ਮੇਰੇ ਨੇੜਲੇ ਘਰ ਵਿਚ ਰਹਿੰਦਾ ਸੀ। ਜਦ ਮੈਂ ਉਹਨੂੰ ਡਰਬੀ ਨੂੰ ਆਉਣ ਦਾ ਇਰਾਦਾ ਦਸਿਆ ਤਾਂ ਉਹਨੇ ਮੈਨੂੰ ਮਕਸੂਦਪੁਰੀ ਦਾ ਨਾਉਂ ਦਸ ਕੇ ਕਿਹਾ ਸੀ ਕਿ ਜੇ ਘਰ ਲੈਣ ਸੰਬੰਧੀ ਕੋਈ ਮੁਸ਼ਕਲ ਬਣੇ ਤਾਂ ਤੂੰ ਉਹਨੂੰ ਮਿਲ ਲਵੀਂ। ਉਹਦੇ ਕੋਲ ਮੇਰਾ ਨਾਉਂ ਲੈ ਦੇਵੀਂ, ਉਹ ਜ਼ਰੂਰ ਤੇਰੀ ਮਦਦ ਕਰੇਗਾ"।

ਮਹਾਵੀਰ ਸਿੰਘ ਦੀ ਸ਼ਕਲ ਮੇਰੀਆਂ ਅੱਖਾ ਅੱਗੇ ਘੁਮ ਗਈ। ਇਹ ਮਹਾਵੀਰ ਸਿੰਘ ਪ੍ਰਸਿਧ ਦੇਸ਼ਭਗਤ ਤੇ ਸਾਹਿਤਕਾਰ ਹੀਰਾ ਸਿੰਘ ਦਰਦ ਦਾ ਪੁੱਤਰ ਸੀ। ਉਹ ਸਾਊਥਾਲ ਰਹਿੰਦਿਆਂ ਹੀ ਸਾਹਿਤ ਸਭਾ ਦੀ ਇੱਕ ਇਕੱਤਰਤਾ ਵਿਚ ਮੇਰਾ ਵਾਕਫ ਬਣਿਆ ਸੀ। ਹੀਰਾ ਸਿੰਘ ਦਰਦ ਲਈ ਮੇਰੇ ਦਿਲ ਵਿਚ ਬਹੁਤ ਕਦਰ ਤੇ ਸਤਿਕਾਰ ਸੀ। ਇਸ ਲਈ ਉਹਦੇ ਪੁੱਤਰ ਨਾਲ ਵੀ ਦੋਸਤੀ ਪੈ ਜਾਣੀ ਕੁਦਰਤੀ ਸੀ। ਪਰ ਸਾਊਥਾਲ ਛੱਡਣ ਉਪ੍ਰੰਤ ਮੈਂ ਉਹਨੂੰ ਕਦੀਂ ਮਿਲ ਨਹੀਂ ਸਕਿਆ ਸਾਂ।

"ਫੇਰ ਕਦ ਮਿਲਾਉਗੇ ਮਕਸੂਦਪੁਰੀ ਨੂੰ" , ਹੁਕਮ ਸਿੰਘ ਨੇ ਮੈਨੂੰ ਚੁੱਪ ਦੇਖ ਕੇ ਕਿਹਾ।

ਮੈਂ ਹੱਸ ਕੇ ਜਵਾਬ ਦਿੱਤਾ, "ਹੁਣੇ ਮਿਲਾ ਦਿੰਦੇ ਹਾਂ, ਫਿਕਰ ਕਿਉਂ ਕਰਦੇ ਹੋ?"

"ਉਹ ਵੀ ਇੱਥੇ ਹੀ ਕੰਮ ਕਰਦਾ?" , ਉਹਨੇ ਉਤੇਜਤ ਹੋ ਕੇ ਪੁੱਛਿਆ।

"ਹਾਂ ਇੱਥੇ ਹੀ ਨਹੀਂ, ਸੱਗੋਂ ਸਦਾ ਤੁਹਡੇ ਨੇੜੇ ਤੇੜੇ ਰਹਿੰਦਾ ਹੈ" , ਮੈਂ ਹੱਸ ਕੇ ਕਿਹਾ।

"ਫੇਰ ਕਦ ਮਿਲਾਉਗੇ ਉਹਨੂੰ?" , ਉਹਨੇ ਪੁੱਛਿਆ।

"ਹੁਣੇ ਮਿਲਾ ਦਿੰਦੇ ਹਾਂ" , ਇਹ ਕਹਿ ਕੇ ਮੈਂ ਉਹਦੇ ਵਲ ਹੱਥ ਵਧਾ ਕੇ ਕਿਹਾ, "ਲਓ ਮਿਲੋ ਮਕਸੂਦਪੁਰੀ ਨੂੰ"।

ਉਹਨੇ ਤਾਂ ਹੈਰਾਨ ਹੋਣਾ ਹੀ ਸੀ, ਕੋਲ ਬੈਠਾ ਅਜੀਤ ਦੁਸਾਂਝ ਹੈਰਾਨ ਵੀ ਹੋਇਆ ਤੇ ਖਿੜ ਵੀ ਗਿਆ। ਉਹ ਨੇ ਉੱਠ ਕੇ ਮੈਨੂੰ ਜੱਫੀ ਪਾ ਕੇ ਕਿਹਾ , "ਤੁਸੀਂ ਮਕਸੂਦਪੁਰੀ ਹੋ? ਮੈਨੂੰ ਇੰਨਾ ਚਿਰ ਪਤਾ ਹੀ ਨਹੀਂ ਲੱਗਾ। ਮੈਂ ਦੋ ਸਾਲ ਤੋਂ ਤੁਹਾਨੂੰ ਇੱਥੇ ਦੇਖਦਾ ਰਿਹਾ ਹਾਂ। ਮੈਂ ਤਾਂ ਸਮਝਦਾ ਰਿਹਾ ਕੋਈ ਪਾਕਿਸਤਾਨੀ ਮਸ਼ੀਨ ਤੇ ਕੰਮ ਕਰਦਾ। ਕੀ ਪਤਾ ਸੀ, ਤੁਸੀਂ ਹੀ ਮਕਸੂਦਪੁਰੀ ਹੋ? ਮੈਂ ਤਾਂ ਪ੍ਰੀਤ-ਲੜੀ ਵਿਚ ਤੁਹਾਡੀਆਂ ਕਹਾਣੀਆਂ ਪੜ੍ਹਦਾ ਰਿਹਾਂ। ਤੁਸੀਂ ਰੋਜ਼ ਮਿਲਦੇ ਰਹੇ, ਦੱਸਿਆ ਹੀ ਨਾ ਕਿ ਤੁਸੀਂ ਮਕਸੂਦਪੁਰੀ ਹੋ"।

ਮੈਂ ਕਿਹਾ, "ਅਜੀਤ ਸਿੰਘ ਜੀ! ਮੈਂ 'ਮਕਸੂਦਪੁਰੀ' ਲਿਖ ਕੇ ਗਲ਼ ਵਿਚ ਫੱਟੀ ਤਾਂ ਨਹੀਂ ਪਾ ਸਕਦਾ ਸੀ। ਹੁਣ ਹੁਕਮ ਸਿੰਘ ਦਾ ਹੁਕਮ ਮੰਨ ਕੇ ਉਹਨੂੰ 'ਮਕਸੂਦਪੁਰੀ' ਨੂੰ ਮਿਲਾਉਣਾ ਹੀ ਸੀ, ਦੱਸੇ ਬਿਨਾ ਸਰ ਨਹੀਂ ਸਕਦਾ ਸੀ, ਇਸ ਲਈ ਦੱਸ ਦਿੱਤਾ"।

ਹੁਕਮ ਸਿੰਘ ਦਾ ਹੁਕਮ ਮੰਨ ਕੇ ਮੈਂ ਉਹਨੂੰ ਹਫਤੇ ਕੁ ਵਿਚ ਹੀ ਘਰ ਲੱਭ ਦਿੱਤਾ। ਮੇਰਾ ਵਾਕਫ ਕਾਮਰੇਡ ਮਣਸ਼ਾ ਸਿੰਘ ਮੇਰੇ ਵਾਲੀ ਸਟਰੀਟ ਦੇ ਨੇੜੇ ਹੀ ਯੇਟਸ ਸਟਰੀਟ ਵਿਚ ਰਹਿੰਦਾ ਸੀ। ਉਹਨੇ ਆਪਣਾ ਘਰ ਵੇਚਣਾ ਸੀ। ਮੈਂ ਹੁਕਮ ਸਿੰਘ ਨਾਲ ਉਹਨੂੰ ਮਿਲਾ ਦਿੱਤਾ। ਬਸ ਹਫਤੇ ਕੁ ਵਿਚ ਦੋਹਾਂ ਦਾ ਕੰਮ ਬਣ ਗਿਆ। ਦੋਵੇਂ ਖੁਸ਼ ਹੋ ਗਏ ਤੇ ਧੰਨ ਧੰਨ ਕਰ ਉੱਠੇ।

ਹੁਕਮ ਸਿੰਘ ਦਾ ਡਰਬੀ ਵਿਚ ਬਹੁਤਾ ਚਿਰ ਜੀਅ ਨਾ ਲੱਗਾ। ਉਹ ਵਾਪਸ ਸਾਊਥਾਲ ਚਲਾ ਗਿਆ। ਅਜੀਤ ਦੁਸਾਂਝ ਅਜਿਹਾ ਆਪਣਾ ਬਣਿਆ

ਕਿ ਹੁਣ ਤੱਕ ਵੀ ਆਪਣਾ ਹੀ ਚਲਿਆ ਆਉਂਦਾ ਹੈ। ਸਾਹਿਤ ਨਾਲ ਉਹਦਾ ਲਗਾਉ ਬਚਪਨ ਤੋਂ ਚਲਿਆ ਆਉਂਦਾ ਸੀ ਤੇ ਹੁਣ ਵੀ ਉਸੇ ਤਰ੍ਹਾਂ ਕਾਇਮ ਹੈ। ਉਹ ਮੇਰਾ ਮਿੱਤਰ ਵੀ ਹੈ ਤੇ ਪਾਠਕ ਵੀ। ਉਹ ਮੇਰੀ ਹਰ ਪੁਸਤਕ ਖਰੀਦ ਕੇ ਪੜ੍ਹਦਾ ਰਿਹਾ ਹੈ ਤੇ ਉਹਨੂੰ ਸਦਾ ਉਡੀਕ ਰਹਿੰਦੀ ਹੈ ਕਿ ਮੇਰੀ ਅਗਲੀ ਪੁਸਤਕ ਕਦੋਂ ਛਪੇਗੀ।

੪) ਮੇਰੇ ਵਿਚ ਸ਼ਹਿਨਸ਼ੀਲਤਾਂ ਬਚਪਨ ਤੋਂ ਕੁਝ ਵਧੇਰੇ ਹੀ ਚਲੀ ਆਉਂਦੀ ਹੈ। ਇਸ ਕਰਕੇ ਕਦੀ ਕਦੀ ਮੈਨੂੰ ਕੋਈ ਅਜਿਹਾ ਬੰਦਾ ਵੀ ਮਿਲ ਪੈਂਦਾ ਰਿਹਾ ਹੈ ਜਿਹੜਾ ਮੈਨੂੰ ਸਿੱਧੜ ਤੇ ਸਹੀਂਦੜ ਹੀ ਸਮਝ ਲੈਂਦਾ। ਇੰਟਰਨੈਸ਼ਨਲ ਕੰਬਸਚਨ ਵਿਚ ਆਪਣੇ ਕੰਮ ਦੇ ਆਖਰੀ ਸਾਲ ਵਿਚ ਉਹ ਕੰਮ ਖਤਮ ਹੋ ਗਿਆ ਸੀ ਜਿਸ ਲਈ ਮੈਨੂੰ ਇੱਥੇ ਰੱਖਿਆ ਗਿਆ ਸੀ। ਬਹੁਤ ਸਮਾਂ ਤਾਂ ਵਿਹਲੇ ਹੀ ਲੰਘਾਉਣਾ ਪੈਂਦਾ ਸੀ ਪਰ ਕਿਤੇ ਕਿਤੇ ਮੈਨੂੰ ਨਵੇਂ ਬਣੇ ਪੁਰਜ਼ਿਆਂ ਉੱਤੇ ਪੇਂਟ ਕਰਨ ਲਈ ਕਹਿ ਦਿੱਤਾ ਜਾਂਦਾ ਸੀ। ਇਹ ਕੰਮ ਇੱਥੇ ਇਕ ਪੰਜਾਬੀ ਬੰਦਾ ਕਰਦਾ ਸੀ। ਉਹ ਕੱਦ ਦਾ ਮਧਰਾ ਤੇ ਮੋਟਾ ਜਿਹਾ ਸੀ। ਉਹ ਕੁਝ ਵਧੇਰੇ ਹੀ ਡਰੂ ਜਿਹਾ ਤੇ ਜੀ-ਹਜ਼ੂਰੀ ਸੁਭਾ ਦਾ ਬੰਦਾ ਸੀ। ਜੇ ਕੋਈ ਉਹਨੂੰ ਦਬਕਾ ਮਾਰਦਾ ਤਾਂ ਵੀ 'ਯੈਸ ਸਰ' ਤੇ ਜੇ ਕੋਈ ਗਾਲ਼ ਕੱਢਦਾ ਤਾਂ ਵੀ 'ਯੈਸ ਸਰ' ਕਹਿ ਛਡਦਾ ਸੀ। ਉਹ ਜਾਤ ਦਾ ਬੇਦੀ ਖਤਰੀ ਸੀ। ਉਹਨੂੰ ਦੇਖ ਕੇ ਮੈਂ ਸੋਚੀਂ ਪੈ ਜਾਂਦਾ ਸਾਂ, " ਇਹ ਗਲਤੀ ਨਾਲ ਬੇਦੀਆਂ ਦੇ ਘਰ ਜੰਮ ਪਿਆ ਹੋਵੇਗਾ ਜਾਂ ਬਾਬਾ ਨਾਨਕ?" ਮੈਂ ਗੁਰਬਾਣੀ ਪੜ੍ਹੀ ਵੀ ਤੇ ਸਮਝੀ ਵੀ ਹੈ। ਮੈਂ ਬਾਬੇ ਨਾਨਕ ਨੂੰ ਉਦੋਂ ਵੀ ਯੁਗ ਪੁਰਸ਼ ਸਮਝਦਾ/ਮੰਨਦਾ ਸਾਂ ਤੇ ਹੁਣ ਵੀ। ਪਰ ਇਸ ਬੇਦੀ ਨੂੰ ਦੇਖ ਕੇ ਸੋਚਦਾ ਸਾਂ, ਅਜਿਹਾ ਬੰਦਾ ਬੇਦੀ ਕੁੱਲ ਵਿਚ ਕਿਵੇਂ ਪੈਦਾ ਹੋ ਗਿਆ? ਉਹਦਾ ਚਾਰਜਹੈਂਡ ਦਿਨਾਂ 'ਤੇ ਕੰਮ ਕਰਦਾ ਸੀ ਤੇ ਉਹਦੇ ਕਰਨ ਲਈ ਕੰਮ ਲਿਖ ਕੇ ਰੱਖ ਜਾਂਦਾ ਸੀ। ਚਾਰਜਹੈਂਡ ਮੇਰਾ ਵੀ ਦਿਨਾਂ 'ਤੇ ਹੀ ਕੰਮ

ਕਰਦਾ ਸੀ। ਮੈਂ ਜੋ ਕੁਝ ਵੀ ਕਰਦਾ ਸਾਂ ਉਹਦੇ ਲਿਖੇ ਅਨੁਸਾਰ ਹੀ ਕਰਦਾ ਸਾਂ।

ਇਸੇ ਸ਼ੌਪ ਵਿਚ ਰਾਤਾਂ 'ਤੇ ਇੱਕ ਗਾਈ ਨਾਉਂ ਦਾ ਗੋਰਾ ਫਿਟਰਾਂ ਦਾ ਚਾਰਜਹੈਂਡ ਸੀ। ਉਹ ਬੇਦੀ 'ਤੇ ਖਾਹਮਖਾਹ ਹੁਕਮ ਚਾੜ੍ਹੀ ਰੱਖਦਾ ਸੀ, ਭਾਵੇਂ ਉਹਦੇ ਕੰਮ ਨਾਲ ਉਹਦਾ ਕੋਈ ਵਾਸਤਾ ਨਹੀਂ ਸੀ। ਬੇਦੀ ਉਹਨੂੰ ਡੱਟ ਕੇ ਨਾਹ ਕਹਿਣ ਦੀ ਥਾਂ 'ਯੈਸ ਗਾਈ ਯੈਸ ਗਾਈ' ਦੀ ਮੁਹਾਰਨੀ ਰਟਦਾ ਰਹਿੰਦਾ ਸੀ। ਕਈ ਵਾਰ ਗਾਈ ਉਹਨੂੰ ਗਾਲ਼ਾਂ ਵੀ ਕਢ ਲੈਂਦਾ ਅੱਗੋਂ ਉਹ 'ਯੈਸ ਗਾਈ' 'ਯੈਸ ਗਾਈ' ਹੀ ਕਹਿੰਦਾ ਰਹਿੰਦਾ ਸੀ। ਮੈਨੂੰ ਵੀ ਉਹਦੇ ਵਰਗਾ ਸਮਝ ਕੇ ਇੱਕ ਦਿਨ ਗਾਈ ਮੈਨੂੰ ਵੀ ਗਾਲ਼ ਕੱਢ ਬੈਠਾ। ਪਤਾ ਨਹੀਂ ਮੇਰਾ ਸਾਰਾ ਬੰਧੇਜ ਕਿਵੇਂ ਜਾਂਦਾ ਰਿਹਾ? ਮੈਂ ਉਹਦੇ ਮੂੰਹ 'ਤੇ ਇੰਨੇ ਜ਼ੋਰ ਨਾਲ ਘਸੁੰਨ ਮਾਰ ਦਿੱਤਾ ਕਿ ਉਹਦੀਆਂ ਐਨਕਾਂ ਲਹਿ ਕੇ ਮਸ਼ੀਨਾਂ ਦੇ ਪਿੱਛੇ ਜਾ ਡਿਗੀਆਂ।

ਇਸ ਅਚਾਨਕ ਹਮਲੇ ਨਾਲ ਉਹ ਇੰਨਾ ਬੌਂਦਲ਼ ਗਿਆ ਕਿ ਕੁਝ ਚਿਰ ਉਹਨੂੰ ਕੁੱਝ ਸੁੱਝਿਆ ਹੀ ਨਾ ਤੇ ਫੇਰ ਇਹ ਕਹਿ ਕੇ ,"ਮੇਰਾ ਬੇਦੀ ਗਵਾਹ ਹੈ, ਤੂੰ ਮੈਨੂੰ ਮਾਰਿਆ ਹੈ", ਚੁੱਪ ਕਰ ਕੇ ਆਪਣੀਆਂ ਐਨਕਾਂ ਲੱਭਣ ਲਈ ਇੱਧਰ ਉੱਧਰ ਹੱਥ ਮਾਰਨ ਲੱਗ ਪਿਆ। ਬੇਦੀ ਚੁੱਪ ਚੁਪੀਤਾ ਆਪਣੇ ਕੰਮ ਜਾ ਲੱਗਾ।

ਮੈਨੂੰ ਬੇਦੀ ਦੇ ਜੀ-ਹਜ਼ੂਰੀ ਸੁਭਾ ਦਾ ਤਾ ਪਤਾ ਹੀ ਸੀ। ਮੈਂ ਉਹਦੇ ਕੋਲ ਗਿਆ ਤੇ ਉਹਨੂੰ ਕਿਹਾ, "ਗਾਈ ਨੇ ਮੇਰੇ ਖਿਲਾਫ ਹੁਣ ਤੈਨੂੰ ਗਵਾਹ ਬਣਾਉਣਾ ਹੈ। ਜੇ ਮੈਂ ਗਾਈ ਦੀਆਂ ਨਾਸਾਂ ਭੰਨ ਸਕਦਾ ਹਾਂ, ਤਾਂ ਤੂੰ ਵੀ ਸੋਚ ਸਮਝ ਲਈਂ। ਮੈਂ ਤਾਂ ਕੰਮ ਤੋਂ ਜਾਵਾਂਗਾ ਹੀ ਪਰ ਤੈਨੂੰ ਵੀ ਇੱਥੇ ਕੰਮ ਕਰਨ ਜੋਗਾ ਨਹੀਂ ਛੱਡਾਂਗਾ।" ਫੇਰ ਮੈਂ ਜ਼ਰਾ ਰੁਅਬ ਜਿਹੇ ਨਾਲ ਕਿਹਾ, "ਤੂੰ ਕੁੱਝ ਦੇਖਿਆ?" ਉਹਦਾ ਜਵਾਬ ਸੀ, "ਮੈਂ ਤਾ ਕੁਝ ਨਹੀਂ ਦੇਖਿਆ"। ਮੈਂ ਕਿਹਾ, "ਠੀਕ ਹੈ। ਇਸ

ਬਿਆਨ ਤੇ ਕਾਇਮ ਰਹੀਂ, ਤੇਰਾ ਵੀ ਭਲਾ ਤੇ ਮੇਰਾ ਵੀ। ਨਹੀਂ ਤਾਂ ਦੋਹਾਂ ਦੀ ਛੁੱਟੀ ਸਮਝ ਲਵੀਂ।"

ਉਸ ਦਿਨ ਤੋਂ ਰਾਤਾਂ ਦੀ ਸ਼ਿਫਟ ਦਾ ਫੋਰਮੈਨ ਵੀ ਮੈਨੂੰ ਇਜ਼ਤ ਨਾਲ ਬਲਾਉਣ ਲੱਗ ਪਿਆ ਤੇ ਗਾਈ ਨਾਲ ਕੰਮ ਕਰਦੇ ਫਿਟਰ ਵੀ। ਅਸਲ ਵਿਚ ਉਹ ਸਾਰੇ ਗਾਈ ਦੇ ਕੁਰਖਤ ਵਤੀਰੇ ਤੋਂ ਤੰਗ ਸਨ ਤੇ ਮੈਂ ਉਨ੍ਹਾਂ ਦਾ ਕੰਮ ਸੁਖਾਲਾ ਕਰ ਦਿੱਤਾ ਸੀ। ਉਸ ਦਿਨ ਤੋਂ ਪਿੱਛੋਂ ਗਾਈ ਦੀ ਸਾਰੀ ਆਕੜ ਜਾਂਦੀ ਰਹੀ। ਨਮੋਸ਼ੀ ਦਾ ਮਾਰਿਆ ਉਹ ਮੇਰੇ ਵਿਰੁਧ ਸ਼ਕਾਇਤ ਵੀ ਨਾ ਕਰ ਸਕਿਆਂ ਤੇ ਮੈਨੂੰ ਕਿਸੇ ਨੇ ਇਸ ਵਾਰੇ ਪੁੱਛਿਆ ਵੀ ਨਾ। ਉਹਦੀ ਨਮੋਸ਼ੀ ਕੁਝ ਇਹੋ ਜੇਹੀ ਸੀ, ਜਿਸਤਰ੍ਹਾਂ ਪੰਜਾਬ ਵਿਚ ਕੋਈ ਜੱਟ ਚੂੜ੍ਹੇ ਤੋਂ ਕੁੱਟ ਖਾ ਕੇ ਨਮੋਸ਼ੀ ਮੰਨਦਾ ਹੈ। ਫੇਰ ਗਾਈ ਉੱਥੇ ਬਹੁਤਾ ਚਿਰ ਟਿਕ ਨਾ ਸਕਿਆ ਤੇ ਛੇਤੀ ਹੀ ਕੰਮ ਛੱਡ ਕੇ ਕਿਤੇ ਹੋਰ ਕੰਮ 'ਤੇ ਜਾ ਲੱਗਾ।

ਮੇਰੇ ਜਾਣੂ ਸਾਰੇ ਬੰਦੇ ਹੈਰਾਨ ਸਨ ਕਿ ਮੇਰੇ ਵਰਗੇ ਸ਼ਾਂਤ ਸੁਭਾ ਬੰਦੇ ਵਿਚ ਇੰਨਾ ਗ਼ੁੱਸਾ ਕਿੱਥੋਂ ਆ ਗਿਆ? ਉਨ੍ਹਾਂ ਦੀ ਪੁੱਛ ਦੇ ਜਵਾਬ ਵਿਚ ਮੈਂ ਆਖ ਛਡਦਾ ਸਾਂ, "ਇਹ ਤਾਂ ਭਾਈ 'ਜਬੈ ਬਾਣ ਲਾਗੈ ਤਬੈ ਰੋਸ ਜਾਗੈ' ਵਾਲੀ ਗੱਲ ਹੈ। ਜ਼ਿਆਦਤੀ ਦੇ ਅੱਗੇ ਸਿਰ ਝੁਕਾਉਣਾ ਸਹਿਨਸ਼ੀਲਤਾ ਨਹੀਂ ਕਾਇਰਤਾ ਹੁੰਦੀ ਹੈ"।

## *19.*

## *ਨਿੱਜੀ ਕਾਰੋਬਾਰ*

## *1*

ਜਿਨ੍ਹਾਂ ਦਿਨਾਂ ਵਿਚ ਮੈਨੂੰ ਇੰਟਰਨੈਸਨ ਕੰਬਸਚਨ ਵਿਚੋਂ ਬਰਖਾਸਤ ਕੀਤਾ ਗਿਆ ਸੀ, ਐਨ ਉਨ੍ਹਾਂ ਦਿਨਾਂ ਵਿਚ ਹੀ ਮੇਰੇ ਅਕਾਊਂਟੈਂਟ ਕੁਲਤਾਰਨ ਸਿੰਘ ਨੇ 83 ਸੇਂਟ ਥੌਮਸ ਰੋਡ ਵਾਲੇ ਆਪਣੇ ਦਫਤਰ ਵਾਲਾ ਮਕਾਨ ਵੇਚਣ ਲਈ ਲਾਇਆ ਹੋਇਆ ਸੀ। ਮੈਂ ਉਹਦੇ ਨਾਲ ਗੱਲ ਕੀਤੀ ਤਾਂ ਉਹ ਇਹ ਮਕਾਨ ੨੨ ਹਜ਼ਾਰ ਪੌਂਡ ਵਿਚ ਵੇਚਣ ਲਈ ਤਿਆਰ ਹੋ ਗਿਆ। ਐਬੀ ਨੈਸ਼ਨਲ ਬਿਲਡਿੰਗ ਸੁਸਾਇਟੀ ਨੇ ਪਹਿਲਾਂ ਹੀ ਮੈਨੂੰ ਮੌਰਗੇਜ ਦੇਣ ਦਾ ਵਾਇਦਾ ਕੀਤਾ ਹੋਇਆ ਸੀ। ਮੈਨੂੰ ਚਾਹੀਦਾ ਤਾਂ ਅੱਠ ਹਜ਼ਾਰ ਸੀ ਪਰ ਮੇਰੇ ਬਥੁੱਲੀ ਰੋਡ ਵਾਲੇ ਘਰ ‘ਤੇ ਮੌਰਗੇਜ ਹੋਣ ਕਰ ਕੇ ਬਿਲਡਿੰਗ ਸੁਸਾਇਟੀ ਨੇ ਇਹ ਸ਼ਰਤ ਲਾ ਦਿੱਤੀ ਕਿ ਮੈਂ ਪਹਿਲਾਂ ਉਹ ਮੌਰਗੇਜ ਲਾਹ ਦੇਵਾਂ। ਮੈਂ ਇਹ ਘਰ ਪਹਿਲਾਂ ਹੀ ਵੇਚਣ ਲਈ ਲਾਇਆ ਹੋਇਆ ਸੀ। ਆਖਰ ਇਹ ਘਰ ਵਿਕ ਹੀ ਜਾਣਾ ਸੀ ਤੇ ਮੌਰਗੇਜ ਦੇ ਲਾਹੇ ਪੈਸੇ ਮੁੜ ਹੀ ਆਉਣੇ ਸਨ। ਇਸ ਲਈ ਮੈਂ ਡਰਬੀਸ਼ਾਇਰ ਬਿਲਡਿੰਗ ਸੁਸਾਇਟੀ ਦਾ ਛੇ ਹਜ਼ਾਰ ਲਾਹ ਕੇ ਘਰ ਸੁਤੰਤਰ ਕਰਾ ਲਿਆ। ਇਸ ਲਈ ਮੈਨੂੰ ਅੱਠ ਦੀ ਥਾਂ ਪੰਦਰਾਂ ਹਜ਼ਾਰ ਦੀ ਮੌਰਗੇਜ ਮਨਜ਼ੂਰ ਕਰਾਉਣੀ ਪਈ।

ਹਫਤੇ ਦੇ ਅੰਦਰ ਅੰਦਰ ਹੀ ਸਾਰੀ ਲਿਖਤ ਪੜ੍ਹਤ ਹੋ ਗਈ। ਮੇਰੇ ਅਕਾਉਂਟੈਂਟ ਨੇ ਪਹਿਲਾਂ ਹੀ ਨਵੀਂ ਥਾਂ ਲਈ ਹੋਈ ਸੀ, ਉਹ ਉੱਥੇ ਚਲਾ ਗਿਆ। ਮਕਾਨ ਦਾ ਅਗਵਾੜ ਪਹਿਲਾਂ ਹੀ ਦਫਤਰ ਵਿਚ ਬਦਲਿਆ ਹੋਇਆ ਸੀ। ਮੈਨੂੰ ਬਹੁਤਾ ਕੁਝ ਕਰਨਾ ਨਾ ਪਿਆ। ਐਬੀ ਨੇਸ਼ਨਲ ਦੀ ਡਰਬੀ ਬ੍ਰਾਂਚ ਦੇ ਮੈਨੇਜਰ ਨੇ ਕੁਰਸੀਆਂ ਡੈਸਕ ਤੇ ਹੋਰ ਲੋੜੀਂਦਾ ਸਾਮਾਨ ਪਹੁੰਚਾ ਦਿੱਤਾ। ਦਫਤਰ ਦੇ ਮੱਥੇ ‘ਤੇ *ਬੈਂਸ ਐਂਡ ਕੰਪਨੀ ਤੇ ਐਬੀ ਨੈਸ਼ਨਲ* ਦਾ ਸਾਂਝਾ ਬੋਰਡ ਲੱਗ ਗਿਆ। ਅਗਲੇ ਹਫਤੇ ਦੇ ਸੋਮਵਾਰ ਨੂੰ ਦਫਤਰ ਦਾ ਉਦਘਾਟਨ ਡਰਬੀ

ਦੇ ਪ੍ਰਤਿਸ਼ਟ ਸੱਜਣਾਂ ਮਿੱਤਰਾਂ ਦੀ ਹਾਜ਼ਰੀ ਵਿਚ ਸ਼ਹਿਰ ਦੇ ਮੇਅਰ ਨੇ ਕੀਤਾ। ਪਿੱਛੋਂ ਚਿਰ ਤੱਕ ਪੀਣ ਖਾਣ ਦੀ ਪਾਰਟੀ ਚਲਦੀ ਰਹੀ। ਇਸਤਰ੍ਹਾਂ ਮੈਂ ਸੈਲਫ-ਐਮਪਲਾਇਡ (ਸ੍ਵੈਰੋਜ਼ਗਾਰੀ) ਬਣ ਗਿਆ। ਫੇਰ ਰਿਟਾਇਰਮੈਂਟ ਦੀ ਉਮਰ ਹੋਣ ਤੱਕ ਮੈਂ ਇਸ ਤੋਂ ਬਿਨਾ ਹੋਰ ਕੋਈ ਕੰਮ ਨਹੀਂ ਕੀਤਾ।

ਐਬੀ ਨੈਸ਼ਨਲ ਡਰਬੀ ਬ੍ਰਾਂਚ ਨੇ ਆਪ ਹੀ ਹਫਤਾ ਪਹਿਲਾਂ ਇਹ ਦਫਤਰ ਖੋਲ੍ਹੇ ਜਾਣ ਦੀ ਇਸ਼ਤਿਹਾਰਬਾਜ਼ੀ ਕਰ ਦਿੱਤੀ ਸੀ। ਇਸ ਲਈ ਉਦਘਾਟਨ ਤੋਂ ਦੂਜੇ ਦਿਨ ਹੀ ਐਬੀ ਨੈਸ਼ਨਲ ਦੇ ਪੁਰਾਣੇ ਗਾਹਕ ਰਕਮਾਂ ਜਮ੍ਹਾਂ ਕਰਾਉਣ ਤੇ ਕਢਾਉਣ ਲਈ ਤੇ ਨਵੇਂ ਗਾਹਕ ਆਪਣੇ ਖਾਤੇ ਖੁਲ੍ਹਵਾਉਣ ਲਈ ਆਉਣੇ ਅਰੰਭ ਹੋ ਗਏ।

ਮੇਰਾ ਇਨਸ਼ੋਰੈਂਸ ਦਾ ਕੰਮ ਵੀ ਇੱਥੇ ਆ ਕੇ ਚਮਕ ਪਿਆ। ਲੋਕ ਘਰਾਂ ਤੇ ਕਾਰਾਂ ਦੀ ਇਨਸ਼ੋਰੈਂਸ ਕਰਵਾਉਣ ਆਪ ਹੀ ਆਉਣੇ ਸ਼ੁਰੂ ਹੋ ਗਏ। ਬਿਲਡਿੰਗ ਸੁਸਾਇਟੀ ਦੀ ਏਜੈਂਸੀ ਦਾ ਇਕ ਲਾਭ ਇਹ ਵੀ ਹੋਇਆ ਕਿ ਮੈਂ ਨਵੇਂ ਘਰ ਖਰੀਦਣ ਵਾਲਿਆਂ ਲਈ ਮੌਰਗੇਜਾਂ ਦਾ ਪ੍ਰਬੰਧ ਵੀ ਕਰਨ ਲੱਗ ਪਿਆ। ਮੌਰਗੇਜ ਲੈਣ ਵਾਲੇ ਹੱਸ ਕੇ ਜੀਵਨ ਬੀਮਾ ਵੀ ਕਰਵਾ ਲੈਂਦੇ ਸਨ, ਕਿਉਂਕਿ ਜੀਵਨ ਬੀਮਾ ਹੋਣ ਕਰਕੇ ਮੌਰਗੇਜ ਲੈਣ ਦਾ ਕੰਮ ਹੋਰ ਵੀ ਸੁਖਾਲਾ ਹੋ ਜਾਂਦਾ ਸੀ। ਫੇਰ ਜੇ ਅਗਲਾ ਮੇਰੇ ਰਾਹੀਂ ਮੌਰਗੇਜ ਲੈਂਦਾ ਸੀ ਤਾਂ ਘਰ ਦੀ ਇਨਸ਼ੋਰੈਂਸ ਵੀ ਕਰਵਾਉਂਦਾ ਸੀ। ਘਰ ਦੀ ਇਨਸ਼ੋਰੈਂਸ ਮੌਰਗੇਜ ਲੈਣ ਲਈ ਲਾਜ਼ਮੀ ਸ਼ਰਤ ਸੀ। ਇਸ ਤੋਂ ਬਿਨਾ ਕੋਈ ਵੀ ਮੌਰਗੇਜ ਨਹੀਂ ਦਿੰਦਾ ਸੀ।

ਸਮਾਂ ਪਾ ਕੇ ਐਬੀ ਨੈਸ਼ਨਲ ਤੋਂ ਬਿਨਾਂ ਹੋਰ ਵੀ ਕਈ ਅਜਿਹੇ ਸੰਪਰਕ ਬਣ ਗਏ, ਜਿਨ੍ਹਾਂ ਨੂੰ ਵਰਤ ਕੇ ਮੈਂ ਅਨੇਕਾਂ ਅਜਿਹੇ ਬੰਦਿਆਂ ਦੀ ਘਰ ਲੈਣ ਵਿਚ ਸਹਾਇਤਾ ਕਰਦਾ ਰਿਹਾ, ਜਿਨ੍ਹਾ ਨੂੰ ਬਿਲਡਿੰਗ ਸੋਸਾਇਟੀਆਂ ਮੌਰਗੇਜ ਨਹੀਂ ਦਿੰਦੀਆਂ ਸਨ। ਅਜਿਹੇ ਬੰਦੇ ਜਾਂ ਤਾਂ ਬੇਰੋਜ਼ਗਾਰ ਹੁੰਦੇ ਸਨ ਜਾਂ ਉਂਝ ਹੀ ਘਟ ਆਮਦਨੀ ਕਰਕੇ ਜਾਂ ਕਰਜ਼ਿਆਂ ਦੀ ਅਦਾਇਗੀ ਦਾ ਮਾੜਾ ਰਿਕਾਰਡ

ਹੋਣ ਕਰਕੇ ਆਮ ਬੈਂਕਾਂ ਤੇ ਬਿਲਡਿੰਗ ਸੋਸਾਇਟੀਆਂ ਨੂੰ ਪ੍ਰਵਾਨ ਨਹੀਂ ਹੁੰਦੇ ਸਨ। ਕਰਜ਼ੇ ਦੁਆਉਣ ਵਾਲੇ ਆਮ ਏਜੰਟ ਮਕਾਨਾਂ 'ਤੇ ਮੌਰਗੇਜਾਂ ਦੁਆਉਣ ਲਈ ਆਪਣੇ ਗਾਹਕਾਂ ਤੋਂ ਡੇਢ ਪ੍ਰਤੀਸ਼ਤ ਕਮਿਸ਼ਨ ਲੈਂਦੇ ਸਨ ਤੇ ਇਹਦੇ ਨਾਲ ਹੀ ਉਹ ਜੀਵਨ ਬੀਮੇ ਤੇ ਮਕਾਨ ਦੀ ਇਨਸ਼ੋਰੈਂਸ ਦਾ ਕੁਮਿਸ਼ਨ ਕੰਪਨੀਆਂ ਤੋਂ ਵੱਖਰਾ ਪ੍ਰਾਪਤ ਕਰਦੇ ਸਨ। ਮੈਂ ਆਪਣੇ ਗਾਹਕਾਂ ਤੋਂ ਮੌਰਗੇਜ ਦੁਆਉਣ ਲਈ ਕਦੀਂ ਵੀ ਕੁਮਿਸ਼ਨ ਨਹੀਂ ਲਿਆ ਸੀ, ਕੇਵਲ ਬਿਲਡਿੰਗ ਸੁਸਾਇਟਿਆਂ ਅਤੇ ਇਨਸ਼ੋਰੈਂਸ ਕੰਪਨੀਆਂ ਤੋਂ ਮਿਲੇ ਕਮਿਸ਼ਨ 'ਤੇ ਹੀ ਸਬਰ ਕਰ ਲੈਂਦਾ ਸਾ। ਕਈ ਵੇਰ ਇੰਞ ਵੀ ਹੁੰਦਾ ਰਿਹਾ ਕਿ ਮੈਂ ਕਿਸੇ ਦੀ ਘਰ ਲੈਣ ਲਈ ਮਦਦ ਵੀ ਕਰ ਦਿੰਦਾ ਪਰ ਮੈਨੂੰ ਇਸ ਕੰਮ ਵਿਚੋਂ ਕੁਝ ਵੀ ਨਾ ਮਿਲਦਾ ਤੇ ਉਹ ਬੰਦਾ ਘਰ ਬੈਠਾ ਹੀ ਲਾਭ ਉਠਾ ਲੈਂਦਾ।

ਬਥੁੱਲੀ ਰੋਡ ਵਾਲਾ ਮੇਰਾ ਘਰ ਕਰਜ਼ੇ ਤੋਂ ਮੁਕਤ ਹੋ ਗਿਆ ਸੀ। ਮੇਰੇ ਕਾਰੋਬਾਰ ਵਾਲਾ ਇਹ ਮਕਾਨ ਮੇਰੇ ਟੱਬਰ ਦੀ ਰਿਹਾਇਸ਼ ਲਈ ਚੋਖਾ ਖੁਲ੍ਹਾ ਸੀ। ਔਫਸ ਤੋਂ ਬਿਨਾ ਇਹਦੇ ਵਿਚ ਤਿੰਨ ਬੈਡਰੂਮ, ਦੋ ਬਾਥਰੂਮ, ਇਕ ਰੀਸੈਪਸ਼ਨ ਰੂਮ ਤੇ ਇੱਕ ਖੁਲ੍ਹਾ ਕਿਚਨ ਸੀ। ਸੋਚਦਾ ਸਾਂ ਜੇ ਮੇਰਾ ਟੱਬਰ ਇਹਦੇ ਵਿਚ ਆ ਜਾਵੇ, ਬਥੁੱਲੀ ਰੋਡ ਵਾਲਾ ਘਰ ਵੇਚ ਦਿੱਤਾ ਜਾਵੇ ਤੇ ਇਸ ਨਵੇਂ ਮਕਾਨ 'ਤੇ ਲਿਆ ਕਰਜ਼ਾ ਲਾਹ ਦਿੱਤਾ ਜਾਵੇਂ ਤਾਂ ਖਾਹਮਖਾਹ ਦੇ ਵਿਆਜ ਤੋਂ ਛੁਟਕਾਰਾ ਪ੍ਰਾਪਤ ਹੋ ਜਾਵੇਗਾ। ਪਰ ਇਸ ਤੋਂ ਪਹਿਲਾਂ ਇਸ ਮਕਾਨ ਦੇ ਨਵਿਆਉਣ ਦਾ ਕੰਮ ਵੀ ਕਰਨ ਪਿਆ। ਇਸ ਕੰਮ ਲਈ ੭ ਹਜ਼ਾਰ ਪੌਂਡ ਗ੍ਰਾਂਟ ਦੇ ਤੌਰ 'ਤੇ ਸਿਟੀ ਕੌਂਸਲ ਨੇ ਦੇਣੇ ਮਨਜ਼ੂਰ ਕਰ ਲਏ ਸਨ ਤਾਂ ਵੀ ਮੈਨੂੰ ਆਪਣੇ ਕੋਲੋਂ ੧੪ ਹਜ਼ਾਰ ਪੌਂਡ ਹੋਰ ਖਰਚਣੇ ਪਏ। ਇੰਞ ਮੇਰੇ ਕੋਲ ਕੰਮ ਚਲਾਉਣ ਲਈ ਕੁਝ ਰਕਮ ਵੀ ਨਾ ਰਹੀ। ਇਸ ਲਈ ਮੇਰੇ ਲਈ ਬਿਥੁਲੀ ਰੋਡ ਵਾਲਾ ਘਰ ਵੇਚਣਾ ਜ਼ਰੂਰੀ ਹੋ ਗਿਆ। ਵਿਕਣ ਲਈ ਤਾਂ ਉਹ ਘਰ 17 ਹਜ਼ਾਰ ਪੌਂਡ

ਦਾ ਲਾਇਆ ਹੋਇਆ ਸੀ, ਪਰ ਮੇਰੀ ਪਤਨੀ ਨੇ ਇੱਕ ਸੰਭਾਵੀ ਗਾਹਕ ਨੂੰ ਕਹਿ ਦਿੱਤਾ ਕਿ ਅਸੀਂ ਇਹ ਘਰ 15 ਹਜ਼ਾਰ ਪੌਂਡ ਵਿਚ ਦੇਣ ਲਈ ਤਿਆਰ ਹਾਂ। ਸੰਭਾਵੀ ਗਾਹਕ ਨੂੰ ਇਹ ਸੌਦਾ ਸਸਤਾ ਲੱਗਾ ਤੇ ਉਹ ਮੇਰੇ ਆ ਦੁਆਲੇ ਹੋਇਆ। ਮੈਂ ਕਹਿ ਰਿਹਾ ਸਾਂ ਕਿ ਅਸੀਂ ਇਹ ਘਰ 17 ਹਜ਼ਾਰ ਤੋਂ ਘਟ ਵਿਚ ਵੇਚਣਾ ਨਹੀਂ, ਉਹ ਕਹੀ ਜਾਵੇ ਕਿ ਤੁਹਾਡੀ ਪਤਨੀ ਨੇ ਤਾਂ 15 ਹਜ਼ਾਰ ਕਿਹਾ ਹੈ। ਮੈ ਕਿਵੇਂ ਕਹਿ ਦਿੰਦਾ ਕਿ ਮੇਰੀ ਪਤਨੀ ਨੇ ਗ਼ਲਤ ਕਿਹਾ ਹੈ? ਨਾਲੇ ਮੈਨੂੰ ਕੰਮ ਚਲਾਉਣਲਈ ਵੀ ਤਾਂ ਰਕਮ ਚਾਹੀਦੀ ਸੀ। ਇਸ ਲਈ ਮੈਨੂੰ ਉਹਦੀ ਗੱਲ ਮੰਨਣੀ ਪਈ। ਮੈਂ ਛੇਤੀ ਹੀ ਉਹ ਘਰ ਉਸ ਬੰਦੇ ਨੂੰ ਪੰਦਰਾਂ ਹਜ਼ਾਰ ਪੌਂਡ ਵਿਚ ਵੇਚ ਕੇ 83 ਸੇਂਟ ਥੌਮਸ ਰੋਡ ਵਾਲੇ ਮਕਾਨ 'ਤੇ ਲਿਆ ਸਾਰਾ ਕਰਜ਼ਾ ਲਾਹ ਦਿੱਤਾ।

ਇਸ ਨਿੱਜੀ ਕਾਰੋਵਾਰ ਵਿਚ ਪੈਣ ਦੇ ਪਹਿਲੇ ਦੋ ਸਾਲ ਤਾਂ ਆਮਦਨੀ ਬਹੁਤੀ ਨਹੀਂ ਸੀ। ਇਸ ਲਈ ਮੈਂ ਟੈਕਸ ਤੋਂ ਕੇਵਲ ਬਚਿਆ ਹੋਇਆ ਹੀ ਨਹੀਂ ਸਾਂ, ਸਗੋਂ ਟੈਕਸ ਲੱਗਣ ਦੀ ਨਿਸਚਤ ਹੱਦ ਤੋਂ ਘਟ ਆਮਦਨੀ ਹੋਣ ਕਰਕੇ ਪਿਛਲੇ ਦੋ ਸਾਲਾਂ ਵਿਚ ਦਿੱਤਾ ਟੈਕਸ ਵੀ ਮੁੜਨ ਦੀ ਸੰਭਾਵਨਾ ਸੀ। ਪਰ ਮੈਂ ਪਿਛਲੇ ਦੋ ਸਾਲ ਕੋਈ ਟੈਕਸ ਦਿਤਾ ਹੀ ਨਹੀਂ ਸੀ, ਇਸ ਲਈ ਮੁੜਦਾ ਟੈਕਸ 700 ਸੌ ਪੌਂਡ ਮੇਰੀ ਥਾਂ ਮੇਰੀ ਪਤਨੀ ਨੂੰ ਮੋੜਿਆ ਗਿਆ। ਜਦ ਆਮਦਨੀ ਵਧਣ ਲੱਗ ਪਈ ਤਾਂ ਉਹਦੇ ਨਾਲ ਟੈਕਸ ਵੀ ਲੱਗਣ ਲੱਗ ਪਿਆ।

ਉਨ੍ਹਾਂ ਦਿਨਾਂ ਵਿਚ ਪ੍ਰਾਈਵੇਟ ਪੈਨਸ਼ਨ ਦੇ ਪ੍ਰੀਮੀਅਮ ਉੱਤੇ ਟੈਕਸ ਦੀ ਛੋਟ ਮਿਲ ਜਾਂਦੀ ਸੀ। ਮੈਂ ਸਾਲ ਦੇ ਅੰਤ 'ਤੇ ਇੰਨਾ ਕੁ ਪੈਨਸ਼ਨ ਪ੍ਰੀਮੀਅਮ ਜਮ੍ਹਾਂ ਕਰਾ ਦੇਣਾ ਅਰੰਭ ਕਰ ਦਿੱਤਾ ਜਿੰਨੇ ਨਾਲ ਲੱਗਣ ਵਾਲਾ ਸਾਰਾ ਟੈਕਸ ਮੁੜ ਆਵੇ। ਇਸਤਰ੍ਹਾਂ ਨਾਲੇ ਤਾਂ ਟੈਕਸ ਤੋਂ ਬਚ ਜਾਂਦਾ ਸਾਂ ਤੇ ਨਾਲੇ ਰੀਟਾਇਰਮੈਂਟ ਪੈਨਸ਼ਨ ਦਾ ਪ੍ਰਬੰਧ ਹੋਈ ਜਾਂਦਾ ਸੀ। ਬਹੁਤ ਖੁਸ਼ ਸਾਂ ਕਿ ਔਝੜ ਰਾਹੀਂ ਠੇਡੇ ਖਾਣ ਮਗਰੋਂ ਆਖਰ ਸਿੱਧੀ ਤੇ ਸਾਫ ਸੜਕ 'ਤੇ ਆ ਗਿਆ

ਸਾਂ। ਇਹ ਖ਼ੁਸ਼ੀ ਕਿੰਨਾ ਕੁ ਚਿਰ ਰਹਿਣੀ ਸੀ ਇਹ ਇਹਦੇ ਬਾਰੇ ਤਾਂ ਕੁਝ ਨਹੀਂ ਕਿਹਾ ਜਾ ਸਕਦਾ ਸੀ।

*2.*

ਮਾਰਚ ੧੯੮੭ ਵਿਚ ਮੇਰੀ ਪਤਨੀ, ਛੋਟੀ ਧੀ ਨੂੰ ਨਾਲ ਲੈ ਕੇ ਦੇਸ ਫੇਰੀ ਲਈ ਗਈ। ਉਹ ਪਹਿਲਾਂ ਯੂ.ਪੀ. ਵਿਚ ਗਈ। ਉੱਥੇ ਯੂ. ਪੀ. ਦੇ ਜਿਲੇ ਬਿਜਨੌਰ ਵਿਚ ਉਹਦੇ ਮਾਮੇ ਰਹਿੰਦੇ ਸਨ। ਉਨ੍ਹਾਂ ਕੋਲ ਕੁਝ ਦਿਨ ਰਹਿਣ ਪਿੱਛੋਂ ਉਹ ਜਿਲ੍ਹਾ ਨੈਨੀ ਤਾਲ (ਹੁਣ ਊਧਮ ਸਿੰਘ ਨਗਰ) ਵਿਚ ਰਹਿੰਦੇ ਮੇਰੇ ਚਾਚੇ ਅਤੇ ਦੋਹਾਂ ਵਡੇ ਭਰਾਵਾਂ ਨੂੰ ਮਿਲਣ ਚਲੀ ਗਈ। ਉੱਥੇ ਪੁੱਜਦੀ ਨੇ ਇਹ ਦਿੱਲ-ਕੰਬਾਊ ਖਬਰ ਟੈਲੀਫੋਨ 'ਤੇ ਸੁਣਾ ਦਿੱਤੀ ਕਿ ਮੇਰੇ ਚਾਚੇ ਨੂੰ ਅਧਰੰਗ ਹੋ ਗਿਆ ਹੈ ਤੇ ਮੇਰਾ ਵਡਾ ਭਰਾ ਅਜੀਤ ਸਿੰਘ ਸਖਤ ਬੀਮਾਰ ਹੈ ਤੇ ਉਹ ਦੋਵੇਂ ਹਸਪਤਾਲ ਵਿਚ ਦਾਖਲ ਹਨ।

ਮੇਰਾ ਕਾਰੋਬਾਰ ਅਜਿਹਾ ਸੀ ਕਿ ਕੰਮ ਬੰਦ ਕਰ ਕੇ ਇੱਕ ਦੱਮ ਜਾ ਨਹੀਂ ਸਕਦਾ ਸਾਂ ਤੇ ਮੇਰੇ ਪਿੱਛੋਂ ਕੰਮ ਦੀ ਸਾਂਭ ਸੰਭਾਲ ਕਰਨ ਵਾਲਾ ਵੀ ਹੋਰ ਕੋਈ ਨਹੀਂ ਸੀ। ਇਸ ਲਈ ਇਹੀ ਸੋਚਿਆ ਕਿ ਜਾਣ ਨਾਲੋਂ ਇਹੀ ਚੰਗਾ ਹੈ ਕਿ ਆਪਣੇ ਵਿਚਕਾਰਲੇ ਭਰਾ ਨੂੰ ਕੁਝ ਪੈਸੇ ਭੇਜ ਦਿਆਂ ਤਾਂ ਕਿ ਉਹਨਾਂ ਦਾ ਇਲਾਜ ਹੋ ਸਕੇ। ਇਹ ਵੀ ਸੋਚ ਸੀ ਜੇ ਹਾਲਤ ਵਧੇਰੇ ਹੀ ਮਾੜੀ ਹੋਈ ਤਾਂ ਆਪਣੀ ਪਤਨੀ ਦੇ ਵਾਪਸ ਆਉਣ 'ਤੇ ਅੱਖੀਂ ਡਿੱਠਾ ਹਾਲ ਸੁਣ ਕੇ, ਜੇ ਜਾਣਾ ਜ਼ਰੂਰੀ ਹੋਇਆਂ ਤਾਂ ਚਲਾ ਜਾਵਾਂਗਾ।

ਕੁਝ ਦਿਨਾਂ ਬਾਅਦ ਮੇਰੀ ਪਤਨੀ ਨੇ ਵਾਪਸ ਆ ਕੇ ਜਿਹੋ ਜਿਹੀ ਹਾਲਤ ਦੱਸੀ, ਉਹ ਸੁਣ ਕੇ ਮੈਂ ਆਪਣੇ ਆਪ ਨੂੰ ਰੋਕ ਨਾ ਸਕਿਆ ਤੇ ਹਫਤੇ ਦੇ ਅੰਦਰ ਅੰਦਰ ਜਾਣ ਲਈ ਏਅਰ ਟਿਕਟ ਬੁਕ ਕਰਾ ਲਿਆ। ਇਹ ਸੋਚ ਕੇ ਦਿਲ ਬੈਠਦਾ ਜਾ ਰਿਹਾ ਸੀ ਕਿ ਅੰਤਮ ਘੜੀ ਵਿਚ ਅਪਣੇ ਤਾਏ, ਆਪਣੀ ਮਾਂ

ਤੇ ਆਪਣੇ ਪਿਤਾ ਜੀ ਦੇ ਮੈਂ ਦਰਸ਼ਨ ਨਹੀਂ ਕਰ ਸਕਿਆ ਸਾਂ, ਅਜਿਹਾ ਨਾ ਹੋ ਜਾਵੇ ਕਿ ਮੇਰਾ ਚਾਚਾ ਤੇ ਮੇਰਾ ਭਰਾ ਵੀ ਮੈਨੂੰ ਉਡੀਕਦੇ ਹੀ ਤੁਰ ਜਾਣ।

ਪਾਨਾਮ ਏਅਰ ਲਾਇਨਜ਼ ਦਾ ਟਿਕਟ ਸੀ। ਮੈਂ ਹੀਥਰੋ ਏਅਰਪੋਰਟ ਲੰਡਨ ਤੋਂ ਜਹਾਜ ਫੜਿਆ। ਇਹ ਜਹਾਜ਼ ਫਰੈਂਕਫਰਟ ਜਰਮਨੀ ਤੱਕ ਹੀ ਜਾਣਾ ਸੀ, ਉੱਥੋਂ ਦਿੱਲੀ ਲਈ ਜਹਾਜ ਬਦਲਣਾ ਸੀ। ਫਰੈਂਕਫਰਟ ਤੋਂ ਦਿੱਲੀ ਲਈ ਸਿੱਧੀ ਫਲਾਈਟ ਮਿਲ ਗਈ। ਅੱਠ ਘੰਟੇ ਵਿਚ ਹੀ ਮੈਂ ਸਵੇਰੇ ਦਿੱਲੀ ਜਾ ਉੱਤਰਿਆ। ਪਰ ਅੱਗੇ ਜਿਹੜੀ ਗੱਡੀ ਵਿਚ ਜਾਣਾ ਸੀ ਉਹ ਰਾਤ ਦੇ ਸਾਢੇ ਗਿਆਰਾਂ ਵਜੇ ਕਾਠ ਗੁਦਾਮ ਯੂ. ਪੀ. ਲਈ ਚਲਦੀ ਸੀ। ਇਸ ਲਈ ਸਾਰਾ ਦਿਨ ਦਿੱਲੀ ਵਿਚ ਹੀ ਲੰਘਾਉਣ ਦਾ ਪ੍ਰਸ਼ਨ ਸਾਹਮਣੇ ਸੀ।

ਮੈਂ ਏਅਰਪੋਰਟ ਤੋਂ ਟੈਕਸੀ ਫੜ ਕੇ ਇੱਕ ਛੋਟੇ ਜਿਹੇ ਹੋਟਲ ਵਿਚ ਜਾ ਟਿਕਿਆ। ਕੁਝ ਚਿਰ ਆਰਾਮ ਕਰਨ ਪਿਛੋਂ ਮੈਂ ਆਪਣੇ ਸਨੇਹੀ ਡਾਕਟਰ ਹਰਿਭਜਨ ਸਿੰਘ ਨੂੰ ਫੋਨ ਕੀਤਾ। ਉਹ ਇੰਨਾ ਖੁਸ਼ ਹੋਇਆ ਕਿ ਅੱਧੇ ਘੰਟੇ ਵਿਚ ਮੇਰੇ ਕੋਲ ਆ ਪੁੱਜਾ। ਘੰਟਾ ਕੁ ਬੈਠੇ ਗੱਲਾਂ ਕਰਦੇ ਰਹੇ। ਫੇਰ ਉਹਨੇ ਮੈਨੂੰ ਪੁੱਛਿਆ, "ਬਾਕੀ ਸਾਰਾ ਦਿਨ ਕਿੱਥੇ ਕਿੱਥੇ ਘੁੰਮਣਾ ਹੈ? ਮੈਂ ਤੁਹਾਡੇ ਨਾਲ ਚੱਲਾਂਗਾ। ਜੋ ਕੁਝ ਵੀ ਦੇਖਣਾ ਚਾਹੋਂ ਦਿਖਾ ਦਿਆਂਗਾ।"

ਮੇਰਾ ਮਨ ਤਾਂ ਉਦਾਸੀ ਨੇ ਮੱਲਿਆ ਹੋਇਆ ਸੀ। ਚਾਚੇ ਅਤੇ ਭਰਾ ਦੀ ਬੀਮਾਰੀ ਦੇ ਫਿਕਰ ਨੇ ਕੁਝ ਦੇਖਣ/ਜਾਣਨ ਦਾ ਚਾਅ ਰਹਿਣ ਨਹੀਂ ਦਿੱਤਾ ਸੀ। ਮੈਂ ਕਿਹਾ, "ਹੋਰ ਕਿਤੇ ਤਾਂ ਕੀ ਜਾਣਾ। ਕੇਵਲ ਨਵਯੁਗ ਪ੍ਰੈਸ ਵਾਲੇ ਭਾਪਾ ਪ੍ਰੀਤਮ ਸਿੰਘ ਨੂੰ ਮਿਲਣ ਦੀ ਇੱਛਾ ਹੈ। ਪਤਾ ਲੱਗ ਜਾਵੇਗਾ ਕਿ ਮੇਰੀ ਕਿਤਾਬ 'ਬ੍ਰਤਾਨਵੀ ਪੰਜਾਬੀ ਸਾਹਿਤ ਦੀਆਂ ਪ੍ਰਾਪਤੀਆਂ' ਕੁੱਝ ਵਿਕੀ ਵੀ ਹੈ ਕਿ ਨਹੀਂ"। ਭਾਪਾ ਪ੍ਰੀਤਮ ਸਿੰਘ ਨੇ ਕੁਝ ਚਿਰ ਪਹਿਲਾਂ ਮੇਰੀ ਇਹ ਕਿਤਾਬ ਪ੍ਰਕਾਸ਼ਤ ਕੀਤੀ ਸੀ ਤੇ ਡਾਕਟਰ ਹਰਿਭਜਨ ਸਿੰਘ ਨੇ ਇਸਦਾ ਮੁੱਖਬੰਦ ਲਿਖਿਆ ਸੀ।

ਡਾਕਟਰ ਹਰਿਭਜਨ ਸਿੰਘ ਨੇ ਕਿਹਾ, "ਚਲੋ ਫੇਰ ਉਥੇ ਹੀ ਪਹਿਲਾਂ ਚਲਦੇ ਹਾਂ"।

ਅਸੀਂ ਔਟੋ-ਰਿਖਸ਼ਾ ਫੜ ਕੇ ਕੁਝ ਮਿੰਟਾਂ ਵਿਚ ਹੀ ਭਾਪਾ ਪ੍ਰੀਤਮ ਸਿੰਘ ਦੇ ਦਫਤਰ ਪਲਈਯਰ ਗਾਰਡਨ ਚਾਂਦਨੀ ਚੌਕ ਵਿਚ ਜਾ ਪੁੱਜੇ। ਭਾਪਾ ਪ੍ਰੀਤਮ ਸਿੰਘ ਬਹੁਤ ਹੀ ਖੁਸ਼ ਹੋ ਕੇ ਮਿਲਿਆ। ਸਾਥੋਂ ਪਹਿਲਾਂ ਉੱਥੇ ਹੀ ਦੇਵਿੰਦਰ ਸਤਿਆਰਥੀ ਤੇ ਸਤਿੰਦਰ ਸਿੰਘ ਨੂਰ ਵੀ ਬੈਠੇ ਸਨ। ਭਾਪਾ ਪ੍ਰੀਤਮ ਸਿੰਘ ਨੇ ਉਨ੍ਹਾਂ ਨਾਲ ਮੇਰੀ ਜਾਣ ਪਛਾਣ ਕਰਾਈ। ਉਹ ਦੋਵੇਂ ਬਹੁਤ ਖੁਸ਼ ਹੋ ਕੇ ਮਿਲੇ। ਫੇਰ ਮੇਰੇ ਨਾਲ ਬ੍ਰਤਾਨੀਆਂ ਵਸਦੇ ਆਪਣੇ ਜਾਣੂ ਲੇਖਕਾਂ ਬਾਰੇ ਗੱਲਾਂ ਕਰਦੇ ਰਹੇ। ਗੱਲਾਂ ਬਾਤਾਂ ਵਿਚ ਪਤਾ ਹੀ ਨਾ ਲੱਗਾ ਕਦ ੨ ਵਜ ਗਏ। ਭਾਪਾ ਪ੍ਰੀਤਮ ਸਿੰਘ ਨੇ ਕਿਹਾ, "ਹੋਰ ਗੱਲਾਂ ਪਿੱਛੋਂ ਹੁੰਦੀਆ ਰਹਿਣਗੀਆਂ, ਚਲੋ ਪਹਿਲਾਂ ਖਾਣ ਪੀਣ ਦਾ ਕੰਮ ਕਰ ਆਈਏ"। ਫੇਰ ਉਹ ਸਾਨੂੰ ਸਾਰਿਆ ਨੂੰ ਇੱਕ ਹੋਟਲ ਵਿਚ ਲੈ ਗਿਆ। ਲੱਗ ਪੱਗ ਅੱਧਾ ਕੁ ਘੰਟਾ ਅਸੀਂ ਖਾਣ ਪੀਣ ਵਿਚ ਰੁੱਝੇ ਰਹੇ ਤੇ ਨਾਲ ਦੀ ਨਾਲ ਗੱਲਾਂ ਵੀ ਕਰਦੇ ਰਹੇ।

ਮੁੜ ਕੇ ਦਫਤਰ ਪੁੱਜਣ ਪਿੱਛੋਂ ਦੇਵਿੰਦਰ ਸਤਿਆਰਥੀ ਤੇ ਸਤਿੰਦਰ ਸਿੰਘ ਨੂਰ ਦੋਵੇਂ ਛੇਤੀ ਹੀ ਚਲੇ ਗਏ। ਡਾਕਟਰ ਹਰਿਭਜਨ ਸਿੰਘ ਤੇ ਮੈਂ ਕੁਝ ਚਿਰ ਹੋਰ ਭਾਪਾ ਪ੍ਰੀਤਮ ਸਿੰਘ ਕੋਲ ਬੈਠੇ ਰਹੇ। ਮੈਂ ਆਪਣੀ ਸਾਰੀ ਵਿੱਥਿਆ ਉਨ੍ਹਾਂ ਨਾਲ ਸਾਂਝੀ ਕੀਤੀ। ਮੇਰੀ ਵਿੱਥਿਆ ਸੁਣ ਕੇ ਉਹ ਦੋਵੇਂ ਵੀ ਕੁਝ ਉਦਾਸ ਜਿਹੇ ਹੋ ਗਏ। ਚਾਰ ਵੱਜ ਗਏ ਸਨ। ਗੱਡੀ ਫੜਨ ਵਿਚ ਹਾਲੀਂ ਵੀ ਸਾਢੇ ਸੱਤ ਘੰਟੇ ਪਏ ਸਨ।

ਭਾਪਾ ਪ੍ਰੀਤਮ ਸਿੰਘ ਨੇ ਕਿਹਾ, "ਹਰਬਖਸ਼ ਜੀ! ਜਿਸ ਹਾਲਤ ਵਿਚ ਤੁਸੀਂ ਆਏ ਹੋ, ਉਸ ਹਾਲਤ ਵਿਚ ਕੁਝ ਸੁੱਝਦਾ ਵੀ ਨਹੀਂ ਹੁੰਦਾ। ਤੁਹਾਡੇ ਪਾਸ ਖਰਚ ਲਈ ਬਹੁਤੇ ਪੈਸੇ ਤਾਂ ਹੋਣੇ ਨਹੀਂ", ਇਹ ਕਹਿਕੇ ਉਹਨੇ ਮੇਜ਼ ਦੀ

ਦਰਾਜ ‘ਚੋਂ ਦਸ ਹਜ਼ਾਰ ਰੁਪਏ ਕੱਢ ਕੇ ਮੈਨੂੰ ਫੜਾ ਦਿੱਤੇ ਤੇ ਕਿਹਾ, “ਆਪਣੇ ਚਾਚੇ ਤੇ ਭਰਾ ਦਾ ਇਲਾਜ ਕਰਵਾਉਣ ‘ਤੇ ਖਰਚ ਲਿਓ। ਜੇ ਹੋਰ ਚਾਹੀਦੇ ਹੋਣ ਤਾਂ ਵੀ ਦੱਸ ਦਿਓ, ਹੋਰ ਮਿਲ ਜਾਣਗੇ”।

ਰੁਪਏ ਤਾਂ ਮੈਨੂੰ ਸੱਚ ਮੁਚ ਹੀ ਚਾਹੀਦੇ ਸਨ, ਇਸ ਲਈ ਮੈਂ ਰੁਪਏ ਫੜ ਕੇ ਕਿਹਾ, “ਭਾਪਾ ਜੀ! ਪੈਸਿਆਂ ਦਾ ਸੱਚ ਮੁਚ ਫਿਕਰ ਸੀ। ਉਹ ਤੁਸੀਂ ਦੂਰ ਕਰ ਦਿੱਤਾ। ਤੁਹਾਡਾ ਬਹੁਤ ਬਹੁਤ ਧੰਨਵਾਦ”।

ਇਹ ਕਹਿ ਕੇ ਮੈਂ ਭਾਪਾ ਜੀ ਨੂੰ ਉੱਨੇ ਰੁਪਇਆਂ ਦੇ ਪੌਂਡ ਦੇਣੇ ਚਾਹੇ। ਭਾਪਾ ਜੀ ਨੇ ਕਿਹਾ, “ਨਹੀਂ ਹਰਬਖਸ਼ ਜੀ ਹਾਲੀਂ ਪੌਂਡ ਦੇਣ ਦੀ ਕੋਈ ਲੋੜ ਨਹੀਂ। ਜਦ ਕਿਤੇ ਮੈਂ ਇੰਗਲੈਂਡ ਆਇਆ ਤਾਂ ਦੇ ਦੇਣੇ। ਹਾਲੀਂ ਤੁਸੀ ਆਪਣੇ ਚਾਚੇ ਤੇ ਭਰਾ ਦਾ ਇਲਾਜ ਕਰਵਾਓ”।

ਡਾਕਟਰ ਹਰਿਭਜਨ ਸਿੰਘ ਨੇ ਕਿਹਾ, “ਹਰਬਖਸ਼ ਜੀ! ਮੇਰੇ ਨਾਲ ਘਰ ਨੂੰ ਚਲੋ। ਕੁਝ ਆਰਾਮ ਕਰ ਲਿਓ ਤੇ ਫੇਰ ਖਾਣਾ ਖਾਣ ਮਗਰੋਂ ੧੦ ਕੁ ਵਜੇ ਸਟੇਸ਼ਨ ਲਈ ਔਟੋ ਰਿਕਸ਼ਾ ਫੜ ਲਿਓ”।

ਮੈਨੂੰ ਹੋਰ ਕੀ ਚਾਹੀਦਾ ਸੀ। ਮੈਂ ਹਾਂ ਕਰ ਦਿੱਤੀ। ਅਸੀਂ ਔਟੋ ਫੜ ਕੇ ਅੱਧੇ ਘੰਟੇ ਵਿਚ ਉਹਦੇ ਘਰ ਮਾਨਸਰੋਵਰ ਗਾਰਡਨਜ਼ ਵਿਚ ਪੁੱਜ ਗਏ।

ਮੈਂ ਤਿੰਨ ਕੁ ਘੰਟੇ ਆਰਾਮ ਕੀਤਾ। ਫੇਰ ਉੱਠ ਕੇ ਡਾਕਟਰ ਹਰਿਭਜਨ ਸਿੰਘ ਨਾਲ ਵਿਚਾਰ ਵਟਾਂਦਰਾ ਕਰਦਾ ਰਿਹਾ। ਸਾਢੇ ਅੱਠ ਵਜੇ ਤੱਕ ਖਾਣਾ ਤਿਆਰ ਹੋ ਚੁੱਕਾ ਸੀ। ਅਸੀਂ ਖਾਣਾ ਵੀ ਖਾਂਦੇ ਰਹੇ ਤੇ ਨਾਲ ਨਾਲ ਗੱਲਾਂ ਵੀ ਕਰਦੇ ਰਹੇ। ਗੱਲਾਂ ਵਿਚ ਸਾਢੇ ਨੌ ਵੱਜ ਗਏ। ਮੈਂ ਕਿਹਾ, “ਡਾਕਟਰ ਸਾਹਿਬ ਹੁਣ ਮੈਨੂੰ ਜਾਣਾ ਚਾਹੀਦਾ ਹੈ। ਪੁਰਾਣੀ ਦਿੱਲੀ ਸਟੇਸ਼ਨ ‘ਤੇ ਪੁੱਜਣ ਲਈ ਤੇ ਫੇਰ ਟਿਕਟ ਬੁੱਕ ਕਰਨ ਲਈ ਵੀ ਸਮਾਂ ਲੱਗਣਾ ਹੈ”।

ਕੁਝ ਮਿੰਟਾਂ ਵਿਚ ਉਹ ਤਿਆਰ ਹੋ ਗਿਆ। ਮੈਂ ਤਾਂ ਪਹਿਲਾਂ ਹੀ ਤਿਆਰ ਬੈਠਾ ਸਾਂ। ਅਸੀਂ ਕੁਝ ਮਿੰਟ ਤੁਰ ਕੇ ਮੁੱਖ ਸੜਕ ਤੇ ਪੁੱਜ ਗਏ।

ਡਾਕਟਰ ਸਾਹਿਬ ਨੇ ਆਉਂਦੇ ਇੱਕ ਆਟੋ ਰਿਖਸ਼ੇ ਨੂੰ ਰੋਕਿਆ। ਆਟੋ ਰਿਖਸ਼ਾਂ ਖਾਲੀ ਸੀ ਮੈਂ ਡਾਕਟਰ ਹੁਰਾਂ ਨੂੰ ਹੱਥ ਜੋੜੇ ਤੇ ਔਟੋ ਵਿਚ ਬਹਿ ਗਿਆ।

ਪੁਰਾਣੀ ਦਿੱਲੀ ਸਟੇਸ਼ਨ ਤੋਂ ਕਾਠ ਗੁਦਾਮ ਨੂੰ ਜਾਣ ਵਾਲੀ ਗੱਡੀ ਠੀਕ ਪੌਣੇ ਬਾਰਾਂ ਵਜੇ ਤੁਰੀ ਤੇ ਸਵੇਰੇ ਸਾਢੇ ਛੇ ਵਜੇ ਲਾਲ ਕੂਆਂ ਸਟੇਸ਼ਨ 'ਤੇ ਪੁੱਜ ਗਈ। ਮੈਂ ਗੱਡੀਓਂ ਉੱਤਰ ਕੇ ਸਟੇਸ਼ਨ ਦੇ ਸਾਹਮਣਿਓ ਹੀ ਟਣਕਪੁਰ ਨੂੰ ਜਾਣ ਵਾਲੀ ਬਸ ਫੜੀ ਤੇ ਪੌਣੇ ਘੰਟੇ ਵਿਚ ਬਰ੍ਹਾ ਜਾ ਉੱਤਰਿਆ।

ਮੇਰਾ ਮੰਝਲਾ ਭਰਾ ਮਲਕੀਤ ਸਿੰਘ ਪਹਿਲਾਂ ਹੀ ਮੇਰੀ ਉਡੀਕ ਵਿਚ ਖੜਾ ਸੀ। ਉਹਦੇ ਉਦਾਸ ਚਿਹਰੇ ਤੋਂ ਉਹਦੀ ਅੰਤਰ-ਪੀੜਾ ਸਪੱਸ਼ਟ ਦਿਸ ਰਹੀ ਸੀ। ਉਹਨੂੰ ਦੇਖਦਿਆਂ ਹੀ ਮੇਰੇ ਅੰਦਰ ਵੀ ਉਹੋ ਜਿਹੀ ਪੀੜਾ ਉੱਠਣੀ ਕੁਦਰਤੀ ਹੀ ਸੀ। ਸਾਡੇ ਪਿਤਾ ਜੀ ਵਰਗਾ ਚਾਚਾ ਤੇ ਸਾਡਾ ਉਹ ਭਰਾ ਜਿਹਦੇ ਬਾਰੇ ਅਸੀਂ ਇਹ ਹੀ ਸੁਣਦੇ ਰਹੇ ਸਾਂ ਕਿ ਉਹ ਸਾਡੇ ਪਿਤਾ ਜੀ ਵਰਗਾ ਹੀ ਸਿੱਧਾ ਸਾਦਾ ਤੇ ਮਿਹਨਤੀ ਬੰਦਾ ਸੀ ਤੇ ਜਿਹਦੀ ਮੁਸ਼ੱਕਤ ਦਾ ਸਾਡੇ ਦੋਹਾਂ ਦੀ ਪਾਲਣਾ ਵਿਚ ਵੀ ਚੋਖਾ ਹਿੱਸਾ ਸੀ, ਉਹ ਦੋਵੇਂ ਅੰਤਮ ਸਮੇਂ ਦੀ ਉਡੀਕ ਵਿਚ ਅਪਾਹਜ ਹੋ ਕੇ ਬਿਸਤਰਾ ਮੱਲੀ ਪਏ ਸਨ।

ਮੇਰਾ ਚਾਚਾ ਤਾਂ ਬਿਸਤਰੇ ਵਿਚ ਪਿਆ ਆਪ ਉੱਠ ਕੇ ਬੈਠ ਵੀ ਨਹੀਂ ਸਕਦਾ ਸੀ। ਮੇਰੇ ਭਰਾ ਦੀ ਹਾਲਤ ਉਸ ਤੋਂ ਵੀ ਮਾੜੀ ਸੀ। ਮਲਕੀਤ ਨੇ ਦੱਸਿਆ ਕਿ ਦੋਹਾਂ ਨੂੰ ਹਸਪਤਾਲ ਦਾਖਲ ਕਰਵਾਇਆ ਸੀ। ਡਾਕਟਰਾਂ ਨੇ ਦਸ ਕੁ ਦਿਨ ਪਿੱਛੋਂ ਹੀ ਕਹਿ ਦਿੱਤਾ ਕਿ ਇਨ੍ਹਾ ਦਾ ਇਲਾਜ ਸੰਭਵ ਨਹੀਂ ਹੈ। ਘਰ ਲੈ ਜਾ ਕੇ ਜਿੰਨਾ ਕੁ ਚਿਰ ਸੇਵਾ ਕਰ ਸਕਦੇ ਹੋ ਕਰ ਲਵੋ। ਕਿੱਛੇ ਤੋਂ ਇਕ ਪਰਾਈਵੇਟ ਡਾਕਟਰ ਆ ਕੇ ਦੇਖ ਜਾਂਦਾ ਹੈ। ਉਹ ਵੀ ਇਹੀ ਕਹੀ ਜਾਂਦਾ ਹੈ ਕਿ ਸੇਵਾ ਕਰੀ ਚੱਲੋ। ਸ਼ਾਇਦ ਮੋੜ ਪੈ ਜਾਵੇ।

ਮੈਂ ਆਪਣੀ ਤਸੱਲੀ ਲਈ ਆਪਣੇ ਤੌਰ ਤੇ ਮਲਕੀਤ ਸਿੰਘ ਨੂੰ ਨਾਲ ਲੈ ਕੇ ਕਿੱਛੇ ਨੂੰ ਗਿਆ ਤੇ ਉੱਥੋਂ ਇੱਕ ਕਹਿੰਦੇ ਕਹਾਉਂਦੇ ਡਾਕਟਰ ਨੂੰ ਲਿਆ ਕੇ

ਦੋਹਾਂ ਨੂੰ ਦਿਖਾਲਿਆ। ਉਹ ਦਵਾਈਆਂ ਲਿਖ ਕੇ ਦੇ ਗਿਆ ਤੇ ਕਹਿ ਗਿਆ ਕਿ ਚਾਚੇ ਦਾ ਅਧਰੰਗ ਇੰਨਾ ਵੱਧ ਚੁੱਕਾ ਹੈ ਕਿ ਇਹਦਾ ਹੁਣ ਕੋਈ ਇਲਾਜ ਨਹੀਂ ਬਿਸਤਰੇ 'ਤੇ ਪਿਆ ਹੀ ਰਹਿੰਦੀ ਉਮਰ ਲੰਘਾਏਗਾ ਤੇ ਅਜੀਤ ਸਿੰਘ ਬਾਰੇ ਉਹਨੇ ਦੱਸਿਆ ਕਿ ਉਹਦੇ ਜਿਗਰ ਤੇ ਗੁਰਦੇ ਬਹੁਤ ਹੀ ਖਰਾਬ ਹੋ ਚੁੱਕੇ ਹਨ, ਦਵਾਈ ਦੇਈ ਜਾਵੋ ਸ਼ਾਇਦ ਮੋੜ ਪੈ ਜਾਵੇ।

ਮੈਂ ਆਪਣੇ ਵਡੇ ਭਰਾ ਅਜੀਤ ਸਿੰਘ ਦੇ ਮੰਜੇ ਕੋਲ ਕੁੱਝ ਚਿਰ ਬੈਠਾ। ਉਹਨੂੰ ਬੁਲਾਉਂਦਾ ਸਾਂ ਤਾਂ ਅੱਗੋਂ 'ਹਾਂ ਹੂੰ' ਤੋਂ ਵੱਧ ਕੁਝ ਨਹੀਂ ਬੋਲਦਾ ਸੀ। ਜਿੰਨਾ ਚਿਰ ਵੀ ਮੈਂ ਉਹਦੇ ਵਲ ਦੇਖਦਾ, ਉਹ ਮੂੰਹ ਦੂਜੇ ਪਾਸੇ ਕਰ ਕੇ ਹੀ ਹੁੰਗਾਰਾ ਭਰਦਾ ਤੇ ਜਦ ਮੈਂ ਕਿਸੇ ਹੋਰ ਪਾਸੇ ਦੇਖਦਾ ਤਾਂ ਉਹਦੀ ਨਿਗਾਹ ਮੇਰੇ ਚਿਹਰੇ 'ਤੇ ਹੁੰਦੀ। ਉਹ ਆਖਰ ਅਜਿਹਾ ਕਿਉਂ ਕਰਦਾ ਸੀ? ਕਿਤੇ ਇਸ ਕਰਕੇ ਤਾਂ ਨਹੀਂ ਕਿ ਉਹਦੇ ਸਾਹ ਦੀ ਹਵਾ ਮੇਰੇ ਮੂੰਹ ਤੱਕ ਨਾ ਪਹੁੰਚੇ? ਇਹ ਸੋਚ ਆਉਂਦਿਆਂ ਹੀ ਮੇਰੀਆਂ ਧਾਹਾਂ ਨਿਕਲ ਗਈਆਂ ਕਿ ਮਰਨ ਕੰਢੇ ਪਏ ਮੇਰੇ ਭਰਾ ਨੂੰ ਆਪਣੀ ਸਿਹਤ ਨਾਲੋਂ ਮੇਰੀ ਸਿਹਤ ਦਾ ਕਿੰਨਾ ਫਿਕਰ ਹੈ?

ਚਾਰ ਕੁ ਦਿਨ ਵਿਚ ਹੀ ਅਸੀਂ ਦੋਹਾਂ ਨੂੰ ਦੋ ਹੋਰ ਡਾਕਟਰਾਂ ਤੋਂ ਚੈੱਕ ਕਰਵਾਇਆ। ਪਰ ਉਨ੍ਹਾਂ ਦੋਹਾਂ ਨੇ ਵੀ ਸਾਫ ਕਹਿ ਦਿੱਤਾ ਕਿ ਹੁਣ ਕੁਝ ਨਹੀਂ ਹੋ ਸਕਦਾ। ਮੇਰੇ ਕੋਲ ਮਸਾਂ ਇੱਕ ਹਫਤਾ ਹੀ ਸੀ। ਹੋਰ ਬਹੁਤਾ ਚਿਰ ਉੱਥੇ ਰਹਿ ਨਹੀਂ ਸਕਦਾ ਸਾਂ। ਆਪਣੇ ਕੰਮ ਦਾ ਵੀ ਫਿਕਰ ਸੀ। ਮੈਂ ਸੋਚਿਆ ਹੁਣ ਆਇਆ ਹਾਂ ਤਾਂ ਦੋ ਕੁ ਦਿਨ ਲਈ ਪੰਜਾਬ ਜਾ ਕੇ ਭੱਜ ਨੱਠ ਕੇ ਆਪਣੀਆਂ ਭੈਣਾਂ ਤੇ ਹੋਰ ਰਿਸ਼ਤੇਦਾਰਾਂ ਨੂੰ ਵੀ ਮਿਲ ਆਵਾਂ। ਮਲਕੀਤ ਸਿੰਘ ਨੇ ਕਿਹਾ, "ਹੁਣ ਆਇਆ ਹੈਂ ਤਾਂ ਜ਼ਰੂਰ ਮਿਲ ਆ"। ਉਹਦੇ ਕਹਿਣ 'ਤੇ ਮੈਂ ਪੰਜਾਬ ਨੂੰ ਗਿਆ ਤੇ ਦੋ ਦਿਨਾਂ ਵਿਚ ਹੀ ਵਾਪਸ ਆ ਗਿਆ।

ਵਾਪਸ ਆ ਕੇ ਜੋ ਕੁਝ ਮੈਂ ਦੇਖਿਆ। ਉਹ ਬਹੁਤ ਹੀ ਦੁਖਦਾਈ ਸੀ। ਭਾਈ ਅਜੀਤ ਸਿੰਘ ਦਾ ਖਾਣਾ ਪੀਣਾ ਤਾਂ ਬਿਲਕੁਲ ਬੰਦ ਹੋ ਚੁੱਕਾ ਸੀ,

ਗੁਲੂਕੋਸ ਦੀ ਬੋਤਲ ਲੱਗੀ ਹੋਈ ਸੀ ਤੇ ਬੇਸੁਰਤ ਪਿਆ ਸੀ। ਘੰਟੇ ਕੁ ਵਿਚ ਇੱਕ ਵੇਰ ਅੱਖਾਂ ਖੋਲ੍ਹ ਕੇ ਜ਼ਰਾ ਕੁ 'ਹਾਂ ਹੂੰ' ਕਰ ਕੇ ਅੱਖਾਂ ਬੰਦ ਕਰ ਲੈਂਦਾ ਸੀ। ਚਾਚਾ ਬੋਲ ਤਾਂ ਸਕਦਾ ਸੀ ਪਰ ਆਪ ਨਾ ਉੱਠ ਸਕਦਾ ਸੀ ਨਾ ਬੈਠ ਸਕਦਾ ਸੀ। ਮੈਂ ਉਹਦੇ ਕੋਲ ਗਿਆ ਤਾਂ ਮੈਨੂੰ ਕਹਿਣ ਲੱਗਾ, "ਤੇਰੇ ਇੱਥੇ ਰਹਿਣ ਦਾ ਤਾਂ ਕੋਈ ਫੈਦਾ ਨਹੀਂ ਹੋਣਾ। ਮਲਕੀਤ ਦਸਦਾ ਸੀ, ਅਜੀਤ ਸਿੰਘ ਬਾਰੇ ਤਾਂ ਡਾਕਟਰ ਜਵਾਬ ਹੀ ਦੇ ਗਿਆ। ਨਾਲੇ ਜੇ ਕਮਾਏਂਗਾ ਨਹੀਂ ਦਾ ਇੰਨਾ ਖਰਚ ਕਿੱਥੋਂ ਝੱਲੇਂਗਾ? ਇਸ ਲਈ ਚੰਗਾ ਇਹੀ ਹੈ ਹੁਣ ਤੂੰ ਵਾਪਸ ਚਲਾ ਜਾ"। ਮੇਰੇ ਭਰਾ ਮਲਕੀਤ ਸਿੰਘ ਨੇ ਵੀ ਇਹੀ ਸਲਾਹ ਦਿੱਤੀ। ਉਹਨੇ ਕਿਹਾ, "ਹਰਬਖਸ਼! ਇੱਥੇ ਹੋਰ ਬਹੁਤਾ ਚਿਰ ਰਹਿ ਕੇ ਤੂੰ ਕਰ ਤਾਂ ਕੁਝ ਸਕਦਾ ਨਹੀਂ। ਜੇ ਹੋਰ ਚਿਰ ਇੱਥੇ ਬੈਠਾ ਰਿਹਾ ਤਾਂ ਵੀ ਕਿਹੜਾਂ ਇਨ੍ਹਾਂ ਦਾ ਇਲਾਜ ਹੋ ਜਾਣਾ ? ਉਲਟਾ ਤੇਰਾ ਕੰਮ ਉੱਥੇ ਵਖਰਾ ਖਰਾਬ ਹੋਣਾ। ਪਤਾ ਨਹੀਂ ਕਿੰਨਾ ਚਿਰ ਹੋਰ ਕਿੰਨਾ ਖਰਚ ਕਰਨਾ ਪਵੇਗਾ? ਜੇ ਕਮਾਏਂਗਾ ਨਹੀਂ ਤਾਂ ਖਰਚ ਕਿੱਥੋਂ ਕਰਾਂਗੇ? ਚੰਗਾ ਇਹੀ ਹੈ ਤੂੰ ਜਾ ਕੇ ਆਪਣਾ ਕੰਮ ਸੰਭਾਲ"।

ਮਨ ਤਾਂ ਮੇਰਾ ਮੰਨਦਾ ਨਹੀਂ ਸੀ ਕਿ ਇਸ ਹਾਲਤ ਵਿਚ ਆਪਣੇ ਚਾਚੇ ਤੇ ਭਰਾ ਨੂੰ ਛੱਡ ਕੇ ਤੁਰਦਾ। ਪਰ ਕਰ ਵੀ ਕੀ ਸਕਦਾ ਸਾਂ? ਆਪਣੇ ਕਾਰੋਬਾਰ ਦਾ ਤਾਂ ਇਹੀ ਸਿਆਪਾ ਹੁੰਦਾ ਹੈ ਕਿ ਜੇ ਕੁਝ ਦਿਨ ਬੰਦ ਰੱਖੋ ਤਾਂ ਗਏ ਗਾਹਕ ਮੁੜ ਲੱਭਦੇ ਨਹੀਂ। ਅਜੀਤ ਸਿੰਘ ਦਾ ਤਾਂ ਸਾਫ ਦਿਸ ਰਿਹਾ ਸੀ ਕਿ ਉਹਨੇ ਬਹੁਤਾ ਚਿਰ ਕੱਟਣਾ ਨਹੀਂ ਸੀ ਤੇ ਚਾਚਾ ਮੰਜੇ 'ਤੇ ਪਿਆ ਇਸ ਹਾਲਤ ਵਿਚ ਕੁਝ ਮਹੀਨੇ ਸ਼ਾਇਦ ਕੱਟ ਹੀ ਜਾਵੇ। ਉਨ੍ਹਾਂ ਦੇ ਇਲਾਜ 'ਤੇ ਪਤਾ ਨਹੀਂ ਕਿੰਨਾ ਕੁ ਖਰਚ ਕਰਨਾ ਪੇਣਾ ਸੀ ਤੇ ਉਹ ਖਰਚ ਕੰਮ ਕਰੇ ਬਿਨਾ ਆਵੇਗਾ ਕਿੱਥੋਂ? ਮੇਰੇ ਕੋਲ ਜਿੰਨੇ ਵੀ ਰੁਪਏ ਸਨ, ਮੈਂ ਉਹ ਸਾਰੇ ਮਲਕੀਤ ਨੂੰ ਫੜਾ ਕੇ ਕਿਹਾ, "ਮੈਂ ਵਾਪਸ ਜਾ ਕੇ ਪੈਸੇ ਭੇਜਦਾ ਰਹਾਂਗਾ। ਦੋਹਾਂ ਦਾ ਇਲਾਜ ਬੰਦ ਨਾ ਹੋਵੇ"।

ਮੈਨੂੰ ਡਰਬੀ ਵਾਪਸ ਆਏ ਨੂੰ ਹਾਲੀਂ ਦੋ ਹਫਤੇ ਵੀ ਨਹੀਂ ਹੋਏ ਸਨ ਕਿ ਭਾਈ ਅਜੀਤ ਸਿੰਘ ਦੇ ਅਕਾਲ ਚਲਾਣੇ ਦੀ ਖਬਰ ਮਿਲ ਗਈ। ਉਸ ਦੀ ਮੌਤ ਪਿੱਛੋਂ ਮੇਰਾ ਚਾਚਾ ਵੀ ਹਰਾਸ ਛੱਡ ਗਿਆ ਤੇ ਮਸਾਂ ਦੋ ਮਹੀਨੇ ਹੀ ਜੀਉਂਦਾ ਰਹਿ ਸਕਿਆ।

**3.**

ਅੰਦਰੋਂ ਤਾਂ ਟੁੱਟਾ ਪਿਆ ਸਾਂ ਪਰ ਹਾਲੀਂ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਵੀ ਨਿਭਾਉਣੀਆਂ ਸਨ। ਫੇਰ ਜੇ ਬਿਜ਼ਨਸ ਨੂੰ ਚਾਲੂ ਰੱਖਣਾ ਸੀ ਤਾਂ ਹਸਦੇ ਮੂੰਹ ਨਾਲ ਗਾਹਕਾਂ ਨੂੰ ਮਿਲਣਾ ਵੀ ਜ਼ਰੂਰੀ ਸੀ। ਹੱਸਦਿਆਂ ਨਾਲ ਤਾਂ ਸਾਰੀ ਦੁਨੀਆ ਹੱਸਦੀ ਹੈ, ਰੋਂਦਿਆਂ ਨਾਲ ਕੋਈ ਨਹੀਂ ਰੋਂਦਾ।

ਮੇਰੀ ਵੱਡੀ ਧੀ ਕਮਲ ਦਾ ਵਿਆਹ ੧੯੭੫ ਵਿਚ ਹੀ ਕਰ ਦਿੱਤਾ ਸੀ। ਛੋਟੀ ਧੀ ਆਪਣੀ ਪੜ੍ਹਾਈ ਮੁਕੰਮਲ ਕਰ ਕੇ ਕੰਮ ‘ਤੇ ਲੱਗੀ ਹੋਈ ਸੀ। ਜੀਅ ਤਾਂ ਕਰਦਾ ਸੀ ਛੇਤੀ ਹੀ ਸੁਰਖਰੂ ਹੋ ਕੇ ਚਿੰਤਾਵਾਂ ਦੀ ਚਿਖਾ ਤੋਂ ਛੁਟਕਾਰਾ ਪ੍ਰਾਪਤ ਕਰ ਲਵਾਂ। ਪਰ ਜੋ ਕੁਝ ਵੀ ਹੁੰਦਾ ਹੈ, ਜਦ ਹੋਣ ਦੀ ਸੰਭਾਵਨਾ ਬਣਦੀ ਹੈ ਤਾਂ ਹੀ ਹੁੰਦਾ ਹੈ। ਛੋਟੀ ਧੀ ਦੇ ਵਿਆਹ ਦੀ ਸੰਭਾਵਨਾ ੧੯੮੯ ਦੇ ਅਰੰਭ ਵਿਚ ਹੀ ਬਣ ਸਕੀ।

੧੯੯੦ ਦਾ ਸਾਲ ਚੜ੍ਹ ਗਿਆ ਸੀ। ਮੇਰੀਆਂ ਦੋਵੇਂ ਧੀਆਂ ਆਪਣੇ ਘਰਾਂ ਵਿਚ ਸੁਖੀ ਵਸਦੀਆ ਸਨ, ਕਿਉਂਕਿ ਉਹ ਦੋਵੇਂ ਹੀ ਗ੍ਰੈਜੂਏਟ ਸਨ ਤੇ ਆਪਣੇ ਪੈਰਾਂ ਤੇ ਆਪ ਖੜ੍ਹਣ ਦੇ ਸਮ੍ਰੱਥ ਸਨ। ਮੇਰੀ ਉਮਰ ੬੦ ਸਾਲ ਹੋ ਗਈ ਸੀ। ਮਨ ਦੀ ਸ਼ਾਂਤੀ ਮਿਲਣ ਦੀ ਸੰਭਾਵਨਾ ਗੁੰਮ ਹੁੰਦੀ ਜਾ ਰਹੀ ਸੀ। ਵੱਡਾ ਮੁੰਡਾ ਤਾਂ ਚਿਰਾਂ ਦਾ ਆਪਣੀ ਮਰਜ਼ੀ ਦਾ ਮਾਲਕ ਬਣਿਆ ਹੋਇਆ ਸੀ। ਛੋਟੇ ਦੋਵੇਂ ਵਿੱਦਿਆ ਪ੍ਰਾਪਤੀ ਲਈ ਆਪਣੇ ਤੌਰ ਤੇ ਹੀ ਜੁੱਟੇ ਹੋਏ ਸਨ। ਬੁਢੇਪਾ ਸਿਰ ਤੇ ਮੰਡਲਾ ਰਿਹਾ ਸੀ। ਹੁਣ ਨਾ ਪੰਜਾਬ ਜਾ ਕੇ ਵਸਣ ਦੀ ਆਸ ਰਹਿ ਗਈ ਸੀ ਨਾ

ਸੰਭਾਵਨਾ। ਛੋਟੇ ਦੋਹਾਂ ਮੁੰਡਿਆਂ ਦੀ ਵਿੱਦਿਆ ਤੇ ਵਿਆਹਾਂ ਦੀ ਚਿੰਤਾ ਹਾਲੀਂ ਵੀ ਕਾਇਮ ਸੀ।

੧੯੯੫ ਦੇ ਅਰੰਭ ਤੱਕ ਮੇਰੇ ਵਿਚਕਾਰਲੇ ਪੁੱਤਰ ਸੁਕੀਰਤ ਨੇ ਬੀ.ਐਸ.ਸੀ. ਦੀ ਡਿਗਰੀ ਪ੍ਰਾਪਤ ਕਰ ਲਈ ਤੇ ਛੋਟੇ ਨਵਕੀਰਤ ਨੇ ਵੀ ਦੋ ਕੁ ਸਾਲ ਪਿੱਛੋਂ ਆਪਣੀ ਹਿੰਮਤ ਅਨੁਸਾਰ ਆਪਣੀ ਪੜ੍ਹਾਈ ਪੂਰੀ ਕਰ ਲਈ। ਫੇਰ ਦੋਹਾਂ ਦੇ ਵਿਆਹ ਵੀ ਉਨ੍ਹਾਂ ਦੋਹਾਂ ਦੀ ਪਸੰਦ ਦੀਆਂ ਕੁੜੀਆ ਨਾਲ ਹੋ ਗਏ। ਹੁਣ ਤਾਂ ਇਹੀ ਤਮੰਨਾ ਸੀ ਕਿ ਕਿਸੇ ਤਰ੍ਹਾਂ ਕੁਝ ਸਾਲ ਆਪਣੇ ਆਪ ਵਿਚ, ਆਪਣੇ ਖਿਆਲਾਂ ਅਨੁਸਾਰ ਜੀਣ ਲਈ ਮਿਲ ਜਾਣ ਤੇ ਕੁਝ ਸਾਹਿਤਕ ਸ਼ੌਕ ਵੀ ਪੂਰੇ ਕਰ ਸਕਾਂ ਤੇ ਉਸ ਤਰ੍ਹਾਂ ਜੀਅ ਸਕਾਂ ਜਿਸਤਰ੍ਹਾਂ ਮੈਂ ਜੀਣਾ ਚਾਹਿਆ ਸੀ। ਪਰ ਇਹ ਸੁਪਨਾ ਦਿਨ ਪ੍ਰਤੀ ਦਿਨ ਦੂਰ ਹੁੰਦਾ ਜਾ ਰਿਹਾ ਸੀ।

**4.**

ਜੀਵਨ ਦੀ ਨੀਰਸਤਾ ਤੋਂ ਤੰਗ ਆ ਕੇ ਮੈਂ ਬਹੁਤ ਚਿਰ ਪਹਿਲਾਂ ਹੀ ਫੈਸਲਾ ਕਰ ਲਿਆ ਸੀ ਕਿ ੬੫ ਸਾਲ ਦੀ ਉਮਰ ਹੋਣ ਪਿੱਛੋਂ ਸਾਰੇ ਖਲਜਗਣਾਂ ਤੋਂ ਪਿੱਛਾ ਛੁਡਾ ਕੇ ਆਪਣੀ ਇੱਛਾ ਅਨੁਸਾਰ ਰਹਿੰਦਾ ਜੀਵਨ ਬਸਰ ਕਰਾਂਗਾ। ਪਰ ਅਜਿਹੇ ਸੁਪਨੇ ਦੀ ਪੂਰਤੀ ਅਸੰਭਵ ਨਹੀਂ ਤਾਂ ਮੁਸ਼ਕਲ ਅਵੱਸ਼ ਹੁੰਦੀ ਹੈ, ਕਿਉਂਕਿ ਨਵੀਆਂ ਪ੍ਰਸਿਥੀਆਂ ਵਿਚ ਨਵੀਆਂ ਸਮੱਸਿਆਵਾਂ ਪੈਦਾ ਹੋਣ ਦੀ ਸੰਭਾਵਨਾ ਸਦਾ ਬਣੀ ਰਹਿੰਦੀ ਹੈ। 65 ਸਾਲ ਦਾ ਤਾਂ ਮੈਂ ੨੨ ਨਵੰਬਰ ੧੯੯੫ ਨੂੰ ਹੋ ਗਿਆ ਸਾਂ। ਰੀਟਾਇਰਮੈਂਟ ਪੈਨਸ਼ਨ ਵੀ ਮਿਲਣ ਲੱਗ ਗਈ ਸੀ ਪਰ ਕੰਮ ਆਪਣਾ ਸੀ ਤੇ ਕਰਦਾ ਵੀ ਆਪਣੇ ਹੀ ਘਰ ਦੇ ਅਗਵਾੜ ਨੂੰ ਦਫਤਰ ਵਿਚ ਬਦਲ ਕੇ ਸਾਂ। ਸਾਲ ਭਰ ਇਹੀ ਸੋਚਦਾ ਰਿਹਾ ਕਿ ਚਲਦਾ ਕਾਰੋਬਾਰ ਕਾਹਨੂੰ ਬੰਦ ਕਰਨਾ। ਤਿੰਨਾਂ ਮੁੰਡਿਆਂ ਵਿਚੋਂ ਜੇ ਕੋਈ ਵੀ ਇਹਨੂੰ ਸਾਂਭ ਲਵੇ ਤਾਂ ਜਿਹੜਾ ਜਨਰਲ ਇਨਸ਼ੋਰੈਂਸ ਦਾ ਕਾਰੋਬਾਰ ਹੈ, ਉਹਦਾ ਰੀਨੀਊਅਲ (ਨਵੀਕਰਨ) ਕਮਿਸ਼ਨ ਤਾਂ ਆਪਣੇ ਆਪ ਆਉਂਦਾ ਹੀ ਰਹਿਣਾ ਹੈ ਤੇ ਬਿਨਾ

ਬਹੁਤੀ ਮਿਹਨਤ ਦੇ ਚੋਖੀ ਇਨਕਮ ਹੁੰਦੀ ਰਹਿਣੀ ਹੈ। ਪਰ ਤਿੰਨਾਂ ਮੁੰਡਿਆਂ ਵਿਚੋਂ ਕੋਈ ਵੀ ਇਹ ਕਾਰੋਬਾਰ ਸਾਂਭਣ ਲਈ ਤਿਆਰ ਨਾ ਹੋਇਆ। ਉਨ੍ਹਾਂ ਦੀਆਂ ਆਪਣੀਆਂ ਦਲੀਲਾਂ ਸਨ ਤੇ ਉਹ ਆਪਣੀ ਥਾਂ ਸੱਚੇ ਵੀ ਸਨ।

ਆਖਰ ਬਹੁਤ ਸੋਚਣ ਪਿੱਛੋਂ ਮੈਂ ਇਹ ਬਿਜ਼ਨੈੱਸ ਬੰਦ ਕਰ ਦੇਣ ਦਾ ਫੈਸਲਾ ਕਰ ਲਿਆ। ਮੇਰੇ ਗਾਹਕ ਮੈਥੋਂ ਬਹੁਤ ਖੁਸ਼ ਸਨ। ਮੈਂ ਇਹੀ ਚਾਹੁੰਦਾ ਸਾਂ ਕਿ ਕੋਈ ਅਜਿਹਾ ਬੰਦਾ ਮਿਲ ਜਾਵੇ ਜਿਹੜਾ ਮੇਰੇ ਵਾਂਗ ਹੀ ਮੇਰੇ ਗਾਹਕਾਂ ਨੂੰ ਖੁਸ਼ ਰੱਖ ਸਕੇ। ਆਖਰ ਇੱਕ ਅਜਿਹਾ ਬੰਦਾ ਮਿਲ ਹੀ ਗਿਆ। ਮੈਂ ਆਪਣਾ ਇਹ ਕਾਰੋਬਾਰ ਤਰਾਂ ਕੁ ਸਾਲ ਚਲਾ ਕੇ ੨੨ ਨਵੰਬਰ ੧੯੯੬ ਵਾਲੇ ਦਿਨ ਬੰਦ ਕਰ ਦਿੱਤਾ। ਜਿਹੜਾ ਇਨਸ਼ੋਰੈਂਸ ਦਾ ਚਲਦਾ ਕਾਰੋਬਾਰ ਸੀ, ਉਹ ਮੈਂ ਚੰਗੇ ਤੇ ਸੁਹਿਰਦ ਇਨਸਾਨ ਤੇਜਿੰਦਰ ਸਿੰਘ ਅਟਵਾਲ ਨੂੰ 7000 ਪੌਂਡ ਵਿਚ ਵੇਚ ਦਿੱਤਾ। ਉਹ ਕਿਸੇ ਹੋਰ ਥਾਂ 'ਤੇ ਇਹੀ ਕੰਮ ਕਰਦਾ ਸੀ। ਮੈਂ ਖੁਸ਼ ਸਾਂ ਕਿ ਮੇਰੇ ਗਾਹਕਾਂ ਨੂੰ ਮੇਰੇ ਵਾਂਗ ਹੀ ਖੁਸ਼ ਰੱਖਣ ਵਾਲਾ ਬੰਦਾ ਮਿਲ ਗਿਆ ਸੀ।

ਇਸ ਦਿਨ ਤੋਂ ਮੇਰੀ ਰੀਟਾਇਰਮੈਂਟ (ਸੇਵਾਮੁਕਤੀ) ਦਾ ਲੰਮਾ ਸਮਾਂ ਅਰੰਭ ਹੋ ਗਿਆ। ਆਮ ਸੇਵਾ ਮੁਕਤ ਬੰਦਿਆਂ ਲਈ ਇਹ ਸਮਾਂ ਲੰਘਾਣਾ ਬਹੁਤ ਔਖਾ ਹੋ ਜਾਂਦਾ ਹੈ ਕਿਉਂਕਿ ਉਹ ਰੋਜ਼ ਦੇ ਕੰਮ ਦੀ ਲਗਾਤਾਰਤਾ ਤੋਂ ਟੁੱਟ ਕੇ ਵਿਯੋਗੇ ਹੋਏ ਅਨੁਭਵ ਕਰਨ ਲੱਗ ਪੈਂਦੇ ਹਨ। ਮੈਨੂੰ ਇਹੋ ਜਿਹੀ ਕੋਈ ਸਮੱਸਿਆ ਦਾ ਸਾਹਮਣਾ ਨਹੀਂ ਕਰਨਾ ਪਿਆ, ਕਿਉਂਕਿ ਮੈਂ ਵਿਹਲੇ ਸਮੇਂ ਨੂੰ ਪੜ੍ਹਨ ਲਿਖਣ ਲਈ ਵਰਤਣ ਦਾ ਆਦੀ ਪਹਿਲਾਂ ਤੋਂ ਹੀ ਬਣਿਆ ਹੋਇਆ ਸਾਂ।

## *20.*

# *ਸਾਹਿਤ-ਸਿਰਜਣਾ ਤੇ ਸਮੀਖਿਆ*

ਬ੍ਰਤਾਨੀਆਂ ਵਿਚ ਆ ਕੇ ਮੇਰਾ ਸਾਹਿਤ ਸਿਰਜਣਾ ਦਾ ਕੰਮ ਚੋਖਾ ਸਮਾਂ ਲੱਗਪੱਗ ਠੱਪ ਹੀ ਹੋਇਆ ਰਿਹਾ। ਕਰਦਾ ਵੀ ਤਾਂ ਕੀ? ਫਿਕਰਾਂ ਦੀਆਂ ਜਿਹੜੀਆਂ ਪੰਡਾਂ ਸਿਰੋਂ ਲਾਹ ਕੇ ਇਸ ਧਰਤੀ ਤੇ ਪੈਰ ਰੱਖੇ ਸਨ, ਉਹ ਹੋਰ ਵੀ ਭਾਰੀਆਂ ਹੋ ਕੇ ਸਿਰ ਉੱਤੇ ਆ ਟਿਕੀਆਂ ਸਨ। ਇਹੋ ਜਿਹੀ ਸਥਿਤੀ ਵਿਚ ਲਿਖਣ ਲਈ ਕਲਮ ਚੁੱਕਣੀ ਅਸੰਭਵ ਨਹੀਂ ਤਾਂ ਮੁਸ਼ਕਿਲ ਜ਼ਰੂਰ ਸੀ। ਹੱਥ ਤਾਂ ਪਹਿਲਾਂ ਹੀ ਮਜ਼ਬੂਰੀਆਂ ਦੇ ਸੰਗਲਾਂ ਵਿਚ ਜਕੜੇ ਹੋਏ ਸਨ। ਨਿੱਠ ਕੇ ਸੋਚਣ ਸਮਝਣ ਤੇ ਰਚਨਾਤਮਕ ਛਿਣਾਂ ਨੂੰ ਸਾਂਭਣ ਲਈ ਵੀ ਤਾਂ ਪਹਿਲਾਂ ਸੁਖਾਲੇ ਸਾਹ ਦੀ ਲੋੜ ਹੁੰਦੀ ਹੈ। ਉਹ ਮਿਲ ਨਹੀਂ ਰਿਹਾ ਸੀ। ਫੇਰ ਵੀ ਵਿਹਲੇ ਸਮੇਂ ਕੁਝ ਨਾ ਕੁਝ ਲਿਖਦਾ ਪੜ੍ਹਦਾ ਰਿਹਾ ਸਾਂ।

ਕੁਝ ਕਵਿਤਾਵਾਂ ਲਿਖੀਆਂ ਸਨ, ਜਿਹੜੀਆਂ ਇਸ ਸਥਿਤੀ ਦੀ ਹੀ ਦੇਣ ਸਨ। ਪ੍ਰਾਪਤ ਮਾਹੌਲ ਦੀ ਨੀਰਸਤਾ, ਵਿਕਸਤ ਪੂੰਜੀਵਾਦੀ ਪ੍ਰਬੰਧ ਦੇ ਗ਼ੈਰ ਕੁਦਰਤੀ ਵਰਤਾਰੇ ਵਿਚ ਜੀਣ ਦੀ ਮਜ਼ਬੂਰੀ ਤੇ ਮਨ ਦੀ ਪ੍ਰਸੰਨਤਾ ਲਈ ਕੁਦਰਤ ਦੀ ਨੇੜਤਾ ਲਈ ਤੜਪ, ਬਨਾਵਟੀ ਜੀਵਨ ਜੀਣ ਤੋਂ ਨਫਰਤ, ਲੱਖਾਂ ਦੀ ਭੀੜ ਵਿਚ ਇਕੱਲਤਾ ਦਾ ਅਹਿਸਾਸ, ਮਨੁੱਖ ਦੇ ਮਸ਼ੀਨ ਬਣ ਜਾਣ ਦਾ ਅਨੁਭਵ, ਔਝੜ ਰਾਹਾਂ ਦੀ ਭਟਕਣ ਦੇ ਮਾਹੌਲ ਸਾਹਮਣੇ ਬੇਬਸੀ ਦੇ ਅਹਿਸਾਸ ਨੂੰ ਇਹ ਕਵਿਤਾਵਾਂ ਜ਼ਬਾਨ ਦਿੰਦੀਆਂ ਸਨ। ਕਵਿਤਾਵਾਂ ਤਾਂ ਲਿਖਦਾ ਰਿਹਾ ਸਾਂ ਪਰ ਉਨ੍ਹਾਂ ਨੂੰ ਛਪਵਾਉਣ ਦਾ ਮੌਕਾ ਸੇਵਾ-ਮੁਕਤ ਹੋਣ ਤੋਂ ਪਿੱਛੋਂ ਹੀ ਮਿਲ ਸਕਿਆ।

ਸੇਵਾ ਮੁਕਤ ਹੋਣ ਵਾਲੇ ਸਾਲ ਵਿਚ ਹੀ ਮੇਰਾ ਪਹਿਲਾ ਕਾਵਿ-ਸੰਗ੍ਰਹਿ *'**ਕਿਣਕੇ ਤੋਂ ਸੂਰਜ**'* ਨਵਯੁਗ ਵਾਲੇ ਭਾਪਾ ਪ੍ਰੀਤਮ ਸਿੰਘ ਨੇ ਪ੍ਰਕਾਸ਼ਤ ਕੀਤਾ

ਤੇ ਦੂਜਾ ਕਾਵਿ ਸੰਗ੍ਰਹਿ *'ਕਾਲ-ਅਕਾਲ'* ਦਾ ਪ੍ਰਕਾਸ਼ਨ ਵੀ ਉਹਨੇ ਹੀ ਸਾਲ ੨੦੦੦ ਈ: ਵਿਚ ਕੀਤਾ। ਉਸ ਪਿੱਛੋਂ ਮੇਰਾ ਤੀਜਾ ਕਾਵਿ-ਸੰਗ੍ਰਹਿ *'ਆਥਣ ਵੇਲਾ'* ੨੦੦੩ ਈ: ਵਿਚ ਕੁਕਨੂਸ ਪ੍ਰਕਾਸ਼ਨ ਜਲੰਧਰ ਨੇ ਪ੍ਰਕਾਸ਼ਤ ਕੀਤਾ।

ਪੰਜਾਬ ਵਿਚ ਰਹਿੰਦਾ ਹੋਇਆ ਮੈਂ ਕਦੀ ਕਦੀ ਕਹਾਣੀਆਂ ਵੀ ਲਿਖਦਾ ਰਿਹਾ ਸਾਂ। ਬਰਤਾਨੀਆ ਵਿਚ ਰਹਿੰਦਿਆਂ ਮੈਂ ਇਸ ਕਲਾ ਵਲ ਘਟ ਹੀ ਧਿਆਨ ਦੇ ਸਕਿਆ। ਕੁਝ ਕੁ ਕਹਾਣੀਆਂ ਜਿਹੜੀਆਂ ਲਿਖ ਸਕਿਆ ਸਾਂ, ਉਹਨਾਂ ਨੂੰ ਦੇਖ ਕੇ ਤਾਂ ਇਹੀ ਸੋਚ ਬਣਦੀ ਸੀ ਕਿ ਮੈਂ ਕਹਾਣੀ ਲਿਖ ਸਕਦਾ ਹਾਂ ਤੇ ਮੈਨੂੰ ਲਿਖਣੀ ਵੀ ਚਾਹੀਦੀ ਹੈ, ਪਰ ਜਿਹੋ ਜਿਹੇ ਸੰਕਟ ਵਿਚ ਘਿਰਿਆ ਹੋਇਆ ਸਾਂ, ਉਸ ਵਿਚੋਂ ਨਿਕਲਦਾ ਤਾਂ ਹੀ ਕੁਝ ਸਾਰਥਕ ਲਿਖ ਸਕਦਾ। ਸੇਵਾ ਮੁਕਤ ਹੋਣ ਤੋਂ ਪਿੱਛੋਂ ਹੀ ਇਸ ਕਲਾ ਵਲ ਵੀ ਧਿਆਨ ਜਾਣਾ ਕੁਦਰਤੀ ਹੀ ਸੀ। ਹੁਣ ਤੱਕ ਮੈਂ ਇੰਨੀਆਂ ਕੁ ਕਹਾਣੀਆਂ ਲਿਖ ਚੁੱਕਾ ਹਾਂ ਕਿ ਇੱਕ ਸੰਗ੍ਰਹਿ ਛਪਵਾਇਆ ਜਾ ਸਕੇ। ਪਰ ਹਾਲੀਂ ਤੱਕ ਛਪਵਾਉਣ ਦੀ ਹਿੰਮਤ ਨਹੀਂ ਕਰ ਸਕਿਆ।

## *ਸਾਰਥਕ ਸਮੀਖਿਆ ਦੀ ਲੋੜ ਦਾ ਅਹਿਸਾਸ*

1970-80 ਦੇ ਦਹਾਕਿਆਂ ਦੇ ਸਮੇਂ ਬ੍ਰਤਾਨੀਆਂ ਵਿਚ ਆਪਣੇ ਆਪਨੂੰ ਪੰਜਾਬੀ ਲੇਖਕ ਕਹਿਣ/ਕਹਾਉਣ ਵਾਲੇ ਵਥੇਰੇ ਸਨ ਪਰ ਸਹੀ ਅਰਥਾਂ ਵਿਚ ਸਾਹਿਤ ਦੀ ਨਿਰਖ ਪਰਖ ਕਰਨ ਵਾਲਾ ਕੋਈ ਨਜ਼ਰ ਨਹੀਂ ਆ ਰਿਹਾ ਸੀ। ਸਾਹਿਤ ਨੂੰ ਸਿਹਤਮੰਦ ਬਣਾਉਣ ਲਈ ਸਮੀਖੀਆ ਜਾਂ ਨਿਰਖ ਪਰਖ ਦੀ ਉਂਨੀ ਹੀ ਵਧੇਰੇ ਲੋੜ ਹੁੰਦੀ ਹੈ ਜਿੰਨੀ ਕਿ ਸਰੀਰਕ ਸਿਹਤ ਲਈ ਡਾਕਟਰ ਦੀ। ਇੱਥੇ ਹਾਲਤ ਇਹ ਸੀ ਕਿ ਬਹੁਤੇ ਲੇਖਕ ਪੁੱਠੀਆਂ ਸਿੱਧੀਆਂ ਕੁਝ ਸਤਰਾਂ ਲਿਖ ਕੇ ਆਪਣੇ ਆਪ ਨੂੰ ਮਹਾਨ ਲੇਖਕਾਂ ਵਿਚ ਗਿਣ ਰਹੇ ਸਨ। ਸਾਹਿਤ ਕੀ

ਹੈ, ਬਹੁਤਿਆਂ ਨੂੰ ਪਤਾ ਤੱਕ ਵੀ ਨਹੀਂ ਸੀ। ਕੁਝ ਅਜਿਹੇ ਵੀ ਸਨ ਜਿਹੜੇ ਅਤਿ ਦਰਜੇ ਦੀ ਪਛੜੀ ਹੋਈ ਸੋਚ ਨਾਲ ਜੁੜੇ ਹੋਏ ਸਨ ਤੇ ਉਨ੍ਹਾਂ ਲਈ ਸਾਹਿਤ ਦਾ ਮਤਲਬ ਗੁਰੂਆਂ ਪੀਰਾਂ ਦੀ ਠੁੱਲੀ ਜਿਹੀ ਸਿਫਤ ਸਲਾਹ ਤੋਂ ਵੱਧ ਹੋਰ ਕੁਝ ਵੀ ਨਹੀਂ ਸੀ। ਕੁਝ ਹੋਰ ਸਨ, ਜਿਹੜੇ ਆਪਣੇ ਆਪ ਨੂੰ ਇੰਨੇ ਪ੍ਰਗਤੀਵਾਦੀ(ਪ੍ਰਗਤੀਸ਼ੀਲ) ਸਮਝਦੇ ਸਨ ਕਿ ਉਨ੍ਹਾਂ ਲਈ ਸਾਹਿਤ ਕੇਵਲ ਆਪਣੀ ਪਾਰਟੀ ਦਾ ਸਿਆਸੀ ਪਰਚਾਰ ਮਾਤਰ ਸੀ। ਮੈਂ ਦੋਹਾਂ ਤਰ੍ਹਾਂ ਦੇ ਰੁਝਾਨਾਂ ਨੂੰ ਸਾਰਥਕ ਸਾਹਿਤ ਰਚਨਾ ਲਈ ਘਾਤਕ ਸਮਝਦਾ ਸਾਂ।

ਭਾਵੇਂ ਮੈਂ ਆਪ ਰਾਜਨੀਤਕ ਤੇ ਆਰਥਕ ਦ੍ਰਿਸ਼ਟੀ ਅਨੁਸਾਰ ਖੱਬੇ ਪੱਖੀ ਵਿਚਾਰਾਂ ਦਾ ਧਾਰਨੀ ਸਾਂ, ਪਰ ਜਿਹੋ ਜਿਹਾ ਸਾਹਿਤ ਬਹੁਤੇ ਖੱਬੇ ਪੱਖੀ ਲੇਖਕਾਂ ਵਲੋਂ ਰਚਿਆ ਜਾ ਰਿਹਾ ਸੀ, ਉਹਦੇ ਨਾਲ ਮੈਂ ਸਹਿਮਤ ਨਹੀਂ ਸਾਂ। ਨੰਗੇ ਪਾਰਟੀ ਪਰਚਾਰ ਨਾਲ ਲੱਦਿਆ ਇਹ ਕਲਾ ਰਹਿਤ ਸਾਹਿਤ ਨਾ ਕਿਸੇ ਪਾਰਟੀ ਦਾ ਕੁਝ ਸੁਆਰਦਾ ਸੀ ਨਾ ਆਮ ਪਾਠਕਾ ਦਾ, ਪੰਜਾਬੀ ਸਾਹਿਤ ਦਾ ਤਾਂ ਉਹਨੇ ਕੀ ਸੁਆਰਨਾ ਸੀ? ਜਿੱਥੋਂ ਤੱਕ ਖੱਬੇ ਪੱਖੀ ਖਿਆਲਾਂ ਦੇ ਪਰਚਾਰ ਦਾ ਸੰਬੰਧ ਸੀ, ਮੇਰਾ ਇਹਦੇ ਨਾਲ ਕੋਈ ਮਤਭੇਦ ਨਹੀਂ ਸੀ, ਪਰ ਸਵਾਲ ਇਹ ਸੀ ਕਿ ਇਹ ਪਰਚਾਰ ਕੀਤਾ ਕਿਵੇਂ ਜਾਵੇ? ਮੇਰੀ ਧਾਰਣਾ ਸੀ ਕਿ ਖੱਬੇ ਪੱਖੀ ਖਿਆਲਾਂ ਦਾ ਪਰਚਾਰ ਇੰਝ ਕਰਨਾ ਚਾਹੀਦਾ ਹੈ ਕਿ ਉਹ ਪੜ੍ਹਨ ਸੁਣਨ ਵਾਲੇ ਨੂੰ ਉਹਦੀਆਂ ਆਪਣੀਆਂ ਸਮੱਸਿਆਵਾਂ, ਅਕਾਂਖਿਆਵਾਂ ਦਾ ਦਰਪਣ ਲੱਗੇ। ਮੈਂ ਆਪਣੇ ਹਮਰਾਹੀ ਖੱਬੇ ਪੱਖੀਆਂ ਨੂੰ ਕਹਿੰਦਾ ਸਾਂ ਕਿ ਬੋਤਲ ਉੱਤੇ ਇਹ ਲੇਵਲ ਲਾਉਣ ਦੀ ਲੋੜ ਨਹੀਂ ਹੁੰਦੀ ਕਿ ਇਸ ਵਿਚ ਕਿਹੋ ਜਿਹਾ ਨਸ਼ਾ ਹੈ ਤੇ ਇਹ ਨਸ਼ਾ ਕਿਸ ਨੇ ਬਣਾਇਆ ਹੈ? ਜੇ ਬੋਤਲ ਵਿਚ ਨਸ਼ਾ ਹੈ ਤੇ ਸੱਚ ਮੁੱਚ ਨਸ਼ਾ ਹੈ ਤਾਂ ਉਹ ਆਪਣਾ ਜਾਦੂ ਕਰ ਦਿਖਾਏਗਾ ਤੇ ਪੀਣ ਵਾਲਾ ਉਹਨੂੰ ਆਪ ਹੀ ਲਭਦਾ ਫਿਰੇਗਾ ਤੇ ਉਸਦੇ ਗੁਣਾਂ ਦਾ ਪਰਚਾਰ ਕਰੇਗਾ। ਜੇ ਇਹ ਲੇਵਲ ਲਾ ਦਿੱਤਾ ਜਾਵੇ ਕਿ ਇਸ ਵਿਚ ਫਲਾਣੀ ਕੰਪਨੀ ਦਾ ਮਾਲ ਹੈ ਤੇ ਇਹਦੇ ਗੁਣ ਆਹ

ਹਨ ਤਾਂ ਉਸ ਕੰਪਨੀ ਦੇ ਵਿਰੋਧੀ ਜਾਂ ਵਿਰੋਧੀਆਂ ਦੇ ਵਰਗਲਾਏ ਲੋਕ ਤਾਂ ਉਸ ਮਾਲ ਨੂੰ ਛੋਹਣ ਲਈ ਵੀ ਤਿਆਰ ਨਹੀਂ ਹੋਣਗੇ। ਇਹੀ ਹਾਲ ਪਾਰਟੀ ਪਰਚਾਰ ਲਈ ਲਿਖੇ ਸਾਹਿਤ ਦਾ ਸੀ। ਇਸ ਸਾਹਿਤ ਵਿਚ ਕੇਵਲ ਆਪਣੀ ਪਾਰਟੀ ਨੂੰ ਹੀ ਇੱਕੋ ਇੱਕ ਲੋਕ ਹਿਤੂ-ਪਾਰਟੀ ਹੋਣ ਦਾ ਪਰਮਾਣ ਪੱਤਰ ਹੀ ਨਹੀਂ ਦਿੱਤਾ ਜਾਂਦਾ ਸੀ, ਸਗੋਂ ਦੂਜੀਆ ਖੱਬੀਆਂ ਸੱਜੀਆਂ ਸਾਰੀਆ ਪਾਰਟੀਆਂ ਦੇ ਵਿਰੁਧ ਵੀ ਨੰਗਾ ਚਿੱਟਾ ਪਰਚਾਰ ਕੀਤਾ ਜਾਂਦਾ ਸੀ। ਇਨ੍ਹਾਂ ਭੱਦਰ ਪੁਰਸ਼ਾਂ ਨੂੰ ਇਹ ਸੋਚਣ ਦੀ ਵਿਹਲ ਹੀ ਨਹੀਂ ਸੀ ਕਿ ਅਜਿਹਾ ਸਾਹਿਤ ਤਾਂ ਉਨ੍ਹਾਂ ਦੀ ਪਾਰਟੀ ਦੇ ਮੈਂਬਰਾਂ ਜਾਂ ਹਮਦਰਦਾਂ ਨੂੰ ਹੀ ਚੰਗਾ ਲੱਗ ਸਕਦਾ ਸੀ, ਹੋਰ ਕੋਈ ਅਜਿਹੇ ਸਾਹਿਤ ਨੂੰ ਪੜ੍ਹੇਗਾ ਵੀ ਤਾਂ ਕਿਉਂ?

ਸਾਹਿਤਕ ਕਾਨਫਰੰਸਾਂ ਕੀਤੀਆਂ ਜਾਂਦੀਆਂ ਸਨ ਹਰ ਸਾਲ। ਕਰਾਈਆਂ ਵੀ ਜਾਂਦੀਆਂ ਸਨ ਬਹੁਤੀਆਂ ਸਰਬ ਬ੍ਰਤਾਨੀਆ ਪ੍ਰਗਤੀਸ਼ੀਲ ਲੇਖਕ ਸਭਾ ਵਲੋਂ। ਇਨ੍ਹਾਂ ਕਾਨਫ੍ਰੰਸਾਂ ਵਿਚ ਜਿਹੜੇ ਪਰਚੇ ਪੜ੍ਹੇ ਜਾਂਦੇ ਸਨ, ਉਨ੍ਹਾਂ ਵਿਚ ਸਪਸ਼ਟ ਤੌਰ ਤੇ ਉਨ੍ਹਾਂ ਲੇਖਕਾਂ ਦੇ ਗੁਣ ਗਾਏ ਜਾਂਦੇ ਸਨ ਜਿਹੜੇ ਪ੍ਰਬੰਧਕਾਂ ਵਰਗੀ ਖੱਬੇਪੱਖੀ ਸਿਆਸਤ ਦੇ ਰੰਗ ਵਿਚ ਰੰਗੇ ਹੋਏ ਸਨ ਤੇ ਥੋੜੇ ਵੀ ਹੋਰ ਵਖਰੇ ਰੰਗਾ ਦੇ ਪ੍ਰਗਤੀਸ਼ੀਲ ਲੇਖਕਾਂ ਨੂੰ ਭੰਡਣ ਜਾਂ ਘੱਟੋ ਘੱਟ ਅਣਦੇਖੇ ਕਰਨ ਦਾ ਪੂਰਾ ਯਤਨ ਕੀਤਾ ਜਾਂਦਾ ਸੀ।

ਅਜਿਹੀ ਇੱਕ ਸਾਹਿਤਕ ਕਾਨਫ੍ਰੰਸ ਨਿਰੰਜਨ ਸਿੰਘ ਨੂਰ ਦੀ ਛਤਰ ਛਾਇਆ ਹੇਠ ਵੁਲਵਰਹੈਂਟਨ ਵਿਚ ਹੋਈ ਸੀ। ਇਸ ਵਿਚ ਨੂਰ ਸਾਹਿਬ ਦੇ ਹੀ ਇੱਕ ਹਿਤੈਸ਼ੀ ਹਰਦੇਵ ਸਿੰਘ ਢੇਸੀ ਨੇ ਪਰਚਾ ਪੜ੍ਹਿਆ ਸੀ। ਪਰਚਾ ਤਾਂ ਸੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਸੰਬੰਧੀ ਪਰ ਗੁਣ ਗਾਏ ਗਏ ਸਨ ਉਨ੍ਹਾਂ ਦੇ ਆਪਣੇ ਰੰਗ ਵਾਲੇ ਖੱਬੇਪੱਖੀ ਲੇਖਕਾਂ ਦੇ। ਬਾਕੀ ਸਾਰੇ ਲੇਖਕਾਂ ਨੂੰ ਜਾਂ ਤਾਂ ਅੱਖੋਂ ਪਰੋਖੇ ਕੀਤਾ ਗਿਆ ਸੀ ਜਾਂ ਉਨ੍ਹਾਂ ਨੂੰ ਬੌਣੇ ਬਣਾ ਕੇ ਪੇਸ਼ ਕੀਤਾ ਸੀ।

ਜਦ ਪਰਚੇ ‘ਤੇ ਬਹਿਸ ਦਾ ਅਰੰਭ ਹੋਇਆ ਤਾਂ ਸੁਖਬੀਰ ਸੰਧੂ ਨੇ ਪਰਚੇ ਦੇ ਉਸ ਹਿੱਸੇ ਦੀ ਤਾਂ ਸਰਾਹਨਾ ਕੀਤੀ ਜਿਸ ਵਿਚ ਗੁਰੂ ਨਾਨਕ ਦੀ ਬਾਣੀ ਦੀ ਗੱਲ ਕੀਤੀ ਹੋਈ ਸੀ ਪਰ ਬਾਕੀ ਦੇ ਸਾਰੇ ਪਰਚੇ ਨੂੰ ਪਾੜ ਕੇ ਸਟੇਜ ‘ਤੇ ਹੀ ਖਿਲਾਰ ਦਿੱਤਾ। ਉਹਦੇ ਐਨ ਮਗਰੋਂ ਸ਼ੇਰ ਜੰਗ ਜਾਂਗਲੀ ਨੇ ਆਪਣੀ ਥਾਂ ‘ਤੇ ਹੀ ਖੜ੍ਹ ਕੇ ਇਹ ਟੋਟਕਾ ਸੁਣਾ ਕੇ ਸਾਰਿਆਂ ਨੂੰ ਥਾਂ ਸਿਰ ਕਰ ਦਿੱਤਾ:-

ਅਵੱਲ ਅੱਲਾਹ ‘ਨੂਰਾ’ ਉਪਾਇਆ
‘ਢੰਡਾ’ ਤੇ ‘ਢੇਸੀ’ ਬੰਦੇ
ਆਪਣੇ ਆਪਣੇ ਸਾਰੇ ਚੰਗੇ
ਬਾਕੀ ਦੇ ਸਭ ਮੰਦੇ।

ਉਹਦੇ ਇਸ ਟੋਟਕੇ ਨੂੰ ਸੁਣ ਕੇ ਅਜਿਹਾ ਹਾਸਾ ਤੇ ਰੌਲਾ ਪਿਆ ਕਿ ਕਾਨਫਰੰਸ ਇਸ ਰੌਲੇ ਦੇ ਹੀ ਭੇਟ ਚੜ੍ਹ ਗਈ।

ਇਹੋ ਜਿਹੇ ਮਾਹੌਲ ਵਿਚ ਸਾਹਿਤ ਦੀ ਸਮੀਖਿਆ ਲਈ ਕਲਮ ਚੁਕਣੀ ਕੋਈ ਸੌਖਾ ਕੰਮ ਨਹੀਂ ਸੀ। ਉਹ ਜਿਹੜੇ ਆਪਣੇ ਆਪ ਨੂੰ ਸਿਰਮੌਰ ਸਾਹਿਤਕਾਰ ਸਮਝ ਰਹੇ ਸਨ ਤੇ ਅਜਿਹੇ ਮਾਹੌਲ ਤੇ ਛਾਏ ਹੋਏ ਸਨ, ਉਨ੍ਹਾਂ ਦੀ ਨਾਰਾਜ਼ਗੀ ਵੀ ਤਾਂ ਸਹੇੜਨੀ ਪੈਣੀ ਸੀ। ਉਹ ਆਪਣੀ ਲਿਖਤ 'ਤੇ ਕਿਸੇ ਤਰ੍ਹਾਂ ਦੀ ਟਿਪਣੀ ਕਦ ਬਰਦਾਸ਼ਤ ਕਰ ਸਕਦੇ ਸਨ? ਇਹ ਕੰਮ ਅਜਿਹੇ ਬੰਦਿਆਂ ਦੀ ਪਰਵਾਹ ਕੀਤੇ ਬਿਨਾ ਬੇਝਿਜਕ ਸੱਚ ‘ਤੇ ਡਟੇ ਰਹਿਣ ਨਾਲ ਹੀ ਸੰਭਵ ਹੋ ਸਕਦਾ ਸੀ।

ਸਾਹਿਤ ਅਲੋਚਨਾ ਮੇਰੇ ਲਈ ਕੋਈ ਓਪਰੀ ਗੱਲ ਨਹੀਂ ਸੀ। ੧੯੫੮/੫੯ ਵਿਚ ਹੀ ਐਮ ਏ ਪੰਜਾਬੀ ਦੀ ਪ੍ਰੀਖਿਆ ਲਈ ਤਿਆਰੀ ਕਰਦੇ ਸਮੇਂ ਮੇਰੀ ਸਾਹਿਤ ਅਲੋਚਨਾ ਨਾਲ ਚੋਖੀ ਜਾਣ ਪਛਾਣ ਹੋ ਗਈ ਸੀ। ਮੈਂ ਇਸ ਪਾਸੇ ਤੁਰਿਆ ਹੀ ਇਹ ਫੈਸਲਾ ਕਰ ਕੇ ਸਾਂ ਕਿ ਜੋ ਵੀ ਲਿਖਾਂਗਾ ਆਪਣੀ ਸਮਝ ਤੇ ਸੂਝ ਅਨੁਸਾਰ ਸੱਚ ਲਿਖਾਂਗਾ। ਭਾਵੇਂ ਮੈਂ ਨਿਜੀ ਤੋਰ ਤੇ ਕਿਸੇ ਵੀ

ਅਜਿਹੇ ਬੰਦੇ ਦੇ ਵਿਰੁਧ ਨਹੀਂ ਸਾਂ ਤੇ ਲੱਗ ਪੱਗ ਸਾਰਿਆਂ ਨਾਲ ਮੇਰੇ ਮਿਤਰਾਨਾ ਸੰਬੰਧ ਸਨ, ਫੇਰ ਵੀ ਮੇਰੀ ਸਮੀਖਿਆ ਨਾਲ ਕੁਝ ਬੰਦੇ ਮੇਰੇ ਨਾਲ ਨਾਰਾਜ਼ ਰਹਿਣ ਲੱਗ ਪਏ। ਸੱਚ ਬੋਲਣ ਦੀ ਕੁਝ ਕੀਮਤ ਤਾਂ ਤਾਰਨੀ ਹੀ ਪੈਣੀ ਸੀ।

***ਰਘੁਬੀਰ ਢੰਡ ਦਾ 'ਕਾਇਆ-ਕਲਪ'***

੧੯੮੧ ਈ: ਵਿਚ ਰਘਬੀਰ ਢੰਡ ਨੇ ਆਪਣਾ ਨਵਾਂ ਕਹਾਣੀ ਸੰਗ੍ਰਹਿ 'ਕਾਇਆ-ਕਲਪ' ਪ੍ਰਕਾਸ਼ਤ ਕਰਵਾਇਆ ਸੀ। ਪ੍ਰਗਤੀਸ਼ੀਲ ਲੇਖਕ ਸਭਾ ਗ੍ਰੇਟ ਬ੍ਰਿਟਿਨ (ਮਹਾ ਬ੍ਰਤਾਨੀਆ) ਦਾ ਕਰਤਾ ਧਰਤਾ ਉਸ ਵੇਲ਼ੇ ਨਿਰੰਜਨ ਸਿੰਘ ਨੂਰ ਸੀ। ਉਹ ਢੰਡ ਦਾ ਕੇਵਲ ਦੋਸਤ ਹੀ ਨਹੀਂ ਸੀ, ਸ਼ਰਧਾਲੂ ਵੀ ਸੀ। ਜਦ ਸਮੁੱਚੀ ਭਾਰਤੀ ਕਮਿਊਨਿਸਟਾਂ ਦੀ ਐਸੋਸੀਏਸ਼ਨ ਨੇ ਪਗੜੀ ਦੇ ਮਸਲੇ 'ਤੇ ਹੈੱਡਮਾਸਟਰ ਨੂੰ ਨਸਲਵਾਦੀ ਕਹਿਣ 'ਤੇ ਨੂਰ ਦੀ ਵਿਰੋਧਤਾ ਕੀਤੀ ਸੀ, ਉਸ ਵੇਲੇ ਕੇਵਲ ਢੰਡ ਹੀ ਅਜਿਹਾ ਕਮਿਊਨਿਸਟ ਸੀ ਜਿਹੜਾ ਨੂਰ ਦੀ ਹਮਾਇਤ ਲਈ ਡਟਿਆ ਰਿਹਾ ਸੀ। ਇਸ ਲਈ ਨੂਰ ਦਾ ਵੀ ਫਰਜ਼ ਬਣਦਾ ਸੀ ਕਿ ਉਹ ਢੰਡ ਦੀ ਹਮਾਇਤ ਦਾ ਰਿਣ ਉਤਾਰਦਾ। ਉਹਨੇ ਪ੍ਰਗਤੀਸ਼ੀਲ ਲੇਖਕ ਸਭਾ ਦੇ ਉਸ ਸਾਲ ਹੋਣ ਵਾਲੇ ਵਾਰਸ਼ਕ ਸਮਾਗਮ ਵਿਚ ਰਘੁਬੀਰ ਢੰਡ ਦੇ ਨਵੇਂ ਛਪੇ ਕਹਾਣੀ ਸੰਗ੍ਰਿਹ *'**ਕਾਇਆ-ਕਲਪ**'* ਉੱਤੇ ਪਰਚਾ ਲਿਖਵਾਉਣ/ਪੜ੍ਹਵਾਉਣ ਦਾ ਫੈਸਲਾ ਕਰ ਲਿਆ।

ਉਸ ਸਮਾਗਮ ਦਾ ਪ੍ਰਬੰਧ ਪ੍ਰਗਤੀਸ਼ੀਲ ਲੇਖਕ ਸਭਾ ਦੀ ਵੁਲਵਰਹੈਂਪਟਨ ਬਰਾਂਚ ਨੇ ਕਰਨਾ ਸੀ। ਬ੍ਰਾਂਚ ਸਕੱਤਰ ਨੇ ਪਰਚਾ ਲਿਖਣ ਦੀ ਡਿਊਟੀ ਲਾ ਦਿੱਤੀ ਅਵਤਾਰ ਸਾਦਕ ਦੀ। ਸਾਦਕ ਸਿਆਸੀ ਕੰਮਾਂ ਵਿਚ ਵਧੇਰੇ ਰੁੱਝਿਆ ਹੋਇਆ ਸੀ। ਉਹਨੇ ਮੈਨੂੰ ਟੈਲੀਫੋਨ ਕਰ ਕੇ ਇਹ ਪਰਚਾ ਲਿਖਣ ਲਈ ਬੇਨਤੀ ਕੀਤੀ ਤਾਂ ਮੈਂ ਕਿਹਾ, "ਸਾਦਿਕ ਜੀ, ਮੈਂ ਪਰਚਾ ਤਾਂ ਲਿਖ

ਦੇਵਾਂਗਾ, ਪਰ ਲਿਖਾਂਗਾ ਉਹੀ ਜੋ ਕੁਝ ਰਘੁਬੀਰ ਦੀ ਪੁਸਤਕ ਪੜ੍ਹਨ ਪਿੱਛੋਂ ਉਹਦੇ ਬਾਰੇ ਮੇਰੇ ਖਿਆਲ ਬਣੇ। ਭਾਵੇਂ ਮੈਂ ਉਹਦੀ ਇਜ਼ਤ ਕਰਦਾ ਹਾਂ ਪਰ ਇਸ ਕਰਕੇ ਉਹਦੀ ਖਾਹਮਖਾਹ ਸਿਫਤ ਨਹੀਂ ਕਰਾਂਗਾ"। ਸਾਦਕ ਦਾ ਜਵਾਬ ਸੀ, "ਤੂੰ ਬੇਸ਼ਕ ਨਿਰਪੱਖ ਤੇ ਨਿਡਰ ਹੋ ਕੇ ਲਿਖੀਂ। ਸਾਨੂੰ ਕੋਈ ਇਤਰਾਜ ਨਹੀਂ ਹੋਵੇਗਾ"।

ਮੈਂ ਰਘੁਬੀਰ ਢੰਡ ਦੇ ਪਹਿਲੇ ਦੋਵੇਂ ਕਹਾਣੀ ਸੰਗ੍ਰਹਿ '**ਮਿੱਟੀ ਬੋਲੀ**' ਤੇ '**ਉਸ ਪਾਰ**' ਪੜ੍ਹੇ ਹੋਏ ਸਨ। ਉਹਦੇ ਇਹ ਕਹਾਣੀ ਸੰਗ੍ਰਹਿ ਖਾਸ ਤੌਰ ਤੇ 'ਉਸ ਪਾਰ' ਪੜ੍ਹ ਕੇ ਰਘੁਬੀਰ ਦੀ ਕਹਾਣੀ ਕਲਾ ਬਾਰੇ ਮੇਰਾ ਚੰਗਾ ਪ੍ਰਭਾਵ ਬਣਿਆ ਹੋਇਆ ਸੀ। ਪਰ '**ਕਾਇਆ-ਕਲਪ**' ਦੀਆਂ ਕਹਾਣੀਆਂ ਪੜ੍ਹ ਕੇ ਇੰਝ ਲੱਗਾ ਕਿ ਉਹ ਅਤਿ ਦੀ ਭਾਵਕਤਾ ਵਿਚ ਵਹਿ ਗਿਆ ਹੈ। ਜਿਹੋ ਜਿਹਾ ਕਲਾ ਰਹਿਤ ਉਲਾਰ ਕਿਸਮ ਦਾ ਪਰਚਾਰ ਉਹਨੇ ਇਨ੍ਹਾਂ ਕਹਾਣੀਆਂ ਵਿਚ ਕੀਤਾ ਸੀ, ਇਹੋ ਜਿਹੇ ਪਰਚਾਰ ਦਾ ਮੈਂ ਸਦਾ ਵਿਰੋਧੀ ਰਿਹਾ ਸਾਂ। ਮੈਂ ਰਘੁਬੀਰ ਦੇ ਵਿਚਾਰ ਜਾਣਨ ਲਈ ਉਹਦੇ ਨਾਲ ਟੈਲੀਫੋਨ 'ਤੇ ਗੱਲ ਕੀਤੀ ਤੇ ਇਹ ਵੀ ਪੁੱਛਿਆ ਕਿ ਉਹਦੀਆਂ ਤਿੰਨਾਂ ਕਿਤਾਬਾਂ ਵਿਚੋਂ ਉਹ ਕਿਹੜੀ ਕਿਤਾਬ ਨੂੰ ਉੱਤਮ ਸਮਝਦਾ ਹੈ ਤਾਂ ਉਹਦਾ ਜਵਾਬ ਸੀ ਕਿ ਉਹ ਦੀ ਪੁਸਤਕ 'ਕਾਇਆ-ਕਲਪ' ਦੀਆ ਕਹਾਣੀਆਂ ਪਹਿਲੀਆਂ ਦੋਹਾਂ ਪੁਸਤਕਾਂ ਦੀਆਂ ਕਹਾਣੀਆਂ ਤੋਂ ਵਧੇਰੇ ਚੰਗੀਆਂ ਹਨ। ਮੈਂ ਕਿਹਾ, "ਰਘੁਬੀਰ ਜੀ! ਮੈਨੂੰ ਤੁਹਾਡੇ ਇਸ ਸੰਗ੍ਰਹਿ 'ਤੇ ਪਰਚਾ ਲਿਖਣ ਲਈ ਹੁਕਮ ਹੋਇਆ ਹੈ। ਤੁਸੀਂ ਕੁਝ ਦਸੋ, ਮੈਂ ਕੀ ਕਰਾਂ?" ਰਘੁਬੀਰ ਦਾ ਉੱਤਰ ਸੀ, "ਦੋਸਤਾਂ ਬਾਰੇ ਲਿਖਣ ਵੇਲੇ ਬਹੁਤਾ ਸੋਚਣ ਦੀ ਲੋੜ ਨਹੀਂ ਹੁੰਦੀ। ਚੰਗੇ ਪੱਖਾਂ ਦੀ ਗੱਲ ਹੀ ਤਾਂ ਕਰਨੀ ਹੁੰਦੀ ਹੈ"।

ਰਘੁਬੀਰ ਦੀ ਇਹ ਗੱਲ ਸੁਣ ਕੇ ਮੇਰੇ ਲਈ ਧਰਮ ਸੰਕਟ ਖੜ੍ਹ ਗਿਆ। ਮੇਰੇ ਖਿਆਲ ਅਨੁਸਾਰ ਅਲੋਚਕ ਦਾ ਧਰਮ ਬਣਦਾ ਹੈ ਕਿ ਉਹ ਅਲੋਚਨਾ ਕਰਦੇ ਸਮੇਂ ਦੋਸਤੀ ਤੇ ਦੁਸ਼ਮਣੀ ਦੋਹਾਂ ਨੂੰ ਭੁੱਲ ਜਾਵੇ, ਕਿਸੇ ਦਾ ਵੀ

ਲਿਹਾਜ਼ ਨਾ ਕਰੇ ਆਪਣਾ ਵੀ ਨਹੀਂ। ਕਾਇਆ-ਕਲਪ ਪੜ੍ਹ ਕੇ ਜੋ ਕੁਝ ਮੇਰੇ ਖਿਆਲ ਬਣੇ ਸਨ, ਜੇ ਮੈਂ ਉਹ ਬੇਲਿਹਾਜ਼ ਹੋ ਕੇ ਲਿਖਦਾ ਤਾਂ ਰਘੁਬੀਰ ਅਤੇ ਉਹਦੇ ਪ੍ਰਸੰਸਕਾਂ ਦੇ ਨਾਰਾਜ਼ ਹੋਣ ਦਾ ਡਰ ਸੀ ਤੇ ਜੇ ਮੈਂ ਐਵੇਂ ਪੋਚਾ ਪੋਚੀ ਕਰ ਛੱਡਦਾ ਤਾਂ ਇਹ ਮੇਰੇ ਆਪਣੇ ਅਸੂਲਾਂ ਦੇ ਉਲਟ ਸੀ।

ਆਖਰ ਫੈਸਲਾ ਇਹੀ ਕੀਤਾ ਕਿ ਮੈਨੂੰ 'ਕਾਇਆ-ਕਲਪ' ਦੀ ਅਲੋਚਨਾ ਕਰਨ ਤੋਂ ਝਿਜਕਣਾ ਨਹੀਂ ਚਾਹੀਦਾ ਤੇ ਆਪਣੇ ਬਣਾਏ ਮਿਆਰ ਨੂੰ ਵੀ ਅਵੱਸ਼ ਕਾਇਮ ਰਖਣਾ ਚਾਹੀਦਾ ਹੈ। ਮੈਂ ਚੋਖੀ ਮਿਹਨਤ ਨਾਲ ਕਾਇਆ-ਕਲਪ ਦੀ ਅਲੋਚਨਾ ਤਿਆਰ ਕੀਤੀ ਤੇ ਕਈ ਵੇਰ ਉਹਨੂੰ ਪੜ੍ਹਿਆ ਤੇ ਸੋਚਿਆ ਕਿ ਕਿਵੇਂ ਮੈਂ ਰਘੁਬੀਰ ਢੰਡ ਨਾਲ ਵੀ ਇਨਸਾਫ ਕਰ ਸਕਾਂ ਤੇ ਪਾਠਕਾਂ ਨੂੰ ਵੀ ਗੁਮਰਾਹ ਨਾ ਕਰਾਂ। ਮੈਂ ਜਿੰਨਾ ਵੀ ਨਰਮ ਹੋ ਸਕਦਾ ਸੀ ਹੋਇਆ ਤੇ ਜਿੱਥੇ ਵੀ ਹੋ ਸਕਿਆ ਉਹਦੀ ਸਿਫਤ ਵੀ ਕੀਤੀ। ਮੈਂ ਲੇਖ ਸੰਪੂਰਨ ਕਰ ਕੇ ਉਹਦੀ ਕਾਪੀ ਪ੍ਰਗਤੀਸ਼ੀਲ ਲੇਖਕ ਸਭਾ ਦੀ ਵੁਲਵਰਹੈਂਪਟਨ ਬ੍ਰਾਂਚ ਦੇ ਸਕੱਤਰ ਨੂੰ ਭੇਜ ਦਿੱਤੀ ਤੇ ਨਾਲ ਇਹ ਵੀ ਲਿਖ ਦਿੱਤਾ ਕਿ ਮੇਰੀ ਗੱਲ ਆਖਰੀ ਨਹੀਂ। ਮੈਂ ਇਸ ਲੇਖ 'ਤੇ ਸੁਝਾਅ ਦੇਣ ਵਾਲਿਆਂ ਨੂੰ ਧਿਆਨ ਨਾਲ ਸੁਣਾਗਾ ਵੀ ਤੇ ਉਨ੍ਹਾਂ ਦੇ ਯੋਗ ਸੁਝਾਵਾਂ ਦੀ ਕਦਰ ਵੀ ਕਰਾਂਗਾ।

ਬ੍ਰਾਂਚ ਸਕੱਤਰ ਨੇ ਪਰਚੇ ਦੀ ਕਾਪੀ ਰਘੁਬੀਰ ਢੰਡ ਨੂੰ ਭੇਜ ਦਿੱਤੀ। ਰਘੁਬੀਰ ਨੇ ਆਪਣਾ ਪ੍ਰਤੀਕਰਮ ਲਿਖ ਦਿੱਤਾ ਕਿ ਜੇ ਇਹ ਪਰਚਾ ਸਮਾਗਮ ਵਿਚ ਪੜ੍ਹਿਆ ਜਾਣਾ, ਤਾਂ ਉਹ ਉਹਦੇ ਵਿਚ ਸ਼ਾਮਿਲ ਨਹੀਂ ਹੋਵਾਂਗਾ। ਵੁਲਵਰਹੈਂਪਟਨ ਬ੍ਰਾਂਚ ਦੇ ਕਰਤੇ ਧਰਤੇ ਢੰਡ ਨੂੰ ਨਾਰਾਜ਼ ਕਰਨ ਲਈ ਤਿਆਰ ਨਹੀ ਸਨ। ਇਸ ਲਈ ਉਹਨਾਂ ਨੇ ਇਹ ਪਰਚਾ ਪੜ੍ਹਨ 'ਤੇ ਰੋਕ ਲਾਉਣ ਦਾ ਫੈਸਲਾ ਕਰ ਲਿਆ। ਜਦ ਸਭਾ ਦੀ ਕਾਰਕਜਕਰਨੀ ਦੇ ਬਹੁ ਸਮਤੀ ਮੈਂਬਰਾਂ ਨੇ ਇਸ ਗੱਲ ਦੀ ਵਿਰੋਧਤਾ ਕੀਤੀ ਤਾਂ ਵੁਲਵਰਹੈਂਪਟਨ ਬ੍ਰਾਚ ਨੇ ਉਸ ਸਾਲ ਹੋਣ ਵਾਲੀ ਆਪਣੀ ਕਾਨਫਰੰਸ ਹੀ ਨਾ ਕਰਨ ਦਾ ਫੈਸਲਾ ਕਰ

ਲਿਆ। ਇਸ ਤਰ੍ਹਾਂ ਉਸ ਸਾਲ ਦੀ ਉਨ੍ਹਾ ਦੀ ਕਾਨਫਰੰਸ ਮੇਰੇ ਪਰਚੇ ਦੀ ਭੇਟ ਚੜ੍ਹ ਗਈ। ਮੈਂ ਇਹ ਸੋਚ ਕੇ ਹੈਰਾਨ ਸਾਂ ਕਿ ਇੰਨੀ ਵੀ ਕਿਹੜੀ ਵੱਡੀ ਗੱਲ ਹੋ ਗਈ ਸੀ? ਮੇਰੇ ਖਿਆਲਾਂ ਨਾਲ ਸਹਿਮਤ ਹੋਣ ਜਾਂ ਨਾ ਹੋਣ ਦਾ ਹੱਕ ਤਾਂ ਰਘਬੀਰ ਢੰਡ ਨੂੰ ਉੰਨਾ ਹੀ ਸੀ। ਜੇ ਉਹ ਮੇਰੇ ਨਾਲ ਅਸਹਿਮਤ ਸੀ ਤਾਂ ਉਹ ਬੇਝਿਜਕ ਆਪਣੇ ਵਿਚਾਰ ਪਰਗਟ ਕਰ ਸਕਦਾ ਸੀ। ਜੇ ਮੈਂ ਗ਼ਲਤ ਸੀ ਤਾਂ ਉਹਨੂੰ ਪੂਰਾ ਹੱਕ ਸੀ ਕਿ ਉਹ ਮੈਨੂੰ ਠੀਕ ਕਰਨ ਲਈ ਆਪਣੇ ਖਿਆਲ ਬੇਝਿਜਕ ਪਰਗਟ ਕਰਦਾ। ਜੇ ਮੈਂ ਉਹਦੀ ਦਲੀਲ ਨਾਲ ਸਹਿਮਤ ਹੋ ਜਾਂਦਾ ਤਾਂ ਬੇਝਿਜਕ ਆਪਣੀ ਸਹਿਮਤੀ ਪਰਗਟ ਕਰ ਦਿੰਦਾ। ਇੰਞ ਸਾਡੇ ਵਿਚ ਦੋਸਤਾਨਾ ਢੰਗ ਨਾਲ ਖਿਆਲਾਂ ਦਾ ਆਦਾਨ ਪਰਦਾਨ ਚਲਦਾ ਰਹਿੰਦਾ। ਪਰ ਪਰਚੇ ਦਾ ਇੰਞ ਬਾਈਕਾਟ ਕਰਨਾ ਕਿਸੇਤਰ੍ਹਾਂ ਵੀ ਯੋਗ ਨਹੀਂ ਠਹਿਰਾਇਆ ਜਾ ਸਕਦਾ ਸੀ।

ਪਿਛੋਂ ਜਾ ਕੇ ਇਹ ਪਰਚਾ '**ਰਘੁਬੀਰ ਢੰਡ ਦਾ ਕਾਇਆ-ਕਲਪ**' ਦੇ ਨਾਂ ਹੇਠ ੧੯੮੬ ਵਿਚ ਛਪੀ ਮੇਰੀ ਪਹਿਲੀ ਅਲੋਚਨਾ ਪੁਸਤਕ '***ਬ੍ਰਤਾਨਵੀ ਪੰਜਾਬੀ ਸਾਹਿਤ ਦੀਆਂ ਪ੍ਰਾਪਤੀਆਂ***' ਵਿਚ ਸ਼ਾਮਿਲ ਕੀਤਾ ਗਿਆ ਸੀ। ਮੈਨੂੰ ਨਹੀਂ ਪਤਾ ਢੰਡ ਸਾਹਿਬ ਉੱਤੇ ਮੇਰੇ ਇਸ ਲੇਖ ਦਾ ਕੋਈ ਅਸਰ ਹੋਇਆ ਸੀ ਜਾਂ ਨਹੀਂ। ਪਰ 'ਕਾਇਆ-ਕਲਪ' ਕਹਾਣੀ ਸੰਗ੍ਰਹਿ ਤੋਂ ਪਿੱਛੋਂ ਛਪਣ ਵਾਲੇ ਉਹਦੇ ਕਹਾਣੀ ਸੰਗ੍ਰਹਿਆਂ ਵਿਚ ਨਾ 'ਕਾਇਆ-ਕਲਪ' ਵਰਗਾ ਬੇਥਵਾ ਪ੍ਰਸੰਗੋਂ ਬਾਹਰਾ ਪਰਚਾਰ ਸੀ ਨਾ ਕਿਸੇ ਜੀਉਂਦੇ ਜਾਗਦੇ ਵਿਅਕਤੀ ਨੂੰ ਉਹਦਾ ਨਾਉਂ ਲੈ ਕੇ ਰਗੜੇ ਲਾਏ ਗਏ ਸਨ, ਜਿਸਤਰ੍ਹਾਂ ਉਸਨੇ 'ਕਾਇਆ-ਕਲਪ' ਦੀ ਇੱਕ ਕਹਾਣੀ 'ਪੁਨਰ-ਜਨਮ' ਵਿਚ ਵਿਸ਼ਵਾਨਾਥ ਤਿਵਾੜੀ ਨੂੰ ਲਾਏ ਸਨ ਅਤੇ ਉਸਨੇ 'ਕਾਇਆ-ਕਲਪ' ਵਰਗੀ ਬੇਥਵੀ ਭਾਵਕਤਾ ਤੋਂ ਵੀ ਛੁਟਕਾਰਾ ਪ੍ਰਾਪਤ ਕਰ ਲਿਆ ਲਗਦਾ ਸੀ। ਮੈਂ ਆਪਣੀ ਥਾਵੇਂ ਖੁਸ਼ ਸਾਂ ਕਿ ਮੇਰੀ ਮਿਹਨਤ ਨੂੰ ਫਲ਼ ਲਗਦਾ ਜਾਪਦਾ ਸੀ। ਪਰ ਕੁਦਰਤ ਦੀ ਸਿਤਮਜ਼ਰੀਫੀ ਦੇਖੋ ਕਿ

ਰਘੁਬੀਰ ਢੰਡ ਵਰਗਾ ਮਿਹਨਤੀ ਤੇ ਸੰਭਾਵਨਾ ਭਰਪੂਰ ਲੇਖਕ ਛੇਤੀ ਹੀ ਸਾਨੂੰ ਸਦੀਵੀ ਵਿਛੋੜਾ ਦੇ ਗਿਆ।

***ਸਵਰਨ ਚੰਦਨ ਦੇ ਨਾਵਲ ਦੀ ਅਲੋਚਨਾ***

ਉਨ੍ਹਾਂ ਦਿਨਾਂ ਵਿਚ ਹੀ ਸਵਰਨ ਚੰਦਨ, ਗੁਰਸ਼ਰਨ ਸਿੰਘ ਅਜੀਬ ਦੇ ਮਾਸਕ ਪੱਤਰ "ਰਚਨਾ" ਦਾ ਕਹਾਣੀ ਅੰਕ ਤਿਆਰ ਕਰ ਰਿਹਾ ਸੀ। ਉਹਨੇ ਮੈਨੂੰ ਬ੍ਰਤਾਨਵੀ ਪੰਜਾਬੀ ਕਹਾਣੀ ਉੱਤੇ ਲੇਖ ਲਿਖਣ ਲਈ ਕਿਹਾ। ਮੈਂ ਉਸ ਵੇਲੇ ਤੱਕ ਲਿਖੀਆਂ ਬ੍ਰਤਾਨਵੀ ਪੰਜਾਬੀ ਕਹਾਣੀਕਾਰਾਂ ਦੀਆਂ ਸਾਰੀਆਂ ਕਹਾਣੀਆਂ ਪੜ੍ਹੀਆ ਤੇ ਇੱਕ ਸੁਗੱਠਤ ਲੇਖ ਤਿਆਰ ਕੀਤਾ, ਜਿਸਨੂੰ ਸਵਰਨ ਚੰਦਨ ਨੇ ਪ੍ਰਸੰਨਤਾ ਨਾਲ 'ਰਚਨਾ' ਦੇ ਉਸ ਅੰਕ ਵਿਚ ਪ੍ਰਕਾਸ਼ਤ ਕੀਤਾ ਸੀ।

ਮੇਰੇ ਇਸ ਲੇਖ 'ਬ੍ਰਤਾਨਵੀ ਪੰਜਾਬੀ ਕਹਾਣੀ ਦਾ ਵਿਸ਼ਾ ਵਸਤੂ ' ਨੂੰ ਕਈ ਪਾਸਿਆਂ ਤੋਂ ਸਲਾਹਿਆ ਗਿਆ। ਸਵਰਨ ਚੰਦਨ ਨੇ ਤਾਂ ਆਪਣੇ ਲਿਖੇ ਸੰਪਾਦਕੀ ਵਿਚ ਹੀ ਇਸ ਲੇਖ ਦੀ ਚੋਖੀ ਸਿਫਤ ਕਰ ਦਿਤੀ ਸੀ। 'ਰਚਨਾ' ਦੇ ਅਗਲੇ ਅੰਕ ਵਿਚ ਡਾਕਟਰ ਹਰਿਭਜਨ ਸਿੰਘ ਦੀ ਛਪੀ ਚਿੱਠੀ ਪੜ੍ਹ ਕੇ ਮੈਨੂੰ ਬਹੁਤ ਉਤਸ਼ਾਹ ਮਿਲਿਆ। ਉਸ ਵੇਲੇ ਤੱਕ ਮੈਂ ਨਿੱਜੀ ਤੌਰ ਤੇ ਡਾਕਟਰ ਹਰਿਭਜਨ ਸਿੰਘ ਦਾ ਬਿਲਕੁਲ ਜਾਣੂ ਨਹੀਂ ਸਾਂ। ਲੰਡਨ ਵਿਚ ਹੋਈ ਵਿਸ਼ਵ ਪੰਜਾਬੀ ਲੇਖਕ ਕਾਨਫਰੰਸ ਵਿਚ ਮੈਂ ਉਹਨੂੰ ਦੂਰੋਂ ਹੀ ਦੇਖਿਆ ਸੀ। ਪਰ ਉਹ ਤਾਂ ਮੇਰੀ ਸ਼ਕਲ ਤੋਂ ਵੀ ਵਾਕਫ ਨਹੀਂ ਸੀ। ਮੈਂ ਸੋਚਦਾ ਸਾਂ ਕਿ ਅਜਿਹੇ ਪ੍ਰਤਿਸ਼ਟ ਵਿਦਵਾਨ ਨੇ ਜੇ ਮੇਰੀ ਅਲੋਚਨਾ ਵਿਧੀ ਦੀ ਸਿਫਤ ਕੀਤੀ ਹੈ ਤਾਂ ਇਹਦੇ ਵਿਚ ਕੁਝ ਗੁਣ ਤਾਂ ਹੋਣਗੇ ਹੀ।

ਇਸ ਪਿੱਛੋਂ ਮੈਂ ਭੁਪਿੰਦਰ ਪੁਰੇਵਾਲ ਦੀ ਕਵਿਤਾ ਬਾਰੇ ਇੱਕ ਵਿਸਤੀਰਤ ਲੇਖ '**ਆਧੁਨਕ ਪ੍ਰਗਤੀਸ਼ੀਲ ਕਵੀ ਭੁਪਿੰਦਰ ਪੁਰੇਵਾਲ**' ਲਿਖਿਆ। ਫੇਰ ਇਹ ਲੇਖ ੧੯੯੨ ਵਿਚ ਛਪੇ ਉਹਦੇ ਪਹਿਲੇ ਕਾਵਿ ਸੰਗ੍ਰਿਹ

'ਮਿੱਟੀ ਦਾ ਰੰਗ' ਦੇ ਮੁੱਖ-ਬੰਦ ਵਜੋਂ ਪ੍ਰਕਾਸ਼ਤ ਕੀਤਾ ਗਿਆ। ਉਸ ਲੇਖ ਦੀ ਵੀ ਕੁਝ ਵਿਦਵਾਨ ਲੇਖਕਾਂ ਵਲੋਂ ਪ੍ਰਸੰਸਾ ਹੋਈ ਸੀ।

ਸਵਰਨ ਚੰਦਨ ਉਸ ਵੇਲੇ ਤੱਕ ਚਾਰ ਨਾਵਲ ਪ੍ਰਕਾਸ਼ਤ ਕਰਵਾ ਚੁੱਕਾ ਸੀ। ਉਹ ਮੇਰੀ ਅਲੋਚਨਾ ਵਿਧੀ ਤੋਂ ਕੁਝ ਵਧੇਰੇ ਹੀ ਉਤਸ਼ਾਹਤ ਹੋ ਗਿਆ ਸੀ। ਇੱਕ ਦਿਨ ਉਹ ਡਰਬੀ ਵਿਚ ਮੈਨੂੰ ਮਿਲਣ ਆ ਗਿਆ। ਚਾਹ ਪਾਣੀ ਪੀਣ ਪਿੱਛੋਂ ਉਹਨੇ ਕਿਹਾ, "ਹਰਬਖਸ਼! ਮੈਂ ਆਪਣੇ ਨਾਵਲਾਂ ਬਾਰੇ ਪੁਸਤਕ ਛਪਵਾਉਣੀ ਚਾਹੁੰਦਾ ਹਾਂ। ਦੋ ਕੁ ਤਾਂ ਲੇਖ ਮੇਰੇ ਕੋਲ ਹੋਰ ਸਮੀਖਿਅਕਾਰਾਂ ਦੇ ਲਿਖੇ ਹੋਏ ਪਏ ਹਨ। ਜੇ ਤੂੰ ਮੇਰੇ ਚੋਹਾਂ ਨਾਵਲਾਂ ਬਾਰੇ ੧੦ ਕੁ ਸਫੇ ਦਾ ਵਿਸਤੀਰਤ ਲੇਖ ਲਿਖ ਦੇਵੇਂ ਤਾਂ ਮੈਂ ਪੁਸਤਕ ਛਪਵਾ ਲਵਾਂਗਾ। ਉਸ ਪੁਸਤਕ ਵਿਚ ਮੁੱਖ ਲੇਖ ਤੇਰਾ ਹੀ ਹੋਵੇਗਾ"। ਮੈਂ ਉਹਦੀ ਗੱਲ ਸੁਣ ਕੇ ਸੋਚੀਂ ਪੈ ਗਿਆ। ਸਵਰਨ ਚੰਦਨ ਨਾਲ ਮੇਰੇ  ਮਿੱਤਰਾਨਾ ਸੰਬੰਧ ਸਨ। ਮੈਂ ਝੂਠ ਲਿਖ ਨਹੀਂ ਸਕਦਾ ਸਾਂ ਤੇ ਸੱਚ ਲਿਖ ਕੇ ਮੈਂ ਆਪਣਾ ਮਿੱਤਰ ਗੁਆਉਣਾ ਨਹੀਂ ਚਾਹੁੰਦਾ ਸਾਂ। ਰਘੁਬੀਰ ਢੰਡ ਦੇ ਕਹਾਣੀ ਸੰਗ੍ਰਿਹ 'ਕਾਇਆ ਕਲਪ' 'ਤੇ ਲਿਖ ਕੇ ਮੈਨੂੰ ਕੌੜਾ ਤਜਰਬਾ ਹੋਇਆ ਸੀ। ਰਘੁਬੀਰ ਨਾਲ ਬੋਲਾ ਚੱਲੀ ਵੀ ਖਤਮ ਹੋ ਗਈ ਸੀ।

ਮੈਨੂੰ ਸੋਚੀਂ ਪਿਆ ਦੇਖ ਕੇ ਸਵਰਨ ਚੰਦਨ ਨੇ ਕਿਹਾ, "ਹਰਬਖਸ਼! ਕੀ ਸੋਚ ਰਿਹਾ ਹੈਂ? ਨਾਹ ਨਾ ਕਰੀਂ ਮੈਨੂੰ ਪਤਾ ਹੈ, ਤੂੰ ਸਮਰੱਥ ਅਲੋਚਕ ਹੈ। ਇਹ ਕੰਮ ਤੂੰ ਹੀ ਕਰ ਸਕਦਾ ਹੈਂ"। ਉਹ ਤਾਂ ਜਿਵੇਂ ਫੈਸਲਾ ਕਰ ਕੇ ਘਰੋਂ ਤੁਰਿਆ ਸੀ, ਮੈਥੋਂ 'ਹਾਂ' ਕਰਵਾ ਕੇ ਹੀ ਉੱਠਿਆ ਤੇ ਜਾਂਦਾ ਹੋਇਆ ਕਹਿ ਗਿਆ, "ਹਰਬਖਸ਼! ਤੂੰ ਬੇਸ਼ਕ ਬੇਝਿਜਕ ਹੋ ਕੇ ਸੱਚ ਲਿਖੀ। ਮੈਨੂੰ ਕੋਈ ਇਤਰਾਜ ਨਹੀਂ ਹੋਵੇਗਾ"।

ਮੈਂ ਚੰਦਨ ਦੇ ਉਸ ਸਮੇਂ ਤੱਕ ਛਪੇ ਚਾਰੇ ਨਾਵਲ ਧਿਆਨ ਨਾਲ ਪੜ੍ਹੇ । ਉਨ੍ਹਾਂ ਉੱਤੇ ਉਹਦੇ ਆਦੇਸ਼ ਅਨੁਸਾਰ ਵਿਸਤੀਰਤ ਲੇਖ ਤਿਆਰ ਕਰ ਕੇ

ਉਹਨੂੰ ਭੇਜ ਦਿੱਤਾ ਤੇ ਨਾਲ ਇਹ ਨੋਟ ਵੀ ਲਿਖ ਦਿੱਤਾ, "ਚੰਦਨ ਜੀ! ਤੁਹਾਡੇ ਨਾਵਲ ਧਿਆਨ ਨਾਲ ਪੜ੍ਹਨ ਤੇ ਵਿਚਾਰਨ ਪਿੱਛੋਂ ਮੈਂ ਜੋ ਕੁਝ ਉਨ੍ਹਾਂ ਵਿਚੋਂ ਲੱਭਿਆ ਹੈ, ਲਿਖ ਦਿੱਤਾ ਹੈ। ਮੈਂ ਈਮਾਨਦਾਰੀ ਨਾਲ ਡੂੰਘੀ ਸੋਚ ਵਿਚਾਰ ਪਿੱਛੋ ਜਿਹੜੀਆਂ ਤ੍ਰੁਟੀਆਂ ਵਲ ਧਿਆਨ ਦੁਆਇਆ ਹੈ, ਉਹ ਆਪਣੇ ਮਿਤਰਾਨਾ ਫਰਜ਼ ਦੀ ਅਦਾਇਗੀ ਲਈ ਹੀ ਦੁਆਇਆ ਹੈ, ਤਾਂ ਕਿ ਤੁਸੀਂ ਆਪਣੀ ਨਾਵਲ ਕਲਾ ਬਾਰੇ ਮੁੜ ਵਿਚਾਰ ਕਰ ਸਕੋਂ। ਜੇ ਤੁਸੀਂ ਆਪਣੇ ਅਗਲੇ ਨਾਵਲਾਂ ਵਿਚ ਇਨ੍ਹਾਂ ਤਰੁਟੀਆਂ ਤੋਂ ਬਚ ਸਕੋਂ ਤਾਂ ਮੈਂ ਸਮਝਾਂਗਾ, ਮੈਂ ਆਪਣੀ ਮਿਹਨਤ ਦਾ ਸਿਲਾ ਪ੍ਰਾਪਤ ਕਰ ਲਿਆ ਹੈ। ਜੇ ਇਹ ਲੇਖ ਤੁਹਾਨੂੰ ਨਾ ਵੀ ਚੰਗਾ ਲੱਗੇ ਤੇ ਤੁਸੀਂ ਇਹਨੂੰ ਛਪਵਾਉਣਾ ਨਾ ਵੀ ਚਾਹੁੰਦੇ ਹੋਵੋਂ ਤਾਂ ਵੀ ਮੈਨੂੰ ਕੋਈ ਇਤਰਾਜ਼ ਨਹੀਂ ਹੋਵੇਗਾ"।

ਇਸਦੇ ਜਵਾਬ ਵਿਚ ਚੰਦਨ ਨੇ ਲਿਖਿਆ, "ਹਰਬਖਸ਼ ਜੀ! ਤੁਹਾਡਾ ਲੇਖ ਮਿਲ ਗਿਆ ਹੈ ਤੇ ਮੈਂ ਧਿਆਨ ਨਾਲ ਪੜ੍ਹ ਵੀ ਲਿਆ ਹੈ। ਜਿਨ੍ਹਾਂ ਤ੍ਰੁਟੀਆਂ ਵਲ ਤੁਸੀਂ ਧਿਆਨ ਦੁਆਇਆ ਹੈ, ਅਗਲਾ ਨਾਵਲ ਲਿਖਦੇ ਸਮੇਂ ਮੈਂ ਇਨ੍ਹਾਂ ਨੂੰ ਧਿਆਨ ਵਿਚ ਰਖਾਂਗਾ। ਮੇਰੇ ਨਾਵਲਾਂ 'ਤੇ ਇੰਨਾ ਵਡਾ ਲੇਖ ਲਿਖਣ ਲਈ ਤੁਹਾਡਾ ਧੰਨਵਾਦ, ਪਰ ਮੈਂ ਹਾਲ ਦੀ ਘੜੀ ਪੁਸਤਕ ਛਪਵਾਉਣ ਦਾ ਇਰਾਦਾ ਤਿਆਗ ਦਿੱਤਾ ਹੈ। ਮੈਂ ਆਸ ਰੱਖਦਾ ਹਾਂ ਤੁਸੀਂ ਮਨ 'ਤੇ ਨਹੀਂ ਲਾਵੋਗੇ"।

ਮੈਂ ਖੁਸ਼ ਸਾਂ ਕਿ ਮੈਂ ਆਪਣਾ ਇੱਕ ਹੋਰ ਮਿੱਤਰ ਗੁਆਉਣ ਤੋਂ ਬਚ ਗਿਆ ਸਾਂ। ਇਹ ਮੇਰੀ ਖੁਸ਼-ਫਹਿਮੀ ਸੀ। ਮਹੀਨੇ ਕੁ ਦੇ ਅੰਦਰ ਹੀ ਮੈਨੂੰ ਪਤਾ ਲੱਗ ਗਿਆ ਕਿ ਚੰਦਨ ਮੇਰੇ ਨਾਲ ਕੁਝ ਵਧੇਰੇ ਹੀ ਨਾਰਾਜ਼ ਸੀ ਤੇ ਹਰ ਦੋਸਤ ਮਿੱਤਰ ਕੋਲ ਮੇਰੀ ਭੰਡੀ ਕਰਨ ਤੋਂ ਵੀ ਨਹੀਂ ਝਿਜਕਦਾ ਸੀ। ਉਹਦੀ ਨਾਰਾਜ਼ਗੀ ਦਾ ਕੀ ਕਾਰਨ ਹੋ ਸਕਦਾ ਸੀ? ਇਹ ਮੇਰੀ ਸਮਝ ਤੋਂ ਪਰੇ ਦੀ ਗੱਲ ਸੀ। ਜੋ ਕੁਝ ਮੈਂ ਉਹਦੇ ਨਾਵਲਾਂ ਬਾਰੇ ਕਿਹਾ ਸੀ, ਉਹ ਤਾਂ ਕੇਵਲ ਇੰਨਾ ਕੁ ਹੀ ਸੀ ਕਿ ਉਹਦੇ ਉਸ ਸਮੇਂ ਤੱਕ ਛਪੇ ਚੋਹਾਂ ਨਾਵਲਾਂ ਵਿਚੋਂ ਤਿੰਨ ਕਾਹਲੀ

ਵਿਚ ਕੀਤੇ ਤਜਰਬੇ ਹਨ। ਕਹਿੰਦੇ ਕਹਾਉਂਦੇ ਨਾਵਲਕਾਰ ਵੀ ਪਹਿਲੇ ਨਾਵਲਾਂ ਵਿਚ ਤਜਰਬੇ ਹੀ ਤਾਂ ਕਰਦੇ ਹੁੰਦੇ ਹਨ। ਨਾਨਕ ਸਿੰਘ ਤੇ ਕੰਵਲ ਦੇ ਪਹਿਲੇ ਨਾਵਲਾਂ ਬਾਰੇ ਵੀ ਇਹ ਗੱਲ ਸਚੀ ਹੈ। ਉਸ ਵੇਲੇ ਮੈਂ ਉਹਦੇ ਬਾਰੇ ਲਿਖਿਆ ਇਹ ਲੇਖ ਕਿਤੇ ਵੀ ਛਪਵਾਉਣ ਦਾ ਯਤਨ ਨਾ ਕੀਤਾ, ਪਰ ਫੇਰ ਵੀ ਮੇਰੇ ਵਿਰੁਧ ਚੰਦਨ ਦਾ ਭੰਡੀ ਪਰਚਾਰ ਵਧਦਾ ਹੀ ਗਿਆ।

***ਤਰਸੇਮ ਨੀਲਗਿਰੀ ਦੀ ਕਹਾਣੀ-ਕਲਾ***

ਜਿਨ੍ਹਾਂ ਦਿਨਾਂ ਵਿਚ ਮੈਂ ਚੰਦਨ ਦੇ ਨਾਵਲਾਂ ਬਾਰੇ ਲਿਖਿਆ ਸੀ, ਇਨ੍ਹਾਂ ਦਿਨਾਂ ਵਿਚ ਹੀ ਮੈਨੂੰ ਤਰਸੇਮ ਨੀਲਗਿਰੀ ਦੀ ਕਹਾਣੀ 'ਕਬਰਾਂ' ਪੜ੍ਹਨ ਦਾ ਸੁਭਾਗ ਪ੍ਰਾਪਤ ਹੋ ਗਿਆ। ਉਹ ਕਹਾਣੀ ਪੜ੍ਹ ਕੇ ਮੈਂ ਮਹਿਸੂਸ ਕੀਤਾ ਕਿ ਜਿਹੋ ਜਿਹੀ ਕਲਾ ਕੌਸ਼ਲਤਾ ਦੀ ਮੰਗ ਮੈਂ ਪੰਜਾਬੀ ਲੇਖਕਾਂ ਤੋਂ ਕਰਦਾ ਸਾਂ, ਉਸ ਕਹਾਣੀ ਵਿਚ ਸਾਫ ਦਿਸਦੀ ਸੀ। ਮੈਂ ਮਹਿਸੂਸ ਕੀਤਾ ਕਿ ਮੈਨੂੰ ਉੱਚ ਪਾਏ ਦੀ ਕਲਾ ਨਾਲ ਪ੍ਰਣਾਇਆ ਕਹਾਣੀਕਾਰ ਲਭ ਗਿਆ ਹੈ।

ਤਰਸੇਮ ਉਸ ਵੇਲੇ ਤੱਕ ਮੇਰਾ ਬਹੁਤਾ ਜਾਣੂ ਨਹੀਂ ਸੀ। ਫੇਰ ਉਹ ਅਚਾਨਕ ਬ੍ਰਮਿੰਘਮ ਵਿਚ ਇੱਕ ਸਾਹਿਤਕ ਇਕੱਤਰਤਾ ਵਿਚ ਮਿਲ ਪਿਆ। ਉਹ ਨੇ ਢੰਡ ਦੇ ਕਹਾਣੀ ਸੰਗ੍ਰਹਿ 'ਕਾਇਆ ਕਲਪ' 'ਤੇ ਮੇਰੀ ਅਲੋਚਨਾ ਪੜ੍ਹੀ ਹੋਈ ਸੀ। ਉਹ ਮੈਨੂੰ ਮਿਲ ਕੇ ਬਹੁਤ ਹੀ ਉਤਸ਼ਾਹਿਤ ਹੋ ਗਿਆ ਤੇ ਲੱਗ ਪੱਗ ਅੱਧਾ ਘੰਟਾ ਬੈਠਾ ਮੇਰੇ ਨਾਲ ਗੱਲੀਂ ਜੁੱਟਿਆ ਰਿਹਾ। ਅੰਤ ਵਿਚ ਉਹਨੇ ਕਿਹਾ, "ਹਰਬਖਸ਼ ਜੀ! ਮੇਰੇ ਤਿੰਨ ਕਹਾਣੀ ਸੰਗ੍ਰਹਿ ਪ੍ਰਕਾਸ਼ਤ ਹੋ ਚੁੱਕੇ ਹਨ। ਹਾਲੀਂ ਤੱਕ ਮੇਰੀਆਂ ਕਹਾਣੀਆਂ 'ਤੇ ਕਿਸੇ ਵੀ ਅਲੋਚਕ ਨੇ ਨਹੀਂ ਲਿਖਿਆ। ਜੇ ਤੁਸੀਂ ਇਹ ਮਿਹਰਬਾਨੀ ਕਰ ਦੇਵੋਂ ਤਾਂ ਮੈਂ ਤੁਹਾਡਾ ਸਦਾ ਲਈ ਰਿਣੀ ਰਹਾਂਗਾ। ਮੈਂ ਜਾਣਦਾ ਹਾਂ ਕਿ ਤੁਸੀਂ ਇਹ ਕੰਮ ਕਰਨ ਦੇ ਯੋਗ ਹੋ"। ਮਸਾਂ ਤਾਂ ਮੈਨੂੰ ਅਜਿਹਾ

ਕਹਾਣੀਕਾਰ ਮਿਲਿਆ ਸੀ, ਜਿਹਦੇ ਬਾਰੇ ਲਿਖ ਕੇ ਮੈਨੂੰ ਆਪ ਨੂੰ ਵੀ ਪ੍ਰਸੰਨਤਾ ਮਿਲਣੀ ਸੀ। ਮੈਂ ਖ਼ੁਸ਼ੀ ਖ਼ੁਸ਼ੀ ਹਾਂ ਕਰ ਦਿੱਤੀ।

ਤਰਸੇਮ ਨੇ ਵਾਪਸ ਘਰ ਪੁੱਜਦਿਆਂ ਹੀ ਮੈਨੂੰ ਆਪਣੇ ਤਿੰਨੇ ਕਹਾਣੀ ਸੰਗ੍ਰਹਿ ਭੇਜ ਦਿੱਤੇ। ਮੈਂ ਉਹਦੀਆਂ ਕਹਾਣੀਆਂ ਨਿਠ ਕੇ ਪੜ੍ਹੀਆਂ ਵੀ ਤੇ ਉਨ੍ਹਾਂ ਦਾ ਅਨੰਦ ਵੀ ਮਾਣਿਆ। ਮੈਂ ਕੁਝ ਦਿਨਾਂ ਵਿਚ ਹੀ ਉਹਦੀਆਂ ਕਹਾਣੀਆਂ ਤੇ ਲੇਖ ਲਿਖ ਕੇ ਉਹਨੂੰ ਭੇਜ ਦਿੱਤਾ। ਉਹ ਲੇਖ ਪੜ੍ਹ ਕੇ ਉਹਨੇ ਲਿਖਿਆ, “ਹਰਬਖ਼ਸ਼ ਜੀ! ਤੁਸੀਂ ਕਿਹਾ ਸੀ ਕਿ ਤੁਹਾਨੂੰ ਮੇਰੇ ਰੂਪ ਵਿਚ  ਕਹਾਣੀ ਕਲਾ ਨੂੰ ਪੂਰੀ ਤਰ੍ਹਾਂ ਸਮਝਣ ਤੇ ਅਪਣਾਉਣ ਵਾਲਾ ਕਹਾਣੀਕਾਰ ਮਿਲ ਗਿਆ ਹੈ। ਮੈਂ ਵੀ ਇਹ ਮਹਿਸੂਸ ਕਰਦਾ ਹਾਂ ਕਿ ਪਹਿਲੀ ਵਾਰ ਮੈਨੂੰ ਉੱਚ ਪੱਧਰ ਦਾ ਅਲੋਚਕ ਤੇ ਪਿਆਰਾ ਮਿੱਤਰ ਮਿਲ ਗਿਆ ਹੈ”। ਇਹ ਸਾਡੀ ਮਿੱਤਰਤਾ ਦਾ ਅਰੰਭ ਸੀ। ਆਪਣੇ ਸੰਖੇਪ ਜਿਹੇ ਜੀਵਨ ਦੇ ਅੰਤ ਤੱਕ ਉਹ ਮੇਰਾ ਗੂੜ੍ਹਾ ਮਿੱਤਰ ਬਣਿਆ ਰਿਹਾ।

### *ਅਵਤਾਰ ਜੰਡਿਆਲਵੀ ਦੀ ਕਾਵਿ-ਕਲਾ*

ਮੇਰੇ ਪੁਰਾਣੇ ਮਿੱਤਰ ਅਵਤਾਰ ਜੰਡਿਆਲਵੀ ਦਾ ਨਵਾਂ ਕਾਵਿ ਸੰਗ੍ਰਹਿ '**ਮੇਰੇ ਪਰਤ ਆਉਣ ਤੱਕ**' ਇਨ੍ਹਾਂ ਦਿਨਾਂ ਵਿਚ ਹੀ ਛਪ ਕੇ ਮਾਰਕਿਟ ਵਿਚ ਆ ਆਇਆ ਸੀ। ਮੈਂ ਉਹਦਾ ਪਹਿਲਾ ਕਾਵਿ ਸੰਗ੍ਰਹਿ ਛਪਣ ਦੇ ਸਮੇਂ ਤੋਂ ਹੀ ਉਹਦੀ ਕਾਵਿ-ਕਲਾ ਦਾ ਪ੍ਰਸੰਸਕ ਸਾਂ। ਮੈਂ ਵੀਹ ਸਾਲ ਪਹਿਲਾਂ ਛਪੇ ਉਹਦੇ ਕਾਵਿ ਸੰਗਹਿ 'ਕੱਪਰ ਛੱਲਾਂ' 'ਤੇ ਵੀ ਲੇਖ ਲਿਖਿਆ ਸੀ, ਜਿਹਨੂੰ ਭਾਸ਼ਾ ਵਿਭਾਗ ਦੇ ਰਸਾਲੇ 'ਪੰਜਾਬੀ ਦੁਨੀਆ' ਨੇ ਉਤਸ਼ਾਹ ਨਾਲ ਛਾਪਿਆ ਸੀ। ਮੈਂ ਉਹਦੇ ਇਸ ਨਵੇਂ ਸੰਗ੍ਰਹਿ ਦੀਆਂ ਕਵਿਤਾਵਾਂ ਨੂੰ ਮਾਣਿਆ ਵੀ ਤੇ ਉਨ੍ਹਾਂ 'ਤੇ ਲੇਖ ਵੀ ਲਿਖਿਆ। ਉਹ ਲੇਖ ਭਾਪਾ ਪ੍ਰੀਤਮ ਸਿੰਘ ਨੇ ਆਪਣੇ ਮਾਸਕ ਪੱਤਰ 'ਆਰਸੀ' ਵਿਚ ਪ੍ਰਸੰਨਤਾ ਨਾਲ ਪ੍ਰਕਾਸ਼ਤ ਕੀਤਾ।

*ਮੇਰੀ ਪਹਿਲੀ ਸਮੀਖਿਆ ਪੁਸਤਕ*

ਉਸ ਵੇਲੇ ਤੱਕ ਮੇਰੇ ਕੋਲ ਕਈ ਸਮੀਖਿਆ ਲੇਖ ਜਮ੍ਹਾਂ ਹੋ ਚੁੱਕੇ ਸਨ। ਚੰਦਨ ਦੇ ਨਾਵਲਾਂ ਤੇ ਲਿਖੇ ਲੇਖ ਸਣੇ ਇੱਕ ਪੁਸਤਕ ਜੋਗਾ ਮਸਾਲਾ ਜਮ੍ਹਾ ਪਿਆ ਸੀ। ਪਰ ਮੈਂ ਕਿਤਾਬੀ ਰੂਪ ਵਿਚ ਇਨ੍ਹਾਂ ਨੂੰ ਪ੍ਰਕਾਸ਼ਤ ਕਰਵਾਉਣ ਲਈ ਹਾਲੀਂ ਤਿਆਰ ਨਹੀਂ ਸਾਂ। ਮੈਂ ਜਾਣਦਾ ਸਾਂ ਕਿ ਪ੍ਰਕਾਸ਼ਕ ਬ੍ਰਤਾਨਵੀ ਪੰਜਾਬੀ ਲੇਖਕਾਂ ਦੀਆਂ ਕਿਤਾਬਾਂ ਉਨ੍ਹਾਂ ਦੇ ਖਰਚ ਤੇ ਹੀ ਛਾਪਦੇ ਸਨ। ਇਹ ਕੰਮ ਕਰਨ ਲਈ ਮੇਰੀ ਰੂਹ ਮੰਨਦੀ ਨਹੀਂ ਸੀ।

ਮੇਰਾ ਦੋਸਤ ਤਰਸੇਮ ਨੀਲਗਿਰੀ ਖਹਿੜੇ ਪੈ ਗਿਆ ਕਿ ਇਹ ਲੇਖ ਜਰੂਰ ਪ੍ਰਕਾਸ਼ਤ ਹੋਣੇ ਚਾਹੀਦੇ ਹਨ। ਉਹਨੇ ਮੇਰੀ ਸਹਿਮਤੀ ਤੋਂ ਬਿਨਾਂ ਹੀ ਭਾਪਾ ਪ੍ਰੀਤਮ ਸਿੰਘ ਨਾਲ ਗੱਲ ਕਰ ਲਈ। ਉਸ ਤੋਂ ਸ੍ਵੀਕਾਰਤਾ ਪ੍ਰਾਪਤ ਕਰਨ ਪਿੱਛੋਂ ਹੀ ਉਹਨੇ ਮੈਨੂੰ ਦੱਸਿਆ। ਮੈਂ ਫੇਰ ਵੀ ਉਤਸਾਹਤ ਨਾ ਹੋਇਆ ਤਾਂ ਉਹਨੇ ਕਿਹਾ, “ਹਰਬਖਸ਼ ਜੀ! ਤੁਸੀਂ ਫਿਕਰ ਨਾ ਕਰੋ। ਤੁਹਾਨੂੰ ਇੱਕ ਪੈਸਾ ਵੀ ਖਰਚਣਾ ਨਹੀਂ ਪਏਗਾ।“

ਉਹ ਮੈਥੋਂ ਖਰੜਾ ਲੈ ਗਿਆ ਤੇ ਭਾਪਾ ਪ੍ਰੀਤਮ ਸਿੰਘ ਨੂੰ ਭੇਜ ਦਿੱਤਾ। ਕੁਝ ਦਿਨਾਂ ਵਿਚ ਛਾਪਣ ਦਾ ਕੰਮ ਵੀ ਅਰੰਭ ਹੋ ਗਿਆ। ਮੈਂ ਸੋਚੀਂ ਪਿਆ ਹੋਇਆ ਸਾ ਕਿ ਮੇਰੀ ਇਹ ਪਹਿਲੀ ਪੁਸਤਕ ਹੋਵੇਗੀ, ਬਿਨਾਂ ਜਾਣ ਪਛਾਣ ਤੋਂ ਇਹਨੂੰ ਕੌਣ ਪੜ੍ਹੇਗਾ। ਮੈਨੂੰ ਚੇਤਾ ਸੀ ਕਿ ਡਾਕਟਰ ਹਰਿਭਜਨ ਸਿੰਘ ਨੇ ਰਚਨਾ ਮਾਸਕ ਪੱਤਰ ਵਿਚ ਮੇਰੀ ਅਲੋਚਨਾ ਵਿਧੀ ਦੀ ਬਹੁਤ ਪ੍ਰਸ਼ੰਸਾ ਕੀਤੀ ਸੀ। ਮੈਂ ਭਾਪਾ ਪ੍ਰੀਤਮ ਸਿੰਘ ਨੂੰ ਪੱਤਰ ਲਿਖ ਦਿੱਤਾ ਕਿ ਜੇ ਉਹ ਠੀਕ ਸਮਝਣ ਤਾਂ ਡਾਕਟਰ ਹਰਿਭਜਨ ਸਿੰਘ ਤੋਂ ਇਸ ਪੁਸਤਕ ਦਾ ਮੁੱਖ-ਬੰਦ ਲਿਖਵਾ ਲੈਣ। ਸੋਚਦਾ ਸਾਂ ਕਿ ਜੇ ਸੱਚ ਮੁੱਚ ਹੀ ਉਹਨੂੰ ਮੇਰੀ ਅਲੋਚਨਾ ਵਿਧੀ ਚੰਗੀ ਲਗੀ ਹੈ ਤਾਂ ਉਹ ਇਨਕਾਰ ਨਹੀਂ ਕਰੇਗਾ। ਮੈਂ ਆਪ ਵੀ ਹੈਰਾਨ ਰਹਿ ਗਿਆ ਜਦ

ਡਾਕਟਰ ਹਰਿਭਜਨ ਸਿੰਘ ਬਿਨਾ ਮੇਰੀ ਬੇਨਤੀ ਦੇ ਇਸ ਪੁਸਤਕ ਦਾ ਮੁੱਖ-ਬੰਦ ਲਿਖਣ ਲਈ ਤਿਆਰ ਹੋ ਗਿਆ। ਇਸਤਰ੍ਹਾਂ ੧੯੮੬ ਵਿਚ ਮੇਰੀ ਪਹਿਲੀ ਅਲੋਚਨਾ ਪੁਸਤਕ *'ਬ੍ਰਤਾਨਵੀ ਪੰਜਾਬੀ ਸਾਹਿਤ ਦੀਆਂ ਪ੍ਰਾਪਤੀਆਂ'* ਹੋਂਦ ਵਿਚ ਆ ਗਈ। ਬ੍ਰਤਾਨਵੀ ਪੰਜਾਬੀ ਸਾਹਿਤ 'ਤੇ ਲਿਖੀ/ਛਪੀ ਇਹ ਅਲੋਚਨਾ ਦੀ ਪਹਿਲੀ ਪੁਸਤਕ ਸੀ। ਇਹੋ ਜਿਹੀ ਪੁਸਤਕ ਦੀ ਚਰੋਕਣੀ ਲੋੜ ਮਹਿਸੂਸ ਕੀਤੀ ਜਾਂਦੀ ਰਹੀ ਸੀ, ਇਸ ਲਈ ਇਹਦੀ ਪੁੱਛ ਗਿਛ ਚੋਖੀ ਹੋ ਗਈ। ਮੈਂ ਵੀ ਖ਼ੁਸ਼ ਸਾਂ ਤੇ ਭਾਪਾ ਪ੍ਰੀਤਮ ਸਿੰਘ ਵੀ, ਦੋਵੇਂ ਹੀ ਘਾਟੇ ਵਿਚ ਨਹੀਂ ਰਹੇ ਸਾਂ।

'ਬ੍ਰਤਾਨਵੀ ਪੰਜਾਬੀ ਸਾਹਿਤ ਦੀਆਂ ਪ੍ਰਾਪਤੀਆਂ' ਨੂੰ ਮਿਲੇ ਹੁੰਗਾਰੇ ਨਾਲ ਮੈਨੂੰ ਚੋਖਾ ਉਤਸ਼ਾਹ ਮਿਲਿਆ ਤੇ ਮੈਂ ਅਲੋਚਨਾ ਵਲ ਹੋਰ ਵੀ ਰੁੱਚਤ ਹੋ ਗਿਆ।

### *ਅਤਿਵਾਦ ਤੇ ਵੱਖਵਾਦ ਦਾ ਵਿਰੋਧ*

1984 ਈ: ਦੇ ਅਰੰਭ ਵਿਚ ਜਿਸ ਵੇਲੇ ਪੰਜਾਬ ਵਿਚ ਅਤਿਵਾਦ-ਵੱਖਵਾਦ ਦੀ ਅਨ੍ਹੇਰੀ ਝੁੱਲ ਰਹੀ ਸੀ ਤੇ ਹਿੰਦੂ ਸਵਾਰੀਆਂ ਨੂੰ ਬੱਸਾਂ ਵਿਚੋਂ ਲਾਹ ਲਾਹ ਕੇ ਕਤਲ ਕੀਤਾ ਜਾ ਰਿਹਾ ਸੀ, ਉਸ ਵੇਲੇ ਮੇਰੇ ਦਿਮਾਗ ਵਿਚੋਂ ਗੁਰਬਾਣੀ ਵਿਚ ਦਿੱਤੇ ਮਹਾਨ ਵਿਚਾਰ ਤੇ ਸਿੱਖਾਂ ਦਾ ਸ਼ਾਨਾਂ ਮੱਤਾ ਇਤਿਹਾਸ ਵਾਰ ਵਾਰ ਲੰਘ ਰਿਹਾ ਸੀ। ਮੈਂ ਗੁਰੂ ਗ੍ਰੰਥ ਸਾਹਿਬ ਵਿਚ ਦਿੱਤੀ ਗੁਰਬਾਣੀ ਪੜ੍ਹੀ ਵੀ ਸੀ ਤੇ ਵਿਚਾਰੀ ਵੀ ਸੀ ਤੇ ਸਿੱਖ ਇਤਿਹਾਸ ਦਾ ਵੀ ਅਨੇਕ ਵਾਰ ਅਧਿਅਨ ਕੀਤਾ ਸੀ। ਮੈਨੂੰ ਅਤਿਵਾਦੀ-ਵੱਖਵਾਦੀ ਕੱਟੜ-ਪੰਥੀਆਂ ਦੇ ਹੱਕ ਵਿਚ ਗੁਰਬਾਣੀ ਤੇ ਸਿੱਖ ਇਤਿਹਾਸ ਵਿਚੋਂ ਇੱਕ ਵੀ ਦਲੀਲ ਨਹੀਂ ਲੱਭ ਰਹੀ ਸੀ। ਮੈਂ ਆਪਣੇ ਤੌਰ ਤੇ ਇਸ ਸਭ ਕੁਝ ਦੀ ਵਿਰੋਧਤਾ ਕਰ ਵੀ ਰਿਹਾ ਸਾਂ ਤੇ ਮਹਿਸੂਸ ਕਰਦਾ ਸਾਂ ਕਿ ਅਤਿਵਾਦ-ਵੱਖਵਾਦ ਦੇ ਘਿਨਾਉਣੇ ਚਿਹਰੇ ਤੋਂ

ਪਰਦਾ ਹਟਾਉਣ ਲਈ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਸਿਖਿਆ ਨੂੰ ਮੁੜ ਲੋਕਾਂ ਵਿਚ ਲੈ ਜਾਣ ਦੀ ਤਿੱਖੀ ਲੋੜ ਹੈ।

ਜਿਸ ਵੇਲੇ ਅਤਿਵਾਦ ਦੀ ਖ਼ੂਨੀ ਅਨ੍ਹੇਰੀ ਸਿਖਰ ਤੇ ਪੁੱਜ ਗਈ ਸੀ ਤੇ ਪੰਜਾਬ ਵਿਚ ਕਾਨੂੰਨੀ ਵਿਵਸਥਾ ਬਿਲਕੁਲ ਖਤਮ ਕਰ ਦਿੱਤੀ ਗਈ ਸੀ, ਤਾਂ ਭਾਰਤ ਸਰਕਾਰ ਨੇ ੪ ਜੂਨ ੧੯੮੪ ਨੂੰ ਅਕਾਲ ਤੱਖਤ ਉੱਤੇ ਫੌਜ ਚਾੜ੍ਹਣ ਦੀ ਗ਼ਲਤੀ ਕਰ ਕੇ ਅਜਿਹਾ ਭਾਣਾ ਵਰਤਾ ਦਿੱਤਾ, ਜਿਸ ਨੇ ਅਤਿਵਾਦੀ ਵੱਖਵਾਦੀ ਸ਼ਕਤੀਆਂ ਦੇ ਹੱਥਾਂ ਵਿਚ ਇੱਕ ਸ਼ਕਤੀਸ਼ਾਲੀ ਦਲੀਲ ਫੜਾ ਦਿੱਤੀ। ਅਤਿਵਾਦ-ਵਖਵਾਦ ਦੀ ਅਨ੍ਹੇਰੀ ਹੋਰ ਵੀ ਤੇਜ਼ ਹੋ ਗਈ।

ਜੂਨ ੧੯੮੪ ਵਿਚ ਇਸ ਅੰਨ੍ਹੇਰਗਰਦੀ ਵਿਰੁਧ ਲਿਖਿਆ ਮੇਰਾ ਇੱਕ ਲੇਖ ***'ਪੰਜਾਬ ਸੰਕਟ'*** ਮਾਸਕ ਪੱਤਰ 'ਆਰਸੀ' ਵਿਚ ਛਪਿਆ ਸੀ। ਇਹ ਲੇਖ ਪੰਜਾਬ ਦੇ ਫਿਰਕਾਪ੍ਰਸਤੀ ਵਿਰੋਧੀ ਲੋਕਾਂ ਨੇ ਬਹੁਤ ਸਲਾਹਿਆ ਸੀ। ਪੰਜਾਬੀ ਦੇ ਪ੍ਰਸਿਧ ਨਾਵਲਿਸਟ ਰਾਮ ਸਰੂਪ ਅਣਖੀ ਨੇ ਇਸ ਲੇਖ ਦਾ ਜ਼ਿਕਰ ਆਪਣੇ ਇੱਕ ਨਾਵਲ ਵਿਚ ਵੀ ਕੀਤਾ ਸੀ। ਇਸ ਲੇਖ ਨੂੰ ਮਿਲਿਆ ਹੁੰਗਾਰਾ ਦੇਖ ਕੇ ਮੈਨੂੰ ਬਹੁਤ ਉਤਸ਼ਾਹ ਮਿਲਿਆ ਸੀ। ਪਰ ਅਨ੍ਹੇਰਗਰਦੀ ਦਾ ਤੂਫਾਨ ਬਹੁਤ ਵੱਡਾ ਸੀ। ਕਿਸੇ ਇਕੱਲੇ ਕਾਰੇ ਬੰਦੇ ਦਾ ਹੰਭਲਾ ਇਸ ਨੂੰ ਠੱਲ ਨਹੀਂ ਪਾ ਸਕਦਾ ਸੀ। ਇਸ ਵਿਰੁਧ ਲੜਨ ਲਈ ਸਾਂਝੇ ਹੰਭਲੇ ਦੀ ਲੋੜ ਸੀ।

ਅਕਤੂਬਰ ੮੪ ਵਿਚ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਆਪਣੇ ਹੀ ਸਿੱਖ ਅੰਗ-ਰਖਿਅਕਾਂ ਹੱਥੋਂ ਕਤਲ ਪਿੱਛੋਂ ਹਜ਼ਾਰਾਂ ਬੇਗੁਨਾਹ ਸਿੱਖਾਂ ਦੇ ਕਤਲਾਮ ਨੇ ਬਲ਼ਦੀ 'ਤੇ ਤੇਲ ਪਾਉਣ ਦਾ ਕੰਮ ਕਰ ਦਿੱਤਾ। ਇੱਥੇ ਬ੍ਰਤਾਨੀਆ ਵਿਚ ਨਵੇਂ ਬਣੇ ਖਾਲਿਸਤਾਨੀਆਂ ਨੇ ਅਤਿ ਚੁੱਕ ਲਈ ਤੇ ਉਹ ਕਾਂਗਰਸੀਆਂ, ਕਮਿਊਨਿਸਟਾਂ ਤੇ ਹੋਰ ਅਤਿਵਾਦ-ਵੱਖਵਾਦ ਵਿਰੋਧੀ ਬੰਦਿਆਂ ਨੂੰ ਸੋਧਣ ਦੀਆਂ ਧਮਕੀਆਂ ਦੇਣ ਲੱਗ ਪਏ।

ਉਸ ਵੇਲੇ ਸਾਊਥਾਲ ਵਿਚ ਰਹਿ ਰਹੇ ਪੁਰਾਣੇ ਕਾਮਰੇਡ ਪੰਡਤ ਵਿਸ਼ਨੂੰ ਦੱਤ ਸ਼ਰਮਾ ਨੇ ਇਹ ਸਭ ਕੁਝ ਦੇਖ ਕੇ ਇਸ ਅਨ੍ਹੇਰਗਰਦੀ ਵਿਰੁਧ ਅਵਾਜ਼ ਉਠਾਉਣ ਲਈ ਪੰਜਾਬੀ ਵਿਚ ਇੱਕ ਮਾਸਕ ਪੱਤਰ ਕੱਢਣ ਦਾ ਫੈਸਲਾ ਕਰ ਲਿਆ। ਵਿਸ਼ਨੂੰ ਦੱਤ ਮੇਰਾ ਪੁਰਾਣਾ ਜਾਣੂ ਸੀ ਤੇ ਪ੍ਰਸੰਸਕ ਵੀ। ਉਹ ਮੈਨੂੰ ਕਿਸੇ ਸਾਂਝੇ ਮਿੱਤਰ ਦੀ ਲੜਕੀ ਦੇ ਵਿਆਹ 'ਤੇ ਮਿਲ ਪਿਆ। ਉਹਨੇ ਮੈਨੂੰ ਪਰਚਾ ਕੱਢਣ ਦੀ ਯੋਜਨਾ ਬਾਰੇ ਦੱਸਿਆ ਤੇ ਨਾਲ ਹੀ ਜ਼ੋਰ ਪਾ ਕੇ ਇਹ ਵੀ ਕਹਿ ਦਿੱਤਾ, "ਮੈਂ ਪਰਚਾ ਤਾਂ ਹੀ ਕੱਢਾਂਗਾ, ਜੇ ਤੂੰ ਵਾਇਦਾ ਕਰੇਂ ਕਿ ਹਰ ਮਹੀਨੇ ਛਪਣ ਲਈ ਇੱਕ ਲੇਖ ਦੇਵੇਂਗਾ"। ਫੇਰ ਉਹਨੇ ਮੈਥੋਂ ਹਰ ਮਹੀਨੇ ਲਿਖਣ ਦਾ ਵਾਇਦਾ ਲੈ ਕੇ ਹੀ ਮੈਨੂੰ ਛੱਡਿਆ।

'***ਚਰਚਾ*** ' ਨਾਉਂ ਦਾ ਇਹ ਪਰਚਾ ਸਤੰਬਰ ੧੯੮੪ ਵਿਚ ਛਪਣਾ ਸ਼ੁਰੂ ਹੋਇਆ ਤੇ ਕੋਈ ਦੋ ਕੁ ਸਾਲ ਬਾਕਾਇਦੀ ਨਾਲ ਨਿਕਲਦਾ ਰਿਹਾ। ਇਸ ਵਿਚ ਹਰ ਮਹੀਨੇ ਮੇਰੇ ਲੇਖ ਛਪਦੇ ਰਹੇ। ਆਮ ਪਾਠਕਾਂ ਨੇ ਇਨ੍ਹਾਂ ਲੇਖਾਂ ਨੂੰ ਚੋਖਾ ਪਸੰਦ ਕੀਤਾ ਤੇ ਸਲਾਹਿਆ ਸੀ। ਪਰਚਾ ਤਾਂ ਛੇਤੀ ਹੀ ਬੰਦ ਹੋ ਗਿਆ ਪਰ ਪੰਡਤ ਵਿਸ਼ਨੂੰ ਦੱਤ ਨੇ ਇਨ੍ਹਾਂ ਲੇਖਾਂ ਨੂੰ ਪੁਸਤਕ ਦੇ ਰੂਪ ਵਿਚ ਛਪਵਾਉਣ ਦੀ ਜਰੂਰਤ ਤੇ ਜ਼ੋਰ ਦੇਣਾ ਸ਼ੁਰੂ ਕਰ ਦਿੱਤਾ ਤੇ ਮੈਨੂੰ ਅਦੇਸ਼ ਦਿੱਤਾ ਕਿ ਛਪਾਉਣ ਲਈ ਖਰੜਾ ਤਿਆਰ ਕਰ ਦਿਆਂ। ਮੈਂ ਉਨ੍ਹਾਂ ਲੇਖਾਂ ਵਿਚੋਂ ਬਹੁਤੇ ਲੇਖਾਂ ਨੂੰ ਤਰਤੀਬ ਵਿਚ ਲਿਖ ਕੇ ਤੇ ਰਹਿ ਗਏ ਕੁੱਝ ਖੱਪੇ ਪੂਰੇ ਕਰ ਕੇ ਖਰੜਾ ਵਿਸ਼ਨੂੰ ਦੱਤ ਦੇ ਹਵਾਲੇ ਕਰ ਦਿੱਤਾ। ਉਹਨੇ ਵੜੀ ਰੀਝ ਨਾਲ ਇਸ ਪੁਸਤਕ ਦਾ ਮੁੱਖਬੰਦ ਵੀ ਲਿਖਿਆ ਤੇ ਪੰਜਾਬ ਵਿਚ ਛਪਣ ਦਾ ਪ੍ਰਬੰਧ ਵੀ ਕਰ ਦਿੱਤਾ। ਇਹ ਪੁਸਤਕ ***"ਕ੍ਰਾਂਤੀਕਾਰੀ ਸਿੱਖ ਲਹਿਰ ਅਤੇ ਪ੍ਰਤੀਕ੍ਰਾਂਤੀ"*** ਦੇ ਨਾਉਂ ਹੇਠ ਪੰਜਾਬ ਬੁੱਕ ਸੈਂਟਰ ਚੰਡੀਗੜ੍ਹ ਨੇ ਦਸੰਬਰ ੧੯੮੯ ਵਿਚ ਪ੍ਰਕਾਸ਼ਤ ਕੀਤੀ।

ਇਸ ਪੁਸਤਕ ਵਿਚ ਸਮੁੱਚੇ ਸਿੱਖ ਇਤਿਹਾਸ ਨੂੰ ਨਿਰਖਿਆ ਪਰਖਿਆ ਗਿਆ ਸੀ ਤੇ ਨਿਰਣਾ ਕੀਤਾ ਗਿਆ ਸੀ ਕਿ ਕਿਸਤਰ੍ਹਾਂ ਕ੍ਰਾਂਤੀਕਾਰੀ ਸਿੱਖ ਲਹਿਰ ਵਿਚ ਮੁੜ ਮੁੜ ਪ੍ਰਤੀਕ੍ਰਾਂਤੀ ਸਿਰ ਚੁੱਕਦੀ ਰਹੀ ਤੇ ਸਿੱਖ ਲੀਡਰਾਂ ਦੀ ਸਮੁੱਚੀ ਸਿਆਸਤ ਗੁਰਬਾਣੀ ਅਤੇ ਸਿੱਖ ਇਤਿਹਾਸ ਦੇ ਅਨੁਕੂਲ ਨਹੀਂ ਰਹੀ ਸੀ। ਇਨ੍ਹਾਂ ਸਿੱਖ ਲੀਡਰਾਂ ਦੀਆਂ ਪੁੱਠੀਆਂ ਕਲਾਬਾਜ਼ੀਆ ਨੇ ਹੀ ਪੰਜਾਬ ਵਿਚ ਅਤਿਵਾਦ ਅਤੇ ਵੱਖਵਾਦ ਦੇ ਪੈਦਾ ਹੋਣ ਲਈ ਜ਼ਮੀਨ ਤਿਆਰ ਕੀਤੀ ਸੀ। ਆਰਸੀ ਵਿਚ ਛਾਪਿਆ ਗਿਆ ਮੇਰਾ ਉਹ ਲੇਖ 'ਪੰਜਾਬ ਸੰਕਟ' ਇਸ ਪੁਤਸਕ ਦੇ ਅੰਤਕੇ ਵਿਚ ਸ਼ਾਮਿਲ ਕੀਤਾ ਗਿਆ।

ਇਸ ਪੁਸਤਕ ਦੇ ਪ੍ਰਕਾਸ਼ਤ ਹੋਣ ਨਾਲ ਨਾ ਮੈਂ ਘਾਟੇ ਵਿਚ ਰਿਹਾ ਸਾਂ ਨਾ ਪੰਜਾਬ ਬੁੱਕ ਸੈਂਟਰ। ਭਾਵੇਂ ਮੈਂ ਕਮਾਇਆ ਤਾਂ ਕੁਝ ਨਹੀਂ ਸੀ ਪਰ ਕੋਲੋਂ ਵੀ ਕੁਝ ਨਹੀਂ ਖਰਚਿਆ ਸੀ। ਛੇਤੀ ਹੀ ਇਸ ਪੁਸਤਕ ਦਾ ਪਹਿਲਾ ਸੰਸਕਰਣ ਖਤਮ ਹੋ ਗਿਆ ਸੀ। ਇਸ ਪੁਸਤਕ ਦੀ ਹਾਲੀਂ ਵੀ ਉਂਨੀ ਹੀ ਮੰਗ ਤੇ ਲੋੜ ਹੈ ਜਿੰਨੀ ਉਸ ਵੇਲੇ ਸੀ, ਕਿਉਂਕਿ ਅਤਿਵਾਦ ਤੇ ਵੱਖਵਾਦ ਪੂਰੀ ਤਰ੍ਹਾਂ ਉਸ ਵੇਲੇ ਵੀ ਖਤਮ ਨਹੀਂ ਹੋਇਆ ਸੀ ਤੇ ਹਾਲੀਂ ਵੀ ਉਸਦੇ ਸਿਰ ਚੁੱਕਣ ਦੀਆਂ ਕਨਸੋਆਂ ਮਿਲਦੀਆਂ ਰਹਿੰਦੀਆਂ ਹਨ।

***ਸਾਹਿਤ ਸਿਧਾਂਤ ਤੇ ਸਾਹਿਤ ਵਿਹਾਰ:***

ਮੈਂ ਭਾਵੇਂ ਅਲੋਚਨਾ ਨੂੰ ਕਦੀਂ ਵੀ ਆਪਣਾ ਮੁੱਖ ਕਾਰਜ ਖੇਤਰ ਨਹੀਂ ਬਣਾਇਆ ਸੀ, ਫੇਰ ਵੀ ਕਦੀਂ ਕਦੀਂ ਇਸ ਨਾਲ ਮੇਰਾ ਵਾਹ ਪੈਂਦਾ ਹੀ ਰਿਹਾ। ਮੇਰੀ ਅਲੋਚਨਾ ਪੁਸਤਕ '***ਬ੍ਰਤਾਨਵੀ ਪੰਜਾਬੀ ਸਾਹਿਤ ਦੀਆਂ ਪ੍ਰਾਪਤੀਆਂ***' ਦੇ ਪ੍ਰਕਾਸ਼ਤ ਹੋਣ ਪਿੱਛੋਂ ਪੰਜਾਬੀ ਲੇਖਕਾਂ/ਪਾਠਕਾਂ ਵਿਚ ਮੇਰੀ ਵਧੇਰੇ ਪਛਾਣ ਅਲੋਚਕ ਦੇ ਤੌਰ 'ਤੇ ਹੋਣ ਲਗ ਪਈ ਸੀ, ਇਸ ਲਈ ਸਾਹਿਤਕ ਸਮਾਗਮਾਂ ਵਿਚ ਅਲੋਚਨਾ ਪੱਤਰ ਲਿਖਣ/ਪੜ੍ਹਨ ਲਈ ਮੈਨੂੰ ਸੱਦਿਆ ਜਾਣ

ਲੱਗ ਪਿਆ। ਭਾਵੇਂ ਮੈਂ ਬਹੁਤੀ ਵੇਰ ਅਜਿਹੇ ਸਮਾਗਮਾਂ ਲਈ ਅਲੋਚਨਾ ਪੱਤਰ ਲਿਖਣ ਤੋਂ ਕੰਨੀ ਕਤਰਾ ਜਾਂਦਾ ਸਾਂ, ਕਿਉਂਕਿ ਇਨ੍ਹਾਂ ਸਮਾਗਮਾਂ ਵਿਚ ਸਿਰਜਣਾ ਲਈ ਘਟੀਆ ਮਾਪਦੰਡਾਂ ਦਾ ਪ੍ਰਚੱਲਤ ਹੋਣਾ ਵੀ ਮੈਨੂੰ ਖਟਕਦਾ ਰਹਿੰਦਾ ਸੀ, ਇਸ ਲਈ ਸਿਰਜਣਾ ਦੇ ਪੱਧਰ ਨੂੰ ਉੱਚਾ ਚੁਕਣ ਵਿਚ ਯੋਗਦਾਨ ਪਾਉਣ ਲਈ ਮੈਂ ਕਈ ਵੇਰ ਅਜਿਹੇ ਸੱਦਿਆਂ ਨੂੰ ਪਰਵਾਨ ਕਰ ਲੈਂਦਾ ਸਾਂ। ਇਸ ਤੋਂ ਬਿਨਾ ਕਦੀਂ ਕਦੀਂ ਉੱਚੇ ਪੱਧਰ ਦੀਆਂ ਰਚਨਾਵਾਂ ਵੀ ਦੇਖਣ ਵਿਚ ਆ ਜਾਂਦੀਆਂ ਸਨ। ਅਜਿਹੀਆਂ ਲਿਖਤਾਂ ਬਾਰੇ ਲਿਖਣਾ ਮੈਂ ਮਾਣ ਵਾਲੀ ਗੱਲ ਸਮਝਦਾ ਸਾਂ। ਲਗਦੀ ਵਾਹ ਮੈਂ ਕਿਸੇ ਵੀ ਅਜਿਹੀ ਲਿਖਤ ਨੂੰ ਅਣਗੌਲਿਆ ਰਹਿਣ ਦੇਣਾ ਨਹੀਂ ਚਾਹੁੰਦਾ ਸਾਂ। ਇੰਝ ਮੇਰੇ ਕੋਲ ਅਲੋਚਨਾ ਦੀ ਇੱਕ ਹੋਰ ਪੁਸਤਕ ਛਪਵਾਉਣ ਜੋਗੇ ਲੇਖ ਜਮ੍ਹਾਂ ਹੋ ਗਏ।

ਜਦ ੨੦੦੩ ਈ: ਵਿਚ ਕੁਕਨੂਸ ਪ੍ਰਕਾਸ਼ਨ ਜਲੰਧਰ ਨੇ ਮੇਰਾ ਕਾਵਿ-ਸੰਗ੍ਰਹਿ 'ਆਥਣ ਵੇਲ਼ਾ' ਪ੍ਰਕਾਸ਼ਤ ਕੀਤਾ ਸੀ। ਉਸ ਵੇਲੇ ਇਸ ਪ੍ਰਕਾਸ਼ਨ ਦੇ ਮਾਲਕ ਬਿਮਲ ਨੇ ਕੁਝ ਪ੍ਰਤਿਸ਼ਟ ਲੇਖਕਾਂ/ਅਲੋਚਕਾਂ ਨੂੰ ਇਸ ਪੁਸਤਕ ਦੀਆਂ ਕਾਪੀਆਂ ਭੇਟ ਕੀਤੀਆਂ ਸਨ, ਉਨ੍ਹਾਂ ਵਿਚੋਂ ਇਕ ਸਨ ਪ੍ਰੋ: ਸਰਬਜੀਤ ਸਿੰਘ। ਇਸ ਸੁਹਿਰਦ ਪੁਰਸ਼ ਨੇ ਇਸ ਕਿਤਾਬ ਦੀ ਪ੍ਰਸੰਸਾ ਵਿਚ ਇੱਕ ਪੱਤਰ ਬਿਮਲ ਨੂੰ ਲਿਖਿਆ ਸੀ। ਬਿਮਲ ਨੇ ਉਹ ਪੱਤਰ ਮੈਨੂੰ ਭੇਜ ਦਿੱਤਾ। ਉਸ ਵੇਲ਼ੇ ਤੱਕ ਮੈਂ ਪ੍ਰੋ: ਸਰਬਜੀਤ ਸਿੰਘ ਦਾ ਬਿਲਕੁਲ ਜਾਣੂ ਨਹੀਂ ਸਾਂ। ਮੈ ਉਸ ਪੱਤਰ ਦੀ ਨਕਲ ਹੇਠਾਂ ਦੇ ਰਿਹਾ ਹਾਂ:-

*੬-੨-੨੦੦੩*

*ਪਿਆਰੇ ਬਿਮਲ ਜੀ*

*ਯਾਦ! ਤੇਰੀ ਤੰਦਰੁਸਤੀ ਦੀ ਕਾਮਨਾ ਕਰਦਾ ਹਾਂ।*

*ਹਰਬਖਸ਼ ਮਕਸੂਦਪੁਰੀ ਹੁਰਾਂ ਦੀ ਕਾਵਿ ਪੁਸਤਕ 'ਆਥਣ ਵੇਲਾ' ਮਿਲੀ ਹੈ। ਮੈਂ ਇਹ ਪੁਸਤਕ ਪੜ੍ਹ ਲਈ ਹੈ। ਸੱਚੀਂ ਬਹੁਤ ਪਸੰਦ ਆਈ ਹੈ। ਹਰਬਖਸ਼ ਸੁਧਾ ਮਾਰਕਸਵਾਦੀ ਹੈ। ਉਸਦੀ ਕਵਿਤਾ ਪੜ੍ਹਦਿਆਂ ਦਾਰਸ਼ਨਿਕਤਾ ਦਾ ਡੂੰਘਾ ਅਹਿਸਾਸ ਹੁੰਦਾ ਹੈ। ਕਈ ਨਜ਼ਮਾਂ ਪੜ੍ਹਦਿਆਂ ਇਉਂ ਵੀ ਮਹਿਸੂਸ ਹੋਇਆ ਹੈ ਜਿਵੇਂ ਮਾਰਕਸਵਾਦ ਨੂੰ ਕਵਿਤਾਇਆ ਗਿਆ ਹੋਵੇ। ਇਹ ਸੌਖਾ ਕਾਰਜ ਨਹੀਂ, ਸਚੀਓਂ ਔਖਾ ਕਾਰਜ ਹੈ। ਮਾਰਕਸਵਾਦ ਦਾ ਦਖਲ ਸਾਡੀ ਅਖਾਉਤੀ ਪ੍ਰਗਤੀਵਾਦੀ ਜਾਂ ਰੋਮਾਂਚਿਕ ਪ੍ਰਗਤੀਵਾਦੀ, ਜੇ ਇਉ ਕਹਿ ਲਿਆ ਜਾਵੇ ਕਿ ਦਿੱਖ ਦੀ ਪੱਧਰ 'ਤੇ ਪ੍ਰਗਤੀਵਾਦੀ ਕਵਿਤਾ ਵਿਚ ਤਾਂ ਬਹੁਤ ਹੈ। ਬਹੁਤੇ ਕਵੀ ਮਾਰਕਸਵਾਦ ਨੂੰ ਨੁਸਖੇ ਵਜੋਂ ਵਰਤਦੇ ਹਨ ਪਰ ਲੋੜ ਦ੍ਰਿਸ਼ਟੀ ਸਿਰਜਣ ਦੀ ਹੈ। ਹਰਬਖਸ਼ ਹੁਰਾਂ ਦੀ ਕਵਿਤਾ ਵਿਚ ਮਾਰਕਸਵਾਦ ਇੱਕ ਦ੍ਰਿਸ਼ਟੀ ਦੇ ਰੂਪ ਵਿਚ ਕਾਰਜਸ਼ੀਲ ਹੈ। ਹਰ ਕਵਿਤਾ ਵਿਚ ਵਿਚਾਰਧਾਰਕ ਸੂਝ ਦੇ ਦਰਸ਼ਨ ਹੁੰਦੇ ਹਨ। ਉਪਭਾਵਕਤਾ ਤੋਂ ਬਚਦਿਆਂ ਵਾਧੂ ਦੀ ਦਾਨਿਸ਼ਵਰੀ ਦਿਖਾਉਣ ਦੀ ਥਾਵੇਂ ਸਹਿਜ ਰੂਪ 'ਚ ਛੋਟੇ ਛੋਟੇ ਬਿਰਤਾਂਤਾਂ ਦੀ ਸਿਰਜਣਾ ਕਰ ਕੇ ਸੂਖਮ ਅਤੇ ਸੁਹਜ ਭਰਪੂਰ ਗੱਲਾਂ ਕੀਤੀਆਂ ਹਨ। ਕੁਝ ਦਾਰਸ਼ਨਿਕ ਨਜ਼ਮਾਂ ਨੇ ਬਹੁਤ ਪ੍ਰਭਾਵਤ ਕੀਤਾ ਹੈ ਜਿਵੇਂ ਆਦਿ ਕਥਾ, ਵਿਸਮਾਦ, ਅੱਗ ਤੇ ਭੀਸ਼ਮ-ਪ੍ਰਤਿਗਿਆ ਆਦਿ। ਹਰਬਖਸ਼ ਦੀ ਕਵਿਤਾ ਵਿਚ ਵਿਅੰਗ ਬਹੁਤ ਸੂਖਮ ਹੁੰਦਿਆ ਹੋਇਆਂ ਵੀ ਤੇਜ਼ ਤਰਾਰ ਹੈ। ਜਿਸ ਰੂਪ ਵਿਚ ਉਹ ਗੁਰਬਾਣੀ ਅਤੇ ਮਿੱਥ ਦਾ ਮਿੱਥਭੰਜਨ ਕਰਦਾ ਹੈ, ਸ਼ਾਇਦ ਅਜਿਹਾ ਪੰਜਾਬੀ ਕਵਿਤਾ ਵਿਚ ਪਹਿਲਾਂ ਕਿਸੇ ਮਾਰਕਸਵਾਦੀ ਨੇ ਇੰਨੀ ਕਲਾ-ਨਿਪੁੰਨਤਾ ਨਾਲ ਨਹੀਂ ਕੀਤਾ। ਡਾਕਟਰ ਜਗਤਾਰ ਦੀ 'ਪ੍ਰਵੇਸ਼ ਦੁਆਰ' ਤੋਂ ਬਆਦ 'ਆਥਣ ਵੇਲਾ' ਬਿਹਤਰ ਕਵਿਤਾ ਲੱਗੀ ਹੈ। ਉਂਝ ਤਾਂ ਕਵਿਤਾ ਢੇਰਾਂ ਦੇ ਢੇਰ ਛਪੀ ਤੁਰੀ ਜਾ ਰਹੀ ਹੈ।*

*ਮੇਰਾ ਇਹ ਅਹਿਸਾਸ ਹਰਬਖਸ਼ ਹੁਰਾਂ ਤੱਕ ਪਹੁੰਚਾ ਦੇਣਾ। ਅਜਿਹੀ ਕਵਿਤਾ ਛਾਪਣ ਲਈ ਤੁਹਾਡਾ ਸ਼ੁਕਰੀਆ ।*

*ਮੈਂ ਹਰਬਖਸ਼ ਦੀ ਪਹਿਲੀ ਪੁਸਤਕ ਅਲੋਚਨਾ ਦੀ ਪੜ੍ਹੀ ਸੀ। ਦੂਜੀ ਪੁਸਤਕ 'ਕ੍ਰਾਂਤੀਕਾਰੀ ਸਿੱਖ ਲਹਿਰ ਅਤੇ ਪ੍ਰਤੀ ਕ੍ਰਾਤੀ' ਵੀ ਪੜ੍ਹੀ ਹੈ। ਉਸ ਦੀ ਹੋਰ ਕੋਈ ਕਵਿਤਾ ਦੀ ਕਿਤਾਬ ਨਹੀਂ ਪੜ੍ਹੀ। ਜੇ ਪਹਿਲੀਆਂ ਦੋ ਕਾਵਿ ਪੁਸਤਕਾਂ ਦੇ ਪ੍ਰਕਾਸ਼ਕ ਦਾ ਪਤਾ ਲੱਗ ਜਾਵੇ ਤਾਂ ਮੈਨੂੰ ਖਬਰ ਕਰਨੀ। ਮੈਂ ਉਨ੍ਹਾਂ ਦੋਵਾਂ ਨਾਲ ਵੀ ਜੁੜਨਾ ਚਾਹੁੰਦਾ ਹਾਂ।*

*ਬਾਕੀ ਮਿਲਣ 'ਤੇ*

*ਡੂੰਘੇ ਸਤਿਕਾਰ ਨਾਲ ਤੁਹਾਡਾ*

*ਸਰਬਜੀਤ ਸਿੰਘ ਚੰਡੀਗੜ੍ਹ*

ਮੈਂ ਆਪ ਸੰਗਾਊ ਸੁਭਾ ਦਾ ਹੋਣ ਕਰਕੇ ਬਹੁਤੀ ਵੇਰ ਕਿਸੇ ਨਾਲ ਵੀ ਖਤ ਪਤੱਰੀ ਤੋਂ ਸੰਕੋਚ ਕਰ ਜਾਂਦਾ ਹਾਂ। ਪਰ ਡਾਕਟਰ ਸਰਬਜੀਤ ਸਿੰਘ ਦਾ ਉਪ੍ਰੋਕਤ ਪੱਤਰ ਪੜ੍ਹ ਕੇ ਮੈਨੂੰ ਬਹੁਤ ਉਤਸਾਹ ਮਿਲਿਆ। ਮੈਂ ਉਹਦੇ ਅਦੇਸ਼ ਅਨੁਸਾਰ ਆਪਣੀਆਂ ਪਹਿਲੀਆਂ ਦੋਵੇਂ ਕਾਵਿ ਪੁਸਤਕਾਂ ਦੇ ਪ੍ਰਕਾਸ਼ਕ ਦਾ ਪਤਾ ਵੀ ਲਿਖ ਦਿੱਤਾ ਤੇ ਨਾਲ ਹੀ ਉਹਦਾ ਧੰਨਵਾਦ ਕਰਦਿਆਂ ਆਪਣੇ ਬਾਰੇ ਜਾਣਕਾਰੀ ਵੀ ਦੇ ਦਿੱਤੀ। ਉਹਦਾ ਵਾਪਸੀ ਉੱਤਰ ਵੀ ਹਫਤੇ ਦੇ ਅੰਦਰ ਅੰਦਰ ਪ੍ਰਾਪਤ ਹੋ ਗਿਆ। ਉਹਨੇ ਲਿਖਿਆ ਸੀ, "ਅਗਲੀ ਵਾਰ ਜਦ ਪੰਜਾਬ ਆਉਣਾ ਮੈਨੂੰ ਜ਼ਰੂਰ ਮਿਲਣ ਆਉਣਾ। ਮੈਂ ਤੁਹਾਡੀ ਕਾਵਿ ਪੁਸਤਕ 'ਤੇ ਵਿਚਾਰ ਵਟਾਂਦਰੇ ਲਈ ਸਮਾਗਮ ਦਾ ਪ੍ਰਬੰਧ ਕਰ ਰੱਖਾਂਗਾ।"

ਕੁਝ ਮਹੀਨਿਆਂ ਪਿੱਛੋਂ ਜਦ ਮੈਂ ਪੰਜਾਬ ਗਿਆ ਤਾਂ ਉਹਨੂੰ ਮਿਲਣ ਲਈ ਵੀ ਜਾਣਾ ਹੀ ਸੀ। ਉਹਨੇ ਇੱਕ ਦਿਨ ਦੇ ਨੋਟਿਸ 'ਤੇ ਹੀ ਪੰਜਾਬ ਬੁੱਕ

ਸੈਂਟਰ ਦੇ ਹਾਲ ਵਿਚ ਸਮਾਗਮ ਦਾ ਪ੍ਰਬੰਧ ਕਰ ਲਿਆ। ਸਮਾਗਮ ਮੇਰੀ ਆਸ ਤੋਂ ਕਿਤੇ ਵੱਧ ਕਾਮਯਾਬ ਰਿਹਾ।

ਉਸ ਦਿਨ ਤੋਂ ਡਾਕਟਰ ਸਰਬਜੀਤ ਸਿੰਘ ਮੇਰੇ ਬਹੁਤ ਹੀ ਪਿਆਰੇ ਮਿੱਤਰਾਂ ਵਿਚ ਸ਼ਾਮਿਲ ਹੋ ਗਿਆ। ਉਹ ਪਰਚਿਆਂ ਵਿਚ ਛਪੇ ਮੇਰੇ ਅਲੋਚਨਾ ਲੇਖ ਪੜ੍ਹਦਾ ਰਿਹਾ ਸੀ। ਉਹ ਨੇ ਉਸ ਦਿਨ ਤੋਂ ਹੀ ਉਨ੍ਹਾਂ ਲੇਖਾਂ ਨੂੰ ਪੁਸਤਕ ਰੂਪ ਵਿਚ ਛਪਵਾਉਣ ਲਈ ਮੇਰੇ ਉੱਤੇ ਜ਼ੋਰ ਦੇਣਾ ਸ਼ੁਰੂ ਕਰ ਦਿੱਤਾ ਤੇ ਨਾਲ ਹੀ ਇਹ ਵੀ ਕਹਿ ਦਿੱਤਾ ਕਿ ਮੈਂ ਖਰੜਾ ਤਿਆਰ ਕਰ ਕੇ ਉਹਦੇ ਹਵਾਲੇ ਕਰ ਦੇਵਾਂ ਤੇ ਉਹ ਆਪ ਹੀ ਇਹਦੀ ਛਪਾਈ ਦਾ ਸਾਰਾ ਪ੍ਰਬੰਧ ਕਰ ਲਵੇਗਾ।

ਮੈਨੂੰ ਹੋਰ ਕੀ ਚਾਹੀਦਾ ਸੀ? ਲੇਖ ਤਾਂ ਸਾਰੇ ਮੇਰੇ ਕੋਲ ਸਾਂਭੇ ਪਏ ਹੀ ਸਨ। ਲਿਖੇ ਵੀ ਸਾਰੇ ਕੰਪਿਊਟਰ ਉੱਤੇ ਸਨ। ਮੈਂ ਸਾਰੇ ਲੇਖਾਂ ਨੂੰ ਮੁੜ ਤਰਤੀਬ ਵਿਚ ਕਰ ਕੇ ਸੀਡੀ 'ਤੇ ਚਾੜ੍ਹ ਲਿਆ। ੨੦੦੬ ਵਿਚ ਜਦ ਮੈਂ ਪੰਜਾਬ ਗਿਆ ਤਾਂ ਸੀਡੀ ਉਹਦੇ ਹਵਾਲੇ ਕਰ ਆਇਆ।

ਉਹਨੇ ਆਪ ਹੀ ਲੋਕ ਗੀਤ ਪ੍ਰਕਾਸ਼ਨ ਵਾਲਿਆ ਨਾਲ ਗੱਲ ਕਰ ਕੇ ਇਨ੍ਹਾਂ ਲੇਖਾਂ ਨੂੰ ਪੁਸਤਕ ਰੂਪ ਵਿਚ ਪ੍ਰਕਾਸ਼ਤ ਕਰਵਾਉਣ ਦਾ ਪ੍ਰਬੰਧ ਕਰ ਲਿਆ। ਇਸਤਰ੍ਹਾਂ ੨੦੦੭ ਵਿਚ ਡਾਕਟਰ ਸਰਬਜੀਤ ਸਿੰਘ ਦੇ ਯਤਨਾਂ ਨਾਲ "**ਸਾਹਿਤ ਸਿਧਾਂਤ ਤੇ ਸਾਹਿਤ ਵਿਹਾਰ**" ਨਾਉਂ ਦੀ ਅਲੋਚਨਾ ਪੁਸਤਕ ਹੋਂਦ ਵਿਚ ਆ ਗਈ। ਉਹਨੇ ਆਪ ਹੀ ਇਸ ਕਿਤਾਬ ਦੇ ਮੁੱਖਵੰਦ ਵਜੋਂ *'**ਹਰਬਖਸ਼ ਮਕ਼ਸੂਦਪੁਰੀ ਦੀ ਸੰਬਾਦ-ਚੇਤਨਾ**'* ਨਾਉਂ ਦਾ ਲੰਮਾ ਲੇਖ ਲਿਖਿਆ। ਇਸ ਲੇਖ ਵਿਚ ਉਹਨੇ ਕੇਵਲ ਇਸ ਕਿਤਾਬ ਬਾਰੇ ਹੀ ਨਹੀਂ ਲਿਖਿਆ ਸੀ, ਸਗੋਂ ਮੇਰੀਆਂ ਸਮੁੱਚੀਆਂ ਲਿਖਤਾਂ ਦਾ ਵੀ ਮੁਲਅੰਕਣ ਕੀਤਾ ਸੀ।

ਇਸ ਪਿੱਛੋਂ ਜਦ ਵੀ ਮੈਂ ਪੰਜਾਬ ਗਿਆ, ਆਪਣੇ ਇਸ ਪਿਆਰੇ ਤੇ ਸੁਹਿਰਦ ਮਿੱਤਰ ਨੂੰ ਅਵੱਸ਼ ਮਿਲਣ ਗਿਆ। ਇਸ ਪਿਆਰੇ ਮਿੱਤਰ ਦੇ ਸਹਿਯੋਗ ਨਾਲ ਹੀ ੨੦੦੯ ਵਿਚ ਮੇਰੀਆਂ ਦੋ ਕਿਤਾਬਾਂ ਇੱਕ ਵਾਰਤਕ

ਪੁਸਤਕ ***'ਵਿਚਾਰ-ਸੰਚਾਰ'*** ਅਤੇ ਮੇਰੀ ਸ੍ਵੈਜਿਵਨੀ ਦਾ ਪਹਿਲਾ ਭਾਗ ***'ਤੱਤੀਆਂ ਠੰਡੀਆਂ ਛਾਵਾਂ'*** ਲੋਕ ਗੀਤ ਪ੍ਰਕਾਸ਼ਨ ਨੇ ਪ੍ਰਕਾਸ਼ਤ ਕੀਤੀਆਂ।

ਇਹ ਸਤਰਾਂ ਲਿਖਦੇ ਸਮੇਂ ਮੇਰਾ 83ਵਾਂ ਜਨਮ ਦਿਨ ਲੰਘ ਚੁੱਕਾ ਹਾਂ। ਹੋਰ ਕਿੰਨਾ ਚਿਰ ਜੀਣਾ ਹੈ, ਇਹ ਤਾਂ ਪਤਾ ਨਹੀਂ। ਜਾਪਦਾ ਹੈ ਅੰਤ ਨੇੜੇ ਹੀ ਹੈ। ਮੈਂ ਜੋ ਕੁਝ ਲਿਖਣਾ ਚਾਹੁੰਦਾ ਸਾਂ, ਉਸਦਾ ਦਸਵਾਂ ਹਿੱਸਾ ਵੀ ਨਹੀਂ ਲਿਖ ਸਕਿਆ। ਇਸ ਦਾ ਵਡਾ ਕਾਰਨ ਮੇਰੀ ਘੌਲ ਸੀ ਜਾਂ ਬੱਸੋਂ ਬਾਹਰੇ ਹਾਲਾਤ ਜਾਂ ਸ਼ਾਇਦ ਦੋਵੇਂ ਹੀ। ਹੁਣ ਮੈਂ ਮਹਿਸੂਸ ਕਰਦਾ ਹਾਂ ਕਿ ਹਾਲਾਤ ਭਾਵੇਂ ਕਿਹੋ ਜਿਹੇ ਵੀ ਸਨ, ਮੈਨੂੰ ਹਰ ਹਾਲਤ ਵਿਚ ਲਿਖਦੇ ਰਹਿਣਾ ਚਾਹੀਦਾ ਸੀ। ਜਦ ਮਹਾਨ ਲੇਖਕਾਂ ਦੇ ਸੰਘਰਸ਼ ਭਰੇ ਜੀਵਨਾਂ ਬਾਰੇ ਪੜ੍ਹਦਾ ਹਾਂ ਤਾਂ ਸ਼ਰਮਸ਼ਾਰ ਹੋ ਜਾਂਦਾ ਹਾਂ। ਹੁਣ ਤਾਂ ਬਹੁਤ ਕੁਝ ਕੀਤਾ ਨਹੀਂ ਜਾ ਸਕਦਾ, ਫੇਰ ਵੀ ਇਹੀ ਤਮੰਨਾ ਹੈ ਕਿ ਜੀਵਨ ਦਾ ਸਫਰ ਸਮਾਪਤ ਹੋਣ ਤੱਕ ਕੁਝ ਨਾ ਕੁਝ ਲਿਖਦਾ ਰਹਾਂ।

## *21*

## *ਲੇਖਾ ਜੋਖਾ*

1996 ਵਿਚ ਰਿਟਾਇਰ ਹੋਣ ਵੇਲੇ ਮਾਲੀ ਤੌਰ 'ਤੇ ਮੇਰੀ ਹਾਲਤ ਮਾੜੀ ਨਹੀ ਸੀ। ਪੈਨੀ ਕਿਸੇ ਦੀ ਦੇਣੀ ਨਹੀਂ ਸੀ, ਸਮਾਜਕ ਸੁਰੱਖਿਆ ਦੇ ਮਹਿਕਮੇ ਵਲੋਂ ਤਾਂ ਬਿਰਧ-ਉਮਰ ਪੈਨਸ਼ਨ ਮਿਲਦੀ ਹੀ ਸੀ ਤੇ ਨਾਲ ਨਿੱਜੀ

ਤੌਰ 'ਤੇ ਕਰਵਾਈ ਹੋਈ ਪੈਨਸ਼ਨ ਵੀ ਮਿਲਣ ਲੱਗ ਪਈ ਸੀ। ਕੁਝ ਬੱਚਤ ਵੀ ਬੈਂਕ ਵਿਚ ਪਈ ਸੀ। ੧੯੯੯ ਵਿਚ ਮੇਰੀ ਪਤਨੀ ਨੇ ਵੀ ੬੦ ਸਾਲ ਦੀ ਹੋ ਜਾਣਾ ਸੀ। ਜੇ ਉਹ ਚਾਹੁੰਦੀ ਤਾਂ ਉਸ ਸਮੇਂ ਉਹ ਵੀ ਰਿਟਾਇਰ ਹੋ ਸਕਦੀ ਸੀ ਤੇ ਪੈਨਸ਼ਨ ਪ੍ਰਾਪਤ ਕਰ ਸਕਦੀ ਸੀ। ਸਾਲ ੨੦੦੦ ਤੱਕ ਮੇਰੇ ਛੋਟੇ ਦੋਵੇਂ ਪੁੱਤਰ ਵੀ ਵਿਆਹੇ ਜਾ ਚੁੱਕੇ ਸੰਨ ਤੇ ਉਨ੍ਹਾਂ ਨੇ ਆਪਣੇ ਘਰ ਲੈ ਲਏ ਸਨ। ਸਾਡੀ ਦੋਹਾਂ ਦੀ ਪੈਨਸ਼ਨ ਨਾਲ ਸਾਦਗੀ ਵਿਚ ਰਹਿੰਦਿਆਂ ਚੰਗਾ ਗੁਜ਼ਾਰਾ ਹੋ ਸਕਦਾ ਸੀ ਪਰ ਇਹ ਤਾਂ ਹੀ ਸੰਭਵ ਸੀ ਜੇ ਅਸੀਂ ੮੩ ਸੇਂਟ ਥਾਮਸ ਰੋਡ ਵਾਲਾ ਮਕਾਨ ਵੇਚ ਕੇ ਦੋ ਬੰਦਿਆਂ ਦੇ ਰਹਿਣ ਵਾਲਾ ਕੋਈ ਹੋਰ ਘਰ ਲੈ ਲੈਂਦੇ।

ਇਹ ਮਕਾਨ ਕਾਰੋਬਾਰੀ ਜਾਇਦਾਦ ਸੀ, ਜਿਸਦਾ ਕੌਂਸਲ ਟੈਕਸ ਵੀ ਕੁਝ ਵਧੇਰੇ ਹੀ ਸੀ ਤੇ ਹੋਰ ਬਿਲ ਵੀ ਵਧੇਰੇ ਹੀ ਆਉਂਦੇ ਸਨ। ਇਸ ਘਰ ਵਿਚ ਚਾਰ ਤਾਂ ਸੌਣ-ਕਮਰੇ ਹੀ ਸਨ ਪਰ ਵਰਤੋਂ ਵਿਚ ਕੇਵਲ ਦੋ ਆਉਂਦੇ ਸਨ ਤੇ ਫੇਰ ਮੇਰੇ ਦਫਤਰ ਵਾਲਾ ਕਮਰਾ ਵੀ ਹੁਣ ਖਾਲੀ ਪਿਆ ਸੀ, ਪਰ ਗਰਮ ਤਾਂ ਸਾਰੇ ਘਰ ਨੂੰ ਰੱਖਣਾ ਪੈਂਦਾ ਸੀ ਫੇਰ ਟੈਲੀਫੋਨ ਦੀ ਵਰਤੋਂ ਵੀ ਉਸੇਤਰ੍ਹਾਂ ਹੋ ਰਹੀ ਸੀ। ਕਾਰੋਬਾਰ ਚਲਦਾ ਸੀ ਤਾਂ ਸਾਰੇ ਬਿੱਲ ਕਾਰੋਬਾਰ ਦੇ ਖਰਚ ਵਿਚ ਪੈ ਜਾਂਦੇ ਸਨ, ਇਸਤਰ੍ਹਾਂ ਟੈਕਸ ਦੀ ਤਾਂ ਬੱਚਤ ਹੋ ਜਾਂਦੀ ਸੀ। ਹੁਣ ਸਾਰੇ ਬਿੱਲ ਮੇਰੇ ਸਿਰ ਪੈ ਰਹੇ ਸਨ ਤੇ ਮੇਰੀ ਪੈਨਸ਼ਨ ਇਹ ਬਿੱਲ ਖਾਈ ਜਾਂਦੇ ਸਨ। ਹੁਣ ਜਦ ਪੈਂਨਸ਼ਨ ਤੋਂ ਬਿਨਾ ਮੇਰੀ ਹੋਰ ਕੋਈ ਇਨਕਮ ਨਹੀਂ ਸੀ ਤਾਂ ਮੇਰੇ ਲਈ ਸਥਿਤੀ ਅਸਹਿ ਬਣਦੀ ਜਾ ਰਹੀ ਸੀ। ਇਸੇ ਲਈ ਮੈਂ ਚਾਹੁੰਦਾ ਸਾਂ ਕਿ ਇਹ ਘਰ ਵੇਚ ਕੇ ਕੋਈ ਛੋਟਾ ਜਿਹਾ ਦੋ ਸੌਣ ਕਮਰਿਆਂ ਵਾਲਾਂ ਘਰ ਲੈ ਕੇ ਸੁਖਾਲੇ ਹੋ ਜਾਈਏ ਪਰ ਮੇਰੀ ਪਤਨੀ ਮੇਰੀ ਗੱਲ ਨਾਲ ਸਹਿਮਤ ਨਹੀਂ ਸੀ। ਉਹ ਉਸ ਵੇਲ਼ੇ ਵੀ ਪੂਰਾ ਸਮਾਂ ਕੰਮ ਕਰਦੀ ਸੀ, ਇਸ ਲਈ ਉਹਨੂੰ ਕੋਈ ਤੰਗੀ ਮਹਿਸੂਸ ਨਹੀਂ ਹੋ ਰਹੀ ਸੀ। ਇਸ ਸਥਿਤੀ ਵਿਚ ਰੂਹ ਦੀ ਸ਼ਾਂਤੀ ਤਾਂ ਸੰਭਵ ਨਹੀਂ ਸੀ ਪਰ ਸਾਹਿਤਕਾਰੀ ਲਈ ਅਵੱਸ਼ ਸਮਾਂ ਮਿਲਣ ਲੱਗ ਪਿਆ ਸੀ।

ਆਪਣੀ ਜਨਮ ਭੂਮੀ ਦੀ ਖਿਚ ਹਾਲੀਂ ਵੀ ਉਸੇਤਰ੍ਹਾਂ ਕਾਇਮ ਸੀ। ਵਾਪਸ ਪੰਜਾਬ ਵਿਚ ਜਾ ਕੇ ਵਸ ਜਾਣ ਦੀ ਸੰਭਾਵਨਾ ਤਾਂ ਹੁਣ ਰਹਿ ਨਹੀਂ ਗਈ ਸੀ, ਇਸ ਲਈ ਅੰਬਾਂ ਦੀ ਭੁੱਖ ਅੰਬਾਖੜੀਆ ਨਾਲ ਪੂਰੀ ਕਰਨ ਦਾ ਯਤਨ ਤਾਂ ਕਰਨਾ ਹੀ ਸੀ। ਸੇਵਾ-ਮੁਕਤ ਹੋਣ ਪਿੱਛੋਂ ਮੈਂ ਹਰ ਸਾਲ ਕੁਝ ਚਿਰ ਦੇਸ ਜਾ ਕੇ ਰਹਿਣ ਲੱਗ ਪਿਆ। ਤਿੰਨ ਕੁ ਮਹੀਨੇ ਦੇਸ ਰਹਿ ਕੇ ਸਾਲ ਭਰ ਵਿਚ ਜਮ੍ਹਾ ਹੋਏ ਸਾਰੇ ਦਿਮਾਗੀ ਤਣਾਓ ਤੋਂ ਮੁਕਤ ਹੋ ਕੇ ਹਲਕਾ ਫੁਲਕਾ ਮਹਿਸੂਸ ਕਰਨ ਲੱਗ ਪੈਂਦਾ ਸਾਂ। ਪਰ ਸਮੱਸਿਆ ਇਹ ਸੀ ਕਿ ਪੰਜਾਬ ਵਿਚ ਮੇਰਾ ਆਪਣਾ ਕੋਈ ਘਰ ਨਹੀਂ ਸੀ। ਪਿੰਡ ਵਿਚ ਬਜ਼ੁਰਗਾਂ ਦਾ ਬਣਾਇਆ ਮਕਾਨ ਢਹਿ ਗਿਆ ਸੀ, ਇਸ ਲਈ ਪਿੰਡ ਜਾ ਕੇ ਰਹਿਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ ਸੀ। ਫੇਰ ਪਿੰਡ ਵਿਚ ਮੇਰੀ ਆਪਣੀ ਕੋਈ ਜ਼ਮੀਨ ਜਾਇਦਾਦ ਵੀ ਨਹੀਂ ਸੀ ਜਿਸਦੇ ਸਹਾਰੇ ਉੱਥੇ ਰਹਿਣ ਲਈ ਆਪਣਾ ਛੋਟਾ ਮੋਟਾ ਮਕਾਨ ਬਣਾ ਲੈਂਦਾ, ਕਿਉਂਕਿ ਬਜ਼ੁਰਗਾਂ ਨੇ ਪਿੰਡ ਦੀ ਜ਼ਮੀਨ ਵੇਚ ਕੇ ਯੂ.ਪੀ(ਹੁਣ ਉੱਤਰਾਖੰਡ) ਵਿਚ ਜ਼ਮੀਨ ਲੈ ਲਈ ਸੀ। ਉੱਥੇ ਹੀ ਮੇਰੇ ਚਾਚੇ ਤੇ ਮੇਰੇ ਵਡੇ ਭਰਾ ਨੇ ਅੰਤਮ ਸਾਹ ਲਏ ਸਨ। ਮੇਰਾ ਇੱਕੋ ਇੱਕ ਬਾਕੀ ਰਹਿੰਦਾ ਭਰਾ ਮਲਕੀਤ ਸਿੰਘ ਆਪਣੇ ਟੱਬਰ ਸਮੇਤ ਪਿੰਡ ਬਰ੍ਹਾ ਜਿਲ੍ਹਾ ਨੈਣੀਤਾਲ (ਹੁਣ ਜ਼ਿਲਾ ਊਧਮ ਸਿੰਘ ਨਗਰ) ਵਿਚ ਰਹਿੰਦਾ ਸੀ। ਉੱਥੇ ਮੇਰੇ ਹਿੱਸੇ ਦੀ ਕੁਝ ਜ਼ਮੀਨ ਵੀ ਸੀ।

ਮੈਂ ਦੋ ਕੁ ਹਫਤੇ ਉੱਥੇ ਰਹਿ ਕੇ ਪੰਜਾਬ ਚਲਿਆ ਜਾਂਦਾ ਸਾਂ ਤੇ ਰਿਸ਼ਤੇਦਾਰਾਂ ਨੂੰ ਮਿਲਦਾ ਗਿਲਦਾ ਮਹੀਨਾ ਕੁ ਲੰਘਾ ਕੇ ਫੇਰ ਉੱਤਰਾਖੰਡ ਆਪਣੇ ਭਰਾ ਕੋਲ ਆ ਜਾਂਦਾ ਸਾਂ। ਉਹਦੇ ਕੋਲ ਤਿੰਨ ਕੁ ਹਫਤੇ ਰਹਿ ਕੇ ਮਹਿਸੂਸ ਕਰਨ ਲੱਗ ਪੈਂਦਾ ਸਾਂ ਕਿ ਜਿਵੇਂ ਮੈਂ ਇੱਕ ਪਰਦੇਸ ਨੂੰ ਛੱਡ ਕੇ ਦੂਜੇ ਪਰਦੇਸ ਵਿਚ ਆ ਗਿਆ ਹੋਵਾਂ। ਭਾਵੇਂ ਉੱਥੇ ਰਹਿੰਦਿਆਂ ਮੈਨੂੰ ਖਾਣ ਪੀਣ ਦੀ ਕੋਈ ਤੰਗੀ ਨਹੀਂ ਸੀ ਤੇ ਮੇਰਾ ਭਰਾ, ਮੇਰੀ ਭਾਬੀ, ਮੇਰਾ ਭਤੀਜਾ ਤੇ ਉਹਦੇ

ਬੱਚੇ ਮੇਰੇ ਨਾਲ ਤੇਹ ਵੀ ਬਹੁਤ ਕਰਦੇ ਸਨ। ਫੇਰ ਵੀ ਪੰਜਾਬ ਵਰਗਾ ਵਾਤਾਵਰਣ ਇੱਥੇ ਹੈ ਨਹੀਂ ਸੀ, ਇਸ ਲਈ ਮੁੜ ਪੰਜਾਬ ਫੇਰੀ 'ਤੇ ਚੜ੍ਹ ਜਾਂਦਾ ਸਾਂ।

ਪੰਜਾਬ ਰਹਿੰਦਿਆਂ ਮੈਂ ਦੋ ਦਿਨ ਤੋਂ ਵੱਧ ਕਿਸੇ ਵੀ ਰਿਸ਼ਤੇਦਾਰ ਦੇ ਘਰ ਨਹੀ ਰਹਿੰਦਾ ਸਾਂ ਤੇ ਬਹੁਤਾ ਸਮਾਂ ਫੇਰੇ ਤੋਰੇ ਵਿਚ ਹੀ ਲੰਘਾ ਦਿੰਦਾ ਸਾਂ। ਪਹਿਲਾਂ ਜਾਂਦਾ ਵੀ ਪਿੰਡ ਚਚਰਾੜੀ ਸਾਂ। ਇਹ ਮੇਰੀ ਛੋਟੀ ਭੂਆ ਧੰਤੀ ਦਾ ਪਿੰਡ ਸੀ। ਉਹਦੀ ਕੋਈ ਆਪਣੀ ਔਲਾਦ ਨਹੀਂ ਸੀ। ਇਸ ਲਈ ਮੇਰੇ ਫੁਫੜ ਚੰਨਣ ਸਿੰਘ ਨੇ ਮੇਰੀ ਭੈਣ ਅਮਰ ਕੌਰ ਦੇ ਪੁੱਤਰਾਂ ਨੂੰ ਆਪਣੀ ਜ਼ਮੀਨ ਦੀ ਵਸੀਅਤ ਕਰ ਦਿਤੀ ਸੀ। ਮੈਂ ਜਾਂਦਾ ਵੀ ਪਹਿਲਾਂ ਆਪਣੇ ਭਾਣਜਿਆਂ ਬਲਦੇਵ ਸਿੰਘ ਤੇ ਕੁਲਵੰਤ ਸਿੰਘ ਕੋਲ ਸਾਂ ਤੇ ਵਾਪਸ ਵੀ ਉੱਥੋਂ ਹੀ ਗੱਡੀ ਫੜਦਾ ਸਾਂ। ਪੰਜਾਬ ਵਿਚ ਇਕ ਪਰਕਾਰ ਮੇਰਾ ਪੱਕਾ ਟਿਕਾਣਾ ਉਨ੍ਹਾਂ ਕੋਲ ਹੀ ਹੁੰਦਾ ਸੀ। ਭਾਵੇਂ ਉਹ ਮੈਨੂੰ ਆਪਣੇ ਕੋਲ ਰੱਖ ਕੇ ਖੁਸ਼ ਵੀ ਬਹੁਤ ਸਨ, ਤਾਂ ਵੀ ਮੈਂ ਮਹਿਸੂਸ ਕਰਦਾ ਸਾਂ ਕਿ ਜੇ ਹਰ ਸਾਲ ਇੰਨਾ ਸਮਾਂ ਦੇਸ ਵਿਚ ਗੁਜ਼ਾਰਨਾ ਹੈ ਤਾਂ ਆਪਣਾ ਘਰ ਹੋਵੇ ਤਾਂ ਹੀ ਚੰਗਾ ਹੈ।

ਮੇਰੀ ਵੱਡੀ ਬੇਟੀ ਕੰਵਲ ਦਾ ਪਤੀ ਸੁਰਜੀਤ ਸੰਧੂ ਫਗਵਾੜੇ ਰਾਮਗੜ੍ਹੀਆ ਕਾਲਜ ਵਿਚ ਪੜ੍ਹਦਾ ਰਿਹਾ ਸੀ। ਜਾਣਿਆ ਪਛਾਣਿਆ ਐਥਲੀਟ ਹੋਣ ਕਰਕੇ ਉਹਦੀ ਉੱਥੇ ਪੁੱਛ ਪ੍ਰਤੀਤ ਵੀ ਬਹੁਤ ਰਹੀ ਸੀ। ਇੰਨਾ ਸਮਾਂ ਲੰਘ ਜਾਣ ਪਿੱਛੋਂ ਵੀ ਉਹਦੇ ਜਾਣੂ ਪਛਾਣੂ ਤੇ ਕਦਰਦਾਨ ਉੱਥੇ ਅਨੇਕ ਮਿਲ ਜਾਂਦੇ ਸਨ। ਮੈਨੂੰ ਮਿਲ ਕੇ ਉਹ ਵੀ ਬਹੁਤ ਖੁਸ਼ ਹੁੰਦੇ ਸਨ। ਸੁਰਜੀਤ ਦਾ ਮਿੱਤਰ ਤੇ ਪੇਂਡੂ ਪ੍ਰੋਫੈਸਰ ਭਜਨ ਸਿੰਘ ਰਾਮਗੜ੍ਹੀਆ ਕਾਲਜ ਵਿਚ ਪੜ੍ਹਾਉਂਦਾ ਰਿਹਾ ਸੀ ਤੇ ਹਦੀਆਬਾਦ ਰਹਿੰਦਾ ਸੀ। ਬੰਦਾ ਉਹ ਬਹੁਤ ਮਿਲਣਸਾਰ, ਸੁਹਿਰਦ ਤੇ ਕੰਮ ਆਉਣ ਵਾਲਾ ਹੈ। ਜਦ ਵੀ ਉਹਦਾ ਮੈਨੂੰ ਮਿਲਣ ਲਈ ਜੀਅ ਕਰਦਾ,

ਉਹ ਮੈਨੂੰ ਫੋਨ ਕਰ ਕੇ ਫਗਵਾੜੇ ਹੀ ਬੁਲਾ ਲੈਂਦਾ। ਉਹਨੂੰ ਮਿਲ ਕੇ ਖ਼ੁਸ਼ੀ ਵੀ ਬਹੁਤ ਮਿਲਦੀ।

ਇਸੇ ਤਰ੍ਹਾਂ ਲੱਗ ਪੱਗ ਅੱਠ ਸਾਲ ਲੰਘ ਗਏ, ਤਾਂ ਵੀ ਆਪਣਾ ਘਰ ਲੈਣ ਜਾਂ ਬਣਾਉਣ ਦੀ ਲੋੜ ਦਾ ਮੇਰਾ ਅਹਿਸਾਸ ਦਿਨ ਪੁਰ ਦਿਨ ਘਟਣ ਦੀ ਥਾਂ ਵਧਦਾ ਹੀ ਗਿਆ। ਸੋਚਦਾ ਸਾਂ, "ਜੇ ਦੇਸ ਵਿਚ ਘਰ ਲੈ ਲਿਆ ਜਾਵੇ ਤਾਂ ਮੈਂ ਤੇ ਮੇਰੀ ਪਤਨੀ ਇੱਥੇ ਰਹਿ ਕੇ ਬਹੁਤ ਪਰਸੰਨ ਜੀਵਨ ਲੰਘਾ ਸਕਦੇ ਹਾਂ। ਮੇਰੀ ਪਤਨੀ ਵੀ ਹੁਣ ਸੇਵਾਮੁਕਤ ਹੋ ਚੁੱਕੀ ਹੈ। ਸਾਡੀ ਦੋਹਾਂ ਦੀ ਪੈਨਸ਼ਨ ਰਲ ਕੇ ਲੱਗਪੱਗ ਹਜ਼ਾਰ ਪੌਂਡ ਮਹੀਨਾ ਹੋ ਜਾਂਦੀ ਹੇ। ਇੰਗਲੈਂਡ ਵਿਚ ਰਹਿੰਦਿਆਂ ਇਸ ਸਾਰੀ ਪੈਨਸ਼ਨ ਦਾ ਵੱਡਾ ਹਿੱਸਾ ਗੈਸ, ਬਿਜਲੀ, ਟੈਲੀਫੋਨ ਤੇ ਕੌਂਸਲ ਟੈਕਸ ਦੇ ਬਿੱਲਾਂ ਵਿਚ ਹੀ ਚਲਿਆ ਜਾਂਦਾ ਹੈ ਤੇ ਤੰਗੀ ਤੁਰਸ਼ੀ ਹਰ ਵੇਲੇ ਮਹਿਸੂਸ ਹੁੰਦੀ ਰਹਿੰਦੀ ਹੈ। ਇਸ ਵੇਲੇ ਪੰਜਾਬ ਵਿਚ 1000 ਪੌਂਡ ਦੇ ਲੱਗਪੱਗ 70000 ਰੁਪਏ ਬਣ ਜਾਂਦੇ ਹਨ। ਮਹੀਨੇ ਵਿਚ ਇੱਥੇ ਇੰਨੀ ਰਕਮ ਖੁਲ੍ਹਾਂ ਡੁਲ੍ਹਾਂ ਖਰਚ ਕਰਦਿਆਂ ਹੋਇਆ ਤੇ ਆਪਣੀ ਕਾਰ ਲੈ ਕੇ ਡਰਾਈਵਰ ਰੱਖ ਕੇ ਵੀ ਮੁੱਕ ਨਹੀਂ ਸਕਦੀ ਤੇ ਸਾਲ ਵਿਚੋਂ ਗਰਮੀਆਂ ਦੇ ਤਿੰਨ ਕੁ ਮਹੀਨੇ ਇੰਗਲੈਂਡ ਵਿਚ ਜਾ ਕੇ ਵੀ ਰਿਹਾ ਜਾ ਸਕਦਾ ਹੈ। ਜੇ ਮੇਰੀ ਪਤਨੀ ਮੇਰੇ ਇਸ ਸੁਝਾਉ ਨਾਲ ਨਾ ਵੀ ਸਹਿਮਤ ਹੋਈ ਤਾ ਮੈਂ ਇੱਕਲਾ ਵੀ ਆਪਣੀ ਪੈਨਸਨ ਵਿਚ ਇੱਥੇ ਸੁਖਾਲਾ ਹੀ ਰਹਿ ਸਕਦਾ ਹਾਂ।"

੨੦੦੪ ਵਿਚ ਜਦ ਮੈਂ ਪੰਜਾਬ ਗਿਆ ਤਾਂ ਪ੍ਰੋਫੈਸਰ ਭਜਨ ਸਿੰਘ ਨਾਲ ਘਰ ਲੈਣ ਵਾਲੀ ਆਪਣੀ ਸਮੱਸਿਆ ਸਾਂਝੀ ਕੀਤੀ ਤੇ ਉਹਨੂੰ ਕਿਹਾ ਕੋਈ ਛੋਟਾ ਜਿਹਾ ਬਣਿਆ ਬਣਾਇਆ ਘਰ ਦੇਖੇ। ਕਿਸੇ ਭਲੇ ਵੇਲੇ ਮੈਂ ਭਾਰਤ ਦੇ ਸਟੇਟ ਬੈਂਕ ਦੀ ਦਿੱਲੀ ਦੀ ਬ੍ਰਾਂਚ ਵਿਚ ਕੁਝ ਰਕਮ ਫਿਕਸਡ ਡੀਪਾਜ਼ਿਟ ਕਰਵਾਈ ਸੀ। ਉਸ ਵੇਲੇ ਫਿਕਸਟ ਡਿਪਾਜ਼ਿਟ 'ਤੇ ਇੰਨਾ ਕੁ ਵਿਆਜ ਮਿਲ ਜਾਂਦਾ ਸੀ ਕਿ

ਚਾਰ ਕੁ ਸਾਲਾਂ ਵਿਚ ਹੀ ਰਕਮ ਦੁਗਣੀ ਹੋ ਜਾਂਦੀ ਸੀ। ਇਸ ਲਈ ਮੇਰੇ ਕੋਲ ਚੋਖੀ ਰਕਮ ਘਰ ਖਰੀਦਣ ਲਈ ਜਮ੍ਹਾਂ ਪਈ ਸੀ।

ਪ੍ਰੋਫੈਸਰ ਭਜਨ ਸਿੰਘ ਨੇ ਕੁਝ ਦਿਨਾਂ ਵਿਚ ਘਰ ਲੱਭ ਲਿਆ। ਇਹ ਨਵਾਂ ਬਣਿਆਂ ਦੋ ਸੌਣ-ਕਮਰਿਆ ਵਾਲਾ ਘਰ, ਹਦੀਆਬਾਦ ਦੇ ਨੇੜੇ ਬਣੀ ਨਵੀਂ ਆਬਾਦੀ ਸੰਤ ਸਰਵਣ ਦਾਸ ਨਗਰ ਵਿਚ ਸੀ। ਕੀਮਤ ਅੱਠ ਲੱਖ ਰੁਪਏ ਸੀ। ਮੈਂ ਝਟ ਹਾਂ ਕਰ ਦਿੱਤੀ। ਆਪਣੇ ਦੇਸ ਵਿਚ ਜਾਇਦਾਦ ਖਰੀਦਣ ਦਾ ਇਹ ਮੇਰਾ ਪਹਿਲਾ ਤਜਰਬਾ ਸੀ। ਘਰਾਂ ਦੇ ਵੇਚਣ ਖਰੀਦਣ ਵਿਚ ਵੀ ਇੱਥੇ ਅਜੀਬ ਜਿਹਾ ਭ੍ਰਿਸ਼ਟਾਚਾਰ ਚਲਦਾ ਸੀ। ਮੈਂ ਕਈਆਂ ਬੰਦਿਆਂ ਨਾਲ ਗੱਲ ਕੀਤੀ। ਸਾਰੇ ਇਹੀ ਕਹੀ ਗਏ ਕਿ ਇੱਥੇ ਇੰਝ ਹੀ ਚਲਦਾ ਹੈ। ਖੈਰ ਫਰਵਰੀ ੨੦੦੪ ਵਿਚ ਮੈਂ  ਇਸ ਘਰ ਦਾ ਮਾਲਕ ਬਣ ਗਿਆ। ਮੈਂ ਦੋ ਦਿਨ ਵਿਚ ਹੀ ਪ੍ਰੋਫੈਸਰ ਭਜਨ ਸਿੰਘ ਦੀ ਮਦਦ ਨਾਲ ਸਭ ਕੁਝ ਫਿਟ ਕਰ ਕੇ ਉੱਥੇ ਡੇਰੇ ਲਾ ਲਏ।

ਇਸ ਪਿਛੋਂ ਜਦ ਵੀ ਮੈਂ ਦੇਸ ਗਿਆ, ਪਹਿਲਾਂ ਇਸ ਆਪਣੇ ਘਰ ਵਿਚ ਹੀ ਗਿਆ ਤੇ ਫੇਰ ਹੀ ਕਿਸੇ ਰਿਸ਼ਤੇਦਾਰ ਨੂੰ ਮਿਲਣ ਜਾਣ ਦਾ ਪ੍ਰੋਗਰਾਮ ਬਣਾਇਆ।  ਫੈਸਲਾ ਕੀਤਾ ਹੋਇਆ ਸੀ ਭਾਵੇਂ ਕਿਤੇ ਵੀ ਜਾਵਾਂ, ਰਾਤ ਨੂੰ ਮੁੜ ਕੇ ਆਪਣੇ ਘਰ ਹੀ ਆ ਕੇ ਸੌਣਾ ਹੈ।

ਪ੍ਰੋਫੈਸਰ ਭਜਨ ਸਿੰਘ ਨਾਲ ਅਜਿਹੀ ਦੋਸਤੀ ਪਈ ਕਿ ਉਹ ਹਰ ਸਮੇਂ ਮੇਰੀ ਮਦਦ ਲਈ ਆ ਹਾਜ਼ਰ ਹੁੰਦਾ। ਭਾਵੇਂ ਮੈਂ ਆਪ ਹੀ ਆਪਣੇ ਲਈ ਖਾਣਾ ਤਿਆਰ ਕਰਨ ਦਾ ਆਦੀ ਸਾਂ ਪਰ ਪ੍ਰੋਫੈਸਰ ਭਜਨ ਸਿੰਘ ਨੇ ਮੈਨੂੰ ਇੱਕ ਦਿਨ ਵੀ ਆਪ ਖਾਣਾ ਤਿਆਰ ਕਰਨ ਨਾ ਦਿੱਤਾ। ਉਹ ਰੋਜ਼ ਰਾਤ ਨੂੰ ਪੱਕੀ ਪਕਾਈ ਲੈ ਕੇ ਆਪਣੇ ਸਕੂਟਰ 'ਤੇ ਆ ਪੁੱਜਦਾ। ਮੈਂ ਉਹਨੂੰ ਵਥੇਰਾ ਕਹਿੰਦਾ ਰਿਹਾ ਕਿ ਮੈਂ ਆਪ ਹੀ ਖਾਣਾ ਤਿਆਰ ਕਰ ਲਿਆ ਕਰਾਂਗਾ ਪਰ ਉਹ ਮੰਨਿਆ ਹੀ ਨਾ। ਭਾਵੇਂ ਮੈਂ, ਨਾਹ ਨਾਹ ਕਹਿੰਦੇ ਨੂੰ, ਕਿਸੇ ਨਾ ਕਿਸੇ ਬਹਾਨੇ ਰੋਟੀ ਦਾ ਖਰਚ ਦੇ ਹੀ ਦਿੰਦਾ ਸਾਂ ਪਰ ਉਹਦੇ ਤੇਹ ਅਤੇ ਇਕੱਲਤਾ ਵਿਚ ਮੇਰਾ ਸਾਥ ਦੇਣ ਲਈ

ਸਦਾ ਤਿਆਰ ਰਹਿਣ ਦਾ ਤਾਂ ਕੋਈ ਮੁੱਲ ਨਹੀਂ ਪਾਇਆ ਜਾ ਸਕਦਾ ਸੀ। ਉਂਝ ਵੀ ਉਹ ਦਿਨ ਵਿਚ ਇੱਕ ਵੇਰ ਮੈਨੂੰ ਜਰੂਰ ਮਿਲਦਾ ਸੀ। ਕਿਤੇ ਵੀ ਜਾਣਾ ਹੋਵੇ, ਰਿਸ਼ਤੇਦਾਰਾਂ ਨੂੰ ਮਿਲਣ ਲਈ ਜਾਂ ਕਿਸੇ ਵਿਆਹ ਵਿਚ ਸ਼ਾਮਿਲ ਹੋਣ ਲਈ ਜਾਣਾ ਹੋਵੇ ਤਾਂ ਉਹ ਮੇਰੇ ਨਾਲ ਹੀ ਤਿਆਰ ਹੋ ਜਾਂਦਾ ਤੇ ਆਪ ਹੀ ਕਾਰ ਦਾ ਬੰਦੋਬਸਤ ਵੀ ਕਰ ਲੈਂਦਾ।

੨੦੦੭ ਵਿਚ ਜਦ ਮੈਂ ਪੰਜਾਬ ਗਿਆ ਤਾਂ ਉਸ ਵੇਲੇ ਮੇਰਾ ਭਰਾ ਸਖਤ ਬੀਮਾਰ ਸੀ। ਮੈਂ ਉਤਰਾਖੰਡ ਵਿਚ ਉਹਨੂੰ ਮਿਲਣ/ਦੇਖਣ ਜਾਣਾ ਸੀ ਪਰ ਮੇਰੀ ਸਿਹਤ ਕੁਝ ਠੀਕ ਨਹੀਂ ਸੀ। ਪ੍ਰੋਫੈਸਰ ਭਜਨ ਸਿੰਘ ਲੁਧਿਆਣੇ ਮੈਨੂ ਬੱਸ ਚੜ੍ਹਾਉਣ ਲਈ ਗਿਆ ਇਹ ਕਹਿ ਕੇ ਮੇਰੇ ਨਾਲ ਹੀ ਬੱਸ ਵਿਚ ਬਹਿ ਗਿਆ, “ਸਿਹਤ ਤੁਹਾਡੀ ਠੀਕ ਨਹੀਂ। ਇਕੱਲਿਆਂ ਨੂੰ ਭੇਜਣ ਲਈ ਮੇਰਾ ਮੰਨ ਨਹੀਂ ਮੰਨਦਾ। ਭਰਾ ਦੀ ਬੀਮਾਰੀ ਦੇ ਕਾਰਨ ਤੁਹਾਨੂੰ ਜਾਣਾ ਤਾਂ ਪੈਣਾ ਹੀ ਹੈ, ਇਸ ਲਈ ਮੈਂ ਵੀ ਨਾਲ ਹੀ ਚਲਦਾਂ"। ਐਨ ਉਸ ਵੇਲ਼ੇ ਉਹਦੀ ਆਪਣੀ ਸਕੀ ਭੈਣ ਕੈਂਸਰ ਦੀ ਬਿਮਾਰੀ ਵਿਚ ਗ੍ਰਸਤ ਲੁਧਿਆਣੇ ਹਸਪਤਾਲ ਵਿਚ ਜੀਵਨ ਮੌਤ ਦਾ ਘੋਲ ਲੜ ਰਹੀ ਸੀ। ਫੇਰ ਵੀ ਉਹਨੂੰ ਮੇਰੀ ਚਿੰਤਾ ਵਧੇਰੇ ਸੀ। ਇਸੇ ਕਾਰਨ ਭਰਾ ਦੇ ਕੋਲ ਇੱਕ ਦਿਨ ਰਹਿਣ ਪਿੱਛੋਂ ਮੈਂ ਵੀ ਉਹਦੇ ਨਾਲ ਹੀ ਵਾਪਸ ਪੰਜਾਬ ਨੂੰ ਆ ਗਿਆ। ਇਹੋ ਜਿਹੇ ਨੇਕ ਬੰਦੇ ਨੂੰ ਇਹ ਵੀ ਸੱਟ ਲੱਗਣੀ ਸੀ ਕਿ ਦੂਜੇ ਦਿਨ ਉਹਦੀ ਭੈਣ ਅੰਤਮ ਸਾਹ ਲੈ ਕੇ ਸਾਰਿਆਂ ਨੂੰ ਰੋਂਦੇ ਕੁਰਲਾਉਂਦੇ ਛੱਡ ਗਈ। ਇਹੋ ਜਿਹੇ ਮਿੱਤਰ ਪਿਆਰੇ ਦੇ ਸਾਥ ਕਾਰਨ ਮੈਂ ਫਗਵਾੜੇ ਰਹਿੰਦਿਆਂ ਕਦੀਂ ਵੀ ਓਪਰਾਪਨ ਮਹਿਸੂਸ ਨਾ ਕੀਤਾ।

ਮੇਰੇ ਧੀਆਂ ਪੁੱਤਰ ਤੇ ਮੇਰੇ ਦੋਹਤੇ ਪੋਤਰੇ ਸਾਰੇ ਤਾਂ ਇੰਗਲੈਂਡ ਵਿਚ ਸਨ। ਉਨ੍ਹਾਂ ਦਾ ਵਿਛੋੜਾ ਕਈ ਵੇਰ ਅਸਹਿ ਜਾਪਣ ਲੱਗ ਪੈਂਦਾ ਤਾਂ ਸੋਚਣ ਬਹਿ ਜਾਂਦਾ, “ਮੇਰਾ ਦੇਸ ਕਿਹੜਾ ਹੈ? ਇਹ ਜਿੱਥੇ ਮੈਂ ਜੰਮਿਆ ਪਲ਼ਿਆ ਸਾਂ, ਬਚਪਨ ਤੇ ਜਵਾਨੀ ਦੇ ੩੨ ਸਾਲ ਲੰਘਾਏ ਸਨ, ਜਿੱਥੇ ਮੇਰੇ ਸੰਸਕਾਰ ਤੇ

ਖਿਆਲ ਬਣੇ ਸਨ ਤੇ ਜਿਸ ਧਰਤੀ ਵਿਚ ਮੇਰੇ ਪੁਰਖਿਆਂ ਦੀਆਂ ਅਸਤੀਆਂ ਪਈਆਂ ਸਨ ਜਾਂ ਉਹ ਦੇਸ ਮੇਰਾ ਹੈ ਜਿਸ ਵਿਚ ਮੈਂ ਲੱਗ ਪੱਗ ਅੱਧੀ ਸਦੀ ਤੋਂ ਰਹਿ ਰਿਹਾ ਹਾਂ, ਜਿਸ ਦੇਸ ਵਿਚ ਮੇਰੇ ਬੱਚੇ ਜੰਮੇ ਪਲੇ ਪਰਵਾਨ ਚੜ੍ਹੇ ਤੇ ਅੱਗੇ ਉਨ੍ਹਾਂ ਦੇ ਬੱਚੇ ਜੰਮੇ ਪਲੇ ਤੇ ਪਰਵਾਨ ਚੜ੍ਹ ਰਹੇ ਹਨ ਤੇ ਉਹ ਦੇਸ ਜਿਸਨੂੰ ਉਨ੍ਹਾਂ ਨੇ ਸਦਾ ਲਈ ਆਪਣਾ ਘਰ ਬਣਾ ਲਿਆ ਹੈ ਜਾਂ ਕੋਈ ਵੀ ਮੇਰਾ ਦੇਸ ਨਹੀਂ, ਨਾ ਦੇਸ ਨਾ ਪਰਦੇਸ?" ਇਸ ਪ੍ਰਸ਼ਨ ਦਾ ਮੇਰੇ ਕੋਲ ਕੋਈ ਉੱਤਰ ਨਹੀਂ। ਜਾਪਦਾ ਹੈ ਇਸ ਦੁਬਧਾ ਨੂੰ ਨਾਲ ਲੈ ਕੇ ਮੈਂ ਅੰਤਮ ਸਾਹ ਲਵਾਂਗਾ। ਜਦ ਆਪਣਿਆਂ ਦਾ ਵਿਛੋੜਾ ਅਸਹਿ ਹੋ ਜਾਂਦਾ ਤਾਂ ਵਾਪਸ ਇੰਗਲੈਂਡ ਲਈ ਜਹਾਜ ਫੜ ਲੈਂਦਾ। ਜਦ ਇੱਥੇ ਆ ਕੇ ਸਾਲ ਕੁ ਵਿਚ ਹੀ ਇੱਥੋਂ ਦੀਆਂ ਅਸਹਿ ਪ੍ਰਸਥਿਤੀਆਂ ਤੇ ਨੀਰਸ ਜੀਵਨ ਤੋਂ ਉਕਤਾ ਜਾਂਦਾ ਤਾਂ ਫੇਰ ਭਾਰਤ ਲਈ ਹਵਾਈ ਸੀਟ ਬੁੱਕ ਕਰਾ ਲੈਂਦਾ।

ਮੇਰਾ ਭਰਾ ਮਲਕੀਤ ਸਿੰਘ ਭਾਰਤ ਵਿਚ ਮੇਰਾ ਮੁੱਖ ਸਹਾਰਾ ਸੀ। ਉਹਨੂੰ ਆਪ ਕਵਿਤਾ ਲਿਖਣ ਤੇ ਪੜ੍ਹਨ/ਸੁਣਾਉਣ ਦਾ ਚੋਖਾ ਸ਼ੌਕ ਸੀ ਤੇ ਉਹ ਮੇਰੇ ਸਾਹਿਤਕ ਸ਼ੌਕਾਂ ਦੀ ਕਦਰ ਵੀ ਬਹੁਤ ਕਰਦਾ ਸੀ। ਉਹਦੇ ਦੋਸਤ ਮਿੱਤਰ ਵੀ ਉਹਦੇ ਵਰਗੇ ਹੀ ਸਨ। ਇਸ ਲਈ ਉਹਦੇ ਕੋਲ ਰਹਿੰਦਿਆਂ ਮੈਂ ਇੰਞ ਹੀ ਮਹਿਸੂਸ ਕਰਦਾ ਸਾਂ ਜਿਵੇਂ ਆਪਣੇ ਘਰ ਆਪਣਿਆਂ ਕੋਲ ਹੀ ਰਹਿ ਰਿਹਾ ਹੋਵਾਂ। ਉਹਦੀ ਉਮਰ ਦੇ ਆਖਰੀ ਦੋ ਸਾਲ ਅਪਾਹਜ ਹੋ ਕੇ ਮੰਜੇ 'ਤੇ ਪਿਆਂ ਹੀ ਲੰਘੇ। ੨੦੦੮ ਦੇ ਨਵੰਬਰ ਮਹੀਨੇ ਵਿਚ ਉਹਦੀ ਹਾਲਤ ਬਹੁਤ ਖਰਾਬ ਹੋ ਗਈ। ਮੇਂ ਜਿਵੇਂ ਵੀ ਹੋ ਸਕਿਆ ਉਹਦੇ ਕੋਲ ਜਾ ਪੁੱਜਾ। ਮੇਰੇ ਉੱਥੇ ਪੁੱਜਣ ਦੇ ਦੂਜੇ ਦਿਨ ਦਿਨ ਹੀ ਉਹ ਅੰਤਮ ਸਵਾਸ ਲੈ ਗਿਆ।

ਆਪਣੇ ਭਰਾ ਦੇ ਅੰਤਮ ਸੰਸਕਾਰ ਦੇ ਕੁਝ ਦਿਨਾਂ ਪਿੱਛੋਂ ਇੱਕ ਅਜਿਹੀ ਘਟਨਾ ਵਾਪਰ ਗਈ, ਜਿਹਦੇ ਅਸਰ ਨਾਲ ਮੈਂ ਮੁੜ ਇੱਕਲਾ ਦੇਸ ਆਉਣ ਜੋਗਾ ਹੀ ਨਾ ਰਿਹਾ। ਮੈਂ ਤੇ ਮੇਰਾ ਜਵਾਈ ਸੁਰਜੀਤ ਸੰਧੂ ਦੋਵੇਂ ਵਾਪਸ

ਇੰਗਲੈਂਡ ਆਉਣ ਲਈ ਦਿਲੀ ਨੂੰ ਜਾਣ ਵਾਲੀ ਬਸ ਫੜਨ ਲਈ ਫਗਵਾੜਾ-ਨਵਾਂ ਸ਼ਹਿਰ ਬਾਈ-ਪਾਸ 'ਤੇ ਖੜੇ ਬਸ ਦੀ ਉਡੀਕ ਕਰ ਰਹੇ ਸਾਂ। ਸਾਡੇ ਦੋਹਾਂ ਦਾ ਮਿੱਤਰ ਪ੍ਰੋ: ਭਜਨ ਸਿੰਘ ਵੀ ਸਾਨੂੰ ਅਲਵਿਦਾ ਕਹਿਣ ਲਈ ਨਾਲ ਆਇਆ ਹੋਇਆ ਸੀ। 15 ਕੁ ਮਿੰਟ ਬਸ ਦੀ ਉਡੀਕ ਵਿਚ ਖੜੇ ਰਹਿਣ ਪਿੱਛੋਂ ਮੈਂ ਕੁਝ ਘਬਰਾਹਟ ਜਿਹੀ ਮਹਿਸੂਸ ਕੀਤੀ। ਇਸ ਹਾਲਤ ਵਿਚ ਹੋਰ ਸਮਾਂ ਖੜੇ ਰਹਿਣਾ ਮੈਨੂੰ ਮੁਹਾਲ ਜਾਪਣ ਲੱਗਾ ਤਾਂ ਮੈਂ ਨੇੜੇ ਹੀ ਇੱਕ ਖੇਤ ਦੁਆਲੇ ਕੀਤੇ ਤਿੰਨ ਕੁ ਫੁੱਟ ਉੱਚੇ ਵਗਲ ਦੀ ਕੰਧ 'ਤੇ ਬਹਿ ਗਿਆ। ਮੈਨੂੰ ਪਤਾ ਵੀ ਨਾ ਲੱਗਾ ਕਿ ਕਦ ਮੈਂ ਬੇਹੋਸ਼ ਹੋ ਕੇ ਨੀਵੇਂ ਖੇਤ ਵਿਚ ਡਿੱਗ ਪਿਆ। ਕੁਝ ਚਿਰ ਪਿੱਛੋਂ ਜਦ ਮੈਂ ਕਿਤੇ ਵੀ ਨਾ ਦਿਸਿਆ ਤੇ ਸੁਰਜੀਤ ਨੂੰ ਕੁਝ ਫਿਕਰ ਜਿਹਾ ਲਗਾ ਤਾ ਉਹਨੇ ਤੇ ਪ੍ਰੋ: ਭਜਨ ਸਿੰਘ ਦੋਹਾਂ ਨੇ ਭਾਲ ਵਿਚ ਆਲੇ ਦੁਆਲੇ ਨਜ਼ਰ ਦੁੜਾਈ ਤਾਂ ਮੈਨੂੰ ਖੇਤ ਵਿਚ ਬੇਹੋਸ਼ ਪਿਆ ਦੇਖ ਕੇ ਨੇੜੇ ਖੜੇ ਕੁਝ ਹੋਰ ਬੰਦੀਆਂ ਨੂੰ ਨਾਲ ਲੈ ਕੇ ਮੈਨੂੰ ਬਾਹਰ ਕੱਢਿਆ। ਉਸ ਵੇਲੇ ਤਾਂ ਮੈਂ ਬੇਹੋਸ਼ ਹੀ ਸਾਂ, ਇਸ ਲਈ ਉਨ੍ਹਾਂ ਨੇ ਮੈਨੂੰ ਧਰਤੀ 'ਤੇ ਹੀ ਪਾ ਦਿਤਾ। ਮੇਰੇ ਹੋਸ਼ ਵਿਚ ਆਉਣ ਤੋਂ ਛੇਤੀ ਹੀ ਪਿੱਛੋਂ ਸਾਡੀ ਬਸ ਆ ਗਈ ਤਾਂ ਸੁਰਜੀਤ ਤੇ ਭਜਨ ਦੇ ਸਹਾਰੇ ਮੈਂ ਮਸਾਂ ਬੱਸ 'ਤੇ ਚੜ੍ਹ ਸਕਿਆ।

ਸੁਰਜੀਤ ਇੰਗਲੈਂਡ ਪੁੱਜਣ ਤੱਕ ਜਿਸਤਰ੍ਹਾਂ ਮੇਰਾ ਖਿਆਲ ਰੱਖਦਾ ਰਿਹਾ, ਉਸਤਰ੍ਹਾਂ ਆਪਣਾ ਸਕਾ ਪੁੱਤਰ ਵੀ ਕੋਈ ਹੀ ਕਰਦਾ ਹੈ। ਉਂਝ ਵੀ ਪਿਛਲੇ ਕੁਝ ਸਾਲ ਤੋਂ ਉਹ ਮੇਰੇ ਨਾਲ ਹੀ ਦੇਸ ਜਾਂਦਾ ਰਿਹਾ ਸੀ। ਜਿੰਨਾ ਚਿਰ ਵੀ ਅਸੀਂ ਪੰਜਾਬ ਰਹਿੰਦੇ ਸਾਂ, ਉਹ ਮੇਰਾ ਇੰਝ ਹੀ ਖਿਆਲ ਰੱਖਦਾ ਸੀ। ਸੁਰਜੀਤ ਅਖਰੋਟ ਵਾਂਗ ਬਾਹਰੋਂ ਜਿੰਨਾ ਸਖਤ ਹੈ ਉਂਨਾ ਹੀ ਅੰਦਰੋਂ ਗਿਰੀ ਵਾਂਗ ਨਰਮ ਹੈ। ਉਹਦੇ ਬਾਹਰਲੇ ਰੂਪ ਨੂੰ ਦੇਖ ਕੇ ਬਹੁਤੀ ਵਾਰ ਲੋਕੀਂ ਉਹਨੂੰ ਬਹੁਤ ਅੱਖੜ ਤੇ ਸਖਤ ਸਮਝ ਲੈਂਦੇ ਹਨ।

ਇਸ ਘਟਨਾ ਤੋਂ ਦੋ ਕੁ ਸਾਲ ਪਿੱਛੋਂ ਸੜਕ ਪਾਰ ਕਰਦੇ ਸਮੇਂ ਇੱਕ ਕਾਰ ਨਾਲ ਟਕਰਾਉਣ ਨਾਲ ਮੇਰਾ ਤੁਰਨਾ ਫਿਰਨਾ ਹੋਰ ਵੀ ਘਟ ਹੋ ਗਿਆ ਹੈ। ਹੁਣ ਤਾਂ ਇਹ ਹਾਲ ਹੈ ਕਿ ਤਾਂ ਹੀ ਮੈਂ ਦੇਸ ਜਾ ਸਕਦਾ ਹਾਂ, ਜੇ ਆਪਣਾ ਕੋਈ ਨਾਲ ਹੋਵੇ ਜਿਹੜਾ ਦਿਨ ਰਾਤ ਮੇਰੇ ਨਾਲ ਹੀ ਰਹੇ।

ਜਿਸ ਵੇਲੇ ਮੈਂ ੧੯੬੩ ਵਿਚ ਦੇਸ ਛੱਡ ਕੇ ਪ੍ਰਦੇਸ ਵਲ ਤੁਰਿਆ ਸਾਂ, ਉਸ ਵੇਲੇ ਮੇਰੇ ਦੋ ਵੱਡੇ ਭਰਾ ਸਨ ਤੇ ਦੋ ਭੈਣਾਂ ਸਨ। ਮੇਰੀ ਮਾਂ, ਮੇਰਾ ਤਾਇਆ ਤੇ ਮੇਰਾ ਚਾਚਾ ਸਾਰੇ ਨੌ ਬਰ ਨੌ ਸਨ। ਮੇਰੇ ਪਿਤਾ ਜੀ ਵੀ ੧੯੬੪ ਵਿਚ ਇੰਗਲੈਂਡ ਤੋਂ ਜਾ ਕੇ ਉਨ੍ਹਾਂ ਕੋਲ ਹੀ ਰਹਿਣ ਲੱਗ ਪਏ ਸਨ । ਹੁਣ ਉਨ੍ਹਾਂ ਵਿਚੋਂ ਕੇਵਲ ਇੱਕ ਮੇਰੀ ਭੈਣ ਹੀ ਰਹਿ ਗਈ ਹੈ। ਉਹ ਵੀ ਹੁਣ ਕੰਧੀ ਉੱਤੇ ਰੁਖੜੇ ਵਾਂਗ ਹੈ। ਉਹ ਮੇਰੇ ਨਾਲੋਂ ੬ ਕੁ ਸਾਲ ਵੱਡੀ ਹੈ। ਜੰਮਣ ਮਰਨ ਦੀ ਖੇਡ ਤਾਂ ਇੰਞ ਹੀ ਚਲਦੀ ਰਹਿੰਦੀ ਹੈ। ਇੱਕ ਮਰਦਾ ਹੈ ਤਾਂ ਕੋਈ ਹੋਰ ਜੰਮ ਪੈਂਦਾ ਹੈ। ਇਸ ਵੇਲੇ ਮੇਰੇ ਤਿੰਨ ਪੁੱਤਰ ਤੇ ਦੋ ਧੀਆਂ ਹਨ. ਦੋ ਪੋਤੇ, ਇੱਕ ਪੋਤੀ ਤੇ ਚਾਰ ਦੋਹਤੇ, ਇੱਕ ਪੜਦੋਹਤਾ ਤੇ ਇੱਕ ਪੜਦੋਹਤੀ ਹਨ। ਇਸ ਲਈ ਕੁਦਰਤ ਦਾ ਸ਼ੁਕਰਾਨਾ ਕਰਨਾ ਬਣਦਾ ਹੀ ਹੈ। ਫੇਰ ਵੀ ਜਦ ਆਪਣੇ ਨਾਲ ਦੇ ਸਾਰੇ ਤੁਰ ਗਏ ਹੋਣ ਤਾਂ ਆਪਣੀ ਉਮਰ ਦੀ ਡੋਰ ਵੀ ਮੁਕਦੀ ਜਾਪਣ ਲੱਗ ਪੈਣੀ ਕੁਦਰਤੀ ਹੈ। ਸਿਹਤ ਨੇ ਬਹੁਤਾ ਚਿਰ ਤਾਂ ਹੁਣ ਸਾਥ ਦੇਣਾ ਨਹੀਂ। ਕਿੰਨਾ ਚਿਰ ਇੰਞ ਸਮਾਂ ਲੰਘਾਵਾਂਗਾ? ਹੁਣ ਤਾਂ ਮੱਲੋਂ ਮੱਲੀ ਬਾਬਾ ਫਰੀਦ ਦਾ ਇਹ ਸਲੋਕ ਬੁੱਲ੍ਹਾਂ ਉੱਤੇ ਆ ਜਾਂਦਾ ਹੈ;

ਫਰੀਦਾ ਬਾਰਿ ਪਰਾਇਐ ਬੈਸਣਾ ਸਾਈਂ ਮੁਝੈ ਨ ਦੇਹਿ
ਜੇ ਤੂ ਏਵੈ ਰੱਖਸੀ ਜੀਉ ਸਰੀਰਹੁ ਲੇਹਿ।

******